1-AUG-PAGE-1.qxd 7/31/2025 10:12 PM Page 1

ਸ਼ੁੱਕਰਵਾਰ, 1 ਅਗਸਤ, 2025
17 ਸਾਉਣ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 61

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 1 AUGUST, 2025 ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਭਾਰਤ ਤੇ ਰੂਸ ਬੇਜਾਨ ਅਰਥਚਾਰੇ : ਟਰੰਪ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ ’ਤੇ 25 ਫੀਸਦ ਟੈਰਿਫ ਲਗਾਉਣ ਤੋਂ ਬਾਅਦ ਕਿਹਾ : “ਮੈਨੂੰ ਕੋਈ ਪਰਵਾਹ ਨਹੀਂ ਕਿ ਭਾਰਤ ਰੂਸ ਨਾਲ ਕੀ ਕਰਦਾ ਹੈ।ਅਮਰੀਕਾ ਨੇ ਭਾਰਤ ਨਾਲ ਬਹੁਤ ਘੱਟ ਕਾਰੋਬਾਰ ਕੀਤਾ ਹੈ, ਉਨ੍ਹਾਂ ਦੇ ਟੈਰਿਫ ਬਹੁਤ ਜ਼ਿਆਦਾ ਹਨ, ਦੁਨੀਆ ਵਿੱਚ ਸਭ ਤੋਂ ਉੱਚੇ। ਰੂਸ ਅਤੇ ਅਮਰੀਕਾ ਇਕੱਠੇ ਲੱਗਭੱਗ ਕੋਈ ਕਾਰੋਬਾਰ ਨਹੀਂ ਕਰਦੇ ਹਨ।” ਟਰੰਪ ਨੇ ਹੋਰ ਕਿਹਾ : “ਮੈਨੂੰ ਕੋਈ ਪਰਵਾਹ ਨਹੀਂ ਕਿ ਭਾਰਤ ਰੂਸ ਨਾਲ ਕੀ ਕਰਦਾ ਹੈ। ਮੈਨੂੰ ਇਸ ਦੀ ਵੀ ਕੋਈ ਪਰਵਾਹ ਨਹੀਂ ਕਿ ਉਹ ਇਕੱਠੇ ਆਪਣੇ ਬੇਜਾਨ ਅਰਥਚਾਰਿਆਂ ਨੂੰ ਕਿਵੇਂ ਡੇਗ ਸਕਦੇ ਹਨ।”

ਇਸੇ ਦੌਰਾਨ ਟਰੰਪ ਨੇ ਪਾਕਿਸਤਾਨ ਨਾਲ ਇੱਕ ਵੱਡੇ ਵਪਾਰਕ ਸਮਝੌਤੇ ਦਾ ਐਲਾਨ ਕੀਤਾ।ਇਸ ਸਮਝੌਤੇ ਤਹਿਤ ਅਮਰੀਕਾ ਤੇ ਪਾਕਿਸਤਾਨ ਮਿਲ ਕੇ ਪਾਕਿਸਤਾਨ ਦੇ ਵੱਡੇ ਤੇਲ ਭੰਡਾਰਾਂ ਨੂੰ ਵਿਕਸਤ ਕਰਨਗੇ। ਟਰੰਪ ਨੇ ਇਹ ਵੀ ਕਿਹਾ ਕਿ ‘ਸ਼ਾਇਦ ਇੱਕ ਦਿਨ’ ਪਾਕਿਸਤਾਨ ਭਾਰਤ ਨੂੰ ਤੇਲ ਵੇਚ ਸਕਦਾ ਹੈ।ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੈਟਫਾਰਮ ਟਰੁਥ ਸੋਸ਼ਲ ’ਤੇ ਇੱਕ ਪੋਸਟ ਵਿਚ ਕਿਹਾ, “ਅਸੀਂ ਪਾਕਿਸਤਾਨ ਨਾਲ ਇਕ ਸਮਝੌਤਾ ਕੀਤਾ ਹੈ, ਜਿਸ ਤਹਿਤ ਪਾਕਿਸਤਾਨ ਤੇ ਅਮਰੀਕਾ ਮਿਲ ਕੇ ਉਸ ਦੇ ਤੇਲ ਭੰਡਾਰਾਂ ਨੂੰ ਵਿਕਸਤ ਕਰਨਗੇ। ਅਸੀਂ ਇਸ ਭਾਈਵਾਲੀ ਲਈ ਇੱਕ ਤੇਲ ਕੰਪਨੀ ਦੀ ਚੋਣ ਕਰ ਸਕਦੇ ਹਾਂ। ਕੀ ਪਤਾ, ਸ਼ਾਇਦ ਇੱਕ ਦਿਨ ਉਹ ਭਾਰਤ ਨੂੰ ਤੇਲ ਵੇਚਣਗੇ!”

## ਪਾਕਿਸਤਾਨ ਨਾਲ ਤੇਲ ਕੱਢਣ ਦਾ ਸੌਦਾ ਮਾਰਿਆ



ਟਰੰਪ ਨੇ ਇਹ ਵੀ ਦੱਸਿਆ ਕਿ ਉਨ੍ਹਾ ਕਈ ਮੁਲਕਾਂ ਦੇ ਆਗੂਆਂ ਨਾਲ ਵਪਾਰਕ ਸਮਝੌਤੇ ’ਤੇ ਚਰਚਾ ਕੀਤੀ ਹੈ, ਜੋ ਅਮਰੀਕਾ ਨੂੰ ‘ਬੇਹੱਦ ਖ਼ੁਸ਼’ ਕਰਨਾ ਚਾਹੁੰਦੇ ਹਨ। ਉਨ੍ਹਾ ਕਿਹਾ, “ਅਸੀਂ ਅੱਜ ਵ੍ਹਾਈਟ ਹਾਊਸ ਵਿਚ ਵਪਾਰਕ ਸਮਝੌਤਿਆਂ ਨੂੰ ਲੈ ਕੇ ਬਹੁਤ ਰੁੱਝੇ ਹੋਏ ਹਾਂ। ਮੈਂ ਕਈ ਮੁਲਕਾਂ ਦੇ ਆਗੂਆਂ ਨਾਲ ਗੱਲਬਾਤ ਕੀਤੀ ਹੈ, ਜੋ ਸਾਰੇ ਅਮਰੀਕਾ ਨੂੰ ਬਹੁਤ ਖੁਸ਼ ਕਰਨਾ ਚਾਹੁੰਦੇ ਹਨ। ਮੈਂ ਅੱਜ ਦੁਪਹਿਰ ਨੂੰ ਦੱਖਣ ਕੋਰੀਆਈ ਵਪਾਰ ਵਫ਼ਦ ਨੂੰ ਮਿਲਾਂਗਾ। ਦੱਖਣੀ ਕੋਰੀਆ ’ਤੇ ਹੁਣ 25 ਫੀਸਦੀ ਟੈਰਿਫ ਹੈ, ਪਰ ਉਨ੍ਹਾਂ ਟੈਰਿਫ ਘੱਟ ਕਰਨ ਦੀ ਤਜਵੀਜ਼ ਦਿੱਤੀ ਹੈ। ਮੈਂ ਉਨ੍ਹਾਂ ਦੀ ਤਜਵੀਜ਼ ਨੂੰ ਸੁਣਨ ਲਈ ਬੇਕਰਾਰ ਹਾਂ।”

ਟਰੰਪ ਨੇ ਇਸ ਗੱਲ ਦਾ ਵੀ ਜ਼ਿਕਰ ਕੀਤਾ ਕਿ ਕਈ ਮੁਲਕ ਅਮਰੀਕਾ ਨੂੰ ਟੈਰਿਫ ਵਿੱਚ ਕਟੌਤੀ ਲਈ ਤਜਵੀਜ਼ ਦੇ

• ਬਾਕੀ ਸਫਾ 2 ’ਤੇ

## ਟਰੰਪ ਨੇ ਸਹੀ ਕਿਹਾ : ਰਾਹੁਲ

**ਨਵੀਂ ਦਿੱਲੀ** : ਰਾਹੁਲ ਗਾਂਧੀ ਨੇ ਵੀਰਵਾਰ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਛੱਡ ਕੇ ਹਰ ਕੋਈ ਜਾਣਦਾ ਹੈ ਕਿ ਭਾਰਤ ਇੱਕ ਮਰੀ ਹੋਈ ਆਰਥਕਤਾ ਹੈ। ਉਨ੍ਹਾ ਦੋਸ਼ ਲਾਇਆ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਭਾਰਤ ਦੀਆਂ ਆਰਥਕ, ਰੱਖਿਆ ਅਤੇ ਵਿਦੇਸ਼ ਨੀਤੀਆਂ ਨੂੰ ਤਬਾਹ ਕਰ ਦਿੱਤਾ ਹੈ।

ਸੰਸਦ ਭਵਨ ਕੰਪਲੈਕਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਹੁਲ ਨੇ ਇਹ ਵੀ ਦਾਅਵਾ ਕੀਤਾ ਕਿ ਅਮਰੀਕਾ ਨਾਲ ਵਪਾਰਕ ਸੌਦਾ ਹੋਵੇਗਾ ਅਤੇ ਟਰੰਪ ਇਸ ਨੂੰ ਪ੍ਰੀਭਾਸ਼ਤ ਕਰਨਗੇ, ਜਦੋਂ ਕਿ ਪ੍ਰਧਾਨ ਮੰਤਰੀ ਮੋਦੀ ਉਹੀ ਕਰਨਗੇ ਜੋ ਅਮਰੀਕੀ ਰਾਸ਼ਟਰਪਤੀ ਉਨ੍ਹਾ ਨੂੰ ਕਰਨ ਲਈ ਕਹਿਣਗੇ।ਉਨ੍ਹਾ ਦੀਆਂ ਇਹ ਟਿੱਪਣੀਆਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤ ’ਤੇ 25 ਫੀਸਦੀ ਟੈਕਸ ਅਤੇ ਜੁਰਮਾਨੇ ਲਗਾਉਣ ਅਤੇ ਭਾਰਤ ਤੇ ਰੂਸ ਨੂੰ ਮਰੀਆਂ

• ਬਾਕੀ ਸਫਾ 2 ’ਤੇ

# ਮਾਲੇਗਾਓਂ ਧਮਾਕਾ ਕੇਸ ’ਚ ਪ੍ਰਗਿਆ ਸਣੇ 7 ਮੁਲਜ਼ਮ ਬਰੀ

**ਮੁੰਬਈ** : ਐੱਨ ਆਈ ਏ ਕੋਰਟ ਨੇ ਸਾਬਕਾ ਭਾਜਪਾ ਸੰਸਦ ਮੈਂਬਰ ਪ੍ਰਗਿਆ ਠਾਕੁਰ ਤੇ ਸਾਬਕਾ ਫੌਜੀ ਅਧਿਕਾਰੀ ਲੈਫਟੀਨੈਂਟ ਕਰਨਲ ਸ੍ਰੀਕਾਂਤ ਪੁਰੋਹਿਤ ਸਣੇ 7 ਮੁਲਜ਼ਮਾਂ ਨੂੰ 2008 ਮਾਲੇਗਾਓਂ ਧਮਾਕਾ ਕੇਸ ਵਿੱਚ ਵੀਰਵਾਰ ਬਰੀ ਕਰ ਦਿੱਤਾ। ਕੋਰਟ ਨੇ ਕਿਹਾ ਕਿ ਗੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ ਤਹਿਤ ਦਰਜ ਕੇਸ ਵਿੱਚ ਮਹਿਜ਼ ਸ਼ੱਕ ਨੂੰ ਸਜ਼ਾ ਦਾ ਆਧਾਰ ਨਹੀਂ ਮੰਨਿਆ ਜਾ ਸਕਦਾ ਹੈ।ਇਹ ਧਮਾਕਾ ਰਮਜ਼ਾਨ ਦੇ ਪਵਿੱਤਰ ਮਹੀਨੇ 29 ਸਤੰਬਰ 2008 ਦੀ ਰਾਤ ਨੂੰ ਮੁੰਬਈ ਤੋਂ ਕੋਈ 200 ਕਿਲੋਮੀਟਰ ਦੂਰ ਹੋਇਆ ਸੀ। ਧਮਾਕੇ ਵਿੱਚ ਛੇ ਲੋਕਾਂ ਦੀ ਜਾਨ ਜਾਂਦੀ ਰਹੀ ਸੀ, ਜਦੋਂਕਿ 100 ਦੇ ਕਰੀਬ ਲੋਕ ਜ਼ਖਮੀ ਹੋ ਗਏ ਸਨ।

ਜਿਨ੍ਹਾਂ ਮੁਲਜ਼ਮਾਂ ਨੂੰ ਬਰੀ ਕੀਤਾ ਗਿਆ ਹੈ, ਉਨ੍ਹਾਂ ਵਿੱਚ ਪ੍ਰਗਿਆ ਠਾਕੁਰ ਤੇ ਸ਼੍ਰੀਕਾਂਤ ਪੁਰੋਹਿਤ ਤੋਂ ਇਲਾਵਾ ਮੇਜਰ (ਸੇਵਾਮੁਕਤ) ਰਮੇਸ਼ ਉਪਾਧਿਆਇ, ਅਜੈ ਰਾਹੀਕਰ, ਸੁਧਾਕਰ ਦਿਵੇਦੀ, ਸੁਧਾਕਰ ਚਤੁਰਵੇਦੀ ਤੇ ਸਮੀਰ ਕੁਲਕਰਨੀ ਸ਼ਾਮਲ ਹਨ। ਮੁਲਜ਼ਮਾਂ ’ਤੇ ਸਾਜ਼ਿਸ਼ ਘੜਨ, ਕਤਲ, ਇਰਾਦਾ ਕਤਲ, ਦੋ ਫਿਰਕਿਆਂ ’ਚ ਟਕਰਾਅ ਵਧਾਉਣ ਆਦਿ ਦੋਸ਼ ਆਇਦ ਕੀਤੇ ਗਏ ਸਨ।ਇਸੇ ਦੌਰਾਨ ਭਾਜਪਾ ਆਗੂ ਅਤੇ ਸਾਬਕਾ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਕਿਹਾ, “ਅਸੀਂ ਮਾਲੇਗਾਓਂ ਮਾਮਲੇ ਵਿੱਚ ਫੈਸਲੇ ਦਾ ਸਵਾਗਤ ਕਰਦੇ ਹਾਂ। ਇਹ ਕਾਂਗਰਸ ਦੀ ਭਗਵਾਂ ਅੱਤਵਾਦ ਦੀ ਸਾਜ਼ਿਸ਼ ਨੂੰ ਢਹਿ-ਢੇਰੀ ਕਰਦਾ ਹੈ।ਅਸੀਂ ਸੋਨੀਆ ਅਤੇ ਰਾਹੁਲ ਗਾਂਧੀ ਤੋਂ ਮੁਆਫੀ ਅਤੇ ਮਾਲੇਗਾਓਂ ਮਾਮਲੇ ਦੇ ਸਾਰੇ ਮੁਲਜ਼ਮਾਂ ਲਈ ਮੁਆਵਜ਼ੇ ਦੀ ਮੰਗ ਕਰਦੇ ਹਾਂ, ਜਿਨ੍ਹਾਂ ਨੂੰ 17 ਸਾਲਾਂ ਤੱਕ ਗਲਤ ਤਰੀਕੇ ਨਾਲ ਕੈਦ ਰੱਖਿਆ ਗਿਆ ਅਤੇ ਤਸ਼ੱਦਦ ਕੀਤਾ ਗਿਆ।”

ਏ ਆਈ ਐੱਮ ਆਈ ਐੱਮ ਦੇ ਆਗੂ ਇਮਤਿਆਜ਼ ਜਲੀਲ ਨੇ ਕਿਹਾ ਕਿ ਬੰਬੇ ਹਾਈ ਕੋਰਟ ਵੱਲੋਂ 2006 ਦੇ ਮੁੰਬਈ ਟਰੇਨ ਧਮਾਕਿਆਂ ਦੇ ਮਾਮਲੇ ਵਿੱਚ ਸਾਰੇ 12 ਵਿਅਕਤੀਆਂ ਨੂੰ ਬਰੀ ਕੀਤੇ ਜਾਣ ਤੋਂ ਬਾਅਦ ਮਹਾਰਾਸ਼ਟਰ ਸਰਕਾਰ ਨੇ ਕਿਹਾ ਕਿ ਇਹ ਫੈਸਲਾ ਮਨਜ਼ੂਰ ਨਹੀਂ ਹੈ। ਜੇ ਦੋਵਾਂ ਮਾਮਲਿਆਂ (ਮਾਲੇਗਾਓਂ ਅਤੇ ਮੁੰਬਈ ਟਰੇਨ ਧਮਾਕੇ) ਦੇ ਦੋਸ਼ੀ ਬੇਕਸੂਰ ਹਨ ਤਾਂ ਧਮਾਕਿਆਂ ਦੀ ਸਾਜ਼ਿਸ਼ ਰਚਣ ਲਈ ਕੌਣ ਜ਼ਿੰਮੇਵਾਰ ਸੀ?” ਔਰੰਗਾਬਾਦ ਦੇ ਸਾਬਕਾ ਸੰਸਦ ਮੈਂਬਰ ਨੇ ਅੱਗੇ ਕਿਹਾ ਕਿ ਜੇ ਮਾਲੇਗਾਓਂ ਧਮਾਕੇ ਦੇ ਮਾਮਲੇ ਵਿੱਚ ਬਰੀ ਕਰਨ ਦੇ ਫੈਸਲੇ ਨੂੰ (ਹਾਈ ਕੋਰਟ ਵਿੱਚ) ਚੁਣੌਤੀ ਨਹੀਂ ਦਿੱਤੀ ਜਾਂਦੀ, ਤਾਂ ਸੁਪਰੀਮ ਕੋਰਟ ਖੁਦ ਨੋਟਿਸ ਲੈ ਸਕਦੀ ਹੈ ਅਤੇ ਸਰਕਾਰ ਨੂੰ ਹੇਠਲੀ ਅਦਾਲਤ ਦੇ ਹੁਕਮ ਵਿਰੁੱਧ ਅਪੀਲ ਕਰਨ ਦਾ ਨਿਰਦੇਸ਼ ਦੇ ਸਕਦੀ ਹੈ।

ਉਨ੍ਹਾ ਕਿਹਾ ਕਿ ਬਰੀ ਕਰਨ ਦੇ ਹੁਕਮ ਦੀ ਸਮੀਖਿਆ ਧਰਮ ਜਾਂ ਜਾਤ ਦੇ ਕਿਸੇ ਵੀ ਪੱਖਪਾਤ ਤੋਂ ਬਿਨਾਂ ਕੀਤੀ ਜਾਣੀ ਚਾਹੀਦੀ ਹੈ।

# ਅਮਰੀਕਾ ਵੱਲੋਂ ਛੇ ਭਾਰਤੀ ਕੰਪਨੀਆਂ ’ਤੇ ਪਾਬੰਦੀਆਂ

**ਵਾਸ਼ਿੰਗਟਨ** : ਟਰੰਪ ਪ੍ਰਸ਼ਾਸਨ ਨੇ ਈਰਾਨ-ਮੂਲ ਦੇ ਪੈਟਰੋ-ਕੈਮੀਕਲ ਉਤਪਾਦਾਂ ਦੀ ਮਹੱਤਵਪੂਰਨ ਵਿਕਰੀ ਅਤੇ ਖਰੀਦਦਾਰੀ ਲਈ ਛੇ ਭਾਰਤੀ ਕੰਪਨੀਆਂ ’ਤੇ ਪਾਬੰਦੀਆਂ ਲਗਾ ਦਿੱਤੀਆਂ ਹਨ।

ਈਰਾਨੀ ਪੈਟਰੋਲੀਅਮ, ਪੈਟਰੋਲੀਅਮ ਉਤਪਾਦਾਂ ਜਾਂ ਪੈਟਰੋ-ਕੈਮੀਕਲ ਵਪਾਰ ਵਿੱਚ ਲੱਗੀਆਂ 20 ਆਲਮੀ ਸੰਸਥਾਵਾਂ ’ਤੇ ਪਾਬੰਦੀਆਂ ਲਗਾਉਣ ਮੌਕੇ ਵਿਦੇਸ਼ ਵਿਭਾਗ ਨੇ ਕਿਹਾ, “ਈਰਾਨੀ ਸ਼ਾਸਨ ਮੱਧ ਪੂਰਬ ਵਿੱਚ ਸੰਘਰਸ਼ ਨੂੰ ਹਵਾ ਦੇਣਾ ਜਾਰੀ ਰੱਖ ਰਿਹਾ ਹੈ ਤਾਂ ਜੋ ਆਪਣੀਆਂ ਅਸਥਿਰਤਾ ਫੈਲਾਉਣ ਵਾਲੀਆਂ ਗਤੀਵਿਧੀਆਂ ਲਈ ਫੰਡ ਜੁਟਾ ਸਕੇ।ਅੱਜ, ਅਮਰੀਕਾ ਉਸ ਮਾਲੀਏ ਦੇ ਪ੍ਰਵਾਹ ਨੂੰ ਰੋਕਣ ਲਈ ਕਾਰਵਾਈ ਕਰ ਰਿਹਾ ਹੈ ਜਿਸ ਦੀ ਵਰਤੋਂ ਸ਼ਾਸਨ ਵਿਦੇਸ਼ਾਂ ਵਿੱਚ ਅੱਤਵਾਦ ਦਾ ਸਮਰਥਨ ਕਰਨ ਅਤੇ ਆਪਣੇ ਹੀ ਲੋਕਾਂ ’ਤੇ ਜ਼ੁਲਮ ਕਰਨ ਲਈ ਕਰਦਾ ਹੈ।”

ਵਿਦੇਸ਼ ਵਿਭਾਗ ਨੇ ਕਿਹਾ ਕਿ ਭਾਰਤ, ਸੰਯੁਕਤ ਅਰਬ ਅਮੀਰਾਤ, ਤੁਰਕੀ ਅਤੇ ਇੰਡੋਨੇਸ਼ੀਆ ਦੀਆਂ ਕਈ ਕੰਪਨੀਆਂ ਨੂੰ ਈਰਾਨ-ਮੂਲ ਦੇ ਪੈਟਰੋ-ਕੈਮੀਕਲ ਉਤਪਾਦਾਂ ਦੀ ਮਹੱਤਵਪੂਰਨ ਵਿਕਰੀ ਅਤੇ ਖਰੀਦਦਾਰੀ ਲਈ ਨਾਮਜ਼ਦ ਕੀਤਾ ਜਾ ਰਿਹਾ ਹੈ। ਉਸ ਨੇ ਕਿਹਾ ਕਿ ਜਿਵੇਂ ਕਿ ਰਾਸ਼ਟਰਪਤੀ ਟਰੰਪ ਨੇ ਕਿਹਾ ਹੈ, ਕੋਈ ਵੀ ਦੇਸ਼ ਜਾਂ ਵਿਅਕਤੀ ਜੋ ਈਰਾਨੀ ਤੇਲ ਜਾਂ ਪੈਟਰੋ-ਕੈਮੀਕਲ ਖਰੀਦਣ ਦੀ ਚੋਣ ਕਰਦਾ ਹੈ, ਉਹ ਆਪਣੇ ਆਪ ਨੂੰ ਅਮਰੀਕੀ ਪਾਬੰਦੀਆਂ ਦੇ ਖਤਰੇ ਵਿੱਚ ਪਾਉਂਦਾ ਹੈ ਅਤੇ ਉਸ ਨੂੰ ਅਮਰੀਕਾ ਨਾਲ ਵਪਾਰ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਅਮਰੀਕਾ ਵੱਲੋਂ ਨਾਮਜ਼ਦ ਕੀਤੀਆਂ ਗਈਆਂ ਭਾਰਤ-ਅਧਾਰਤ ਕੰਪਨੀਆਂ ਕੰਚਨ ਪੋਲੀਮਰਜ਼ ਸ਼ਾਮਲ ਹੈ, ਜਿਸ ਨੇ ਫਰਵਰੀ ਅਤੇ ਜੁਲਾਈ 2024 ਦਰਮਿਆਨ ਯੂ ਏ ਈ-ਅਧਾਰਤ ਟੈਨਿਸ ਟਰੇਡਿੰਗ ਤੋਂ 1.3 ਮਿਲੀਅਨ ਡਾਲਰ ਤੋਂ ਵੱਧ ਦੇ ਈਰਾਨ-ਮੂਲ ਦੇ ਪੈਟਰੋ-ਕੈਮੀਕਲ ਉਤਪਾਦਾਂ, ਜਿਸ ਵਿੱਚ ਪੋਲੀਥੀਨ ਵੀ ਸ਼ਾਮਲ ਹੈ, ਦੀ ਦਰਾਮਦ ਅਤੇ ਖਰੀਦਦਾਰੀ ਕੀਤੀ।ਅਲਕੈਮੀਕਲ ਸੋਲਿਊਸ਼ਨਜ਼, ਇਹ ਇੱਕ ਪੈਟਰੋ-ਕੈਮੀਕਲ ਵਪਾਰਕ ਕੰਪਨੀ ਹੈ, ਜਿਸ ਨੇ ਜਨਵਰੀ ਅਤੇ ਦਸੰਬਰ 2024 ਦਰਮਿਆਨ ਕਈ ਕੰਪਨੀਆਂ ਤੋਂ 84 ਮਿਲੀਅਨ ਡਾਲਰ ਤੋਂ ਵੱਧ ਦੇ ਈਰਾਨ-ਮੂਲ ਦੇ ਪੈਟਰੋ-ਕੈਮੀਕਲ ਉਤਪਾਦਾਂ ਦੀ ਦਰਾਮਦ ਅਤੇ ਖਰੀਦ ਕੀਤੀ ਹੈ।ਰਾਮਨਿਕਲਾਲ ਐੱਸ ਗੋਸਾਲੀਆ ਐਂਡ ਕੰਪਨੀ, ਇਸ ਨੇ ਜਨਵਰੀ 2024 ਅਤੇ ਜਨਵਰੀ 2025 ਦਰਮਿਆਨ ਕਈ ਕੰਪਨੀਆਂ ਤੋਂ ਮੀਥੇਨੌਲ ਅਤੇ ਟੋਲੂਇਨ ਸਮੇਤ 22 ਮਿਲੀਅਨ ਡਾਲਰ ਤੋਂ ਵੱਧ ਦੇ ਈਰਾਨ-ਮੂਲ ਦੇ ਪੈਟਰੋ-ਕੈਮੀਕਲ ਉਤਪਾਦਾਂ ਦੀ ਦਰਾਮਦ ਅਤੇ ਖਰੀਦ ਕੀਤੀ।ਇਸੇ ਤਰ੍ਹਾਂ ਜੁਪੀਟਰ ਡਾਈ ਕੈਮ ਪ੍ਰਾਈਵੇਟ ਲਿਮਟਿਡ ਵੀ ਪਾਬੰਦੀਆਂ ਦੀ ਸੂਚੀ ਵਿੱਚ ਹੈ, ਜਿਸ ਨੇ ਜਨਵਰੀ 2024 ਅਤੇ ਜਨਵਰੀ 2025 ਦਰਮਿਆਨ ਕਈ ਕੰਪਨੀਆਂ ਤੋਂ ਟੋਲੂਇਨ ਸਮੇਤ 49 ਮਿਲੀਅਨ ਡਾਲਰ ਤੋਂ ਵੱਧ ਦੇ ਈਰਾਨ-ਮੂਲ ਦੇ ਪੈਟਰੋ-ਕੈਮੀਕਲ ਉਤਪਾਦਾਂ ਦੀ ਦਰਾਮਦ ਅਤੇ ਖਰੀਦ ਕੀਤੀ।ਬਾਕੀ ਦੋ ਪਾਬੰਦੀਸ਼ੁਦਾ ਭਾਰਤੀ ਕੰਪਨੀਆਂ ਗਲੋਬਲ ਇੰਡਸਟਰੀਅਲ ਕੈਮੀਕਲਜ਼ ਲਿਮਟਿਡ ਅਤੇ ਪਰਸਿਸਟੈਂਟ ਪੈਟਰੋਕੈਮ ਪ੍ਰਾਈਵੇਟ ਲਿਮਟਿਡ ਹਨ, ਜਿਨ੍ਹਾਂ ਨੇ ਮੁੱਖ ਤੌਰ ’ਤੇ ਪਿਛਲੇ ਸਾਲ ਦੌਰਾਨ ਕਈ ਕੰਪਨੀਆਂ ਨਾਲ ਕ੍ਰਮਵਾਰ 51 ਮਿਲੀਅਨ ਡਾਲਰ ਅਤੇ 14 ਮਿਲੀਅਨ ਡਾਲਰ ਤੋਂ ਵੱਧ ਦਾ ਕਾਰੋਬਾਰ ਕੀਤਾ ਹੈ।ਇਨ੍ਹਾਂ ਕੰਪਨੀਆਂ ਨੂੰ ਈਰਾਨ ਤੋਂ ਪੈਟਰੋ-ਕੈਮੀਕਲ ਉਤਪਾਦਾਂ ਦੀ ਖਰੀਦ, ਪ੍ਰਾਪਤੀ, ਵਿਕਰੀ, ਆਵਾਜਾਈ ਜਾਂ ਮਾਰਕੀਟਿੰਗ ਲਈ ਜਾਣਬੁੱਝ ਕੇ ਇੱਕ ਮਹੱਤਵਪੂਰਨ ਲੈਣ-ਦੇਣ ਵਿੱਚ ਸ਼ਾਮਲ ਹੋਣ ਲਈ ਨਾਮਜ਼ਦ ਕੀਤਾ ਗਿਆ ਹੈ। ਪਾਬੰਦੀਆਂ ਦੇ ਨਤੀਜੇ ਵਜੋਂ, ਨਾਮਜ਼ਦ ਵਿਅਕਤੀਆਂ ਦੀ ਸਾਰੀ ਜਾਇਦਾਦ ਅਤੇ ਜਾਇਦਾਦ ਵਿੱਚ ਹਿੱਤ, ਜੋ ਅਮਰੀਕਾ ਵਿੱਚ ਹਨ ਜਾਂ ਅਮਰੀਕੀ ਵਿਅਕਤੀਆਂ ਦੇ ਕਬਜ਼ੇ ਜਾਂ ਨਿਯੰਤਰਣ ਵਿੱਚ ਹਨ, ਨੂੰ ਬਲੌਕ ਕਰ ਦਿੱਤਾ ਗਿਆ ਹੈ।

ਇਸ ਤੋਂ ਇਲਾਵਾ ਅਮਰੀਕੀ ਖਜ਼ਾਨਾ ਵਿਭਾਗ 50 ਤੋਂ ਵੱਧ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਨਾਮਜ਼ਦ ਕਰ ਰਿਹਾ ਹੈ। ਖਜ਼ਾਨਾ ਵਿਭਾਗ ਦੇ ਬਿਆਨ ਵਿੱਚ ਯੂ ਏ ਈ-ਅਧਾਰਤ ਭਾਰਤੀ ਨਾਗਰਿਕ ਪੰਕਜ ਨਾਗਜੀਭਾਈ ਪਟੇਲ ਦਾ ਵੀ ਨਾਂਅ ਹੈ, ਜਿਸ ਨੇ ਹੁਸੈਨ ਦੇ ਨੈੱਟਵਰਕ ਵਿੱਚ ਕਈ ਸ਼ਿਪਿੰਗ ਕੰਪਨੀਆਂ, ਜਿਵੇਂ ਕਿ ਟਿਓਡੋਰ ਸ਼ਿਪਿੰਗ, ਵਿੱਚ ਇੱਕ ਕਾਰਜਕਾਰੀ ਵਜੋਂ ਸੇਵਾ ਨਿਭਾਈ ਹੈ। ਉਸ ਨੂੰ ਪਾਬੰਦੀਆਂ ਦੀ ਸੂਚੀ ਵਿੱਚ ਰੱਖਿਆ ਗਿਆ ਹੈ।

# ਨਰੇਗਾ ਦੀ ਪਾਰਦਰਸ਼ਤਾ ਬਹਾਲ ਰੱਖਣ ਲਈ ਪ੍ਰਸ਼ਾਸਨ ਕਈ ਮੁੱਦਿਆਂ ’ਤੇ ਸਹਿਮਤ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**
ਵੀਰਵਾਰ ਡਿਪਟੀ ਕਮਿਸ਼ਨਰ ਦਫਤਰ ਮੁਕਤਸਰ ਵਿਖੇ ਨਰੇਗਾ ਜ਼ਿਲ੍ਹਾ ਕੋਆਰਡੀਨੇਟਰ ਦੀ ਪ੍ਰਧਾਨਗੀ ਹੇਠ ਨਰੇਗਾ ਅਧਿਕਾਰੀਆਂ ਅਤੇ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਨੁਮਾਇੰਦਿਆਂ ਵਿਚਕਾਰ ਮਹੱਤਵਪੂਰਨ ਮੀਟਿੰਗ ਹੋਈ। ਯੂਨੀਅਨ ਵੱਲੋਂ ਨਰੇਗਾ ਜ਼ਿਲ੍ਹਾ ਪ੍ਰਧਾਨ ਬੋਹੜ ਸਿੰਘ ਸੁਖਨਾ, ਮੀਤ ਪ੍ਰਧਾਨ ਬਿੰਦਰ ਸਿੰਘ ਖੂਨਣ ਕਲਾਂ, ਮੀਤ ਸਕੱਤਰ ਸਰਜੀਤ ਸਿੰਘ ਛੱਤੇਆਣਾ, ਗੁਰਲਾਲ ਸਿੰਘ ਵਿਰਖ ਖੇੜਾ, ਗੁਰਭੇਜ ਸਿੰਘ ਕੋਟਲੀ ਸੰਘਰ, ਸੁਖਵਿੰਦਰ ਕੁਮਾਰ ਮਲੋਟ, ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਹਰਲਾਭ ਸਿੰਘ ਦੂਹੇਵਾਲਾ ਅਤੇ ਕਾਮਰੇਡ ਜਗਰੂਪ ਹਾਜ਼ਰ ਸਨ। ਏ ਡੀ ਸੀ

• ਬਾਕੀ ਸਫਾ 2 ’ਤੇ

## ਐੱਫ-35 ਹਾਦਸਾਗ੍ਰਸਤ

**ਵਾਸ਼ਿੰਗਟਨ** : ਅਮਰੀਕੀ ਨੇਵੀ ਦਾ ਐੱਫ-35 ਲੜਾਕੂ ਜਹਾਜ਼ ਨੇਵਲ ਏਅਰ ਸਟੇਸ਼ਨ ਲੇਮੂਰ ਨੇੜੇ ਕੇਂਦਰੀ ਕੈਲੀਫੋਰਨੀਆ ਵਿੱਚ ਹਾਦਸਾਗ੍ਰਸਤ ਹੋ ਗਿਆ।ਤਾਂ ਵੀ, ਪਾਇਲਟ ਸੁਰੱਖਿਅਤ ਬਾਹਰ ਆ ਗਿਆ। ਜਹਾਜ਼ ਫਰਿਜ਼ਨੋ ਸ਼ਹਿਰ ਦੇ ਦੱਖਣ-ਪੱਛਮ ਵਿੱਚ ਲੱਗਭੱਗ 64 ਕਿੱਲੋਮੀਟਰ ਦੂਰ ਹਾਦਸਾਗ੍ਰਸਤ ਹੋਇਆ ਜਹਾਜ਼ ਲੱਗਭੱਗ 10 ਕਰੋੜ ਡਾਲਰ ਦਾ ਹੈ ਤੇ ਇਸ ਸਾਲ ਐੱਫ-35 ਦਾ ਇਹ ਦੂਜਾ ਹਾਦਸਾ ਹੈ।

## ਰਿਸ਼ਵਤ ਨੂੰ ਠੱਲ੍ਹ ਪਾਉਣ ਲਈ ਰਜਿਸਟਰੀ ਕਲਰਕਾਂ ’ਤੇ ਵਾਰ

**ਚੰਡੀਗੜ੍ਹ** : ਤਹਿਸੀਲਾਂ ਵਿੱਚ ਜ਼ਮੀਨ ਅਤੇ ਜਾਇਦਾਦ ਦੀ ਰਜਿਸਟਰੀ ਕਰਵਾਉਣ ਲਈ ਰਿਸ਼ਵਤ ਲੈਣ ਦੇ ਗੱਠਜੋੜ ਨੂੰ ਤੋੜਨ ਲਈ, ਮਾਲ ਵਿਭਾਗ ਨੇ ਹੁਣ ਰਜਿਸਟਰੀ ਕਲਰਕਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਹਟਾਉਣ ਦੇ ਹੁਕਮ ਦਿੱਤੇ ਹਨ ਅਤੇ ਕਿਹਾ ਹੈ ਕਿ ਨਵੇਂ ਨਿਯੁਕਤ ਕਰਮਚਾਰੀਆਂ ਨੂੰ ਰਜਿਸਟਰਾਰ, ਸਬ ਰਜਿਸਟਰਾਰ ਆਦਿ ਦੇ ਨਾਲ ਰਜਿਸਟਰੀ ਕਰਨ ਲਈ ਨਿਯੁਕਤ ਕੀਤਾ ਜਾਵੇ।ਮਾਲ ਵਿਭਾਗ ਦੇ ਐਡੀਸ਼ਨਲ ਮੁੱਖ ਸਕੱਤਰ ਅਨੁਰਾਗ ਵਰਮਾ ਵੱਲੋਂ ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਤਹਿਸੀਲਾਂ ਵਿੱਚ ਰਿਸ਼ਵਤਖੋਰੀ ਦੇ ਗੱਠਜੋੜ ਨੂੰ ਤੋੜਨਾ ਅਜੇ ਵੀ ਮੁਸ਼ਕਲ ਹੈ ਕਿਉਂਕਿ ਉਹੀ ਰਜਿਸਟਰੀ ਕਲਰਕ ਅਜੇ ਵੀ ਕੰਮ ਕਰ ਰਹੇ ਹਨ, ਜੋ ਸਾਲਾਂ ਪਹਿਲਾਂ ਕੰਮ ਕਰਦੇ ਸਨ। ਸਰਕਾਰ ਨੇ ਜ਼ਮੀਨ ਦੀ ਰਜਿਸਟ੍ਰੇਸ਼ਨ ਨੂੰ ਆਨਲਾਈਨ ਕਰਨ, ਤਹਿਸੀਲਦਾਰਾਂ ਤੋਂ ਰਜਿਸਟ੍ਰੇਸ਼ਨ ਦਾ ਕੰਮ ਵਾਪਸ ਲੈਣ ਵਰਗੇ ਕਦਮ ਚੁੱਕ ਕੇ ਇਸ ਗੱਠਜੋੜ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਹੈ, ਪਰ ਫਿਰ ਵੀ ਕਈ ਥਾਵਾਂ ’ਤੇ ਇਹ ਗੱਠਜੋੜ ਟੁੱਟ ਨਹੀਂ ਰਿਹਾ ਹੈ। ਵੱਖ-ਵੱਖ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨਾਲ ਹੋਈ ਮੀਟਿੰਗ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਸਿਰਫ ਦਸ ਤੋਂ ਪੰਦਰਾਂ ਪ੍ਰਤੀਸ਼ਤ ਰਜਿਸਟਰੀ ਕਲਰਕਾਂ ਨੇ ਹੀ ਰਜਿਸਟਰੀ ਕਲਰਕ ਟੈਸਟ ਪਾਸ ਕੀਤਾ ਹੈ। ਇਸ ਲਈ, ਜਦੋਂ ਵੀ ਉਨ੍ਹਾਂ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਉਨ੍ਹਾਂ ਨੂੰ ਦੁਬਾਰਾ ਉਹੀ ਅਹੁਦਿਆਂ ’ਤੇ ਨਿਯੁਕਤ ਕੀਤਾ ਜਾਂਦਾ ਹੈ।

# ਸ਼ਹੀਦਾਂ ਦੀ ਬਦੌਲਤ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ : ਸੰਤ ਸੁਖਜੀਤ ਸਿੰਘ

ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ









**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)**
ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ ਅਤੇ ਜਿਹੜੀਆਂ ਕੌਮਾਂ ਇਹ ਸਰਮਾਇਆ ਸੰਭਾਲ ਕੇ ਨਹੀਂ ਰੱਖਦੀਆਂ, ਉਹ ਕੌਮਾਂ ਖਤਮ ਹੋ ਜਾਂਦੀਆਂ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼ਹੀਦ ਊਧਮ ਸਿੰਘ ਮੈਮੋਰੀਅਲ ਟਰੱਸਟ ਸੁਲਤਾਨਪੁਰ ਲੋਧੀ ਵੱਲੋਂ ਚੇਅਰਮੈਨ ਪ੍ਰੋ. ਚਰਨ ਸਿੰਘ ਦੀ ਸਰਪ੍ਰਸਤੀ ਹੇਠ ਸ਼ਹੀਦ ਊਧਮ ਸਿੰਘ ਸਮਾਰਕ ਸੁਲਤਾਨਪੁਰ ਲੋਧੀ ਵਿਖੇ ਬਾਰ ਐਸੋਸੀਏਸ਼ਨ, ਸਾਹਿਤ ਸਭਾ, ਪ੍ਰੈੱਸ ਕਲੱਬ ਵੱਲੋਂ ਸ਼ਹੀਦੀ ਦਿਹਾੜੇ ਮੌਕੇ ਕਰਵਾਏ ਗਏ ਸਮਾਗਮ ਦੌਰਾਨ ਸ਼ਹੀਦ ਊਧਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸੰਤ ਸੁਖਜੀਤ ਸਿੰਘ ਸੀਚੇਵਾਲ ਨੇ ਆਪਣੇ ਸੰਬੋਧਨ ਵਿੱਚ ਕੀਤਾ।ਉਹਨਾ ਕਿਹਾ ਕਿ ਅੱਜ ਅਸੀਂ ਇਹਨਾਂ ਮਹਾਨ ਸ਼ਹੀਦਾਂ ਦੀ ਬਦੌਲਤ ਹੀ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ, ਇਸ ਲਈ ਸ਼ਹੀਦਾਂ ਵੱਲੋਂ ਦਰਸਾਏ ਗਏ ਮਾਰਗ ’ਤੇ ਚਲਦਿਆਂ ਉਹਨਾਂ ਦੇ ਆਦਰਸ਼ਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣਾ ਚਾਹੀਦਾ ਹੈ।ਇਸ ਮੌਕੇ ਕਰਵਾਏ ਗਏ ਸਮਾਗਮ ਦੌਰਾਨ ਬਾਬਾ ਦਰਬਾਰਾ ਸਿੰਘ ਕਾਲਜੀਏਟ ਪਬਲਿਕ ਸਕੂਲ ਟਿੱਬਾ ਦੇ ਬੱਚਿਆਂ ਨੇ ਸ਼ਹੀਦ ਊਧਮ ਸਿੰਘ ਦੇ ਜੀਵਨ ਨਾਲ ਸੰਬੰਧਤ ਕਵਿਤਾਵਾਂ ਅਤੇ ਗੀਤ ਪੇਸ਼ ਕੀਤੇ। ਇਸ ਮੌਕੇ ਅੰਤਰਰਾਸ਼ਟਰੀ ਢਾਡੀ ਗੁਰਜੀਤ ਸਿੰਘ ਗੋਰੀ ਵੱਲੋਂ ਵੀ ਸ਼ਹੀਦ ਊਧਮ ਸਿੰਘ ਦੇ ਜੀਵਨ ’ਤੇ ਵਾਰ ਪੇਸ਼ ਕੀਤੀ। ਪ੍ਰਸਿੱਧ ਪੰਜਾਬੀ ਗਾਇਕ ਬਲਵੀਰ ਸ਼ੇਰਪੁਰੀ ਨੇ ਵੀ ਸ਼ਹੀਦ ਊਧਮ ਸਿੰਘ ਦੇ ਜੀਵਨ ’ਤੇ ਇੱਕ ਗੀਤ ਪੇਸ਼ ਕੀਤਾ।

ਸ਼ਹੀਦ ਊਧਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਵਾਲਿਆਂ ਵਿੱਚ ਐਡਵੋਕੇਟ ਰਜਿੰਦਰ ਸਿੰਘ ਰਾਣਾ, ਕੇਹਰ ਸਿੰਘ, ਬਾਰ ਐਸੋਸੀਏਸ਼ਨ

• ਬਾਕੀ ਸਫਾ 2 ’ਤੇ

## ਆਮ ਨਾਲੋਂ ਵੱਧ ਮੀਂਹ ਪੈਣ ਦੀ ਸੰਭਾਵਨਾ

**ਨਵੀਂ ਦਿੱਲੀ** : ਭਾਰਤ ਮੌਸਮ ਵਿਭਾਗ ਨੇ ਵੀਰਵਾਰ ਕਿਹਾ ਕਿ ਮੌਨਸੂਨ ਸੀਜ਼ਨ ਦੇ ਦੂਜੇ ਅੱਧ (ਅਗਸਤ ਅਤੇ ਸਤੰਬਰ) ਵਿੱਚ ਭਾਰਤ ਵਿੱਚ ਆਮ ਨਾਲੋਂ ਵੱਧ ਮੀਂਹ ਪੈਣ ਦੀ ਸੰਭਾਵਨਾ ਹੈ। ਵਿਭਾਗ ਦੇ ਡਾਇਰੈਕਟਰ ਜਨਰਲ ਮ੍ਰਿਤੁੰਜਯ ਮੋਹਪਾਤਰਾ ਨੇ ਕਿਹਾ ਕਿ ਉੱਤਰ-ਪੂਰਬ ਅਤੇ ਪੂਰਬੀ ਭਾਰਤ ਨਾਲ ਲੱਗਦੇ ਖੇਤਰਾਂ ਨੂੰ ਛੱਡ ਕੇ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਅਗਸਤ ਵਿੱਚ ਆਮ ਮੀਂਹ ਪੈਣ ਦੀ ਸੰਭਾਵਨਾ ਹੈ। ਸਤੰਬਰ ਵਿੱਚ ਆਮ ਨਾਲੋਂ ਵੱਧ ਮੀਂਹ ਪੈਣ ਦੀ ਸੰਭਾਵਨਾ ਹੈ।

## ਬੇਅਦਬੀ ਵਿਰੋਧੀ ਬਿੱਲ ’ਤੇ ਲੋਕਾਂ ਤੋਂ ਸੁਝਾਅ ਮੰਗੇ

**ਚੰਡੀਗੜ੍ਹ** : ਪੰਜਾਬ ਵਿਧਾਨ ਸਭਾ ਵੱਲੋਂ ਬੇਅਦਬੀ ਖਿਲਾਫ ਬਿੱਲ ਬਾਰੇ ਬਣਾਈ ਸਿਲੈਕਟ ਕਮੇਟੀ ਨੇ ਪੰਜਾਬ ਦੇ ਲੋਕਾਂ ਤੋਂ ਸੁਝਾਅ ਮੰਗੇ ਹਨ। ਸਿਲੈਕਟ ਕਮੇਟੀ ਦੇ ਮੈਂਬਰਾਂ ਨੇ ਕਿਹਾ ਕਿ ਪੰਜਾਬ ਦੇ ਲੋਕ 31 ਅਗਸਤ ਤੱਕ ਆਪਣੇ ਸੁਝਾਅ ਦੇ ਸਕਦੇ ਹਨ। ਸਿਲੈਕਟ ਕਮੇਟੀ ਨੇ ਆਮ ਲੋਕਾਂ ਤੋਂ ਸੁਝਾਅ ਲੈਣ ਵਾਸਤੇ ਵਟਸਐਪ ਨੰਬਰ 80544 95560 ਜਾਰੀ ਕੀਤਾ ਹੈ। ਇਸ ਤੋਂ ਇਲਾਵਾ ਲੋਕ ਆਪਣੇ ਸੁਝਾਅ ਈ-ਮੇਲ secy-vs-punjab@nic.in ਜਾਂ pvs.legislation@gmail.com ਰਾਹੀਂ ਵੀ ਭੇਜ ਸਕਦੇ ਹਨ। ਸਿਲੈਕਟ ਕਮੇਟੀ ਦੇ ਮੈਂਬਰਾਂ ਨੇ ਕਿਹਾ ਕਿ ਪੰਜਾਬ ਦੇ ਲੋਕ ਆਪਣੇ ਸੁਝਾਅ ਆਪਣੇ ਵਿਧਾਇਕ, ਵਟਸਐਪ ਅਤੇ ਡਾਕ ਰਾਹੀਂ ਵੀ ਭੇਜ ਸਕਦੇ ਹਨ। 31 ਅਗਸਤ ਤੱਕ ਆਉਣ ਵਾਲੇ ਲੋਕਾਂ ਦੇ ਸੁਝਾਵਾਂ ’ਤੇ ਵਿਚਾਰ -ਚਰਚਾ ਕੀਤੀ ਜਾਵੇਗੀ।

## ਪੰਚਾਇਤ ਸੰਮਤੀਆਂ ਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਦੀਆਂ ਤਿਆਰੀਆਂ ਸ਼ੁਰੂ

**ਚੰਡੀਗੜ੍ਹ** : ਸਾਰੇ ਜ਼ਿਲ੍ਹਿਆਂ ਦੇ ਏ ਡੀ ਸੀ ਵਿਕਾਸ ਨੂੰ 5 ਅਕਤੂਬਰ ਤੱਕ ਸੂਬੇ ਵਿੱਚ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਚੋਣਾਂ ਕਰਵਾਉਣ ਲਈ ਕਿਹਾ ਗਿਆ ਹੈ।ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੇ ਇਸ ਸੰਬੰਧ ਵਿੱਚ ਸਾਰੇ ਏ ਡੀ ਸੀਜ਼ ਨੂੰ ਲਿਖਿਆ ਹੈ ਕਿ ਉਹ 5 ਅਕਤੂਬਰ ਤੱਕ ਚੋਣਾਂ ਦੀਆਂ ਤਿਆਰੀਆਂ ਕਰ ਲੈਣ।ਵਿਭਾਗ ਦੇ ਵਿਸ਼ੇਸ਼ ਸਕੱਤਰ ਵੱਲੋਂ ਏ ਡੀ ਸੀਜ਼ ਵਿਕਾਸ ਨੂੰ ਭੇਜੇ ਗਏ ਪੱਤਰ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਉਹ ਬਲਾਕਾਂ ਦੇ ਪੁਨਰਗਠਨ ਸੰਬੰਧੀ ਭੇਜੇ ਗਏ ਪ੍ਰਸਤਾਵਾਂ ਅਨੁਸਾਰ ਹਲਕੇ ਬਣਾਉਣ।ਹਲਕੇ ਬਣਾਉਣ ਲਈ ਸਾਰੇ ਹਿੱਸੇਦਾਰਾਂ ਨਾਲ ਤਾਲਮੇਲ ਮੀਟਿੰਗਾਂ ਕਰੋ ਅਤੇ ਹਲਕੇ ਤਿਆਰ ਕਰੋ।ਪ੍ਰੋਫਾਰਮਾ ਭਰਨ ਤੋਂ ਬਾਅਦ ਹਲਕੇ ਤਿਆਰ ਕਰਕੇ ਭੇਜੇ ਜਾਣੇ ਚਾਹੀਦੇ ਹਨ।ਇਹ ਸਾਰੇ ਪ੍ਰੋਫਾਰਮੇ 4 ਅਗਸਤ ਤੱਕ ਜ਼ਿਲ੍ਹਾ ਵਿਕਾਸ ਅਤੇ ਪੰਚਾਇਤ ਅਧਿਕਾਰੀਆਂ ਦੁਆਰਾ ਖੁਦ ਵਿਭਾਗ ਵਿੱਚ ਲਿਆਉਣ ਲਈ ਕਿਹਾ ਗਿਆ ਹੈ।

# ਮਾਨ ਤੇ ਕੇਜਰੀਵਾਲ ਵੱਲੋਂ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨ ਦਾ ਸੰਕਲਪ



**ਸ਼ਹੀਦ ਊਧਮ ਸਿੰਘ ਵਾਲਾ/ਸੁਨਾਮ ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਵੀਰਵਾਰ ਆਪਣੇ ਸੰਕਲਪ ਨੂੰ ਦੁਹਰਾਉਂਦਿਆਂ ਕਿਹਾ ਕਿ ਸਮਾਜ ਦੇ ਹਰੇਕ ਤਬਕੇ ਦੀ ਭਲਾਈ ਨੂੰ ਯਕੀਨੀ ਬਣਾ ਕੇ ਸ਼ਹੀਦਾਂ ਦੇ ਸਾਕਾਰ ਕੀਤੇ ਜਾਣਗੇ।ਸ਼ਹੀਦ ਊਧਮ ਸਿੰਘ ਵਾਲਾ ਨਗਰ ਦੇ ਵਿਕਾਸ ਲਈ 85 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰਦਿਆਂ ‘ਆਪ’ ਦੇ ਕੌਮੀ ਕਨਵੀਨਰ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਨੇ ਆਪਣੇ ਦੇਸ਼ ਨੂੰ ਗੁਲਾਮੀ ਦੀ ਦਲਦਲ ਵਿੱਚੋਂ ਬਾਹਰ ਕੱਢਣ ਲਈ ਲਾਮਿਸਾਲ ਕੁਰਬਾਨੀ ਦਿੱਤੀ।

ਮੁੱਖ ਮੰਤਰੀ ਨੇ ਕਿਹਾ ਕਿ ਦੇਸ਼ ਦੀ ਖਾਤਰ ਆਪਣੀਆਂ ਜਾਨਾਂ ਵਾਰਨ ਵਾਲੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਭੇਟ ਕਰਨਾ ਸੂਬਾ ਸਰਕਾਰ ਦਾ ਫਰਜ਼ ਹੈ।

• ਬਾਕੀ ਸਫਾ 2 ’ਤੇ




## ਅੱਜ-ਨਾਮਾ

ਉਲਟੀ ਜਾਪਦੀ ਅੱਜ ਆ ਪਿਰਤ ਚੱਲਦੀ,
ਮੁੱਦਾ ਅਕਲ ਦੇ ਵਿੱਚ ਨਹੀਂ ਆਏ ਬੇਲੀ।
ਨਕਸ਼ਾ ਦੇਸ਼ ਦਾ ਬਦਲਣਾ ਕਦੀ ਹੈ ਨਹੀਂ,
ਇਹਦੇ ਜਾਂਦੇ ਹਨ ਅਰਥ ਪਲਟਾਏ ਬੇਲੀ।
ਕਹਿਣਾ ਭਾਰਤ ਕਿ ਇੰਡੀਆ ਕੀ ਕਹੀਏ,
ਇਸ ਦੀ ਬਹਿਸ ਵੀ ਰੰਗ ਵਿਖਾਏ ਬੇਲੀ।
ਗੂੜ੍ਹ ਵਿਦਵਾਨ ਕੁਝ ਲੋਕ ਨੇ ਬਣੇ ਡਾਢੇ,
ਕਿਹੜਾ ਉਨ੍ਹਾਂ ਨਾਲ ਸਿੰਗ ਫਸਾਏ ਬੇਲੀ।
ਸਮਝ ਰਹੇ ਲੋਕ ਖਾਮੋਸ਼ੀ ਦਾ ਫਾਰਮੂਲਾ,
ਜ਼ਿੰਦਗੀ ਕੱਟਣ ਦਾ ਪੈਂਤੜਾ ਖਾਸ ਬੇਲੀ।
ਵਰਤਣ ਸੌਖਾ ਨਾ ਏਦਾਂ ਦਾ ਦਾਅ ਹੁੰਦਾ,
ਵਿਰਲੇ ਬੰਦੇ ਲਈ ਆਂਵਦਾ ਰਾਸ ਬੇਲੀ।

-ਤੀਸ ਮਾਰ ਖਾਂ

# ਸ਼ਹੀਦ ਊਧਮ ਸਿੰਘ ਯਾਦਗਾਰੀ ਸਮਾਗਮ ਨੇ ਦਿੱਤਾ ਕਾਰਪੋਰੇਟ ਤੇ ਫਾਸ਼ੀ ਹੱਲੇ ਖ਼ਿਲਾਫ਼ ਜੂਝਣ ਦਾ ਸੱਦਾ



**ਜਲੰਧਰ** : “ਗ਼ਦਰ ਲਹਿਰ ਅਤੇ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਰੌਸ਼ਨੀ ’ਚ ਦੇਸੀ ਅਤੇ ਵਿਦੇਸ਼ੀ ਹਰ ਵੰਨਗੀ ਦੇ ਦਾਬੇ, ਗ਼ੁਲਾਮੀ, ਵਿਤਕਰੇ ਅਤੇ ਜਬਰ ਤੋਂ ਮੁਕਤ, ਆਜ਼ਾਦ, ਖੁਸ਼ਹਾਲ ਅਤੇ ਬਰਾਬਰੀ ਦੀ ਆਧਾਰਸ਼ਿਲਾ ’ਤੇ ਟਿਕਿਆ ਖ਼ੂਬਸੂਰਤ ਸਮਾਜ ਸਿਰਜਣ ਲਈ ਇਨਕਲਾਬ ਦਾ ਚਿੰਨ੍ਹ ਬਣ ਕੇ ਚਮਕਦੇ ਊਧਮ ਸਿੰਘ ਤੋਂ ਸਾਡੇ ਸਮਿਆਂ ਦੀ ਜੁਆਨੀ, ਮਜ਼ਦੂਰ ਜਮਾਤ ਅਤੇ ਕਿਰਸਾਨੀ ਨੂੰ ਰੌਸ਼ਨੀ ਲੈਣ ਦੀ ਲੋੜ ਹੈ।” ਇਹ ਸੁਨੇਹਾ ਦਿੱਤਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਵੀਰਵਾਰ ਦੇਸ਼ ਭਗਤ ਯਾਦਗਾਰ ਹਾਲ ਅੰਦਰ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਹੋਈ ਵਿਚਾਰ-ਚਰਚਾ ਨੇ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਊਧਮ ਸਿੰਘ ਕਿਤੇ ਨਹੀਂ ਗਿਆ। ਉਹ ਅੱਜ ਵੀ ਜਿਉਂਦਾ ਹੈ ਵਿਦਿਆਰਥੀਆਂ, ਜੁਆਨੀ ਅਤੇ ਕਿਸਾਨੀ ਦੇ ਘੋਲਾਂ ਵਿੱਚ। ਉਹਨਾਂ ਨੇ ਉਚੇਚਾ ਜ਼ਿਕਰ ਕੀਤਾ ਕਿ ਆਦਿਵਾਸੀ ਬਸਤਰ ਖੇਤਰ ਵਿੱਚ ਜੰਗਲ, ਜਲ, ਜ਼ਮੀਨ ਅਤੇ ਕੁਦਰਤੀ ਅਨਮੋਲ ਖਜ਼ਾਨਿਆਂ ਉਪਰ ਡਾਕਾ ਮਾਰਨ ਲਈ ਦੇਸੀ-ਵਿਦੇਸ਼ੀ ਕਾਰਪੋਰੇਟ ਘਰਾਣੇ ਨਿਸੰਗ ਹੱਲਾ ਬੋਲ ਰਹੇ ਹਨ। ਉਨ੍ਹਾਂ ਕਿਹਾ ਕਿ ਸ਼ਰੇਆਮ ਇਹ ਐਲਾਨ ਕੀਤਾ ਜਾ ਰਿਹਾ ਹੈ ਕਿ ਮਾਰਚ 2026 ਬਾਅਦ ਕੋਈ ਨਕਸਲਬਾੜੀ, ਮਾਓਵਾਦ ਭਾਵ ਕਮਿਊਨਿਸਟ ਇਨਕਲਾਬੀਆਂ ਦਾ ਨਾਮੋ-ਨਿਸ਼ਾਨ ਨਹੀਂ ਰਹਿਣ ਦਿੱਤਾ ਜਾਏਗਾ ਤਾਂ ਭਾਜਪਾ ਹਕੂਮਤ ਦੇ ਅਜਿਹੇ ਫਾਸ਼ੀ ਹੱਲੇ ਦਾ ਜਨਤਕ ਟਾਕਰਾ ਕਰਨ ਲਈ ਸ਼ਹੀਦ ਊਧਮ ਸਿੰਘ ਵਰਗੀ ਮਚਲਦੀ ਭਾਵਨਾ ਵਿਸ਼ਾਲ ਲੋਕਾਈ ’ਚ ਲਿਜਾਣ ਦੀ ਲੋੜ ਹੈ। ਉਹਨਾਂ ਚੌਕਸ ਕੀਤਾ ਕਿ ਇਹ ਹੱਲਾ ਹੱਕ, ਸੱਚ, ਇਨਸਾਫ਼ ਦੀ ਸੰਘੀ ਨੱਪਣ ਲਈ ਭਵਿੱਖ ’ਚ ਹੋਰ ਵਿਆਪਕ ਅਤੇ ਤਿੱਖਾ ਹੋਏਗਾ।

ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ ਨੇ ਵਿਦਿਆਰਥੀ ਜੀਵਨ ਤੋਂ ਲੈ ਕੇ ਕਿਸਾਨ ਸੰਘਰਸ਼ ਤੱਕ ਦੇ ਸਫ਼ਰ ’ਚ ਊਧਮ ਸਿੰਘ ਦੀ ਰੌਸ਼ਨ ਭਾਵਨਾ ਤੋਂ ਬਹੁਤ ਕੁੱਝ ਸਿਖਦਿਆਂ ਵਿਦਿਆਰਥੀਆਂ ਨੂੰ ਕਿਹਾ ਕਿ ਉਹਨਾਂ ਨੂੰ ਆਪਣੇ ਸਿਲੇਬਸ ਦੇ ਨਾਲ-ਨਾਲ ਜ਼ਿੰਦਗੀ ਦੇ ਸਫ਼ਰ ਦਾ ਸਿਲੇਬਸ ਵੀ ਪੜ੍ਹਨ ਅਤੇ ਅਧਿਐਨ ਕਰਨ ਦੀ ਲੋੜ ਹੈ।

ਕਮੇਟੀ ਦੇ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਨੇ ਊਧਮ ਸਿੰਘ ਦੇ ਹਵਾਲੇ ਨਾਲ ਗ਼ਦਰ ਲਹਿਰ ਅਤੇ ਸਮੁੱਚੀ ਇਨਕਲਾਬੀ ਤਵਾਰੀਖ਼ ਦਾ ਪ੍ਰਸੰਗ ਸਾਂਝਾ ਕੀਤਾ। ਉਹਨਾਂ ਕਿਹਾ ਕਿ ਊਧਮ ਸਿੰਘ ਗ਼ਦਰ ਲਹਿਰ ਦੀ ਨਿਰੰਤਰ ਲੜੀ ਅਤੇ ਕੜੀ ਦਾ ਨਗੀਨਾ ਸੀ, ਜਿਸ ਤੋਂ ਆਉਣ ਵਾਲੀਆਂ ਪੀੜ੍ਹੀਆਂ ਵੀ ਚੇਤਨਾ, ਜਾਗਰਤੀ ਅਤੇ ਕੁਰਬਾਨੀ ਦਾ ਚਾਨਣ ਹਾਸਲ ਕਰਦੀਆਂ ਰਹਿਣਗੀਆਂ।

ਕਮੇਟੀ ਮੈਂਬਰ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਊਧਮ ਸਿੰਘ ਦੇ ਸੰਗਰਾਮੀ ਸਫ਼ਰ ਦੀਆਂ ਪੈੜਾਂ ਵਿਚੋਂ ਸਾਨੂੰ ਗ਼ਦਰੀ ਗੁਲਾਬ ਕੌਰ ਦੀ ਸ਼ਤਾਬਦੀ ਦੀਆਂ ਪੈੜਾਂ ਵੀ ਪੜ੍ਹਨ ਦੀ ਲੋੜ ਹੈ, ਕਿਉਂਕਿ ਕੋਈ ਵੀ ਲੋਕ-ਲਹਿਰ ਔਰਤਾਂ-ਮਰਦਾਂ ਦੇ ਮੋਢੇ ਸੰਗ ਮੋਢਾ ਜੋੜ ਕੇ ਤੁਰਨ ਨਾਲ ਹੀ ਸਫ਼ਲਤਾ ਦਾ ਮੁਕਾਮ ਹਾਸਲ ਕਰ ਸਕਦੀ ਹੈ। ਉਹਨਾਂ ਕਿਹਾ ਕਿ ਦਿੱਲੀ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ

• ਬਾਕੀ ਸਫਾ 2 ’ਤੇ

1-AUG-PAGE-1.qxd 7/31/2025 10:13 PM Page 2



## ਜ਼ੋਨਲ ਖੇਡਾਂ 'ਚ ਸੁਪੀਰੀਅਰ ਵਰਲਡ ਸਕੂਲ ਦੀਆਂ ਵਿਦਿਆਰਥਣਾਂ ਨੂੰ ਦੂਜਾ ਸਥਾਨ



**ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਸਾਹਿਬ ਦੇ ਦਾ ਸੁਪੀਰੀਅਰ ਵਰਲਡ ਸਕੂਲ ਨੇ ਸਮਰਾਲਾ ਜ਼ੋਨਲ ਖੇਡਾਂ ਦੌਰਾਨ ਬਾਸਕਟਬਾਲ ਵਿਚ ਭਾਗ ਲਿਆ। ਅੰਡਰ-14 ਵਿਚ ਦਾ ਸੁਪੀਰੀਅਰ ਵਰਲਡ ਸਕੂਲ ਦੇ ਵਿਦਿਆਰਥਣਾਂ ਨੇ ਦੂਜਾ ਸਥਾਨ ਪ੍ਰਾਪਤ ਕਰ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਬਾਸਕਟਬਾਲ ਵਿਚ ਕਰਮਨਪ੍ਰੀਤ ਕੌਰ, ਹਰਲੀਨ ਕੌਰ, ਜਪਜੋਤ ਕੌਰ, ਦੀਵਿਆਂਸ਼ੀ, ਗੁਰਮਨਜੋਤ ਕੌਰ, ਗੁਰਸੀਰਤ, ਸਹਿਜਦੀਪ ਕੌਰ, ਦਮਨਪ੍ਰੀਤ ਕੌਰ, ਗੁਰਲੀਨ ਕੌਰ, ਮਨਮੀਤ ਕੌਰ, ਖ਼ੁਸ਼ੀ, ਸੁਖਮਜੋਤ ਕੌਰ ਵੱਲੋਂ ਵਧੀਆ ਪ੍ਰਦਰਸ਼ਨ ਕਰ ਕੇ ਆਪਣੀ ਮਿਹਨਤ ਸਦਕਾ ਜਿੱਤ ਹਾਸਲ ਕੀਤੀ ਅਤੇ ਫਾਈਨਲ ਵਿਚ ਭਾਗ ਲਿਆ। ਸਕੂਲ ਦੇ ਪ੍ਰਿੰਸੀਪਲ ਰਸ਼ਮੀ ਸ਼ਰਮਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਹੋਰ ਅੱਗੇ ਵਧਣ ਲਈ ਉਤਸ਼ਾਹਤ ਕਰਦੇ ਹੋਏ ਪ੍ਰੇਰਿਤ ਕੀਤਾ। ਇਸ ਮੌਕੇ ਸਪੋਰਟਸ ਇੰਚਾਰਜ ਜਸਮੀਨ ਕੌਰ ਵੀ ਮੌਜੂਦ ਸਨ।

## ਭਾਜਪਾ ਰਾਜ ਸਭਾ ਮੈਂਬਰ ਵੱਲੋਂ ਗੁਰੂ ਸਾਹਿਬਾਨਾਂ ਦੀ ਉਦਾਹਰਨ ਦੇਣਾ ਅਤਿ ਨਿੰਦਣਯੋਗ : ਸਿੱਧੂ ਲੌਂਗੋਵਾਲ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਪੰਥਕ ਆਗੂ ਭਾਈ ਅੰਮ੍ਰਿਤਪਾਲ ਸਿੰਘ ਸਿੱਧੂ ਲੌਂਗੋਵਾਲ ਨੇ ਲਿਖਤੀ ਪ੍ਰੈੱਸ ਨੋਟ ਜਾਰੀ ਕਰਦੇ ਹੋਏ ਕਿਹਾ ਕਿ ਰਾਜ ਸਭਾ ਦੇ ਚੱਲ ਰਹੇ ਸੈਸ਼ਨ ਦੌਰਾਨ ਇਹ ਦੇਖਣ ਨੂੰ ਮਿਲਿਆ ਕਿ ਭਾਰਤੀ ਜਨਤਾ ਪਾਰਟੀ ਦੇ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਆਪ੍ਰੇਸ਼ਨ ਸੰਧੂਰ 'ਤੇ ਬੋਲ ਰਹੇ ਸਨ, ਜਿਨ੍ਹਾਂ ਬੋਲਦਿਆਂ ਗੁਰੂ ਸਾਹਿਬਾਨਾਂ ਦੀ ਉਦਾਹਰਨ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਜਦੋਂ ਸਿੱਖ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਲਈ ਲਿਜਾਇਆ ਜਾ ਰਿਹਾ ਸੀ, ਉਸ ਸਮੇਂ ਉਨ੍ਹਾਂ ਨਾਲ ਭਾਈ ਮਤੀ ਦਾਸ ਜੀ ਨੂੰ ਸਿਰ 'ਤੇ ਆਰਾ ਚਲਾ ਕੇ ਸ਼ਹੀਦ ਕੀਤਾ ਗਿਆ, ਜੋਕਿ ਬਹੁਤ ਹੀ ਨਿੰਦਣਯੋਗ ਹੈ ਕਿ ਸਤਨਾਮ ਸਿੰਘ ਸੰਧੂ ਵੱਲੋਂ ਭਾਈ ਮਤੀ ਦਾਸ ਜੀ ਨੂੰ ਮਤੀ ਦਾਸ ਕਹਿ ਕੇ ਸੰਸਦ ਵਿੱਚ ਸੰਬੋਧਨ ਕੀਤਾ ਗਿਆ, ਜਿਸ ਨਾਲ ਸਿੱਖ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚੀ ਹੈ। ਜੇਕਰ ਕਿਸੇ ਵਿਅਕਤੀ ਨੂੰ ਸਿੱਖ ਇਤਿਹਾਸ ਬਾਰੇ ਜਾਣਕਾਰੀ ਨਾ ਹੋਵੇ ਤਾਂ ਉਸ ਨੂੰ ਸਿੱਖ ਇਤਿਹਾਸ ਬਾਰੇ ਬੋਲਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਤੋਂ ਹੋਰ ਵੀ ਜ਼ਿਆਦਾ ਨਿੰਦਣਯੋਗ ਗੱਲ ਇਹ ਹੈ ਕਿ ਉਸ ਨੇ ਆਪ੍ਰੇਸ਼ਨ ਸੰਧੂਰ ਨੂੰ ਸਿੱਖ ਗੁਰੂ ਸਾਹਿਬਾਨਾਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ, ਜੋ ਕਿਸੇ ਵੀ ਤਰੀਕੇ ਤੋਂ ਸਹੀ ਨਹੀਂ ਹੈ, ਇਸ ਲਈ ਸਤਨਾਮ ਸਿੰਘ ਸੰਧੂ ਨੂੰ ਬਿਨਾਂ ਕਿਸੇ ਦੇਰੀ ਤੋਂ ਸਿੱਖ ਸੰਗਤ ਕੋਲੋਂ ਮਾਫ਼ੀ ਮੰਗਣੀ ਚਾਹੀਦੀ ਹੈ ਅਤੇ ਅਸੀਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਬੇਨਤੀ ਕਰਦੇ ਹਾਂ ਕਿ ਸਤਨਾਮ ਸਿੰਘ ਸੰਧੂ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ ਜਾਵੇ, ਕਿਉਂਕਿ ਉਸ ਨੇ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਹੈ ਅਤੇ ਉਸ 'ਤੇ ਬਣਦੀ ਕਾਰਵਾਈ ਕੀਤੀ ਜਾਵੇ।

## ਐੱਸ ਏ ਐੱਸ ਸਕੂਲ 'ਚ ਊਧਮ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ



**ਚੀਮਾ ਮੰਡੀ (ਰਵਿੰਦਰ ਚੀਮਾ)**-ਸ਼ਹੀਦ-ਏ-ਆਜ਼ਮ ਸ. ਊਧਮ ਸਿੰਘ ਜੀ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ ਮੌਕੇ ਸ਼ਰਧਾਂਜਲੀ ਦੇਣ ਲਈ ਨਾਮਵਰ ਵਿੱਦਿਅਕ ਸੰਸਥਾ ਐੱਸ.ਏ.ਐੱਸ. ਇੰਟਰਨੈਸ਼ਨਲ ਸਕੂਲ ਚੀਮਾ ਵਿੱਚ ਇੱਕ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਦਾ ਆਯੋਜਨ ਐਕਟੀਵਿਟੀ ਇੰਚਾਰਜ ਮੈਡਮ ਕੁਲਵਿੰਦਰ ਕੌਰ ਤੇ ਮੈਡਮ ਸਤਵੀਰ ਕੌਰ ਦੁਆਰਾ ਵਧੀਆ ਢੰਗ ਨਾਲ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਪ੍ਰਿੰਸੀਪਲ, ਮੈਨੇਜਮੈਂਟ ਤੇ ਸਟਾਫ ਦੇ ਸਮੂਹ ਮੈਂਬਰਾਂ ਨੇ ਸ਼ਹੀਦ ਊਧਮ ਸਿੰਘ ਦੀ ਤਸਵੀਰ ਨੂੰ ਫੁੱਲ ਭੇਟ ਕਰਕੇ ਕੀਤੀ। ਇਸ ਤੋਂ ਬਾਅਦ ਵਿਦਿਆਰਥੀਆਂ ਨੇ ਵੱਖ-ਵੱਖ ਪ੍ਰਦਰਸ਼ਨਾਂ ਰਾਹੀਂ ਆਪਣਾ ਸਤਿਕਾਰ ਤੇ ਪ੍ਰਸ਼ੰਸਾ ਪ੍ਰਗਟ ਕਰਨ ਲਈ ਸਟੇਜ 'ਤੇ ਉੱਤਰਿਆ। ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੇ ਕੋਰੀਓਗ੍ਰਾਫੀ, ਦੇਸ਼ ਭਗਤੀ ਦੇ ਗੀਤ ਪੇਸ਼ ਕੀਤੇ ਅਤੇ ਸ਼ਹੀਦ ਊਧਮ ਸਿੰਘ ਜੀ ਦੇ ਜੀਵਨ, ਬਹਾਦਰੀ ਤੇ ਕੁਰਬਾਨੀ ਨੂੰ ਦਰਸਾਉਂਦੇ ਭਾਸ਼ਣ ਦਿੱਤੇ। ਇਸ ਮੌਕੇ ਪ੍ਰਿੰਸੀਪਲ ਵਿਕਰਮ ਸ਼ਰਮਾ ਨੇ ਸ਼ਹੀਦ ਊਧਮ ਸਿੰਘ ਦੇ ਅੰਤਿਮ ਸ਼ਬਦ ਸਾਂਝੇ ਕੀਤੇ, ਜੋ ਉਨ੍ਹਾਂ ਨੇ ਆਪਣੀ ਫਾਂਸੀ ਤੋਂ ਪਹਿਲਾਂ ਕਹੇ ਸਨ : 'ਮੈਂ ਮਰਨ ਤੋਂ ਨਹੀਂ ਡਰਦਾ। ਮੈਨੂੰ ਆਪਣੀ ਮਾਤ ਭੂਮੀ ਨੂੰ ਆਜ਼ਾਦ ਕਰਵਾਉਣ ਲਈ ਮਰਨ 'ਤੇ ਮਾਣ ਹੈ ਤੇ ਮੈਨੂੰ ਉਮੀਦ ਹੈ ਕਿ ਮੇਰੇ ਜਾਣ ਤੋਂ ਬਾਅਦ ਮੇਰੇ ਦੇਸ਼ ਵਾਸੀ ਮੇਰੀ ਜਗ੍ਹਾ ਆਉਣਗੇ ਤੇ ਤੁਹਾਨੂੰ ਗੰਦੇ ਕੁੱਤਿਆਂ ਨੂੰ ਭਜਾ ਦੇਣਗੇ, ਮੇਰੇ ਦੇਸ਼ ਨੂੰ ਆਜ਼ਾਦ ਕਰਵਾਉਣਗੇ।' ਇਸ ਮੌਕੇ ਸਕੂਲ ਦੇ ਵਾਇਸ ਪ੍ਰਿੰਸੀਪਲ ਬਲਵਿੰਦਰ ਸਿੰਘ, ਸ਼ਿਵ ਸਰ, ਸ਼ਸ਼ੀਕਾਂਤ ਮਿੱਤਲ, ਮੈਡਮ ਜਸਪ੍ਰੀਤ ਕੌਰ, ਮੈਡਮ ਹਰਬਖਸ਼ ਕੌਰ, ਰੁਪਿੰਦਰ ਸਿੰਘ, ਮੈਡਮ ਰੀਨਾ, ਮੈਡਮ ਸੋਨੀਆ, ਮੈਡਮ ਰਾਧਿਕਾ, ਮੈਡਮ ਸੁਖਪ੍ਰੀਤ, ਸਾਹਿਲ ਸਰ, ਮੈਡਮ ਯਸ, ਮੈਡਮ ਰੀਸਾ, ਮੈਡਮ ਰੇਨੂ ਆਦਿ ਸਕੂਲ ਸਟਾਫ ਤੇ ਮੈਂਬਰ ਹਾਜ਼ਰ ਸਨ।

## ਅਮਨਦੀਪ ਹਸਪਤਾਲ 'ਚ ਲਗਾਇਆ ਮੁਫ਼ਤ ਫਾਈਬ੍ਰੋ ਸਕੈਨ ਕੈਂਪ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਅਮਨਦੀਪ ਹਸਪਤਾਲ ਫਿਰੋਜ਼ਪੁਰ ਵੱਲੋਂ ਹਸਪਤਾਲ ਪਰਿਸਰ ਵਿੱਚ ਮੁਫ਼ਤ ਫਾਈਬ੍ਰੋ ਸਕੈਨ ਟੈਸਟ ਕੈਂਪ ਲਾਇਆ ਗਿਆ।ਇਹ ਕੈਂਪ ਜ਼ਿਲ੍ਹਾ ਬਾਰ ਐਸੋਸੀਏਸ਼ਨ ਫ਼ਿਰੋਜ਼ਪੁਰ ਦੇ ਪ੍ਰਧਾਨ ਤੇ ਲਾਇਨਜ਼ ਕਲੱਬ ਆਸ਼ੀਰਵਾਦ ਦੇ ਸਾਂਝੇ ਉਪਰਾਲੇ ਹੇਠ ਕਰਵਾਇਆ ਗਿਆ। ਕੈਂਪ ਦਾ ਉਦਘਾਟਨ ਜ਼ਿਲ੍ਹਾ ਬਾਰ ਐਸੋਸੀਏਸ਼ਨ ਫ਼ਿਰੋਜ਼ਪੁਰ ਦੇ ਪ੍ਰਧਾਨ ਐਡਵੋਕੇਟ ਲਵਦੀਪ ਸਿੰਘ ਤੇ ਲਾਇਨਜ਼ ਕਲੱਬ ਆਸ਼ੀਰਵਾਦ ਦੇ ਪ੍ਰਧਾਨ ਲਾਇਨ ਸੰਤੋਖ ਤਾਖੀ ਨੇ ਸਾਂਝੇ ਤੌਰ 'ਤੇ ਕੀਤਾ।ਅਮਨਦੀਪ ਹਸਪਤਾਲ ਦੇ ਫੈਸਿਲਟੀ ਡਾਇਰੈਕਟਰ ਡਾ. ਅਭਿਸ਼ੇਕ ਅਰੋੜਾ ਨੇ ਦੱਸਿਆ ਕਿ ਇਸ ਕੈਂਪ ਵਿੱਚ 100 ਤੋਂ ਵੱਧ ਮਰੀਜ਼ਾਂ ਨੇ ਆਪਣੇ ਲਿਵਰ ਦੀ ਜਾਂਚ ਕਰਵਾਈ। ਇਸ ਮੌਕੇ ਗੈਸਟ੍ਰੋ ਤੇ ਲਿਵਰ ਬਿਮਾਰੀਆਂ ਦੇ ਮਾਹਰ ਡਾ. ਅਰਸ਼ਿਦ ਇਕਬਾਲ ਕਾਦਰੀ ਨੇ ਮਰੀਜ਼ਾਂ ਨੂੰ ਮੁਫ਼ਤ ਪਰਾਮਰਸ਼ ਦਿੱਤੇ ਅਤੇ ਉਨ੍ਹਾਂ ਦੀਆਂ ਸਿਹਤ ਸਬੰਧੀ ਸਮੱਸਿਆਵਾਂ ਦਾ ਨਿਪਟਾਰਾ ਕੀਤਾ। ਉਨ੍ਹਾਂ ਕਿਹਾ ਕਿ ਲਿਵਰ ਦੀਆਂ ਸਮੱਸਿਆਵਾਂ ਦੀ ਸਮੇਂ ਸਿਰ ਜਾਂਚ ਤੇ ਠੀਕ ਇਲਾਜ ਬਹੁਤ ਜ਼ਰੂਰੀ ਹੁੰਦਾ ਹੈ। ਹਸਪਤਾਲ ਪ੍ਰਬੰਧਨ ਵੱਲੋਂ ਇਸ ਕੈਂਪ ਨੂੰ ਕਾਮਯਾਬ ਬਣਾਉਣ ਲਈ ਸਾਰੀਆਂ ਸਹਿਯੋਗੀ ਸੰਸਥਾਵਾਂ ਤੇ ਡਾਕਟਰਾਂ ਦਾ ਧੰਨਵਾਦ ਕੀਤਾ ਗਿਆ ਤੇ ਭਵਿੱਖ 'ਚ ਵੀ ਐਸੇ ਲੋਕ ਭਲਾਈ ਵਾਲੇ ਕੈਂਪ ਲਗਾਉਣ ਦਾ ਸੰਕਲਪ ਦੁਹਰਾਇਆ ਗਿਆ।

## ਥਾਣੇ ਦੀ ਚਾਰਦੀਵਾਰੀ ਅੰਦਰ ਲਾਏ ਪੌਦੇ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਰੁੱਖਾਂ ਦੇ ਰਾਖੇ ਸੰਸਥਾ ਵੱਲੋਂ ਮੰਡੀ ਅੰਦਰ ਰੁੱਖ ਲਾਉਣ ਦੀ ਚਲਾਈ ਮੁਹਿੰਮ ਤਹਿਤ ਪੁਲਸ ਥਾਣਾ ਮੁਖੀ ਮੌੜ ਤਰਨਦੀਪ ਸਿੰਘ ਦੀ ਅਗਵਾਈ ਹੇਠ ਪੁਲਿਸ ਥਾਣਾ ਮੌੜ ਅੰਦਰ ਪੌਦੇ ਲਾਏ ਗਏ। ਥਾਣਾ ਮੁਖੀ ਤਰਨਦੀਪ ਸਿੰਘ ਵੱਲੋਂ ਪੌਦੇ ਲਾਏ ਜਾਣ ਉਪਰੰਤ ਉਨ੍ਹਾਂ ਕਿਹਾ ਕਿ ਰੁੱਖ ਸਾਡੇ ਜੀਵਨ ਵਿੱਚ ਬਹੁਤ ਮਹੱਤਵਪੂਰਨ ਹਨ, ਕਿਉਂਕਿ ਰੁੱਖ ਸਾਡੀ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਹੈ। ਉਨ੍ਹਾਂ ਕਿਹਾ ਕਿ ਜੇ ਅਸੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਰੋਗ ਰਹਿਤ ਰੱਖਣਾ ਹੈ ਤਾਂ ਸਾਨੂੰ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਵੱਡੇ ਪੱਧਰ ਉਪਰਾਲੇ ਕਰਨੇ ਪੈਣਗੇ ਤੇ ਇਹ ਉਪਰਾਲੇ ਤਦ ਹੀ ਕਾਰਗਰ ਸਾਬਤ ਹੋਣਗੇ, ਜਦ ਅਸੀਂ ਆਪਣੇ ਆਲੇ ਦੁਆਲੇ ਰੁੱਖ ਲਾ ਕੇ ਉਨ੍ਹਾਂ ਦੀ ਉਦੋਂ ਤੱਕ ਦੇਖਭਾਲ ਕਰਦੇ ਰਹੀਏ, ਜਦ ਤੱਕ ਇਹ ਪੌਦੇ ਰੁੱਖ ਨਾ ਬਣ ਜਾਣ।ਇਸ ਮੌਕੇ ਰੁੱਖਾਂ ਦੇ ਰਾਖੇ ਸੰਸਥਾ ਦੇ ਸੰਚਾਲਕ ਡਾਕਟਰ ਬਿਪਨ ਗੋਇਲ, ਸਮਾਜ ਸੇਵੀ ਪ੍ਰਗਟ ਸਿੰਗਲਾ, ਏ ਐਸ ਆਈ ਜਗਤਾਰ ਸਿੰਘ, ਸੰਦੀਪ ਸਿੰਘ, ਹਰਪ੍ਰੀਤ ਸਿੰਘ, ਨੀਰਜ ਗੋਇਲ, ਪ੍ਰਦੀਪ ਕੁਮਾਰ ਆਦਿ ਮੌਜੂਦ ਸਨ।

## ਗੁਰਧੀਰ ਸਿੰਘ ਰੁਪਾਣਾ ਸਬ-ਡਵੀਜ਼ਨ ਦੇ ਪ੍ਰਧਾਨ ਬਣੇ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਰੁਪਾਣਾ ਸਬ ਡਵੀਜ਼ਨ ਤੇ ਫੱਤਣਵਾਲਾ ਸਬ ਡਵੀਜ਼ਨ ਦੀ ਚੋਣ ਕਰਾਈ ਗਈ, ਜਿਸ ਵਿੱਚ ਰੁਪਾਣਾ ਸਬ ਡਵੀਜ਼ਨ ਦੇ ਪ੍ਰਧਾਨ ਸਾਥੀ ਗੁਰਧੀਰ ਸਿੰਘ, ਮੀਤ ਪ੍ਰਧਾਨ ਕਿਸ਼ਨ ਸਿੰਘ, ਸਕੱਤਰ ਕਰਮਜੀਤ ਸਿੰਘ, ਸਹਾਇਕ ਸਕੱਤਰ ਸੁਖਪਾਲ ਸਿੰਘ ਤੇ ਕੈਸ਼ੀਅਰ ਸਾਥੀ ਜਗਦੀਪ ਸਿੰਘ ਚੁਣਿਆ ਗਿਆ ਹੈ।ਇਸ ਤਰ੍ਹਾਂ ਫੱਤਣਵਾਲਾ ਸਬ ਡਵੀਜ਼ਨ ਦੇ ਪ੍ਰਧਾਨ ਸਾਥੀ ਦਵਿੰਦਰ ਸਿੰਘ, ਮੀਤ ਪ੍ਰਧਾਨ ਪ੍ਰੇਮ ਕੁਮਾਰ ਸ਼ਰਮਾ, ਸਕੱਤਰ ਗੁਰਸੇਵਕ ਸਿੰਘ, ਸਹਾਇਕ ਸਕੱਤਰ ਹਰਚੰਦ ਸਿੰਘ ਤੇ ਕੈਸ਼ੀਅਰ ਸਾਥੀ ਗੁਰਸੇਵਕ ਸਿੰਘ ਜੇਈ ਨੂੰ ਚੁਣਿਆ ਗਿਆ ਹੈ।ਦੋਵੇਂ ਸਬ ਡਵੀਜ਼ਨਾ ਦੀ ਚੋਣ ਸਰਬਸੰਮਤੀ ਨਾਲ ਹੋਈ ਹੈ।ਚੁਣੇ ਗਏ ਸਾਥੀਆਂ ਨੇ ਸਾਰੇ ਸਾਥੀਆਂ ਦਾ ਧੰਨਵਾਦ ਕੀਤਾ ਤੇ ਵਿਸ਼ਵਾਸ ਦਿਵਾਇਆ ਕਿ ਉਨ੍ਹਾਂ ਵੱਲੋਂ ਜੋ ਵੀ ਜੁਆਇੰਟ ਫੋਰਮ ਏਕਤਾ, ਮੰਚ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ ਵੱਲੋ ਪ੍ਰੋਗਰਾਮ ਆਉਣਗੇ, ਤਨਦੇਹੀ ਨਾਲ ਲਾਗੂ ਕੀਤੇ ਜਾਣਗੇ ਤੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਤੇ ਪਾਵਰ ਕਾਰਪੋਰੇਸ਼ਨ ਦੀਆਂ ਮੁਲਾਜ਼ਮ ਮਾਰੂ ਅਤੇ ਲੋਕ ਵਿਰੋਧੀ ਨੀਤੀਆਂ ਦਾ ਸਾਰੇ ਸਾਥੀਆਂ ਨੂੰ ਨਾਲ ਲੈ ਕੇ ਵਿਰੋਧ ਕੀਤਾ ਜਾਵੇਗਾ ਜੀ।ਇਸ ਚੋਣ ਨੂੰ ਸੰਪੂਰਨ ਕਰਨ ਲਈ ਡਵੀਜ਼ਨ ਦੇ ਸਕੱਤਰ ਸਾਥੀ ਗੁਰਸੇਵਕ ਸਿੰਘ, ਕੈਸ਼ੀਅਰ ਅਮਰਜੀਤ ਸਿੰਘ ਅਤੇ ਪੰਜਾਬ ਦੇ ਮੀਤ ਪ੍ਰਧਾਨ ਸਾਥੀ ਬਰਜਿੰਦਰ ਕੁਮਾਰ ਸ਼ਰਮਾ ਨੇ ਦੋਵੇਂ ਸਬ ਡਵੀਜ਼ਨ ਦੇ ਸਾਥੀਆਂ ਦਾ ਧੰਨਵਾਦ ਕੀਤਾ।

## ਭਾਸ਼ਣ ਸੁਣਨ ਲਈ ਛੇ ਜ਼ਿਲ੍ਹਿਆਂ ਦੇ ਹਜ਼ਾਰਾਂ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਚਾੜ੍ਹਿਆ ਨਾਦਰਸ਼ਾਹੀ ਫਰਮਾਨ

**ਜਲਾਲਾਬਾਦ (ਪਰਮਜੀਤ ਢਾਬਾਂ)**

ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਕੂਲੀ ਵਿਦਿਆਰਥੀਆਂ ਦੀ ਪੜ੍ਹਾਈ ਤੇ ਅਧਿਆਪਕਾਂ ਦਾ ਕੀਮਤੀ ਸਮੇਂ ਦਾ ਸੱਤਿਆਨਾਸ ਕੀਤਾ ਜਾ ਰਿਹਾ ਹੈ।ਫ਼ਾਜ਼ਿਲਕਾ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਸਕੂਲ ਆਫ ਐਮੀਨੈਂਸ) ਅਰਨੀਵਾਲਾ ਸ਼ੇਖ ਸੁਭਾਨ ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਨੂੰ ਰਾਜ ਦੇ ਸਕੂਲਾਂ ਵਿੱਚ ਨਸ਼ਾ ਰੋਕਥਾਮ ਪਾਠਕ੍ਰਮ ਦੀ ਸ਼ੁਰੂਆਤ 1 ਅਗਸਤ ਤੋਂ ਕੀਤੀ ਜਾ ਰਹੀ ਹੈ।ਇਸ ਪ੍ਰੋਗਰਾਮ ਵਿੱਚ ਸੂਬੇ ਦੇ ਛੇ ਜ਼ਿਲ੍ਹਿਆਂ ਫ਼ਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਫ਼ਿਰੋਜ਼ਪੁਰ, ਫ਼ਰੀਦਕੋਟ, ਮੋਗਾ ਤੇ ਬਠਿੰਡਾ ਦੇ ਬਹੁਤ ਸਾਰੇ ਸਕੂਲ ਮੁਖੀਆਂ ਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਨੇਤਾਵਾਂ ਦਾ ਭਾਸ਼ਣ ਸੁਣਨ ਲਈ ਜ਼ਬਰਦਸਤੀ ਹੁਕਮ ਚਾੜ੍ਹ ਕੇ ਬੁਲਾਇਆ ਜਾ ਰਿਹਾ ਹੈ।

ਸਿੱਖਿਆ ਵਿਭਾਗ ਪੰਜਾਬ ਵੱਲੋਂ ਜਾਰੀ ਕੀਤੇ ਗਏ ਅਜਿਹੇ ਨਾਦਰਸ਼ਾਹੀ ਹੁਕਮਾਂ ਦੀ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਕਰੜੇ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ ਹੈ।ਜਥੇਬੰਦੀ ਦੇ ਸੂਬਾ ਸਲਾਹਕਾਰ ਬਲਕਾਰ ਵਲਟੋਹਾ, ਪ੍ਰੇਮ ਚਾਵਲਾ, ਕਾਰਜ ਸਿੰਘ ਕੈਰੋਂ, ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਕਾਰਜਕਾਰੀ ਜਨਰਲ ਸਕੱਤਰ ਪ੍ਰਵੀਨ ਕੁਮਾਰ



ਲੁਧਿਆਣਾ, ਜ਼ਿਲਾ ਪਾਇਲਟ, ਸੀਨੀਅਰ ਮੀਤ ਪ੍ਰਧਾਨ ਸੁਖਜਿੰਦਰ ਸਿੰਘ ਖਾਨਪੁਰ, ਅਡੀਸ਼ਨਲ ਜਨਰਲ ਸਕੱਤਰ ਬਾਜ ਸਿੰਘ ਭੁੱਲਰ, ਵਿੱਤ ਸਕੱਤਰ ਨਵੀਨ ਸਚਦੇਵਾ, ਮੀਡੀਆ ਸਕੱਤਰ ਗੁਰਪ੍ਰੀਤ ਮਾੜੀ ਮੇਘਾ, ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ ਨੇ ਕਿਹਾ ਹੈ ਕਿ 6 ਜ਼ਿਲ੍ਹਿਆਂ ਦੇ ਜ਼ਿਲ੍ਹਾ ਸਿੱਖਿਆ ਅਫਸਰਾਂ ਵੱਲੋਂ ਜ਼ੁਬਾਨੀ ਤੇ ਲਿਖਤੀ ਹੁਕਮਾਂ ਰਾਹੀਂ ਅਧਿਆਪਕਾਂ ਨੂੰ ਦਰਜਨਾਂ ਤਰ੍ਹਾਂ ਦੀਆਂ ਸਕੂਲ ਵਿਖੇ ਸਮਾਗਮ ਵਿੱਚ ਸ਼ਾਮਲ ਹੋਣ ਦੇ ਜ਼ਬਰਦਸਤੀ ਹੁਕਮ ਚਾੜ੍ਹੇ ਗਏ ਹਨ, ਜਿਸ ਵਿੱਚ ਬਲਾਕ ਅਬੋਹਰ-1, ਅਬੋਹਰ-2, ਫ਼ਾਜ਼ਿਲਕਾ-1, ਫ਼ਾਜ਼ਿਲਕਾ -2, ਜਲਾਲਾਬਾਦ -1, ਜਲਾਲਾਬਾਦ -2, ਗੁਰੂਹਰਸਹਾਏ-3, ਸਰਵਰ ਖੂਹੀਆਂ ਆਦਿ 8 ਬਲਾਕਾਂ ਦੇ 145 ਸਕੂਲਾਂ ਵਿਚੋਂ ਲਗਭਗ 1251 ਅਧਿਆਪਕ ਅਤੇ 290 ਐਸ.ਐਮ.ਸੀ.ਮੈਂਬਰ ਤੇ 18 ਤਰ੍ਹਾਂ ਦੀਆਂ ਵੱਖ-ਵੱਖ ਜ਼ਿੰਮੇਵਾਰੀਆਂ ਡਿਊਟੀਆਂ ਨੂੰ ਨਿਭਾਉਣ ਲਈ ਜਿਵੇਂ ਕਿ ਰੀਫਰੈਸ਼ਮੈਂਟ ਲਈ 21 ਅਧਿਆਪਕ, ਪਾਰਕਿੰਗ ਲਈ 16 ਅਧਿਆਪਕ, ਐਂਟਰੀ ਪਾਸ ਲਈ 12 ਅਧਿਆਪਕ, ਸਟੇਜ ਕਾਰਵਾਈ ਲਈ 4, ਸਵਾਗਤ ਕਰਨ ਲਈ 7 ਅਧਿਆਪਕ, ਬੈਠਣ ਦੇ ਪ੍ਰਬੰਧ ਕਰਨ ਲਈ 18 ਅਧਿਆਪਕ, ਅਨੁਸ਼ਾਸਨ ਲਈ 14 ਅਧਿਆਪਕ, ਟਰਾਂਸਪੋਰਟ ਲਈ, 6 ਅਧਿਆਪਕ, ਮਾਨ-ਸਨਮਾਨ ਲਈ 2 ਅਧਿਆਪਕ, ਆਈ.ਟੀ./ਮੀਡੀਆ ਲਈ 7 ਅਧਿਆਪਕ, ਸੱਭਿਆਚਾਰਕ ਗਤੀਵਿਧੀਆਂ ਲਈ 7 ਅਧਿਆਪਕ, ਬਾਂ ਦੀ ਵਿਵਸਥਾ ਲਈ 10 ਅਧਿਆਪਕ, ਰਜਿਸਟਰੇਸ਼ਨ/ਹੈਲਪ ਡੈਸਕ ਲਈ 18 ਅਧਿਆਪਕ, ਮੁੱਢਲੀ ਸਹਾਇਤਾ ਲਈ 8 ਅਧਿਆਪਕ, ਸੰਪੂਰਨ ਵਿਵਸਥਾ ਲਈ ਤਿੰਨ ਅਧਿਆਪਕ ਤੇ 18 ਸਕੂਲਾਂ ਦੇ ਪ੍ਰਿੰਸੀਪਲ ਨੋਡਲ ਇੰਚਾਰਜ ਲਾਏ ਗਏ ਹਨ।

ਸਮਾਗਮ ਕਰਕੇ ਸਕੂਲ ਸਿੱਖਿਆ ਵਿਭਾਗ ਵੱਲੋਂ ਬਣਾਏ ਗਏ ਖੇਡ ਕੈਲੰਡਰ ਅਨੁਸਾਰ ਜ਼ਿਲ੍ਹਾ ਫ਼ਾਜ਼ਿਲਕਾ ਦੇ ਜ਼ੋਨ ਪੱਧਰੀ ਖੇਡ ਮੁਕਾਬਲੇ ਸੰਪੂਰਨ ਰੂਪ ਵਿੱਚ ਅਸਤ-ਵਿਅਸਤ ਹੋ ਗਏ ਹਨ।

## ਗੋਲਕ 'ਚੋਂ ਗੁਰਦੁਆਰਾ ਪ੍ਰਧਾਨ 'ਤੇ ਪਿੰਡ ਦੇ ਨਾਲੇ ਸਾਫ ਕਰਾਉਣ ਦਾ ਦੋਸ਼

**ਬਠਿੰਡਾ (ਰਾਜੀਵ ਗੋਇਲ)**

ਕੋਠੇਗੁਰੂਆਣਾ ਦੇ ਸਾਬਕਾ ਸਰਪੰਚ ਰਾਜਿੰਦਰ ਸਿੰਘ ਵੱਲੋਂ ਗੁਰਦੁਆਰਾ ਭਾਈਆਣਾ ਸਾਹਿਬ ਦੇ ਪ੍ਰਧਾਨ 'ਤੇ ਗੁਰੂ ਦੀ ਗੋਲਕ ਦੀ ਦੁਰਵਰਤੋਂ ਕੀਤੇ ਜਾਣ ਵਰਗੇ ਗੰਭੀਰ ਦੋਸ਼ ਲਾਏ ਗਏ ਹਨ। ਉਨ੍ਹਾਂ ਕਿਹਾ ਕਿ ਗੁਰਦੁਆਰਾ ਦੇ ਪ੍ਰਧਾਨ ਵੱਲੋਂ ਪਿੰਡ ਦੇ ਨਾਲੇ ਸਾਫ ਕਰਾਉਣ ਲਈ ਨਾਲੇ ਤਾਂ ਲੋਕਾਂ ਪਾਸੋਂ 300/- ਰੁਪਏ ਪ੍ਰਤੀ ਘਰ ਇਕੱਠੇ ਕਰ ਲਏ ਅਤੇ ਨਾਲੇ ਗੁਰੂ ਦੀ ਗੋਲਕ ਵਿੱਚੋਂ ਪੈਸੇ ਵਰਤ ਲਏ ਗਏ।



ਉਨ੍ਹਾਂ ਕਿਹਾ ਕਿ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਚਾਇਤੀ ਚੋਣਾਂ ਮੌਕੇ ਕਿਹਾ ਗਿਆ ਸੀ ਕਿ ਜਿਹੜੀਆਂ ਪੰਚਾਇਤਾਂ ਸਰਬਸੰਮਤੀ ਕਰਨਗੀਆਂ, ਉਨ੍ਹਾਂ ਨੂੰ ਪੰਜ-ਪੰਜ ਲੱਖ ਰੁਪਏ ਦਿੱਤੇ ਜਾਣਗੇ, ਜਿਸ ਕਾਰਨ ਹੀ ਉਹਨਾਂ ਵੱਲੋਂ ਆਪਣੇ ਕਾਗਜ਼ ਵਾਪਸ ਚੁੱਕੇ ਗਏ ਸਨ ਅਤੇ ਸਰਬਸੰਮਤੀ ਲਈ ਸਹਿਮਤੀ ਦਿੱਤੀ ਗਈ ਸੀ, ਪਰ ਸ਼ਾਇਦ ਮੁੱਖ ਮੰਤਰੀ ਕੀਤਾ ਵਾਅਦਾ ਭੁੱਲ ਚੁੱਕੇ ਹਨ। ਦੂਜੇ ਪਾਸੇ ਜਦੋਂ ਗੁਰਦੁਆਰਾ ਭਾਈਆਣਾ ਸਾਹਿਬ ਦੇ ਪ੍ਰਧਾਨ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਘਰਾਂ ਪਾਸੋਂ ਸਿਰਫ 16500/- ਰੁਪਏ ਇਕੱਠੇ ਹੋਏ ਸਨ, ਬਾਕੀ ਕੁਝ ਕੁ ਘਰਾਂ ਨੇ ਤਾਂ ਪੈਸੇ ਦਿੱਤੇ ਹੀ ਨਹੀਂ ਸਨ ਤੇ ਬਾਕੀ ਖਰਚਾ ਗੁਰਦੁਆਰਾ ਸਾਹਿਬ ਦੀ ਤਰਫੋਂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਗੁਰੂਘਰ ਪਾਸੋਂ ਪੈਸੇ ਨਾ ਦਿੱਤੇ ਜਾਂਦੇ ਤਾਂ ਫਿਰ ਕੀ ਇਹ ਭੁਗਤਾਨ ਮੈਂ ਆਪਣੇ ਘਰੋਂ ਕਰਦਾ? ਉਹਨਾਂ ਕਿਹਾ ਕਿ ਕੁਝ ਵਿਰੋਧੀ ਪਾਰਟੀ ਦੇ ਆਗੂ ਸਾਡੇ ਕੰਮਾਂ ਵਿੱਚ ਅੜਿੱਕਾ ਪਾਉਂਦੇ ਹਨ।

ਭਾਵੇਂ ਕੁੱਝ ਵੀ ਹੋਵੇ, ਪਰ ਜੇ ਇਸ ਤਰ੍ਹਾਂ ਪਿੰਡਾਂ ਅੰਦਰ ਨਾਲਿਆਂ ਦੀਆਂ ਸਫਾਈਆਂ ਗੁਰੂ ਘਰਾਂ ਦੀਆਂ ਗੋਲਕਾਂ ਵਿੱਚੋਂ ਕਰਾਈਆਂ ਜਾਣਗੀਆਂ ਤਾਂ ਫਿਰ ਇਹ ਸਰਕਾਰਾਂ ਪਿੰਡਾਂ ਅੰਦਰ ਕਿਹੜੇ ਵਿਕਾਸ ਦੀਆਂ ਦੁਹਾਈਆਂ ਦੇ ਰਹੀਆਂ ਹਨ। ਕੁੱਝ ਦਿਨ ਪਹਿਲਾਂ ਅਜਿਹਾ ਮਾਮਲਾ ਸੁਰਜੀਤ ਨਗਰ ਵਿਖੇ ਵੀ ਸਾਹਮਣੇ ਆਇਆ ਸੀ, ਜਿੱਥੇ ਸਰਪੰਚ ਵੱਲੋਂ ਕਿਹਾ ਗਿਆ ਸੀ ਕਿ ਸਰਕਾਰ ਵੱਲੋਂ ਉਨ੍ਹਾਂ ਨੂੰ ਕਿਸੇ ਕਿਸਮ ਦੀ ਗ੍ਰਾਂਟ ਨਹੀਂ ਦਿੱਤੀ ਗਈ, ਜਿਸ ਕਾਰਨ ਘਰਾਂ ਪਾਸੋਂ 100-100 ਰੁਪਏ ਇਕੱਠੇ ਕਰਕੇ ਨਾਲਿਆਂ ਦੀ ਸਫਾਈ ਕਰਾਈ ਗਈ ਹੈ।

## ਪੰਥ ਤੇ ਪਾਰਟੀ ਦੀ ਮਜ਼ਬੂਤੀ ਲਈ ਡੈਲੀਗੇਟ ਕਰਨਗੇ ਪ੍ਰਧਾਨ ਦੀ ਚੋਣ : ਝੂੰਦਾ

**ਸਮਾਣਾ (ਇਕਬਾਲ ਸਿੰਘ ਬੱਲ)**-ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 2 ਦਸੰਬਰ 2024 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਹੋਏ ਹੁਕਮਨਾਮੇ ਤਹਿਤ ਹਲਕਾ ਸਮਾਣਾ ਦੇ ਡੈਲੀਗੇਟ ਬਣਾਉਣ ਲਈ ਇੱਕ ਮੀਟਿੰਗ ਗੁਰਦੁਆਰਾ ਸਾਹਿਬ ਟਰੱਕ ਯੂਨੀਅਨ ਵਿਖੇ ਰੱਖੀ ਗਈ, ਜਿਸ ਵਿੱਚ ਸੁਰਜੀਤ ਸਿੰਘ ਰੱਖੜਾ ਤੇ ਪੰਜ ਮੈਂਬਰ ਪੰਜ ਮੈਂਬਰੀ ਭਰਤੀ ਕਮੇਟੀ ਜਥੇਦਾਰ ਇਕਬਾਲ ਸਿੰਘ ਝੂੰਦਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।



ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਦਾਰ ਝੂੰਦਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਹੋਏ ਹੁਕਮਨਾਮੇ ਤਹਿਤ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤ ਲਈ ਗੁਰੂ ਮਰਿਆਦਾ ਅਨੁਸਾਰ ਪੰਜਾਬ 'ਚੋਂ ਪੂਰੀ ਇਮਾਨਦਾਰੀ ਨਾਲ 14 ਲੱਖ ਮੈਂਬਰਾਂ ਦੀ ਭਰਤੀ ਕੀਤੀ ਗਈ ਹੈ। ਹਰੇਕ ਹਲਕੇ 'ਚੋਂ ਵੀ ਕਾਪੀਆਂ ਪਿੱਛੇ ਇੱਕ ਡੈਲੀਗੇਟ ਚੁਣਿਆ ਜਾਣਾ ਹੈ, ਚੁਣੇ ਗਏ ਡੈਲੀਗੇਟ ਹੀ ਆਪਣਾ ਪ੍ਰਧਾਨ ਚੁਣਨਗੇ। ਉਨ੍ਹਾਂ ਦੱਸਿਆ ਕਿ ਪਟਿਆਲਾ ਜ਼ਿਲ੍ਹੇ 'ਚੋਂ 513 ਕਾਪੀਆਂ ਦੀ ਮੈਂਬਰਸ਼ਿਪ ਭਰਤੀ ਹੋਈ ਹੈ, ਇਸ ਮੈਂਬਰਸ਼ਿਪ ਨਾਲ ਪੂਰੇ ਜ਼ਿਲ੍ਹਾ 'ਚੋਂ 22 ਡੈਲੀਗੇਟ ਚੁਣੇ ਜਾਣਗੇ, ਜਿਸ ਵਿੱਚੋਂ ਪੰਜ ਡੈਲੀਗੇਟ ਸੁਰਜੀਤ ਸਿੰਘ ਰੱਖੜਾ, ਸਾਬਕਾ ਚੇਅਰਮੈਨ ਹਰਿੰਦਰ ਸਿੰਘ ਕੱਲਬੁਰਛਾਂ, ਕਪੂਰ ਚੰਦ ਬਾਂਸਲ, ਮਨਜਿੰਦਰ ਸਿੰਘ ਰਾਣਾ ਸੇਖੋਂ ਸਮਾਣਾ ਹਲਕੇ ਦੇ ਸਟੇਟ ਡੈਲੀਗੇਟ ਹੋਣਗੇ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰ. ਝੂੰਦਾ ਨੇ ਦੱਸਿਆ ਕਿ ਪਾਰਟੀ ਤੇ ਪੰਥ ਦੀ ਮਜ਼ਬੂਤੀ ਲਈ ਸ਼੍ਰੋਮਣੀ ਅਕਾਲੀ ਦਲ ਦਾ ਮੈਂਬਰਾਂ ਦੁਆਰਾ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਤਹਿਤ ਗਠਨ ਕੀਤਾ ਜਾਵੇਗਾ, ਜਿਸ ਨਾਲ ਕਿਸੇ ਇੱਕ ਪਰਵਾਰ ਦਾ ਹੱਕ ਨਾ ਹੋ ਕੇ ਸਮੁੱਚੀ ਲੁਕਾਈ ਬਰਾਬਰ ਦਾ ਹੱਕਦਾਰ ਹੋਵੇਗੀ।ਉਨ੍ਹਾਂ ਦੱਸਿਆ ਕਿ ਪਾਰਟੀ ਦਾ ਗਠਨ ਕਰਕੇ ਆਗਾਮੀ ਵਿਧਾਨ ਸਭਾ ਚੋਣਾਂ 'ਚ ਹਿੱਸਾ ਲੈਣ ਬਾਰੇ ਵਿਚਾਰ ਕੀਤਾ ਜਾਵੇਗਾ। ਇਸ ਮੌਕੇ ਰਣਧੀਰ ਸਿੰਘ ਰੱਖੜਾ, ਸੁਖਵਿੰਦਰ ਸਿੰਘ ਰਾਜਲਾ ਜ਼ਿਲ੍ਹਾ ਪ੍ਰਧਾਨ, ਅਸ਼ੋਕ ਮੋਦਗਿਲ, ਕਪੂਰ ਚੰਦ ਬਾਂਸਲ, ਰਾਣਾ ਮਨਜਿੰਦਰ ਸਿੰਘ ਸੇਖੋਂ, ਕਸ਼ਮੀਰ ਸਿੰਘ ਮਵੀ, ਸੁਰਜੀਤ ਰਾਮ ਪੱਪੀ, ਹਰਵਿੰਦਰ ਸਿੰਘ ਸਪਰਹੇੜੀ, ਰਣਧੀਰ ਸਿੰਘ ਜੌੜਾਮਾਜਰਾ, ਬਲਦੇਵ ਸਿੰਘ ਰਾਜਲਾ, ਗੁਰਦੀਪ ਸਿੰਘ ਬੰਮਣਾ, ਨਾਜ਼ਮ ਸਿੰਘ ਚੁੱਕੀ, ਕਸ਼ਮੀਰ ਸਿੰਘ ਅਸਰਪੁਰ ਆਦਿ ਤੋਂ ਇਲਾਵਾ ਭਾਰੀ ਗਿਣਤੀ 'ਚ ਲੋਕ ਹਾਜ਼ਰ ਸਨ।

## ਵਣਾਂ ਹੇਠਲੇ ਰਕਬੇ ਨੂੰ ਵਧਾਉਣ ਲਈ ਸਾਂਝੇ ਉਪਰਾਲਿਆਂ ਦੀ ਲੋੜ : ਅਰੁਣ ਗੁਪਤਾ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲੋਕ ਪੱਖੀ ਉਪਰਾਲਾ ਕਰਦੇ ਹੋਏ ਵਾਤਾਵਰਣ ਨੂੰ ਸੰਭਾਲਣ ਦੀ ਦਿਸ਼ਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਜਾ ਰਿਹਾ ਹੈ।ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਚੇਅਰਮੈਨ-ਕਮ-ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀ ਅਰੁਣ ਕੁਮਾਰ ਗੁਪਤਾ ਦੀ ਅਗਵਾਈ ਹੇਠ ਜੁਡੀਸ਼ੀਅਲ ਅਧਿਕਾਰੀ ਤੇ ਵਕੀਲ ਭਾਈਚਾਰਾ ਨਿਰੰਤਰ ਵਾਤਾਵਰਣ ਨੂੰ ਹਰਾ ਭਰਾ ਬਣਾਉਣ ਲਈ ਸਰਗਰਮ ਹੈ ਤੇ ਇਸੇ ਲੜੀ ਤਹਿਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜ਼ਿਲ੍ਹਾ ਪੁਲਸ ਤੇ ਮਾਤਾ ਗੁਜਰੀ ਕਾਲਜ ਦੇ ਐੱਨ.ਐੱਸ.ਐੱਸ. ਵਿੰਗ ਦੇ ਸਹਿਯੋਗ ਨਾਲ ਸਿੱਖ ਮਿਊਜ਼ੀਅਮ ਦੀ ਚਾਰਦੀਵਾਰੀ ਦੇ ਬਾਹਰ ਵੱਖ-ਵੱਖ ਕਿਸਮਾਂ ਦੇ ਬੂਟੇ ਲਗਾਏ ਗਏ।ਇਸ ਮੁਹਿੰਮ ਦੀ ਅਗਵਾਈ ਕਰਦਿਆਂ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਚੇਅਰਮੈਨ-ਕਮ-ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀ ਅਰੁਣ ਕੁਮਾਰ ਗੁਪਤਾ ਨੇ ਕਿਹਾ ਕਿ ਅੱਜ ਵਣਾਂ ਹੇਠਲੇ ਰਕਬੇ ਨੂੰ ਵਧਾਉਣ ਲਈ ਸਾਂਝੇ ਉਪਰਾਲਿਆਂ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਬੂਟੇ ਲਗਾ ਕੇ ਇਨ੍ਹਾਂ ਬੂਟਿਆਂ ਦੀ ਨਿਰੰਤਰ ਦੇਖਭਾਲ ਕੀਤੀ ਜਾਵੇ ਤੇ ਹਰੇਕ ਨਾਗਰਿਕ ਨੂੰ

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਪੁਲਸ ਦੇ ਸਹਿਯੋਗ ਨਾਲ ਪੌਦੇ ਲਗਾਏ



ਚਾਹੀਦਾ ਹੈ ਕਿ ਉਹ ਹਰ ਸਾਲ ਘੱਟੋ ਘੱਟ ਦੋ ਬੂਟੇ ਜ਼ਰੂਰ ਲਗਾਏ ਤੇ ਬੱਚਿਆਂ ਵਾਂਗ ਪਰਵਰਿਸ਼ ਕਰੇ।ਇਸ ਮੌਕੇ ਐੱਸ.ਐੱਸ.ਪੀ. ਸ੍ਰੀ ਸ਼ੁਭਮ ਅਗਰਵਾਲ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਪੁਲਸ ਅਧਿਕਾਰੀ ਤੇ ਕਰਮਚਾਰੀ ਪੂਰੀ ਸ਼ਿੱਦਤ ਨਾਲ ਬੂਟੇ ਲਗਾਉਣ ਦੀ ਮੁਹਿੰਮ ਵਿੱਚ ਯੋਗਦਾਨ ਪਾ ਰਹੇ ਹਨ ਤੇ ਆਉਣ ਵਾਲੇ ਦਿਨਾਂ ਵਿੱਚ ਵੀ ਅਜਿਹੇ ਉਪਰਾਲੇ ਜਾਰੀ ਰੱਖੇ ਜਾਣਗੇ।ਇਸ ਮੌਕੇ ਜੱਜ ਸਾਹਿਬਾਨਾਂ, ਵਕੀਲਾਂ ਤੇ ਵਿਦਿਆਰਥੀਆਂ ਨੇ ਵੀ ਬੂਟੇ ਲਗਾਏ ਤੇ ਵਾਤਾਵਰਣ ਸੰਭਾਲ ਦੀ ਮੁਹਿੰਮ ਵਿੱਚ ਹਿੱਸਾ ਪਾਇਆ।ਇਸ ਦੌਰਾਨ ਹਾਜ਼ਰੀਨ ਨੂੰ ਮੁਫ਼ਤ ਬੂਟਿਆਂ ਦੀ ਵੰਡ ਵੀ ਕੀਤੀ ਗਈ।ਇਸ ਮੌਕੇ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਅਸ਼ੋਕ ਕੁਮਾਰ ਚੌਹਾਨ, ਐਡਵੋਕੇਟ ਸਰਤਾਜ ਸਿੰਘ ਤੇ ਮਾਤਾ ਗੁਜਰੀ ਕਾਲਜ ਦੇ ਪ੍ਰੋਫੈਸਰ ਬੀਰ ਇੰਦਰ ਸਿੰਘ ਸਰਾਓ ਮੌਜੂਦ ਸਨ।

# ...ਸ.ਫਾ 1 ਦੇ ਬਾਕੀ

### ਸ਼ਹੀਦਾਂ ਦੀ ਬਦੌਲਤ...

ਪ੍ਰਧਾਨ ਜਰਨੈਲ ਸਿੰਘ ਸੰਧਾ, ਜਸਪਾਲ ਸਿੰਘ ਧੰਜੂ, ਕੁਲਬੀਰ ਸਿੰਘ, ਗੁਰਮੇਲ ਸਿੰਘ, ਸਤਨਾਮ ਸਿੰਘ ਮੋਮੀ, ਪਰਮਿੰਦਰ ਸਿੰਘ, ਬਿਕਰਮਜੀਤ ਸਿੰਘ ਚੰਦੀ, ਜਗਦੀਸ਼ ਸਿੰਘ ਸੋਢੀ, ਸਤਵੀਰ ਮਹੀਪਾਲ, ਅਮਰਜੀਤ ਸਿੰਘ ਸ਼ਾਲਾਪੁਰ ਬੇਟ, ਡਾਕਟਰ ਸਵਰਨ ਸਿੰਘ ਪ੍ਰਧਾਨ ਸਾਹਿਤ ਸਭਾ, ਮੁਖਤਾਰ ਸਿੰਘ ਚੰਦੀ, ਤੇਜਿੰਦਰ ਸਿੰਘ ਧੰਜੂ, ਮਾਸਟਰ ਚਰਨ ਸਿੰਘ ਹੈਬਤਪੁਰ, ਮਾਸਟਰ ਸੁੱਚਾ ਸਿੰਘ ਮਿਰਜ਼ਾਪੁਰ, ਕਾਮਰੇਡ ਰਛਪਾਲ ਸਿੰਘ, ਮੁਕੰਦ ਸਿੰਘ, ਅਜੀਤ ਸਿੰਘ ਅੱਜਲਾ, ਕਾਮਰੇਡ ਬਲਦੇਵ ਸਿੰਘ, ਸਾਬਕਾ ਚੇਅਰਮੈਨ ਗੁਰਜੰਟ ਸਿੰਘ ਸੰਧੂ, ਤਾਰਾ ਸਿੰਘ ਮੋਖਾ, ਗੁਰਚਰਨ ਸਿੰਘ ਟਿੱਬੀ, ਨਿਰਮਲ ਸਿੰਘ ਮਨਿਆਲਾ, ਸਰਪੰਚ ਪ੍ਰੋ. ਬਲਜੀਤ ਸਿੰਘ ਟਿੱਬਾ, ਬਲਾਕ ਸੰਮਤੀ ਮੈਂਬਰ ਇੰਦਰਜੀਤ ਸਿੰਘ ਲਿਫਟਰ, ਪ੍ਰਤਾਪ ਸਿੰਘ ਮੋਮੀ, ਜੱਗਾ ਸਿੰਘ ਫੌਜੀ ਕਲੋਨੀ, ਸਰਵਣ ਸਿੰਘ ਕਰਮਜੀਤਪੁਰ, ਨਿਰਮਲ ਸਿੰਘ ਸ਼ੇਰਪੁਰ ਸੱਧਾ, ਫ਼ਕੀਰ ਮੁਹੰਮਦ, ਪ੍ਰਿੰਸੀਪਲ ਮੋਹਨ ਸਿੰਘ ਖਿੰਡਾ, ਮੁਖਤਿਆਰ ਸਿੰਘ ਖਿੰਡਾ, ਸਰਵਣ ਸਿੰਘ ਚੰਦੀ, ਅਮਰਜੀਤ ਸਿੰਘ ਟਿੱਬਾ, ਸੁਖਦੇਵ ਸਿੰਘ ਟਿੱਬਾ ਆਦਿ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ।ਆਮ ਆਦਮੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਵੱਲੋਂ ਆਪ ਦੇ ਹਲਕਾ ਇੰਚਾਰਜ ਸੱਜਣ ਸਿੰਘ ਚੀਮਾ ਦੀ ਅਗਵਾਈ ਹੇਠ ਸ਼ਹੀਦ ਊਧਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਉਹਨਾ ਨਾਲ ਸੀਨੀਅਰ ਆਗੂ ਨਰਿੰਦਰ ਸਿੰਘ ਖਿੰਡਾ, ਗੁਰਚਰਨ ਸਿੰਘ ਬਿੱਟੂ ਪ੍ਰਧਾਨ, ਪੀ ਏ ਲਵਪ੍ਰੀਤ ਸਿੰਘ ਡਡਵਿੰਡੀ, ਨੰਬਰਦਾਰ ਜੋਗਿੰਦਰ ਸਿੰਘ, ਜਸਕਮਲ ਤਲਵੰਡੀ ਚੌਧਰੀਆਂ, ਕੁਲਵਿੰਦਰ ਸਿੰਘ ਸਾਧੂਵਾਲ, ਜਤਿੰਦਰਜੀਤ ਸਿੰਘ ਫੱਤੋਵਾਲ, ਸਰਪੰਚ ਜਸਪਾਲ ਸਿੰਘ, ਸਰਪੰਚ ਗੁਰਦੇਵ ਸਿੰਘ ਪੱਪਾ, ਸਰਪੰਚ ਲਾਭ ਸਿੰਘ ਧੰਜੂ, ਸੁਖਦੇਵ ਸਿੰਘ ਟਿੱਬਾ, ਬਲਵੀਰ ਸਿੰਘ ਲਾਟੀਆਂਵਾਲ, ਚੰਚਲ ਸਿੰਘ ਸਾਬਕਾ ਸੰਮਤੀ ਮੈਂਬਰ, ਸਰਪੰਚ ਮੇਜਰ ਸਿੰਘ ਜੈਨਪੁਰ, ਵਿਕਰਮਜੀਤ ਸਿੰਘ ਬੂਸੋਵਾਲ, ਹਰਜਿੰਦਰ ਸਿੰਘ ਮਨਿਆਲਾ, ਕਰਮਜੀਤ ਸਿੰਘ ਲਾਡੀ ਮੁੱਲਾਂ ਕਾਲਾ, ਗੁਰਵਿੰਦਰ ਕੌਰ ਮੁਕਟ ਰਾਮ ਵਾਲਾ, ਡਾਕਟਰ ਮਨੋਹਰ ਲਾਲ ਤੇ ਸੁਖਜਿੰਦਰ ਸਿੰਘ ਗੋਲਡੀ ਆਦਿ ਸ਼ਾਮਿਲ ਸਨ। ਨਗਰ ਕੌਂਸਲ ਦੇ ਪ੍ਰਧਾਨ ਦੀਪਕ ਧੀਰ ਰਾਜੂ ਧੀਰ ਨੇ ਸਾਥੀ ਕੌਂਸਲਰਾਂ ਸਮੇਤ ਸ਼ਹੀਦ ਊਧਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਹਨਾ ਕਿਹਾ ਕਿ ਸ਼ਹੀਦ ਊਧਮ ਸਿੰਘ ਸਾਡੇ ਪ੍ਰੇਰਨਾਸਰੋਤ ਹਨ ਅਤੇ ਸਾਨੂੰ ਉਹਨਾ ਦੇ ਪਾਏ ਪੂਰਨਿਆਂ 'ਤੇ ਚਲਦੇ ਹੋਏ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਇਸ ਮੌਕੇ ਉਹਨਾ ਨਾਲ ਸਾਬਕਾ ਚੇਅਰਮੈਨ ਤੇਜਵੰਤ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਦੀਪਕ ਧੀਰ ਰਾਜੂ, ਮੀਤ ਪ੍ਰਧਾਨ ਨਵਨੀਤ ਸਿੰਘ ਚੀਮਾ, ਸਾਬਕਾ ਪ੍ਰਧਾਨ ਅਸ਼ੋਕ ਕੁਮਾਰ ਮੋਗਲਾ, ਕਾਂਗਰਸ ਦੇ ਸਾਬਕਾ ਪ੍ਰਧਾਨ ਸੰਜੀਵ ਮਰਵਾਹਾ, ਕੌਂਸਲਰ ਸੰਤਪ੍ਰੀਤ ਸਿੰਘ, ਕੌਂਸਲਰ ਪਵਨ ਕਨੌਂਜੀਆ, ਕੌਂਸਲਰ



ਰਜਿੰਦਰ ਸਿੰਘ, ਸਾਬਕਾ ਕੌਂਸਲਰ ਜੁਗਲ ਕਿਸ਼ੋਰ ਕੋਹਲੀ ਤੇ ਸੋਨੂ ਕਨੌਂਜੀਆ ਵੀ ਮੌਜੂਦ ਸਨ।

ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲਾ, ਅਕਾਲੀ ਦਲ ਦੇ ਪੀ ਏ ਸੀ ਮੈਂਬਰ ਇੰਜੀਨੀਅਰ ਸਵਰਨ ਸਿੰਘ, ਕੌਮੀ ਯੂਥ ਅਕਾਲੀ ਆਗੂ ਸੁਖਦੇਵ ਸਿੰਘ ਨਾਨਕਪੁਰ ਨੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਕਰਵਾਏ ਸਮਾਗਮ ਦੌਰਾਨ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਲਾਸਾਨੀ ਹਨ ਅਤੇ ਇਨ੍ਹਾਂ ਕੁਰਬਾਨੀਆਂ ਸਦਕਾ ਹੀ ਅੱਜ ਅਸੀਂ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਇਸ ਮੌਕੇ ਜਥੇਦਾਰ ਗੁਰਦਿਆਲ ਸਿੰਘ ਖਾਲਸਾ, ਗੁਰਦੁਆਰਾ ਬੇਰ ਸਾਹਿਬ ਦੇ ਮੈਨੇਜਰ ਅਵਤਾਰ ਸਿੰਘ, ਹੈੱਡ ਗ੍ਰੰਥੀ ਗਿਆਨੀ ਸਤਨਾਮ ਸਿੰਘ, ਯੂਥ ਅਕਾਲੀ ਆਗੂ ਦਰਬਾਰਾ ਸਿੰਘ ਵਿਰਦੀ, ਸਤਨਾਮ ਸਿੰਘ ਰਾਮੇ, ਪਰਮਜੀਤ ਸਿੰਘ ਖਾਲਸਾ, ਇੰਜੀਨੀਅਰ ਹਰਨਿਆਮਤ ਕੌਰ, ਅਰੁਣਦੀਪ ਸਿੰਘ ਸੈਦਪੁਰ, ਕਰਨਵੀਰ ਸਿੰਘ ਸੈਦਪੁਰ, ਸੁਖਜੀਤ ਸਿੰਘ ਨੀਲੂ, ਸੁਮਿਤ ਭੱਲਾ, ਚਾਚਾ ਸੁਰਜੀਤ ਸਿੰਘ, ਇੰਦਰ ਸਿੰਘ ਲਾਟੀਆਂਵਾਲ, ਬਲਜੀਤ ਕੌਰ ਕਮਾਲਪੁਰ, ਬਲਕਾਰ ਸਿੰਘ ਕੌੜਾ, ਜੋਗਿੰਦਰ ਸਿੰਘ ਭੁੱਟੋ, ਸਰਵਨ ਸਿੰਘ ਚੱਕਾ, ਸੁਖਜਿੰਦਰ ਸਿੰਘ ਭਗਤਪੁਰ, ਜਸਵਿੰਦਰ ਸਿੰਘ, ਸੁਖਵਿੰਦਰ ਸਿੰਘ, ਭਾਈ ਦਿਆਲ ਸਿੰਘ, ਸਲਵੰਤ ਸਿੰਘ, ਦਿਲਬਾਗ ਸਿੰਘ, ਭਾਈ ਸਰਬਜੀਤ ਸਿੰਘ, ਹਰਦੀਪ ਸਿੰਘ ਤੇ ਬਲਜੀਤ ਸਿੰਘ ਆਦਿ ਹਾਜ਼ਰ ਸਨ। ਰੋਟਰੀ ਕਲੱਬ ਸੁਲਤਾਨਪੁਰ ਲੋਧੀ ਵੱਲੋਂ ਪ੍ਰਧਾਨ ਕੁਲਵੰਤ ਸਿੰਘ ਨੂਰੋਵਾਲ ਦੀ ਅਗਵਾਈ ਹੇਠ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਉਹਨਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਪ੍ਰਧਾਨ ਕੁਲਵੰਤ ਸਿੰਘ ਨੂਰੋਵਾਲ ਤੋਂ ਇਲਾਵਾ ਡਾਕਟਰ ਹਰਜੀਤ ਸਿੰਘ ਸਾਬਕਾ ਪ੍ਰਧਾਨ, ਅਜੇ ਧੀਰ ਸਾਬਕਾ ਪ੍ਰਧਾਨ, ਨਵਪ੍ਰੀਤ ਪ੍ਰਿੰਸ, ਗੁਰਪਿੰਦਰ ਸਿੰਘ ਕੰਡਾ, ਡਾਕਟਰ ਸਵਰਨ ਸਿੰਘ ਸਾਬਕਾ ਪ੍ਰਧਾਨ ਤੇ ਜਗਮੋਹਨ ਸਿੰਘ ਥਿੰਦ ਆਦਿ ਹਾਜ਼ਰ ਸਨ।

ਬਸਪਾ ਦੇ ਜ਼ਿਲ੍ਹਾ ਪ੍ਰਧਾਨ ਡਾਕਟਰ ਜਸਵੰਤ ਸਿੰਘ ਹਰਨਾਮਪੁਰ ਤੇ ਸਾਥੀਆਂ ਨੇ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਇਹਨਾਂ ਸ਼ਹੀਦਾਂ ਦੀ ਬਦੌਲਤ ਹੀ ਸਾਡਾ ਦੇਸ਼ ਅਜ਼ਾਦ ਹੋਇਆ ਤੇ ਅਸੀਂ ਅੱਜ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਜਸਵੰਤ ਸਿੰਘ ਹਰਨਾਮਪੁਰ ਤੋਂ ਇਲਾਵਾ ਬਾਸਸੇਫ ਦੇ ਵਿਜੇ ਕੁਮਾਰ, ਸੈਕਟਰੀ ਰਾਮ ਲਾਲ ਮਹੇ, ਸੁਖਦੇਵ ਸਿੰਘ ਯੂਨਿਟ ਪ੍ਰਧਾਨ ਤਲਵੰਡੀ ਚੌਧਰੀਆਂ, ਸਰਪੰਚ ਗੁਰਦਿਆਲ ਸਿੰਘ ਦੋਦਾ ਵਜ਼ੀਰ, ਸੂਬੇਦਾਰ ਜਗੀਰ ਸਿੰਘ ਸਰਾਏ ਜੱਟਾਂ, ਅਵਤਾਰ ਸਿੰਘ ਮੇਵਾ ਸਿੰਘ ਵਾਲਾ, ਭਜਨ ਸਿੰਘ, ਜੁਗਰਾਜਵੀਰ ਸਿੰਘ, ਵਿਨੋਦ ਕੁਮਾਰ, ਜਥੇਦਾਰ ਅਮਰਜੀਤ ਸਿੰਘ ਆਲੂਪੁਰ ਤੇ ਗੁਰਦੇਵ ਸਿੰਘ ਸਰਾਏ ਜੱਟਾਂ ਆਦਿ ਹਾਜ਼ਰ ਸਨ।ਭਾਰਤੀ ਜਨਤਾ ਪਾਰਟੀ ਦੇ ਹਲਕਾ ਇੰਚਾਰਜ ਰਕੇਸ਼ ਕੁਮਾਰ ਨੀਟੂ ਦੀ ਅਗਵਾਈ ਹੇਠ ਭਾਜਪਾ ਆਗੂਆਂ ਨੇ ਸ਼ਹੀਦ ਊਧਮ ਸਿੰਘ ਨੂੰ 86ਵੇਂ ਜਨਮ ਦਿਹਾੜੇ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਉਹਨਾ ਕਿਹਾ ਕਿ ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਅੱਜ ਆਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਸ਼ਹੀਦ ਸਭ ਦੇ ਸਾਂਝੇ ਹੁੰਦੇ ਹਨ ਅਤੇ ਸਾਨੂੰ ਸਭ ਨੂੰ ਉਹਨਾਂ ਦੇ ਦਿਹਾੜੇ ਮਿਲ-ਜੁਲ ਕੇ ਮਨਾਉਣੇ ਚਾਹੀਦੇ ਹਨ। ਇਸ ਮੌਕੇ ਰਕੇਸ਼ ਨੀਟੂ ਦੇ ਨਾਲ ਪ੍ਰਧਾਨ ਅਸ਼ੋਕ ਕਨੌਂਜੀਆ, ਆਸ਼ੀਸ਼ ਅਰੋੜਾ, ਰਵਿੰਦਰ ਜੈਨ, ਚਤਰ ਸਿੰਘ ਜੋਸਨ, ਰਕੇਸ਼ ਪੁਰੀ, ਬਲਵਿੰਦਰ ਕੁਮਾਰ ਤੇ ਵਿਜੇ ਕੁਮਾਰ ਆਦਿ ਵੀ ਹਾਜ਼ਰ ਸਨ। ਯੂਥ ਆਗੂ ਸੋਸ਼ਲ ਮੀਡੀਆ ਇੰਚਾਰਜ ਗੋਲਡੀ ਧੰਜੂ ਦੀ ਅਗਵਾਈ ਹੇਠ ਯੂਥ ਆਗੂਆਂ ਨੇ ਸ਼ਹੀਦ ਊਧਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਉਹਨਾ ਨਾਲ ਜਗਜੀਤ ਸਿੰਘ ਸੋਨੂ, ਕੁਲਦੀਪ ਸਿੰਘ, ਤਰਲੋਚਨ ਦੋਦਾ ਵਜ਼ੀਰ, ਪਵਨ ਮਹੀਜੀਤਪੁਰ, ਅਭੈ ਸ਼ਾਲਾਪੁਰ, ਰਾਜਾ ਰਾਮੇ, ਹਰਮਨ ਰਾਮੇ, ਹਰਮਨ ਠੱਟਾ, ਸੁਖਪ੍ਰੀਤ ਸਿੰਘ ਦੰਦੂਪੁਰ, ਸੋਨੂ ਅਟਵਾਲ, ਹਰਮਨ ਕਾਹਨਾ, ਹਰਮਨ ਸਿੰਘ ਟਿੱਬਾ, ਚਰਨਜੀਤ ਮਸੀਹ ਤੇ ਇੰਦਰਜੀਤ ਸਿੰਘ ਆਦਿ ਹਾਜ਼ਰ ਸਨ।

### ਭਾਰਤ ਤੇ ਰੂਸ ...

ਰਹੇ ਹਨ। ਇਹ ਅਮਰੀਕਾ ਦੇ ਵਪਾਰ ਘਾਟੇ ਨੂੰ ਵੱਡੇ ਪੱਧਰ 'ਤੇ ਘੱਟ ਕਰਨ ਵਿੱਚ ਮਦਦਗਾਰ ਹੋਵੇਗਾ। ਵਾਜਬ ਸਮੇਂ 'ਤੇ ਪੂਰੀ ਰਿਪੋਰਟ ਜਾਰੀ ਕੀਤੀ ਜਾਵੇਗੀ।ਇਸ ਮਾਮਲੇ 'ਤੇ ਧਿਆਨ ਦੇਣ ਲਈ ਧੰਨਵਾਦ। ਅਮਰੀਕਾ ਨੂੰ ਮੁੜ ਤੋਂ ਮਹਾਨ ਬਣਾਵਾਂਗੇ!" ਉਧਰ, ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਇਤਿਹਾਸਕ ਵਪਾਰਕ ਸਮਝੌਤੇ ਲਈ ਟਰੰਪ ਦਾ ਧੰਨਵਾਦ ਕੀਤਾ ਹੈ ਅਤੇ ਉਮੀਦ ਜਤਾਈ ਹੈ ਕਿ ਇਸ ਨਾਲ ਦੋਵਾਂ ਦੇਸ਼ਾਂ ਵਿਚਾਲੇ ਸਹਿਯੋਗ ਵਧੇਗਾ। ਪਾਕਿਸਤਾਨ ਲੰਬੇ ਸਮੇਂ ਤੋਂ ਆਪਣੇ ਤੱਟ 'ਤੇ ਵੱਡੇ ਤੇਲ ਭੰਡਾਰ ਹੋਣ ਦਾ ਦਾਅਵਾ ਕਰਦਾ ਰਿਹਾ ਹੈ, ਪਰ ਉਨ੍ਹਾਂ ਭੰਡਾਰਾਂ ਦਾ ਲਾਭ ਉਠਾਉਣ ਲਈ ਕੋਈ ਤਰੱਕੀ ਨਹੀਂ ਹੋਈ ਹੈ।ਉਹ ਆਪਣੀਆਂ ਊਰਜਾ ਲੋੜਾਂ ਪੂਰੀਆਂ ਕਰਨ ਲਈ ਮੱਧ ਪੂਰਬ ਤੋਂ ਤੇਲ ਦਰਾਮਦ ਕਰਦਾ ਹੈ।

## ਆਰਕੀਟੈਕਟ ਐਂਡ ਇੰਜੀਨੀਅਰਜ਼ ਐਸੋਸੀਏਸ਼ਨ ਦਾ ਗਠਨ, ਮਨੋਜ ਕੁਮਾਰ ਸਰਬਸੰਮਤੀ ਨਾਲ ਬਣੇ ਪ੍ਰਧਾਨ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਸਬ ਡਵੀਜ਼ਨ ਵਿੱਚ ਪ੍ਰੈਕਟਿਸ ਕਰ ਰਹੇ ਆਰਕੀਟੈਕਟਾਂ, ਇੰਜੀਨੀਅਰਾਂ ਤੇ ਵੈਲਯੂਅਰਾਂ ਦੀਆਂ ਪੇਸ਼ੇਵਰ ਸਮੱਸਿਆਵਾਂ, ਹੱਕਾਂ ਅਤੇ ਭਲਾਈ ਦੀ ਰਾਖੀ ਲਈ ਆਰਕੀਟੈਕਟ ਐਂਡ ਇੰਜੀਨੀਅਰਜ਼ ਐਸੋਸੀਏਸ਼ਨ ਧੂਰੀ ਦਾ ਗਠਨ ਕੀਤਾ ਗਿਆ।ਨਵੀਂ ਬਣੀ ਇਸ ਜਥੇਬੰਦੀ ਵਿੱਚ ਮਨੋਜ ਕੁਮਾਰ ਨੂੰ ਸਰਬਸੰਮਤੀ ਨਾਲ ਐਸੋਸੀਏਸ਼ਨ ਦਾ ਪ੍ਰਧਾਨ ਚੁਣਿਆ ਗਿਆ।ਇਸ ਮੌਕੇ ਨਗਰ ਕੌਂਸਲ ਪਾਰਕ ਵਿਖੇ ਸ਼ਹੀਦ ਊਧਮ ਸਿੰਘ ਜੀ ਦੀ ਯਾਦ ਵਿੱਚ ਪੌਦੇ ਲਾ ਕੇ ਐਸੋਸੀਏਸ਼ਨ ਨੇ ਸੇਵਾ ਦੀ ਸ਼ੁਰੂਆਤ ਕੀਤੀ।ਬੂਟੇ ਲਾਉਣ ਦੀ ਇਹ ਰਸਮ ਨਾ ਸਿਰਫ਼ ਇੱਕ ਹਰੇ-ਭਰੇ ਵਾਤਾਵਰਣ ਵੱਲ ਕਦਮ ਸੀ, ਸਗੋਂ ਇਹ ਵੀ ਦਰਸਾਉਂਦੀ ਹੈ ਕਿ ਨਵੀਂ ਜਥੇਬੰਦੀ ਸਮਾਜਕ ਸੇਵਾਵਾਂ ਨੂੰ ਵੀ ਆਪਣਾ ਮੁੱਖ ਮਕਸਦ ਬਣਾਵੇਗੀ।ਐਸੋਸੀਏਸ਼ਨ ਦੇ ਮੀਡੀਆ ਸਕੱਤਰ ਮੋਹਿਤ ਗਰਗ ਨੇ ਦੱਸਿਆ ਕਿ ਰਾਕੇਸ਼ ਜਿੰਦਲ ਅਤੇ ਗੁਰਤੇਜ ਸਿੰਘ ਨੂੰ ਮੀਤ ਪ੍ਰਧਾਨ, ਸ਼ਰਨਦੀਪ ਸਿੰਘ ਨੂੰ ਸੈਕਟਰੀ ਅਤੇ ਦੀਪਕ ਕੁਮਾਰ ਨੂੰ ਖ਼ਜ਼ਾਨਚੀ ਚੁਣਿਆ ਗਿਆ। ਇਨ੍ਹਾਂ ਤੋਂ ਇਲਾਵਾ ਗੁਰਦੀਪ ਸਿੰਘ, ਜਸਵਿੰਦਰ ਸਿੰਘ ਖੁਰਮੀ, ਰਾਜਿੰਦਰ ਸਿੰਘ, ਸੰਜੀਵ ਗੋਇਲ, ਗੁਰਪ੍ਰੀਤ ਸਿੰਘ, ਸੁਖਪਾਲ ਸਿੰਘ, ਗੁਰਦੀਪ ਸਿੰਘ ਬਮਾਲ, ਬਲਦੀਪ ਸ਼ਰਮਾ ਅਤੇ ਵੀ.ਕੇ. ਟਿਵਾਣਾ ਨੂੰ ਕਾਰਜਕਾਰਨੀ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ।ਮਨੋਜ ਕੁਮਾਰ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਐਸੋਸੀਏਸ਼ਨ ਦਾ ਮੁੱਖ ਉਦੇਸ਼ ਆਪਣੇ ਪੇਸ਼ੇਵਰ ਭਾਈਚਾਰੇ ਨੂੰ ਇਕਜੁਟ ਕਰਨਾ, ਨਿਰਮਾਣ ਕਾਰਜਾਂ ਵਿੱਚ ਪਾਰਦਰਸ਼ਤਾ ਲਿਆਉਣਾ ਤੇ ਲੋਕ ਭਲਾਈ ਵਾਲੀਆਂ ਗਤਿਵਿਧੀਆਂ ਵਿੱਚ ਯੋਗਦਾਨ ਪਾਉਣਾ ਰਹੇਗਾ।

## ਅਧਿਆਪਕ ਮੰਗਾਂ ਬਾਰੇ 5 ਨੂੰ ਸਰਕਾਰ ਵਿਰੁੱਧ ਵੱਜੇਗਾ ਸੰਘਰਸ਼ੀ ਬਿਗਲ : ਡੀ ਟੀ ਐੱਫ



**ਸਮਰਾਲਾ (ਸੁਰਜੀਤ ਸਿੰਘ)**-ਅਧਿਆਪਕਾਂ ਦੀਆਂ ਚੋਣਵੀਆਂ ਵਿਭਾਗੀ ਮੰਗਾਂ 'ਤੇ ਵਿੱਤ ਮੰਤਰੀ ਹਰਪਾਲ ਚੀਮਾ ਦੀ ਅਗਵਾਈ ਹੇਠਲੀ ਕੈਬਨਿਟ ਸਬ-ਕਮੇਟੀ ਤੇ ਸਿੱਖਿਆ ਸਕੱਤਰ ਅਨੰਦਿਤਾ ਮਿੱਤਰਾ ਦੇ ਭਰੋਸੇ ਪੂਰੇ ਨਾ ਹੋਣ ਕਰਕੇ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਨੇ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਹੈ, ਜਿਸ ਤਹਿਤ 5 ਅਗਸਤ ਨੂੰ ਸੂਬਾ ਕਮੇਟੀ ਵੱਲੋਂ ਪੀੜਤ ਅਧਿਆਪਕਾਂ ਨੂੰ ਨਾਲ ਲੈ ਕੇ ਸਮੂਹਕ ਰੂਪ ਵਿੱਚ ਸਵੇਰੇ 10 ਵਜੇ ਗੁਰਦੁਆਰਾ ਸ੍ਰੀ ਅੰਬ ਸਾਹਿਬ ਤੋਂ ਸਿੱਖਿਆ ਡਾਇਰੈਕਟੋਰੇਟ ਮੋਹਾਲੀ ਤੱਕ 'ਰੋਸ ਮਾਰਚ' ਕਰਕੇ ਸਿੱਖਿਆ ਮੰਤਰੀ ਤੇ ਸਕੱਤਰ ਦੇ ਨਾਂਅ 5 ਸਤੰਬਰ 'ਅਧਿਆਪਕ ਦਿਵਸ' ਲਈ ਫੈਸਲਾਕੁਨ ਸੰਘਰਸ਼ ਦਾ ਨੋਟਿਸ-ਕਮ-ਮੰਗ ਪੱਤਰ ਸੌਂਪਿਆ ਜਾਵੇਗਾ।ਉਦੋਂ ਤੱਕ ਬਦਲੀਆਂ ਦੇ ਸਟੇਸ਼ਨ ਚੋਣ ਦਾ ਪੋਰਟਲ ਨਾ ਖੁੱਲ੍ਹਣ ਦੀ ਹਾਲਤ 'ਚ ਰੋਸ ਪ੍ਰਗਟਾਉਂਦੇ ਹੋਏ ਤੁਰੰਤ ਪੋਰਟਲ ਖੋਲ੍ਹਣ ਦੀ ਮੰਗ ਕੀਤੀ ਜਾਵੇਗੀ।ਡੀ ਟੀ ਐੱਫ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂ ਵਾਲੀ ਤੇ ਅਸ਼ਵਨੀ ਅਵਸਥੀ ਨੇ ਦੱਸਿਆ ਕਿ ਸਿੱਖਿਆ ਸਕੱਤਰ ਵੱਲੋਂ ਡਾ. ਰਵਿੰਦਰ ਕੰਬੋਜ ਤੇ ਸਾਥੀ ਨਰਿੰਦਰ ਭੰਡਾਰੀ ਦੀਆਂ ਟਰਮੀਨੇਸ਼ਨਾਂ ਰੱਦ ਕਰਕੇ ਸੇਵਾਵਾਂ ਰੈਗੂਲਰ ਕਰਨ ਤੇ ਓ ਡੀ ਐੱਲ ਅਧਿਆਪਕਾਂ ਦੇ ਪੈਂਡਿੰਗ ਰੱਖੇ ਰੈਗੂਲਰ ਆਰਡਰ ਇੱਕ ਹਫਤੇ ਵਿੱਚ ਜਾਰੀ ਕਰਨ ਦਾ ਭਰੋਸਾ ਮਹਿਜ਼ ਲਾਰਾ ਸਾਬਿਤ ਹੋਇਆ ਹੈ।ਆਗੂਆਂ ਨੇ ਕਿਹਾ ਕਿ ਸਿੱਖਿਆ ਸਕੱਤਰ ਵੱਲੋਂ ਈ ਟੀ ਟੀ, ਐੱਚ ਟੀ, ਸੀ ਐੱਚ ਟੀ ਤੇ ਬੀ ਪੀ ਈ ਓ ਕਾਡਰ ਤੇ ਪ੍ਰਾਇਮਰੀ, ਓ ਸੀ ਟੀ, ਸੀ ਐਂਡ ਵੀ, ਨਾਨ-ਟੀਚਿੰਗ ਤੋਂ ਮਾਸਟਰ ਕਾਡਰ, ਮਾਸਟਰ ਤੋਂ ਲੈਕਚਰਾਰ/ਹੈੱਡਮਾਸਟਰ ਤੇ ਅੱਗੇ ਪ੍ਰਿੰਸੀਪਲ ਤੱਕ ਦੀਆਂ ਸਾਰੀਆਂ ਪ੍ਰਮੋਸ਼ਨਾਂ 31 ਜੁਲਾਈ ਤੱਕ ਮੁਕੰਮਲ ਕਰਨ ਦਾ ਭਰੋਸਾ ਵੀ ਨਿਰਾ ਝੂਠ ਦਾ ਪੁਲੰਦਾ ਸਾਬਿਤ ਹੋਇਆ ਹੈ।

### ਸ਼ਹੀਦ ਊਧਮ ਸਿੰਘ ਯਾਦਗਾਰੀ...

ਗੈਰ-ਕਾਨੂੰਨੀ ਹਿਰਾਸਤ ਵਿੱਚ ਰੱਖ ਕੇ, ਅਸਹਿ ਤਸ਼ੱਦਦ ਢਾਹਿਆ ਜਾਣਾ ਇਹ ਦਰਸਾਉਂਦਾ ਹੈ ਕਿ ਊਧਮ ਸਿੰਘ ਨੂੰ ਅੱਜ ਵੀ ਕੋਹਿਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਕੁਲੈਹਣੀਆਂ ਹਨੇਰੀਆਂ 'ਚ ਆਮ ਲੋਕਾਂ ਦੇ ਘਰ ਸੁਰੱਖਿਅਤ ਨਹੀਂ ਰਿਹਾ ਕਰਦੇ, ਇਹ ਸੁਨੇਹਾ ਹੈ ਸਮਾਗਮ ਦਾ।

ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਨੇ ਊਧਮ ਸਿੰਘ ਦੇ ਜੀਵਨ ਝਰੋਖੇ ਨਾਲ ਮੇਲ਼ ਖਾਂਦੀਆਂ ਕਵਿਤਾਵਾਂ ਦਾ ਹਵਾਲਾ ਦਿੰਦੇ ਹੋਏ ਉਸ ਦੀ ਲਾਸਾਨੀ ਕੁਰਬਾਨੀ ਨੂੰ ਮਨ ਦੀ ਡਾਇਰੀ 'ਤੇ ਲਿਖ ਰੱਖਣ ਅਤੇ ਅਮਲ ਦੇ ਚਿਰਾਗ਼ ਬਣਨ ਦਾ ਸੱਦਾ ਦਿੱਤਾ। ਕਮੇਟੀ ਮੈਂਬਰ ਰਣਜੀਤ ਸਿੰਘ ਔਲਖ ਨੇ ਸਮਾਗਮ ਸੰਬੰਧੀ ਆਪਣੇ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਾਨੂੰ ਊਧਮ ਸਿੰਘ ਵਰਗਿਆਂ ਦੀ ਦੇਣ ਤੋਂ ਸਬਕ ਲੈਣ ਦੀ ਲੋੜ ਹੈ। ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਨੂੰ ਸਿਰਫ਼ ਬਦਲੇ ਤੱਕ ਸੀਮਤ ਕਰਨਾ ਉਸ ਦੀ ਅਮਿੱਟ ਦੇਣ ਨਾਲ ਇਨਸਾਫ਼ ਨਹੀਂ, ਕਿਉਂਕਿ ਅਸਲ 'ਚ ਊਧਮ ਸਿੰਘ ਬਦਲੇ ਦਾ ਨਹੀਂ, ਸਗੋਂ ਬਦਲਾਅ ਦਾ ਚਿੰਨ੍ਹ ਹੈ। ਉਹਨਾ ਕਿਹਾ ਕਿ ਇੰਗਲੈਂਡ, ਅਮਰੀਕਾ ਅਤੇ ਸਮੁੱਚੇ ਵਿਸ਼ਵ ਵਿਆਪੀ ਕਾਰਪੋਰੇਟ ਘਰਾਣਿਆਂ ਨਾਲ ਸੰਧੀਆਂ ਦੇ ਨਾਂਅ 'ਤੇ ਜਿਵੇਂ ਮੁਲਕ ਵੇਚੂ, ਲੋਕ-ਵੇਚੂ ਸੌਦੇ ਕੀਤੇ ਜਾ ਰਹੇ ਨੇ, ਇਹ ਭਵਿੱਖ ਵਿੱਚ ਮੁਲਕ ਦੇ ਲੋਕਾਂ ਦੇ ਸਭਨਾਂ ਸਾਧਨਾਂ ਅਤੇ ਜ਼ਿੰਦਗੀਆਂ ਨਾਲ ਖਿਲਵਾੜ ਕਰਨਾ ਹੈ, ਜਿਸ ਬਾਰੇ ਜਾਗਰੂਕ ਹੋਣਾ ਸਮੇਂ ਦੀ ਲੋੜ ਹੈ। ਵਿਚਾਰ-ਚਰਚਾ 'ਚ ਸੱਦਾ ਦਿੱਤਾ ਗਿਆ ਕਿ ਪਹਿਲੀ ਨਵੰਬਰ ਦਾ ਮੇਲਾ ਗ਼ਦਰੀ ਬਾਬਿਆਂ ਦਾ, ਜੋ ਕਿ ਬੀਬੀ ਗੁਲਾਬ ਕੌਰ ਸ਼ਤਾਬਦੀ ਨੂੰ ਸਮਰਪਤ ਹੈ, ਨੂੰ ਸਫ਼ਲ ਕਰਨ ਲਈ ਹੁਣ ਤੋਂ ਹੀ ਜ਼ੋਰਦਾਰ ਮੁਹਿੰਮ ਛੇੜਨ ਦੀ ਲੋੜ ਹੈ। ਸਮਾਗਮ ਨੇ ਲੈਂਡ ਪੂਲਿੰਗ ਵਰਗੀਆਂ ਨੀਤੀਆਂ ਮੜ੍ਹ ਕੇ ਜਬਰੀ ਜ਼ਮੀਨਾਂ ਹਥਿਆਉਣ ਵਰਗੀਆਂ ਨੀਤੀਆਂ ਵਾਪਸ ਲੈਣ ਦੀ ਭਾਵਨਾ ਦਾ ਵੀ ਪ੍ਰਗਟਾਵਾ ਕੀਤਾ। ਵਿਚਾਰ-ਚਰਚਾ 'ਚ ਵਿਦਿਆਰਥੀ, ਤਰਕਸ਼ੀਲ, ਬਿਜਲੀ ਕਾਮੇ, ਪੈਨਸ਼ਨਰਜ਼ ਅਤੇ ਔਰਤ ਕਾਮੇ ਉਚੇਚੇ ਤੌਰ 'ਤੇ ਸ਼ਾਮਲ ਹੋਏ।

### ਟਰੰਪ ਨੇ ਸਹੀ ...

ਹੋਈਆਂ ਅਰਥਵਿਵਸਥਾਵਾਂ ਕਹਿਣ ਤੋਂ ਬਾਅਦ ਆਈਆਂ ਹਨ।ਭਾਰਤੀ ਅਰਥਵਿਵਸਥਾ ਬਾਰੇ ਟਰੰਪ ਦੀ ਆਲੋਚਨਾ ਬਾਰੇ ਪੁੱਛੇ ਜਾਣ 'ਤੇ ਰਾਹੁਲ ਨੇ ਕਿਹਾ, "ਉਹ ਸਹੀ ਹਨ, ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਨੂੰ ਛੱਡ ਕੇ ਇਹ ਗੱਲ ਹਰ ਕੋਈ ਜਾਣਦਾ ਹੈ। ਹਰ ਕੋਈ ਜਾਣਦਾ ਹੈ ਕਿ ਭਾਰਤੀ ਅਰਥਵਿਵਸਥਾ ਇੱਕ ਮਰੀ ਹੋਈ ਆਰਥਕਤਾ ਹੈ। ਮੈਨੂੰ ਖੁਸ਼ੀ ਹੈ ਕਿ ਰਾਸ਼ਟਰਪਤੀ ਟਰੰਪ ਨੇ ਇੱਕ ਤੱਥ ਅਧਾਰਤ ਬਿਆਨ ਦਿੱਤਾ ਹੈ" ਉਨ੍ਹਾ ਦੋਸ਼ ਲਾਇਆ ਕਿ ਭਾਜਪਾ ਨੇ ਅਰਬਪਤੀ ਗੌਤਮ ਅਡਾਨੀ ਦੀ ਮਦਦ ਕਰਨ ਲਈ ਭਾਰਤੀ ਅਰਥਵਿਵਸਥਾ ਨੂੰ ਤਬਾਹ ਕਰ ਦਿੱਤਾ ਹੈ। ਉਨ੍ਹਾ ਕਿਹਾ, "ਵਿਦੇਸ਼ ਮੰਤਰੀ ਭਾਸ਼ਣ ਦਿੰਦੇ ਹਨ ਕਿ ਸਾਡੀ ਵਿਦੇਸ਼ ਨੀਤੀ ਬਹੁਤ ਸ਼ਾਨਦਾਰ ਹੈ। ਇੱਕ ਪਾਸੇ, ਅਮਰੀਕਾ ਤੁਹਾਡਾ ਅਪਮਾਨ ਕਰ ਰਿਹਾ ਹੈ ਅਤੇ ਦੂਜੇ ਪਾਸੇ ਚੀਨ ਪਿੱਛੇ ਪਿਆ ਹੈ ਅਤੇ ਤੀਜਾ, ਜਦੋਂ ਤੁਸੀਂ ਦੁਨੀਆ ਭਰ ਵਿੱਚ ਵਫਦ ਭੇਜਦੇ ਹੋ ਤਾਂ ਕੋਈ ਵੀ ਦੇਸ਼ ਪਾਕਿਸਤਾਨ ਦੀ ਨਿੰਦਾ ਨਹੀਂ ਕਰਦਾ। ਉਹ ਦੇਸ਼ ਕਿਵੇਂ ਚਲਾ ਰਹੇ ਹਨ ? ਉਨ੍ਹਾਂ ਨੂੰ ਦੇਸ਼ ਚਲਾਉਣਾ ਨਹੀਂ ਆਉਂਦਾ।"

### ਨਰੇਗਾ ਦੀ ਪਾਰਦਰਸ਼ਤਾ...

ਵਿਕਾਸ ਢਿੱਲੋਂ ਸਮੇਤ ਤਿੰਨ ਬੀ ਡੀ ਪੀ ਓ ਬਲਾਕ ਮਲੋਟ, ਬਲਾਕ ਗਿੱਦੜਬਾਹਾ, ਬਲਾਕ ਮੁਕਤਸਰ ਅਤੇ ਨਰੇਗਾ ਸਟਾਫ ਹਾਜ਼ਰ ਸੀ।ਡਿਪਟੀ ਕਮਿਸ਼ਨਰ ਸਾਹਿਬ ਨੂੰ ਜ਼ਰੂਰੀ ਕੰਮ ਲਈ ਜਾਣਾ ਪਿਆ, ਉਹਨਾ ਢਿੱਲੋਂ ਨੂੰ ਮੀਟਿੰਗ ਕਰਨ ਲਈ ਕਿਹਾ।ਕੁੱਲ 11 ਮੁੱਦਿਆਂ 'ਤੇ ਗੱਲਬਾਤ ਹੋਈ, ਜਿਸ ਵਿੱਚ ਉਜਰਤਾਂ ਦੇ ਬਕਾਏ ਸ਼ਾਮਲ ਸਨ, ਬਾਰੇ ਅਧਿਕਾਰੀਆਂ ਨੇ ਜਵਾਬ ਵਿੱਚ ਕਿਹਾ ਕਿ ਉਮੀਦ ਹੈ ਕਿ ਹਫਤੇ ਵਿੱਚ ਪੇਮੈਂਟ ਪੈਣੀ ਸ਼ੁਰੂ ਹੋ ਜਾਏਗੀ। ਸਾਨੂੰ ਏਨੇ ਕੁ ਦਿਨ ਦਿਓ। ਦੂਜਾ ਮੁੱਦਾ ਜਾਬ ਕਾਰਡ ਨਵੇਂ ਦੇਣਾ ਅਤੇ ਹਾਜ਼ਰੀ ਕਾਰਡਾਂ ਉਪਰ ਲਗਵਾਉਣਾ ਸ਼ੁਰੂ ਕਰਨ ਦਾ ਸੀ। ਏ ਡੀ ਸੀ ਨੇ ਦੱਸਿਆ ਕਾਰਡ ਲਗਭਗ ਛਪ ਗਏ ਹਨ, 15 ਦਿਨਾਂ ਵਿੱਚ ਵੰਡਣੇ ਸ਼ੁਰੂ ਕਰ ਦਿਆਂਗੇ, ਤਰੁੰਤ ਬਾਅਦ ਹਾਜ਼ਰੀ ਕਾਰਡਾਂ 'ਤੇ ਲੱਗਣ ਦੀ ਹਦਾਇਤ ਜਾਰੀ ਕਰ ਦਿੱਤੀ ਗਈ। ਕੰਮ ਅਰਜ਼ੀਆਂ ਦੀ ਰਸੀਦ ਮਿਲੇਗੀ, ਜਿਥੇ ਸ਼ਿਕਾਇਤ ਹੋਵੇ ਦੱਸੋ ਤਰੁੰਤ ਹੱਲ ਹੋਵੇਗਾ। ਕੰਮ ਵੀ ਦਿੱਤਾ ਜਾਵੇਗਾ, ਜਿੱਥੇ ਨਹੀਂ ਮਿਲੇਗਾ, ਉਥੇ ਬੇਰਜਗਾਰੀ ਭੱਤਾ ਦਿਤਾ ਜਾਵੇਗਾ। ਮੇਟ 15 ਦਿਨ ਵਿਚ ਸੈਮੀ ਸਕਿੱਲਡ ਖਾਤੇ 'ਚੋਂ ਉਜਰਤ 'ਤੇ ਕੀਤੇ ਜਾਣਗੇ। ਹਦਾਇਤ ਕੀਤੀ ਗਈ ਕਿ ਕੋਈ ਜੀ ਆਰ ਐੱਸ ਕਿਸੇ ਮੇਟ ਨੂੰ ਗਲਤ ਨਹੀ ਬੋਲੇਗਾ।ਫੈਸਲਾ ਹੋਇਆ ਜਿਥੇ ਮਸਟਰੋਲ ਜ਼ੀਰੋ ਕੀਤੇ ਹਨ, ਸ਼ਿਕਾਇਤਾਂ ਦਾ ਨਿਪਟਾਰ ਹੋਵੇਗਾ, ਉਜਰਤ ਮਿਲੇਗੀ, ਦੋਸ਼ੀਆਂ ਵਿਰੁੱਧ ਕਾਰਵਾਈ ਵੀ ਹੋਵੇਗੀ। ਜੀ ਆਰ ਐੱਸ ਦੇ ਕੰਮ ਦੀ ਕਾਣੀਵੰਡ ਦੂਰ ਕੀਤੀ ਜਾਵੇਗੀ, ਤਰਕਸੰਗਤ ਕੰਮ ਵੰਡ ਹੋਵੇਗੀ।

ਅਹੁਦੇ ਅਨੁਸਾਰ ਮੁਲਾਜ਼ਮਾਂ ਨੂੰ ਨਿਯੁਕਤ ਕਰਨ ਦੀ ਸੂਬਾਈ ਅਡਵਾਇਜ਼ਰੀ 'ਤੇ ਅਮਲ ਬਾਰੇ ਢਿੱਲੋਂ ਨੇ ਕਿਹਾ ਕਿ ਅਸੀਂ 15 ਦਿਨ ਵਿੱਚ ਨਵੀਆਂ ਭਰਤੀਆਂ ਕਰ ਰਹੇ ਹਾਂ। ਉਹਨਾ ਯਕੀਨ ਦਿਵਾਇਆ ਇਸ 'ਤੇ ਅਮਲ ਹੋਵੇਗਾ। ਬੇਰੁਜ਼ਗਾਰੀ ਭੱਤੇ ਦੇ ਸੰਬੰਧ ਵਿੱਚ ਬੀ ਡੀ ਪੀ ਓਜ਼ ਨੂੰ ਹਦਾਇਤ ਕੀਤੀ ਗਈ ਕਿ ਉਹ ਫੌਰੀ ਤੌਰ 'ਤੇ ਬੇਰੁਜ਼ਗਾਰੀ ਭੱਤੇ ਦੇ ਕੇਸ ਨਿਪਟਾਉਣ, ਬੇਰੁਜ਼ਗਾਰੀ ਭੱਤਾ ਹੱਕਦਾਰ ਨੂੰ ਮਿਲੇਗਾ।ਜਾਬ ਕਾਰਡਾਂ ਵਿੱਚ ਬਾਹਰੀ ਨਾਂਅ ਦਰਜ ਕਰਕੇ ਹੁੰਦੀ ਹੇਰਾਫੇਰੀ ਨੂੰ ਰੋਕਣ ਲਈ ਸਖਤ ਕਦਮ ਚੁੱਕੇ ਜਾਣ ਦਾ ਫੈਸਲਾ ਹੋਇਆ। ਜਿਹੜੇ ਕੇਸ ਦਾ ਹਵਾਲਾ ਦਿੱਤਾ ਸੀ, ਉਸ ਦੀ ਪੜਤਾਲ ਕੀਤੀ ਜਾਵੇਗੀ ਤੇ ਐਕਸ਼ਨ ਹੋਵੇਗਾ। ਐਡਵਾਇਜ਼ਰੀ ਦੇ ਵਾਈਸ ਮੈਸੇਜ ਦੇ ਗਲਤ ਪ੍ਰਭਾਵ ਨੂੰ ਠੀਕ ਕਰਨ ਲਈ ਅਮਲ ਵਿੱਚ ਸਾਬਤ ਕਰਨਾ ਹੋਏਗਾ। ਨਰੇਗਾ 2005 ਪੂਰੀ ਪਾਰਦਰਸ਼ਤਾ ਨਾਲ ਲਾਗੂ ਕੀਤਾ ਜਾਵੇਗਾ। ਮੀਟਿੰਗ ਸੁਖਾਵੇਂ ਮਾਹੌਲ ਵਿੱਚ ਹੋਈ ਤੇ ਮਸਲਿਆਂ ਦੇ ਹੱਲ ਵੱਲ ਵਧਿਆ ਗਿਆ। ਜਿਸ ਬਾਰੇ ਯੂਨੀਅਨ ਨੇ ਅਧਿਕਾਰੀਆਂ ਦੇ ਰਵੱਈਏ 'ਤੇ ਸੰਤੁਸ਼ਟੀ ਜ਼ਾਹਰ ਕੀਤੀ ਅਤੇ ਆਸ ਕੀਤੀ ਕਿ ਨਰੇਗਾ ਦੀ ਪਾਰਦਰਸ਼ਤਾ ਬਹਾਲ ਰਹੇਗੀ।

### ਮਾਨ ਤੇ ਕੇਜਰੀਵਾਲ...

ਮਾਨ ਨੇ ਕਿਹਾ ਕਿ ਇਨ੍ਹਾਂ ਮਹਾਨ ਸ਼ਹੀਦਾਂ ਦੇ ਨਾਂਅ 'ਤੇ ਹਵਾਈ ਅੱਡਿਆਂ, ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ ਦਾ ਨਾਂਅ ਰੱਖਣਾ ਇਨ੍ਹਾਂ ਨਾਇਕਾਂ ਦੀ ਸ਼ਾਨਾਮੱਤੀ ਵਿਰਾਸਤ ਨੂੰ ਕਾਇਮ ਰੱਖਣ ਲਈ ਮਹੱਤਵਪੂਰਨ ਕਦਮ ਹੈ। ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ, ਹਰਪਾਲ ਸਿੰਘ ਚੀਮਾ, ਲਾਲਜੀਤ ਸਿੰਘ ਭੁੱਲਰ, ਡਾ. ਰਵਜੋਤ, ਗੁਰਮੀਤ ਸਿੰਘ ਖੁੱਡੀਆਂ, ਹਰਭਜਨ ਸਿੰਘ ਈ ਟੀ ਓ, ਬਰਿੰਦਰ ਕੁਮਾਰ ਗੋਇਲ ਅਤੇ ਹਰਦੀਪ ਸਿੰਘ ਮੁੰਡੀਆਂ, ਸੀਨੀਅਰ 'ਆਪ' ਨੇਤਾ ਮਨੀਸ਼ ਸਿਸੋਦੀਆ, ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕਿਸ਼ਨ ਸਿੰਘ ਰੋੜੀ, ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਜਗਦੀਪ ਕੰਬੋਜ ਗੋਲਡੀ, ਪ੍ਰੋਫੈਸਰ ਬਲਜਿੰਦਰ ਕੌਰ ਤੇ ਹੋਰ ਸ਼ਖਸੀਅਤਾਂ ਵੀ ਹਾਜ਼ਰ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

CMYK

1 Aug Page 3.qxd 7/31/2025 10:26 PM Page 1



# ਸੀ ਕੇ ਡੀ ਪ੍ਰੀਖਿਆਵਾਂ ਵਿਦਿਆਰਥੀਆਂ ਨੂੰ ਛੋਟੀ ਉਮਰ ਤੋਂ ਹੀ ਦਸਵੀਂ/ਬਾਰ੍ਹਵੀਂ ਪ੍ਰੀਖਿਆਵਾਂ ਲਈ ਤਿਆਰ ਕਰਨ 'ਚ ਮਦਦਗਾਰ : ਡਾ. ਨਿੱਜਰ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਚੀਫ਼ ਖ਼ਾਲਸਾ ਦੀਵਾਨ ਅਧੀਨ ਸਕੂਲਾਂ ਦੇ ਵਿਦਿਆਰਥੀਆਂ ਨੂੰ ਛੋਟੀਆਂ ਜਮਾਤਾਂ ਵਿਚ ਹੀ ਬੋਰਡ ਇਮਤਿਹਾਨਾਂ ਦੀ ਤਿਆਰੀ, ਅਭਿਆਸ ਅਤੇ ਵਧੀਆ ਪ੍ਰਦਰਸ਼ਨ ਦੀ ਪ੍ਰੈਕਟਿਸ ਕਰਵਾਉਣ ਦੇ ਮਨੋਰਥ ਨਾਲ ਪਿਛਲੇ ਸਾਲ ਚੀਫ਼ ਖ਼ਾਲਸਾ ਦੀਵਾਨ ਪ੍ਰੀਖਿਆਵਾਂ ਅਠੱਵੀਂ ਜਮਾਤ ਸ਼ੁਰੂ ਕੀਤੀਆਂ ਗਈਆਂ ਸਨ ਜਿਸ ਤਹਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਬਸੰਤ ਐਵੀਨਿਊ ਵਿਖੇ ਆਈ.ਸੀ.ਐਸ.ਸੀ ਸਕੂਲਾਂ ਦੇ ਅਠੱਵੀਂ ਕਲਾਸ ਸੀ.ਕੇ.ਡੀ ਪ੍ਰੀਖਿਆਵਾਂ ਦੇ ਨਤੀਜਿਆਂ ਵਿਚ ਵਧੀਆ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਲਈ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦਾ ਅਗਾਜ਼ ਸਕੂਲ ਸ਼ਬਦ ਨਾਲ ਕਰਨ ਉਪਰੰਤ ਛੋਟੇ-ਛੋਟੇ ਬੱਚਿਆਂ ਵੱਲੋਂ ਮਨਮੋਹਕ ਸੁਆਗਤੀ ਨਾਚ ਪੇਸ਼ ਕੀਤਾ ਗਿਆ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਹੋਣਹਾਰ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਦੀਵਾਨ ਵੱਲੋਂ ਬੋਰਡ ਤਰੀਕੇ ਨਾਲ ਕਰਵਾਈਆਂ ਜਾ ਰਹੀਆਂ ਇਹ ਪ੍ਰੀਖਿਆਵਾਂ ਵਿਦਿਆਰਥੀਆਂ ਲਈ ਇਕ ਤਰ੍ਹਾਂ ਨਾਲ ਰਿਹਰਸਲ ਹਨ ਜੋ ਉਹਨਾਂ ਨੂੰ ਅੱਗੇ ਆਉਣ ਵਾਲੀਆਂ ਉਚ ਪੱਧਰੀ ਜਮਾਤਾਂ ਦਸਵੀਂ/ਬਾਰ੍ਹਵੀਂ ਦੇ ਬੋਰਡ ਇਮਤਿਹਾਨਾਂ ਵਿਚ ਵਧੀਆ ਕਾਰਗੁਜ਼ਾਰੀ ਲਈ ਤਿਆਰ ਕਰ ਰਹੀਆਂ ਹਨ। ਉਹਨਾਂ ਨੇ ਕਿਹਾ ਕਿ ਇਸੇ ਸਾਲ ਦੀਵਾਨ ਵੱਲੋਂ ਸੀ.ਕੇ.ਡੀ ਪ੍ਰੀਖਿਆਵਾਂ ਜਮਾਤ ਪੰਜਵੀਂ ਦੀ ਵੀ ਸ਼ੁਰੂਆਤ ਕੀਤੀ ਜਾ ਰਹੀ ਹੈ ਤਾ ਜੋ ਇਹ ਨਵਾਂ ਕਦਮ ਵਿਦਿਆਰਥੀਆਂ ਨੂੰ ਛੋਟੀ ਉਮਰ ਤੋਂ ਹੀ ਦਸਵੀਂ ਅਤੇ (ਆਈ.ਸੀ.ਐਸ.ਸੀ/ ਸੀ.ਬੀ.ਐਸ.ਈ/ ਸਟੇਟ ਬੋਰਡ) ਦੀਆਂ ਪ੍ਰੀਖਿਆਵਾਂ ਵਿਚ ਵਧੀਆ ਪ੍ਰਦਰਸ਼ਨ ਕਰਨ ਲਈ ਮਦਦਗਾਰ ਸਾਬਤ ਹੋ ਸਕੇ। ਦੀਵਾਨ ਦੇ ਐਡੀ.ਆਨਰੇਰੀ ਸਕੱਤਰ/ਚੇਅਰਮੈਨ ਸੀ.ਕੇ.ਡੀ ਪ੍ਰੀਖਿਆਵਾਂ ਜਸਪਾਲ ਸਿੰਘ ਢਿੱਲੋਂ ਅਤੇ ਸਕੱਤਰ ਸੀ.ਕੇ.ਡੀ ਪ੍ਰੀਖਿਆਵਾਂ ਪ੍ਰੋ.ਭੁਪਿੰਦਰ ਸਿੰਘ ਸੇਠੀ ਨੇ ਵਿਦਿਆਰਥੀਆਂ ਦੇ ਚੰਗੇ ਨਤੀਜਿਆਂ ਦਾ ਸਿਹਰਾ ਸਕੂਲ ਪ੍ਰਿੰਸੀਪਲ ਦੀ ਅਗਵਾਈ ਹੇਠ ਬੱਚਿਆਂ ਦੀ ਮਿਹਨਤ, ਅਧਿਆਪਕਾਂ ਦੇ ਸਹੀ ਮਾਰਗ ਦਰਸ਼ਨ ਅਤੇ ਮਾਪਿਆਂ ਦੀ ਪ੍ਰੇਰਣਾ ਨੂੰ ਪਾਇਆ। ਉਹਨਾਂ ਪ੍ਰੀਖਿਆਵਾਂ ਦੀ ਸਫਲਤਾ ਲਈ ਦੀਵਾਨ ਪ੍ਰਬੰਧਕਾਂ ਅਤੇ ਦਫ਼ਤਰ ਡਾਇਰੈਕਟੋਰੇਟ ਦੇ ਵਡਮੁੱਲੇ ਸਹਿਯੋਗ ਲਈ ਧੰਨਵਾਦ ਪ੍ਰਗਟ ਕੀਤਾ। ਡਾਇਰੈਕਟਰ ਡਾ.ਏ.ਪੀ.ਐਸ ਚਾਵਲਾ ਨੇ ਦੱਸਿਆ ਕਿ ਚੀਫ਼ ਖ਼ਾਲਸਾ ਦੀਵਾਨ ਜਮਾਤ ਅੱਠਵੀਂ ਸੀ.ਕੇ.ਡੀ ਪ੍ਰੀਖਿਆਵਾਂ ਦੇ ਨਤੀਜਿਆਂ ਵਿਚ ਪੰਜ ਆਈ.ਸੀ.ਐਸ.ਈ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਵਿਚੋਂ ਬਸੰਤ ਐਵੀਨਿਊ ਦੀ ਅਵਨੀਤ ਕੌਰ ਨੇ ਪਹਿਲਾ ਸਥਾਨ, ਅਰਸ਼ਮੀਤ ਕੌਰ ਨੇ ਦੂਸਰਾ ਸਥਾਨ ਅਤੇ ਗੁਰਸੀਰਤ ਕੌਰ ਨੇ ਤੀਸਰਾ ਸਥਾਨ ਹਾਸਲ ਕਰਕੇ ਸਕੂਲ ਅਤੇ ਅਧਿਆਪਕਾਂ ਦਾ ਨਾਂਅ ਰੋਸ਼ਨ ਕੀਤਾ। ਉਹਨਾਂ ਨੇ ਦੱਸਿਆ ਕਿ ਇਸੇ ਤਰ੍ਹਾਂ 20 ਸੀ.ਬੀ.ਐਸ.ਈ ਸੀ.ਕੇ.ਡੀ ਸਕੂਲਾਂ ਵਿਚੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਝਬਾਲ ਦੀ ਸ਼ਹਿਨਾਜ ਕੌਰ ਅਤੇ ਜੀ.ਟੀ.ਰੋਡ ਸਕੂਲ ਦੇ ਗਰਵ ਮਹਾਜਨ ਨੇ ਪਹਿਲਾ ਸਥਾਨ, ਮੱਝਵਿੰਡ ਸਕੂਲ ਦੀ ਗੁਰਲੀਨ ਕੌਰ ਨੇ ਦੂਸਰਾ ਸਥਾਨ ਅਤੇ ਜੀ.ਟੀ.ਰੋਡ ਦੀ ਸੰਨਤ, ਪੰਡੋਰੀ ਖਜ਼ੂਰ ਦੀ ਜਸਮੀਨ ਕੌਰ ਅਤੇ ਤਰਨ ਤਾਰਨ ਦੀ ਮਹਿਤਾਬ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਹੋਣਹਾਰ ਵਿਦਿਆਰਥੀਆਂ ਨੂੰ ਨਕਦ ਇਨਾਮ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ। ਅੰਤ ਸਕੂਲ ਮੈਂਬਰ ਇੰਚਾਰਜ ਰਣਦੀਪ ਸਿੰਘ ਅਤੇ ਪ੍ਰਿੰਸੀਪਲ ਨਿਰਮਲ ਕੌਰ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਐਡੀ.ਆਨਰੇਰੀ ਸਕੱਤਰ/ਚੇਅਰਮੈਨ ਸੀ.ਕੇ.ਡੀ ਪ੍ਰੀਖਿਆਵਾਂ ਜਸਪਾਲ ਸਿੰਘ ਢਿੱਲੋਂ, ਸੀ.ਕੇ.ਡੀ ਪ੍ਰੀਖਿਆਵਾਂ ਦੇ ਸਕੱਤਰ ਪ੍ਰੋ. ਭੁਪਿੰਦਰ ਸਿੰਘ ਸੇਠੀ, ਸਕੂਲ ਮੈਂਬਰ ਇੰਚਾਰਜ ਰਣਦੀਪ ਸਿੰਘ, ਡਾਇਰੈਕਟਰ ਡਾ.ਏ.ਪੀ.ਐਸ.ਚਾਵਲਾ, ਪ੍ਰਿੰਸੀਪਲ ਸ੍ਰੀਮਤੀ ਨਿਰਮਲ ਕੌਰ ਅਤੇ ਹੋਰ ਪ੍ਰਿੰਸੀਪਲਜ਼ ਸਾਹਿਬਾਨ, ਸਟਾਫ ਅਤੇ ਬੱਚਿਆਂ ਦੇ ਮਾਪੇ ਹਾਜ਼ਰ ਸਨ।

# ਨਿਊ ਲਾਈਫ ਪਬਲਿਕ ਸੀਨੀਅਰ ਸੈਕੰਡਰੀ ਸਕੂਲ 'ਚ ਕੁਇਜ਼ ਤੇ ਟਰਬਨ ਕੰਪੀਟੀਸ਼ਨ



**ਚੋਹਲਾ ਸਾਹਿਬ (ਰਮਨ ਚੱਢਾ)**- ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕਵਿਜ਼ ਅਤੇ ਟਰਬਨ ਕੰਪੀਟੀਸ਼ਨ ਕਰਾਏ ਗਏ। ਟਰਬਨ ਕੰਪੀਟੀਸ਼ਨ 3 ਤੋਂ 5 ਕਲਾਸਾਂ ਵਿੱਚੋਂ ਗੁਰਮਨਜੀਤ ਸਿੰਘ, 6 ਤੋਂ 8 ਕਲਾਸ ਵਿੱਚੋਂ ਚਮਕੌਰ ਸਿੰਘ ਅਤੇ 9 ਤੋਂ 12 ਕਲਾਸਾਂ ਵਿੱਚੋਂ ਜਗਜੀਤ ਸਿੰਘ ਨੇ ਪਹਿਲੀ ਪੁਜ਼ੀਸ਼ਨ ਹਾਸਲ ਕੀਤੀ। ਇਸੇ ਤਰ੍ਹਾਂ ਕਵਿਜ਼ ਕੰਪੀਟੀਸ਼ਨ ਚਾਰ ਹਾਊਸ ਵਿਚ ਕਰਵਾਇਆ ਗਿਆ।ਉਸ ਵਿੱਚੋਂ ਰੈਡ ਹਾਊਸ ਨੇ ਪਹਿਲੀ ਪੁਜੀਸ਼ਨ ਹਾਸਲ ਕੀਤੀ। ਮੁੱਖ ਅਧਿਆਪਕ ਸਰੋਜ ਬਾਲਾ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਨਾਲ ਹੀ ਤਿਆਰੀ ਕਰਵਾਉਣ ਵਾਲੇ ਟੀਚਰਜ਼ ਅਤੇ ਜਜਮੈਂਟ ਕਰਨ ਵਾਲੇ ਟੀਚਰਜ਼ ਦਾ ਧੰਨਵਾਦ ਕੀਤਾ।

# ਲਾਇਨਜ਼ ਐੱਮ ਐੱਮ ਏ ਵੱਲੋਂ ਸਬ-ਜੂਨੀਅਰ ਡਿਸਟ੍ਰਿਕਟ ਪੰਜਾਬ ਬਾਕਸਿੰਗ ਦੇ ਮੁਕਾਬਲੇ ਕਰਵਾਏ



**ਪੱਟੀ (ਕ੍ਰਿਸ਼ਨ ਸਿੰਘ ਢੋਗਾ)**- ਲਾਇਨਜ਼ ਐੱਮ ਐੱਮ ਏ ਵੱਲੋਂ ਜ਼ਿਲਾ ਤਰਨ ਤਾਰਨ ਦੇ ਹਲਕਾ ਪੱਟੀ ਵਿਖੇ ਸਬ ਜੂਨੀਅਰ ਡਿਸਟ੍ਰਿਕਟ ਪੰਜਾਬ ਬਾਕਸਿੰਗ ਕੰਪੀਟੀਸ਼ਨ ਮੁਕਾਬਲੇ ਪੱਟੀ ਦੇ ਸ਼ਹੀਦ ਬਾਬਾ ਦੀਪ ਸਿੰਘ ਪਬਲਿਕ ਸਕੂਲ ਵਿਖੇ ਕਰਵਾਏ ਗਏ। ਇਸ ਸਬੰਧੀ ਬਾਕਸਿੰਗ ਦੇ ਪੰਜਾਬ ਸੈਕਟਰੀ ਸੰਤੋਖ ਸਿੰਘ ਦੱਤਾ ਨੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਪੱਟੀ ਵਿੱਚ ਬਾਕਸਿੰਗ ਮੁਕਾਬਲੇ ਨਹੀਂ ਹੋਏ ਤਾਂ ਅੱਜ ਲਾਇਨਜ਼ ਐਮ ਐਮ ਏ ਦੇ ਸੰਸਥਾ ਵੱਲੋਂ ਵੱਡੀ ਪਹਿਲ ਕਦਮੀ ਕੀਤੀ ਗਈ ਹੈ ਜਿਹੜਾ ਸਿਹਰਾ ਇੰਦਰਪਾਲ ਸਿੰਘ, ਸੁਖਦੀਪ ਸਿੰਘ, ਦੀਪੀ ਸਿੰਘ ਇੰਗਲੈਂਡ ਵਾਲਿਆਂ ਨੂੰ ਜਾਂਦਾ ਹੈ ਅਤੇ ਲੋਇਸ ਐਮ ਐਮ ਏ ਦੀ ਪੂਰੀ ਟੀਮ ਵਧਾਈ ਦੀ ਪਾਤਰ ਹੈ ਜਿਨ੍ਹਾਂ ਦੇ ਉੱਦਮ ਸਦਕਾ ਅੱਜ ਜਿਹੜਾ ਤਰਨ ਤਾਰਨ ਦੇ ਹਲਕਾ ਪੱਟੀ ਵਿੱਚ ਪੰਜਾਬ ਦੇ ਬਾਕਸਿੰਗ ਮੁਕਾਬਲੇ ਕਰਵਾਏ ਗਏ ਇਸ ਬਾਕਸਿੰਗ ਮੁਕਾਬਲੇ ਵਿੱਚ ਪੰਜਾਬ ਭਰ ਦੇ ਵਿੱਚੋਂ 400 ਦੇ ਕਰੀਬ ਬੱਚਿਆਂ ਨੇ ਪਾਰਟੀਸਿਪੇਟ ਕੀਤਾ ਅਤੇ ਇਸ ਸਬੰਧੀ ਪਹੁੰਚੇ ਹੋਏ ਕੋਚਾਂ ਦੀ ਮਿਹਨਤ ਸਦਕਾ ਬੱਚਿਆਂ ਨੇ ਗੋਲਡ ਤਗਮੇ ਅਤੇ ਬਰਾਊਨ ਤਗਮੇ ਅਤੇ ਸਿਲਵਰ ਤਗਮੇ ਹਾਸਲ ਕੀਤੇ। ਇਸ ਸਬੰਧੀ ਪੰਜਾਬ ਸੈਕਟਰੀ ਸੰਤੋਖ ਦੱਤਾ ਨੇ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਹੋਇਆਂ ਲੋਇਸ ਐਮ ਐਮ ਏ ਦੀ ਸ਼ਲਾਘਾ ਕੀਤੀ। ਪੱਟੀ ਤੋਂ ਬਾਕਸਿੰਗ ਦੇ ਕੋਚ ਹਰਪ੍ਰੀਤ ਸਿੰਘ ਹੈਪੀ, ਬਾਕਸਿੰਗ ਦੇ ਪੰਜਾਬ ਸੈਕਟਰੀ ਸੰਤੋਖ ਸਿੰਘ ਦੱਤਾ, ਪਠਾਨਕੋਟ ਤੋਂ ਕੋਚ ਹਰਪ੍ਰੀਤ ਹੈਪੀ, ਤਰਨ ਤਾਰਨ ਤੋਂ ਕੋਚ ਮਨਦੀਪ ਸਿੰਘ, ਭਿੱਖੀਵਿੰਡ ਤੋਂ ਕੋਚ ਗੁਰਪ੍ਰੀਤ ਸਿੰਘ, ਗੁਰਜੰਟ ਸਿੰਘ ਤਾਬਾ ਜ਼ਿਲ੍ਹੇਦਾਰ, ਜਸਕਰਨ ਕੀਰਤ ਸਿੰਘ, ਮੌਜੀ ਪਿੰਡ ਤੋਂ ਕੋਚ ਨਵਜੋਤ ਸਿੰਘ, ਜੰਡਿਆਲਾ ਤੋਂ ਕੋਚ ਕਰਨਜੀਤ ਸਿੰਘ, ਸਾਬਕਾ ਗੁਰਲਾਲ ਸਿੰਘ ਤੇਜਾ, ਗੁਰਦੁਆਰਾ ਬੀਬੀ ਰਜਨੀ ਬਲਬੀਰ ਸਿੰਘ ਲੋਹਾਰੀਆ, ਕੁਲਵਿੰਦਰ ਸਿੰਘ ਬੱਬੂ, ਗੁਰਸੇਵਕ ਸਿੰਘ ਹੈਪੀ ਲੁਹਾਰੀਆ, ਸਾਬਕਾ ਪ੍ਰਧਾਨ ਨਗਰ ਕੌਂਸਲ ਲਖਬੀਰ ਸਿੰਘ ਲੁਹਾਰੀਆ, ਬਲਜਿੰਦਰ ਸਿੰਘ ਕੋਚ ਅੰਮ੍ਰਿਤਸਰ, ਜੋਗਾ ਸਿੰਘ, ਗੁਰਸੇਵਕ ਸਿੰਘ ਲੁਹਾਰੀਆ, ਗੁਰਦੇਵ ਸਿੰਘ ਲੁਹਾਰੀਆ ਆਦਿ ਹਾਜ਼ਰ ਸਨ।

# ਦਸ ਤੋਂ ਵੱਧ ਕਰਮਚਾਰੀਆਂ ਵਾਲੇ ਸਥਾਨਾਂ ਲਈ ਪੋਸ਼ ਐਕਟ ਅਧੀਨ ਨੀਤੀ ਤੇ ਕਮੇਟੀ ਬਣਾਉਣਾ ਲਾਜ਼ਮੀ : ਡਾ. ਚੋਪੜਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਨਿਗਮ ਕਮਿਸ਼ਨਰ ਗੁਰਪ੍ਰੀਤ ਸਿੰਘ ਔਲਖ ਦੇ ਦਿਸ਼ਾ-ਨਿਰਦੇਸ਼ਾਂ ਅਤੇ ਵਧੀਕ ਕਮਿਸ਼ਨਰ ਸੁਰੇਂਦਰ ਸਿੰਘ ਦੀ ਅਗਵਾਈ ਹੇਠ ਅੰਮ੍ਰਿਤਸਰ ਨਗਰ ਨਿਗਮ ਵੱਲੋਂ ਪੋਸ਼ ਐਕਟ (ਕੰਮ ਵਾਲੀ ਥਾਂ 'ਤੇ ਜਿਨਸੀ ਉਤਪੀੜਨ ਦੀ ਰੋਕਥਾਮ ਐਕਟ 2013) 'ਤੇ ਇੱਕ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਦੀ ਮੁਖੀ ਪ੍ਰੋਫੈਸਰ ਡਾ. ਮੀਨੂ ਚੋਪੜਾ ਮੁੱਖ ਵਕਤਾ ਵਜੋਂ ਸ਼ਾਮਲ ਹੋਈ। ਵਿਸ਼ਵ ਬੈਂਕ ਅਤੇ ਏ ਆਈ ਆਈ ਬੀ ਦੇ ਸਹਿਯੋਗ ਨਾਲ ਚੱਲ ਰਹੇ ਪੰਜਾਬ ਮਿਊਂਸੀਪਲ ਸਰਵਿਸਿਜ਼ ਇਮਪਰੂਵਮੈਂਟ ਪ੍ਰੋਜੈਕਟ ਤਹਿਤ ਹੋਏ ਇਸ ਸੈਮੀਨਾਰ ਵਿੱਚ ਨਿਗਮ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਸਟਾਫ, ਅੰਮ੍ਰਿਤਸਰ ਬਲਕ ਵਾਟਰ ਸਪਲਾਈ ਪ੍ਰੋਜੈਕਟ ਦੇ ਅਧਿਕਾਰੀ ਅਤੇ ਲਾਰਸਨ ਐਂਡ ਟੂਬਰੋ ਕੰਪਨੀ ਦੇ ਸਟਾਫ ਨੇ ਭਾਗ ਲਿਆ। ਸੈਮੀਨਾਰ ਦੀ ਸ਼ੁਰੂਆਤ ਕਰਦੇ ਹੋਏ ਡਾ. ਮੋਨਿਕਾ ਸਭਰਵਾਲ ਨੇ ਕਿਹਾ ਕਿ ਕੰਮ ਕਰਨ ਵਾਲੀਆਂ ਔਰਤਾਂ ਨੂੰ ਆਪਣੇ ਅਧਿਕਾਰਾਂ ਬਾਰੇ ਜਾਣਨਾ ਜ਼ਰੂਰੀ ਹੈ। ਕਿਉਂਕਿ ਜਾਣਕਾਰੀ ਦੀ ਘਾਟ ਅਤੇ ਸਮਾਜਿਕ ਦਬਾਅ ਕਾਰਨ, ਔਰਤਾਂ ਅਕਸਰ ਕੰਮ ਵਾਲੀਆਂ ਥਾਵਾਂ 'ਤੇ ਜਿਨਸੀ ਉਤਪੀੜਨ ਬਾਰੇ ਸ਼ਿਕਾਇਤ ਕਰਨ ਤੋਂ ਅਸਮਰੱਥ ਰਹਿੰਦੀਆਂ ਹਨ। ਡਾ. ਮੀਨੂੰ ਨੇ ਕਿਹਾ ਕਿ ਪੋਸ਼ ਕਾਨੂੰਨ ਕਿਸੇ ਵੀ ਕਰਮਚਾਰੀ, ਭਾਵੇਂ ਉਹ ਸਥਾਈ ਹੋਵੇ ਜਾਂ ਅਸਥਾਈ, ਠੇਕੇ 'ਤੇ ਜਾਂ ਇੰਟਰਨ, ਜਾਂ ਘਰਾਂ ਵਿੱਚ ਘਰੇਲੂ ਕੰਮ ਕਰਨ ਵਾਲੀਆਂ ਔਰਤਾਂ 'ਤੇ ਲਾਗੂ ਹੁੰਦਾ ਹੈ। ਪੋਸ਼ ਕਾਨੂੰਨ ਦੇ ਤਹਿਤ ਇਹ ਮਾਲਕ ਦੀ ਜ਼ਿੰਮੇਵਾਰੀ ਹੈ ਕਿ ਉਹ ਅਜਿਹਾ ਮਾਹੌਲ ਬਣਾਏ ਕਿ ਕੰਮ ਵਾਲੀ ਥਾਂ 'ਤੇ ਕਿਸੇ ਵੀ ਤਰ੍ਹਾਂ ਦਾ ਜਿਨਸੀ ਸ਼ੋਸ਼ਣ ਨਾ ਹੋਵੇ। ਕੋਈ ਵੀ ਮਾਲਕ ਜਿਸ ਕੋਲ ਦਸ ਜਾਂ ਵੱਧ ਲੋਕ ਕੰਮ ਕਰਦੇ ਹਨ, ਉਸ ਨੂੰ ਜਿਨਸੀ ਸ਼ੋਸ਼ਣ ਨੂੰ ਰੋਕਣ ਲਈ ਇੱਕ ਅੰਦਰੂਨੀ ਕਮੇਟੀ ਬਣਾਉਣ ਦੀ ਲੋੜ ਹੁੰਦੀ ਹੈ, ਕਰਮਚਾਰੀਆਂ ਨੂੰ ਪੋਸ਼ ਕਾਨੂੰਨ ਬਾਰੇ ਜਾਗਰੂਕ ਕਰਨਾ ਹੁੰਦਾ ਹੈ ਅਤੇ ਕੋਈ ਵੀ ਸ਼ਿਕਾਇਤ ਮਿਲਣ 'ਤੇ ਸ਼ਿਕਾਇਤਕਰਤਾ ਬਾਰੇ ਪੂਰੀ ਗੁਪਤਤਾ ਬਣਾਈ ਰੱਖਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕੰਮ ਵਾਲੀ ਥਾਂ 'ਤੇ ਜਿਨਸੀ ਸ਼ੋਸ਼ਣ ਦੇ ਮਾਮਲੇ ਵਿੱਚ, ਤਿੰਨ ਮਹੀਨਿਆਂ ਦੇ ਅੰਦਰ ਅੰਦਰੂਨੀ ਕਮੇਟੀ ਕੋਲ ਸ਼ਿਕਾਇਤ ਦਰਜ ਕਰਵਾਈ ਜਾਣੀ ਚਾਹੀਦੀ ਹੈ ਅਤੇ ਕਮੇਟੀ ਨੂੰ 90 ਦਿਨਾਂ ਦੇ ਅੰਦਰ ਸ਼ਿਕਾਇਤ ਦੀ ਜਾਂਚ ਪੂਰੀ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਰਮਚਾਰੀ ਮਾਨਸਿਕ ਅਤੇ ਸਰੀਰਕ ਤੌਰ 'ਤੇ ਸ਼ਿਕਾਇਤ ਦਰਜ ਕਰਵਾਉਣ ਦੀ ਸਥਿਤੀ ਵਿੱਚ ਨਹੀਂ ਹੈ, ਤਾਂ ਪੀੜਤ ਦਾ ਰਿਸ਼ਤੇਦਾਰ, ਦੋਸਤ, ਸਹਿਯੋਗੀ, ਰਾਸ਼ਟਰੀ ਜਾਂ ਰਾਜ ਮਹਿਲਾ ਕਮਿਸ਼ਨ ਦਾ ਕੋਈ ਵੀ ਅਧਿਕਾਰੀ ਜਾਂ ਕੋਈ ਵੀ ਵਿਅਕਤੀ ਜਿਸ ਨੂੰ ਘਟਨਾ ਬਾਰੇ ਜਾਣਕਾਰੀ ਹੈ, ਪੀੜਤ ਤੋਂ ਲਿਖਤੀ ਸਹਿਮਤੀ ਲੈਣ ਤੋਂ ਬਾਅਦ ਅੰਦਰੂਨੀ ਕਮੇਟੀ ਕੋਲ ਸ਼ਿਕਾਇਤ ਦਰਜ ਕਰਵਾ ਸਕਦਾ ਹੈ।

# ਮਾਨ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਸਾਰਥਕ ਨਤੀਜੇ ਮਿਲ ਰਹੇ : ਸ਼ੈਰੀ ਕਲਸੀ

**ਬਟਾਲਾ (ਡਾਕਟਰ ਮਲਵਿੰਦਰ ਸਿੰਘ)**- ਪੰਜਾਬ ਦੇ ਕਾਰਜਕਾਰੀ ਪਰਧਾਨ ਅਤੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਸਥਾਨਕ ਬੀਕੋ ਵਾਸੀਆਂ ਨਾਲ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਾ ਮੁਕਤੀ ਯਾਤਰਾ ਦੌਰਾਨ ਸਮੂਹ ਹਾਜ਼ਰੀਨ, ਜਿਨ੍ਹਾਂ ਵਿੱਚ ਨੌਜਵਾਨ ਅਤੇ ਔਰਤਾਂ ਵੀ ਵੱਡੀ ਗਿਣਤੀ 'ਚ ਸ਼ਾਮਲ ਸਨ, ਨੂੰ ਨਸ਼ਿਆਂ ਦੇ ਖਾਤਮੇ ਲਈ ਛੇੜੀ ਗਈ ਜੰਗ ਦਾ ਪ੍ਰਮੁੱਖ ਹਿੱਸਾ ਬਣਨ ਲਈ ਸਮੂਹਿਕ ਸਹੁੰ ਚੁਕਵਾਈ।ਜਨ ਸਭਾ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਸਪੱਸ਼ਟ ਕੀਤਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਗੁਰੂਆਂ, ਪੀਰਾਂ, ਫਕੀਰਾਂ ਦੀ ਪਵਿੱਤਰ ਧਰਤੀ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਵਿੱਢਿਆ 'ਯੁੱਧ ਨਸ਼ਿਆਂ ਵਿਰੁੱਧ' ਫੈਸਲਾਕੁੰਨ ਦੌਰ 'ਚ ਪੁੱਜ ਚੁੱਕਾ ਹੈ। ਕਰੀਬ 23 ਹਜ਼ਾਰ ਦੇ ਕਰੀਬ ਤਸਕਰਾਂ ਨੂੰ ਰੰਗੇ ਹੱਥੀਂ ਦਬੋਚ ਕੇ ਵੱਡੀ ਮਾਤਰਾ 'ਚ ਨਸ਼ੀਲੇ ਪਦਾਰਥਾਂ ਸਣੇ ਕਰੋੜਾਂ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੇ ਜਾਣ ਨਾਲ ਨਸ਼ਾ ਤਸਕਰ ਪੰਜਾਬ ਤੋਂ ਬਾਹਰਲੇ ਸੂਬਿਆਂ ਨੂੰ ਜਾਣ ਲਈ ਵੀ ਮਜਬੂਰ ਹੋ ਰਹੇ ਹਨ।ਉਨਾਂ ਕਿਹਾ ਕਿ ਮਾਨ ਸਰਕਾਰ ਵਲੋਂ ਨਿਸ਼ਾਨਾ ਮਿੱਥ ਕੇ ਨਸ਼ਿਆਂ ਦੇ ਖਾਤਮੇ ਲਈ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਮਿਲ ਰਹੇ ਸਾਰਥਕ ਨਤੀਜਿਆਂ ਤੋਂ ਮਾਵਾਂ ਨੂੰ ਆਪਣੇ ਪੁੱਤ, ਭੈਣਾਂ ਨੂੰ ਭਰਾ ਅਤੇ ਪਤਨੀ ਨੂੰ ਆਪਣੇ ਪਤੀ ਦੇ ਨਸ਼ਿਆਂ ਤੋਂ ਬਚ ਜਾਣ ਦੀ ਪੱਕੀ ਉਮੀਦ ਬੱਝ ਗਈ ਹੈ।ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਇਸ ਜੰਗ ਨੂੰ ਜਿੱਤਿਆ ਜਾਵੇਗਾ, ਜਿਸ ਲਈ ਉਹ ਲੋਕਾਂ ਨੂੰ ਮਿਲ ਕੇ ਸਾਥ ਦੇਣ ਦੀ ਅਪੀਲ ਕਰ ਰਹੇ ਹਨ।ਇਸ ਮੌਕੇ ਅੰਮ੍ਰਿਤ ਕਲਸੀ, ਚੇਅਰਮੈਨ ਮਾਨਿਕ ਮਹਿਤਾ, ਸੀਨੀਅਰ ਆਗੂ ਮਾਸਟਰ ਤਿਲਕ ਰਾਜ, ਅਵਤਾਰ ਸਿੰਘ ਕਲਸੀ, ਮਨਜੀਤ ਸਿੰਘ ਬੁਮਰਾਹ ਵਾਇਸ ਕੁਆਰਡੀਨੇਟਰ ਨਸ਼ਾ ਮੁਕਤੀ ਯਾਤਰਾ, ਭੁਪਿੰਦਰ ਸਿੰਘ ਅਤੇ ਵੀਨੂੰ ਕਾਹਲੋਂ ਆਦਿ ਮੌਜੂਦ ਸਨ।



# ਜ਼ਿਲ੍ਹਾ ਗੁਰਦਾਸਪੁਰ ਗਤਕਾ ਐਸੋਸੀਏਸ਼ਨ ਖਿਡਾਰੀਆਂ ਦੇ ਭਲਕੇ ਨੂੰ ਲਵੇਗੀ ਟਰਾਇਲ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪੰਜਾਬ ਗਤਕਾ ਐਸੋਸੀਏਸ਼ਨ ਦੇ ਪ੍ਰਧਾਨ ਡਾ. ਰਜਿੰਦਰ ਸਿੰਘ ਸੋਹਲ ਅਤੇ ਐਸੋਸੀਏਸ਼ਨ ਦੇ ਜਰਨਲ ਸਕੱਤਰ ਬਲਜਿੰਦਰ ਸਿੰਘ ਤੂਰ ਦੀ ਅਗਵਾਈ ਹੇਠ ਜ਼ਿਲ੍ਹਾ ਗੁਰਦਾਸਪੁਰ ਗਤਕਾ ਐਸੋਸੀਏਸ਼ਨ ਦੇ ਪ੍ਰਧਾਨ ਕਮ ਚੇਅਰਮੈਨ ਰਵਿੰਦਰ ਸਿੰਘ ਮਠਾਰੂ ਦੀ ਪ੍ਰਧਾਨਗੀ ਹੇਠ ਗਤਕਾ ਖੇਡ ਨੂੰ ਹੋਰ ਪ੍ਰਫੁੱਲਿਤ ਕਰਨ ਲਈ ਜ਼ਰੂਰੀ ਮੀਟਿੰਗ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਹਾਲ ਬਟਾਲਾ ਵਿਖੇ ਕੀਤੀ ਗਈ। ਜਿਸ ਵਿੱਚ ਸੀਨੀਅਰ ਆਗੂ ਪਲਵਿੰਦਰ ਸਿੰਘ ਲੰਬੜਦਾਰ, ਐਸੋਸੀਏਸ਼ਨ ਦੇ ਜਨਰਲ ਸਕੱਤਰ ਯੋਧਵੀਰ ਸਿੰਘ, ਸੀਨੀਅਰ ਮੀਤ ਪ੍ਰਧਾਨ ਰਜਿੰਦਰ ਸਿੰਘ ਹੈਪੀ, ਗਗਨਦੀਪ ਸਿੰਘ ਤੇ ਹੋਰ ਮੈਂਬਰ ਸ਼ਾਮਿਲ ਸਨ। ਇਸ ਸਬੰਧੀ ਅਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਕਮ ਚੇਅਰਮੈਨ ਰਵਿੰਦਰ ਸਿੰਘ ਮਠਾਰੂ ਨੇ ਦੱਸਿਆ ਕਿ ਪੰਜਾਬ ਗਤਕਾ ਐਸੋਸੀਏਸ਼ਨ ਵੱਲੋਂ 10ਵੀਂ ਪੰਜਾਬ ਰਾਜ ਜੂਨੀਅਰ, ਸਬ ਜੂਨੀਅਰ ਅਤੇ ਸੀਨੀਅਰ ਲੜਕੀ ਲੜਕੀਆਂ ਦੀ ਗਤਕਾ ਚੈਂਪੀਅਨਸ਼ਿਪ 2025 ਕਰਵਾਈ ਜਾ ਰਹੀ ਹੈ। ਉਹਨਾਂ ਦੱਸਿਆ ਕਿ ਜਿਸ ਵਿੱਚ ਜੂਨੀਅਰ, ਸਬ ਜੂਨੀਅਰ ਲੜਕੇ ਲੜਕੀਆਂ ਦੀ ਚੈਂਪੀਅਨਸ਼ਿਪ 2025 ਦੇ ਮੁਕਾਬਲੇ 22 ਅਗਸਤ ਤੋਂ ਲੈ ਕੇ 24 ਅਗਸਤ ਤੱਕ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਕਰਵਾਏ ਜਾਣਗੇ। ਜਦਕਿ ਸੀਨੀਅਰ ਲੜਕੇ ਲੜਕੀਆਂ ਦੀ ਗਤਕਾ ਚੈਂਪੀਅਨਸ਼ਿਪ 2025 ਦੇ ਮੁਕਾਬਲੇ 29 ਅਗਸਤ ਤੋਂ 31 ਅਗਸਤ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਏ ਜਾਣਗੇ। ਪ੍ਰਧਾਨ ਕਮ ਚੇਅਰਮੈਨ ਰਵਿੰਦਰ ਸਿੰਘ ਮਠਾਰੂ ਨੇ ਦੱਸਿਆ ਕਿ 10ਵੀਂ ਜੂਨੀਅਰ, ਸਬ ਜੂਨੀਅਰ ਅਤੇ ਸੀਨੀਅਰ ਲੜਕੇ ਲੜਕੀਆਂ ਦੀ ਗਤਕਾ ਚੈਂਪੀਅਨਸ਼ਿਪ 2025 ਲਈ ਜ਼ਿਲਾ ਗੁਰਦਾਸਪੁਰ ਦੇ ਗਤਕਾ ਖਿਡਾਰੀਆਂ ਦੇ ਖੇਡ ਟਰਾਇਲ 2 ਅਗਸਤ ਨੂੰ ਸਵੇਰੇ 9 ਵਜੇ ਤੋਂ ਲੈ ਕੇ 1 ਵਜੇ ਤੱਕ ਗੁਰਦੁਆਰਾ ਤਪ ਅਸਥਾਨ ਸਾਹਿਬ ਮਲਕਪੁਰ, ਕਾਹਨੂੰਵਾਨ ਰੋਡ ਬਟਾਲਾ ਵਿਖੇ ਲਏ ਜਾਣਗੇ।



# ਖੇਡ ਸਟੇਡੀਅਮ ਲਮੀਣੀ ਵਿਖੇ ਮਨਾਇਆ ਜਾਵੇਗਾ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ : ਅਰਸ਼ਦੀਪ ਸਿੰਘ

**ਪਠਾਨਕੋਟ (ਦਵਿੰਦਰ ਸਿੰਘ)**- ਜ਼ਿਲ੍ਹਾ ਪੱਧਰ ਦਾ ਆਜ਼ਾਦੀ ਦਿਵਸ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਲਟੀਪਰਪਜ਼ ਖੇਡ ਸਟੇਡੀਅਮ ਲਮੀਣੀ (ਪਠਾਨਕੋਟ) ਵਿਖੇ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਹ ਪ੍ਰਗਟਾਵਾ ਅਰਸ਼ਦੀਪ ਸਿੰਘ ਐੱਸਡੀਐੱਮ ਪਠਾਨਕੋਟ ਨੇ ਆਜ਼ਾਦੀ ਦਿਵਸ ਦੀਆਂ ਤਿਆਰੀਆਂ ਕਰਨ ਸਬੰਧੀ ਜ਼ਿਲਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਦੇ ਮੀਟਿੰਗ ਹਾਲ ਵਿਖੇ ਆਯੋਜਿਤ ਵੱਖ-ਵੱਖ ਜ਼ਿਲ੍ਹਾ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ।ਇਸ ਮੀਟਿੰਗ ਵਿੱਚ ਮੌਕੇ ਹੋਰਨਾਂ ਤੋਂ ਇਲਾਵਾ ਪਵਨ ਕੁਮਾਰ ਜ਼ਿਲ੍ਹਾ ਮਾਲ ਅਫਸਰ ਪਠਾਨਕੋਟ, ਰਾਮ ਲੁਭਾਇਆ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਪਠਾਨਕੋਟ, ਡਾ. ਸੁਨੀਲ ਚੰਦ ਐੱਸਐੱਮਓ ਪਠਾਨਕੋਟ, ਰਾਜੇਸ਼ ਕੁਮਾਰ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਪਠਾਨਕੋਟ ਅਤੇ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀ ਹਾਜ਼ਰ ਸਨ।ਉਨ੍ਹਾਂ ਦੱਸਿਆ ਕਿ ਸਮਾਗਮ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਦੀਆਂ ਕਮੇਟੀਆਂ ਗਠਿਤ ਕਰਕੇ ਡਿਊਟੀ ਲਗਾ ਦਿੱਤੀ ਗਈ ਹੈ।7 ਤੇ 11 ਅਗਸਤ ਨੂੰ ਰਿਹਰਸਲ ਅਤੇ ਫੁੱਲ ਡਰੈੱਸ ਰਿਹਰਸਲ 13 ਅਗਸਤ ਨੂੰ ਮਲਟੀਪਰਪਜ਼ ਖੇਡ ਸਟੇਡੀਅਮ ਲਮੀਣੀ (ਪਠਾਨਕੋਟ) ਵਿਖੇ ਹੋਵੇਗੀ।ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਰਿਹਰਸਲਾਂ ਵਾਲੇ ਦਿਨ ਅਤੇ ਸਮਾਗਮ ਵਾਲੇ ਦਿਨ ਮੈਡੀਕਲ ਟੀਮ ਉਪਲਬਧ ਕਰਵਾਉਣ ਨੂੰ ਯਕੀਨੀ ਬਣਾਉਣ।




# ਆਈ ਈ ਸੀ ਐਕਟੀਵਿਟੀ ਅਧੀਨ ਕੈਂਪ ਲਗਾਇਆ




**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**- ਡਿਪਟੀ ਕਮਿਸ਼ਨਰ ਤਰਨ ਤਾਰਨ ਰਾਹੁਲ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਸਿਖਲਾਈ ਅਫਸਰ ਤਰਨ ਤਾਰਨ ਡਾ. ਜਸਵਿੰਦਰ ਸਿੰਘ ਦੀ ਪ੍ਰਧਾਨਗੀ ਅਤੇ ਬਲਾਕ ਖਡੂਰ ਸਾਹਿਬ ਖੇਤੀਬਾੜੀ ਅਫਸਰ ਡਾ. ਨਵਤੇਜ ਸਿੰਘ ਦੀ ਅਗਵਾਈ ਹੇਠ ਆਈ ਈ ਸੀ ਐਕਟੀਵਿਟੀ ਅਧੀਨ ਪਿੰਡ ਪੱਧਰੀ ਕੈਂਪ ਪਿੰਡ-ਖਡੂਰ ਸਾਹਿਬ ਵਿਖੇ ਲਗਾਇਆ ਗਿਆ। ਇਸ ਮੌਕੇ ਸਿਮਰਨਜੀਤ ਸਿੰਘ ਖੇਤੀਬਾੜੀ ਸਬ-ਇੰਸਪੈਕਟਰ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਦੀ ਅਪੀਲ ਕੀਤੀ ਅਤੇ ਇਸ ਦੇ ਨਾਲ ਦੱਸਿਆ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਮਿੱਤਰ-ਕੀੜੇ ਮਰ ਜਾਂਦੇ ਹਨ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਘਟ ਜਾਂਦੀ ਹੈ। ਪਰਾਲੀ ਨੂੰ ਅੱਗ ਲਾਉਣ ਨਾਲ ਸੜਕੀ ਹਾਦਸੇ ਵਾਪਰਦੇ ਹਨ ਅਤੇ ਜ਼ਹਿਰੀਲੇ ਧੂੰਏ ਨਾਲ ਬਜ਼ੁਰਗਾਂ ਅਤੇ ਬੱਚਿਆਂ ਨੂੰ ਸਾਹ ਲੈਣਾ ਔਖਾ ਹੋ ਜਾਂਦਾ ਹੈ।ਇਸ ਮੌਕੇ ਸਿਮਰਨਜੀਤ ਸਿੰਘ ਨੇ ਖੇਤੀਬਾੜੀ ਮਹਿਕਮੇ ਵਿੱਚ ਚੱਲ ਰਹੀਆਂ ਗਤੀਵਿਧੀਆਂ ਬਾਰੇ ਦੱਸਿਆ ਅਤੇ ਕਿਸਾਨਾਂ ਨੂੰ 50% ਸਬਸਿਡੀ ਤੇ ਆਈ ਜਿਪਸਮ ਬਾਰੇ ਜਾਣਕਾਰੀ ਮੁਹਈਆ ਕਰਵਾਈ। ਸਤਨਾਮ ਸਿੰਘ ਸਬ- ਇੰਸਪੈਕਟਰ ਨੇ ਝੋਨੇ ਦੇ ਕੀੜੇ-ਮਕੌੜੇ ਅਤੇ ਬਿਮਾਰੀਆਂ ਸਬੰਧੀ ਕਿਸਾਨਾਂ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਸਤਨਾਮ ਸਿੰਘ ਨੇ ਪੀ ਐਮ ਕਿਸਾਨ ਨਿਧੀ ਯੋਜਨਾ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ। ਇਸ ਮੌਕੇ ਗੁਰਪ੍ਰਤਾਪ ਸਿੰਘ, ਕੁਲਵੰਤ ਸਿੰਘ, ਗੁਰਪ੍ਰੀਤ ਸਿੰਘ, ਬਲਬੀਰ ਸਿੰਘ, ਬਲਵਿੰਦਰ ਸਿੰਘ, ਗੁਰਨਾਮ ਸਿੰਘ, ਤਰਦੀਪ ਸਿੰਘ, ਹਰਜੀਤ ਸਿੰਘ, ਜਰਨੈਲ ਸਿੰਘ ਆਦਿ ਹਾਜ਼ਰ ਸਨ।

# ਮਜ਼ਦੂਰ ਮੁਕਤੀ ਮੋਰਚੇ ਵੱਲੋਂ ਮਜ਼ਦੂਰ ਮੰਗਾਂ ਨੂੰ ਲੈ ਕੇ ਰੋਸ ਰੈਲੀ

**ਧਾਰੀਵਾਲ/ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)**- ਮਜ਼ਦੂਰ ਮੁਕਤੀ ਮੋਰਚੇ ਵੱਲੋਂ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ ਗੁਰੂ ਨਾਨਕ ਪਾਰਕ ਗੁਰਦਾਸਪੁਰ ਵਿਖੇ ਰਣਜੀਤ ਕੌਰ ਡੰਡਵ, ਸੁਨੀਤਾ ਦੇਵੀ ਕੰਗ, ਪਰੇਮ ਖੋਜੇਪੁਰ ਅਤੇ ਬਿੱਟਾ ਅਠਵਾਲ ਦੀ ਪ੍ਰਧਾਨਗੀ ਹੇਠ ਵਿਸ਼ਾਲ ਰੈਲੀ ਕੀਤੀ ਗਈ ਅਤੇ ਡਿਪਟੀ ਕਮਿਸ਼ਨਰ ਅਤੇ ਐਸ ਐਸ ਪੀ ਗੁਰਦਾਸਪੁਰ ਦੇ ਦਫਤਰ ਅੱਗੇ ਧਰਨਾ ਦਿੱਤਾ ਗਿਆ। ਇਸ ਸਮੇਂ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਮੋਰਚੇ ਦੇ ਸੂਬਾ ਜਾਇੰਟ ਸਕੱਤਰ ਵਿਜੇ ਸੋਹਲ, ਜ਼ਿਲ੍ਹਾ ਪ੍ਰਧਾਨ ਦਲਬੀਰ ਭੋਲਾ, ਪ੍ਰੇਮ ਮਸੀਹ ਸੋਨਾ ਅਤੇ ਸੀ ਪੀ ਐਮ ਐਲ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬਖਤਪੁਰਾ ਨੇ ਪੰਜਾਬ ਦੀ ਮਾਨ ਸਰਕਾਰ ਉੱਪਰ ਦੋਸ਼ ਲਾਏ ਕਿ ਸਰਕਾਰ ਨੇ ਆਪਣੇ ਬੀਤੇ ਤਿੰਨ ਸਾਲ ਦੇ ਸਮੇਂ ਵਿੱਚ ਮਜ਼ਦੂਰਾਂ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਮਜ਼ਦੂਰਾਂ ਦੀ ਸਭ ਤੋਂ ਵੱਡੀ ਸਮੱਸਿਆ ਰੁਜਗਾਰ ਦੀ ਹੈ ਅਤੇ ਮਜ਼ਦੂਰਾਂ ਕੋਲੋਂ ਇੱਕੋ ਇੱਕ ਰੁਜਗਾਰ ਮਨਰੇਗਾ ਰੁਜਗਾਰ ਹੀ ਬਚਿਆ ਹੈ। ਪਰ ਪੰਜਾਬ ਸਰਕਾਰ ਨੇ ਬੀਤੇ ਸਮੇਂ ਵਿੱਚ ਮਜ਼ਦੂਰਾਂ ਨੂੰ ਮਨਰੇਗਾ ਦਾ ਰੁਜ਼ਗਾਰ ਦਿਵਾਉਣ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਈ। ਜੇਕਰ ਪੰਜਾਬ ਤੇ ਸੀਮਤ ਪਰਵਾਰਾਂ ਨੂੰ ਮਨਰੇਗਾ ਰੁਜਗਾਰ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ ਹੈ ਤਾਂ ਕੀਤੇ ਕੰਮ ਦੇ ਕਈ ਮਹੀਨੇ ਬੀਤ ਜਾਣ ਦੇ ਬਾਵਜੂਦ ਵੀ ਮਜ਼ਦੂਰੀ ਦੀ ਅਦਾਇਗੀ ਨਹੀਂ ਕੀਤੀ ਗਈ। ਹਾਲਾਂਕਿ ਇਸ ਪੈਸੇ ਦਾ ਵੱਡਾ ਹਿੱਸਾ ਕੇਂਦਰ ਸਰਕਾਰ ਤੋਂ ਮੰਗਵਾਇਆ ਜਾਣਾ ਹੁੰਦਾ ਹੈ। ਆਗੂਆਂ ਨੇ ਇਹ ਵੀ ਦੋਸ਼ ਲਾਇਆ ਕਿ ਸਰਕਾਰ ਨੇ ਮਨਰੇਗਾ ਦਾ ਸਿਆਸੀਕਰਨ ਕਰ ਦਿੱਤਾ ਹੈ ਅਤੇ ਸਰਕਾਰ ਪੱਖੀ ਸਰਪੰਚ ਵੱਡੇ ਪੱਧਰ 'ਤੇ ਮਨਰੇਗਾ ਵਿੱਚ ਭ੍ਰਿਸ਼ਟਾਚਾਰ ਕਰ ਰਹੇ ਹਨ। ਆਗੂਆਂ ਨੇ ਮੰਗ ਕੀਤੀ ਕਿ ਮਨਰੇਗਾ ਰੋਜ਼ਗਾਰ ਲਗਾਤਾਰ ਚਾਲੂ ਰੱਖਿਆ ਜਾਵੇ, ਮਜ਼ਦੂਰਾਂ ਨੂੰ ਮਨਰੇਗਾ ਦਾ ਘੱਟੋ ਘੱਟ 200 ਦਿਨ ਕੰਮ ਅਤੇ 700 ਰੁਪਏ ਦਿਹਾੜੀ ਦਿੱਤੀ ਜਾਵੇ, ਕੀਤੇ ਕੰਮ ਦੀ ਪੈਸਿਆਂ ਦੀ ਫੌਰੀ ਅਦਾਇਗੀ ਕੀਤੀ ਜਾਵੇ, ਸਰਕਾਰ ਕਿਸਾਨਾਂ ਦੀਆਂ ਜਬਰੀ ਜ਼ਮੀਨਾਂ ਖੋਹਣ ਲਈ ਲਿਆਂਦੀ ਗਈ ਲੈਂਡ ਪੂਲਿੰਗ ਨੀਤੀ ਵਾਪਸ ਲਵੇ ਅਤੇ ਹਕੀਕਤ ਵਿੱਚ ਪੰਜਾਬ ਦੇ ਹਜ਼ਾਰਾਂ ਬੇਘਰੇ ਸ਼ਹਿਰੀ ਅਤੇ ਪੇਂਡੂ ਮਜ਼ਦੂਰਾਂ ਨੂੰ ਪਲਾਟ ਅਤੇ ਫਲੈਟ ਬਣਾ ਕੇ ਦੇਵੇ, ਹਰ ਬੇਘਰੇ ਮਜ਼ਦੂਰ ਨੂੰ ਮਕਾਨ ਉਸਾਰਨ ਲਈ 5 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇ। ਧਰਨਾਕਾਰੀ ਆਗੂਆਂ ਵਲੋਂ ਇਸ ਮੌਕੇ ਡਿਪਟੀ ਕਮਿਸਨਰ ਅਤੇ ਐਸ ਐਸ ਪੀ ਦੇ ਨਾਂ ਮੰਗ ਪੱਤਰ ਵੀ ਦਿੱਤੇ ਗਏ। ਇਸ ਰੈਲੀ ਵਿਚ ਕਿਸਾਨ ਆਗੂ ਸੁਖਦੇਵ ਸਿੰਘ ਭਾਗੋਕਾਵਾਂ, ਬਲਬੀਰ ਉਚਾ ਧਕਾਲਾ, ਬਲਕਾਰ ਸਿੰਘ ਦੀਨਾਨਗਰ,ਪਿੰਟਾ ਭਰਥ, ਰੀਟਾ ਬਦੋਵਾਲ ਕਲਾਂ, ਬਾਲ ਕਿਸਨ ਪਾਲਾ, ਸੋਨੀਆ ਚੰਗੂਵਾਲ ਅਤੇ ਰਮਨਪ੍ਰੀਤ ਸਿੰਘ ਪਿੰਡੀ ਸ਼ਾਮਲ ਸਨ।



# ਲੈਂਡ ਪੂਲਿੰਗ ਨੀਤੀ ਵਿਰੁੱਧ ਕਿਸਾਨਾਂ ਵੱਲੋਂ ਟਰੈਕਟਰ ਮਾਰਚ










**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਲੈਂਡ ਪੂਲਿੰਗ ਨੀਤੀ ਦੇ ਵਿਰੋਧ ਵਿੱਚ ਅੱਜ ਸੰਯੁਕਤ ਕਿਸਾਨ ਮੋਰਚੇ ਵੱਲੋਂ ਪੰਜਾਬ ਭਰ ਵਿੱਚ ਵਿਸ਼ਾਲ ਟਰੈਕਟਰ ਮਾਰਚ ਕੀਤੇ ਗਏ।ਇਸ ਟਰੈਕਟਰ ਮਾਰਚ ਦੀ ਅਗਵਾਈ ਸਾਂਝੇ ਤੌਰ ਤੇ ਜ਼ਮੀਨ ਬਚਾਓ ਸੰਘਰਸ਼ ਕਮੇਟੀ ਪਿੰਡ ਘਰਾਲਾ ਦੇ ਕਨਵੀਨਰ ਰਜਿੰਦਰ ਸਿੰਘ ਸੋਨਾ, ਪਰਮਜੀਤ ਕੌਰ ਅਤੇ ਰਣਜੀਤ ਸਿੰਘ ਰਾਣਾ ਤੋਂ ਇਲਾਵਾ ਜਮਹੂਰੀ ਕਿਸਾਨ ਸਭਾ ਦੇ ਆਗੂ ਹਰਜੀਤ ਸਿੰਘ ਕਾਹਲੋ, ਬੀਕੇਯੂ ਉਗਰਾਹਾਂ ਦੇ ਲਖਵਿੰਦਰ ਸਿੰਘ ਮਜਿਆਂਵਾਲੀ, ਕਿਰਤੀ ਕਿਸਾਨ ਯੂਨੀਅਨ ਦੇ ਤਰਲੋਕ ਸਿੰਘ ਬਹਿਰਾਮਪੁਰ, ਕੁੱਲ ਹਿੰਦ ਕਿਸਾਨ ਸਭਾ ਦੇ ਗੁਲਜ਼ਾਰ ਸਿੰਘ ਬਸੰਤਕੋਟ, ਆਲ ਇੰਡੀਆ ਕਿਸਾਨ ਸਭਾ ਗਰੇਵਾਲ ਦੇ ਲਖਵਿੰਦਰ ਸਿੰਘ ਮਰੜ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਰਾਜ ਗੁਰਵਿੰਦਰ ਸਿੰਘ ਲਾਡੀ, ਪੰਜਾਬ ਕਿਸਾਨ ਯੂਨੀਅਨ ਦੇ ਸੁਖਦੇਵ ਸਿੰਘ ਭਾਗੋਕਾਵਾਂ, ਮਾਝਾ ਕਿਸਾਨ ਸੰਘਰਸ਼ ਕਮੇਟੀ ਦੇ ਬਲਵਿੰਦਰ ਸਿੰਘ ਰਾਜੂ ਔਲਖ ,ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਗੁਰਦੀਪ ਸਿੰਘ ਮੁਸਤਫਾਬਾਦ, ਬੀਕੇਯੂ ਡਕੌਂਦਾ ਦੇ ਗੁਰਵਿੰਦਰ ਸਿੰਘ ਜੀਵਨ ਚੱਕ, ਬੀਕੇਯੂ ਰਾਜੇਵਾਲ ਦੇ ਪਲਵਿੰਦਰ ਸਿੰਘ ਮਠੋਲਾ, ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੁਰਿੰਦਰ ਸਿੰਘ ਕੋਠੇ ਬੀਕੇਯੂ ਕ੍ਰਾਂਤੀਕਾਰੀ ਦੇ ਕੁਲਦੀਪ ਸਿੰਘ ਦਾਦੂਜੋਧ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਸਤਿੰਦਰ ਪਾਲ ਸਿੰਘ ਤੁੰਗ ਅਤੇ ਸੋਹਣ ਸਿੰਘ ਆਦਿ ਨੇ ਸਾਂਝੇ ਤੌਰ ਤੇ ਕੀਤੀ।

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉੱਪਰ ਰਾਜੇਵਾਲ, ਮਾਨਾਵਾਲਾ, ਝੀਤਾ, ਨਿੱਜਰਪੁਰਾ, ਸੁੱਖੇਵਾਲ ਅਤੇ ਨਵਾਂ ਕੋਟ ਵਿਖੇ ਟਰੈਕਟਰ ਮਾਰਚ ਕਰਕੇ ਨਿੱਜਰ ਟੋਲ ਪਲਾਜੇ 'ਤੇ ਵੱਡਾ ਇਕੱਠ ਕੀਤਾ ਗਿਆ ਜਿਸ ਨੂੰ ਰਤਨ ਸਿੰਘ ਰੰਧਾਵਾ, ਲਖਬੀਰ ਸਿੰਘ ਨਿਜਾਮਪੁਰ, ਹਰਜੀਤ ਸਿੰਘ ਝੀਤੇ, ਗੁਰਦੇਵ ਸਿੰਘ ਵਰਪਾਲ, ਜੋਗਿੰਦਰ ਸਿੰਘ ਅਤੇ ਨਿਸਾਨ ਸਿੰਘ ਸਾਘਣਾ ਨੇ ਸੰਬੋਧਨ ਕੀਤਾ। ਇਲਾਕੇ ਦੇ ਪ੍ਰਭਾਵਿਤ ਕਿਸਾਨਾਂ ਅਤੇ ਕਿਸਾਨ ਜਥੇਬੰਦੀਆਂ ਨੇ ਟੋਲ ਪਲਾਜ਼ੇ ਤੋਂ ਜੰਡਿਆਲਾ ਗੁਰੂ ਹਰਭਜਨ ਸਿੰਘ ਈਟੀਓ ਕੈਬਨਿਟ ਮੰਤਰੀ ਦੇ ਦਫਤਰ ਤੱਕ ਟਰੈਕਟਰ, ਮੋਟਰਸਾਈਕਲ, ਕਾਰਾਂ, ਜੀਪਾਂ ਤੇ ਮਾਰਚ ਕਰਕੇ ਮੰਗ ਪੱਤਰ ਦਿੱਤਾ।ਮੰਗ ਪੱਤਰ ਵਿੱਚ ਲੈਂਡ ਪੂਲਿੰਗ ਪਾਲਿਸੀ ਨੂੰ ਤੁਰੰਤ ਵਾਪਿਸ ਲੈਣ ਦੀ ਮੰਗ ਕੀਤੀ ਗਈ।ਮੰਗ ਪੱਤਰ ਦੇਣ ਸਮੇਂ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਆਗੂ ਗੁਰਮੇਜ ਸਿੰਘ ਤਿੰਮੋਵਾਲ, ਬਲਦੇਵ ਸਿੰਘ ਸੈਦਪੁਰ, ਦਲਬੀਰ ਸਿੰਘ ਬੇਦਾਦਪੁਰ, ਕਰਨੈਲ ਸਿੰਘ ਨਵਾਂ ਪਿੰਡ ਆਦਿ ਹਾਜ਼ਰ ਸਨ।

**ਝਬਾਲ (ਹਰਜਿੰਦਰ ਸਿੰਘ ਸੋਨੀ)**- ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਵੱਲੋਂ ਲੈਂਡ ਪੂਲਿੰਗ ਨੀਤੀ ਵਿਰੁੱਧ ਤਰਨ ਤਾਰਨ ਨੇੜਲੇ ਪ੍ਰਭਾਵਿਤ ਪਿੰਡਾਂ ਦੇ ਲੋਕਾਂ ਦੇ ਸਹਿਯੋਗ ਨਾਲ ਵਿਸ਼ਾਲ ਟਰੈਕਟਰ ਤੇ ਵਹੀਕਲਜ਼ ਮਾਰਚ ਕੀਤਾ ਗਿਆ।ਪੰਜਾਬ ਸਰਕਾਰ ਦੇ ਵਿਰੁੱਧ ਇਸ ਮਾਰਚ ਦੀ ਅਗਵਾਈ ਨਛੱਤਰ ਸਿੰਘ ਮੁਗਲਚੱਕ, ਦਲਜੀਤ ਸਿੰਘ ਦਿਆਲਪੁਰ, ਤਰਸੇਮ ਸਿੰਘ ਲੁਹਾਰ, ਪੂਰਨ ਸਿੰਘ ਮਾੜੀਮੇਘਾ, ਰਤਨ ਸਿੰਘ ਢੰਡ, ਭੁਪਿੰਦਰ ਸਿੰਘ ਪੰਡੋਰੀ, ਸੁਲੱਖਣ ਸਿੰਘ, ਪ੍ਰਗਟ ਸਿੰਘ ਮਹਿਦੀਪੁਰ ਤੇ ਲਖਬੀਰ ਸਿੰਘ ਨਿੱਝਰ ਨੇ ਕਿਹਾ ਕਿ ਭਗਵੰਤ ਮਾਨ ਦੀ ਲੈਂਡ ਪੂਲਿੰਗ ਨੀਤੀ ਹੁਣ ਤੱਕ ਦੀ ਸਭ ਤੋਂ ਨਖਿੱਧ ਨੀਤੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਕਾਰ ਸਿੰਘ ਵਲਟੋਹਾ, ਸੁਖਚੈਨ ਸਿੰਘ ਸਰਹਾਲੀ ਖੁਰਦ, ਮਨਜੀਤ ਸਿੰਘ ਬੱਗੂ, ਤਾਰਾ ਸਿੰਘ ਸਰਹਾਲੀ, ਮਿਹਰ ਸਿੰਘ ਸਖੀਰਾ, ਦਵਿੰਦਰ ਸੋਹਲ, ਮਨਿੰਦਰ ਸਿੰਘ ਲਾਲੀ, ਸੁਖਦੇਵ ਸਿੰਘ ਤੁੜ, ਮਿਹਰ ਸਿੰਘ ਚੁਤਾਲਾ, ਗੁਰਦੇਵ ਸਿੰਘ ਪੀਰਮੁਹੰਮਦ, ਅਮੋਲਕ ਸਿੰਘ ਗੋਰਖਾ, ਪਰਗਟ ਸਿੰਘ ਜਾਮਾਰਾਏ, ਸਵਿੰਦਰ ਸਿੰਘ ਚੁਤਾਲਾ ਸੰਘਰਸ਼ ਕਮੇਟੀ, ਗੁਰਪ੍ਰੀਤ ਗੰਡੀਵਿੰਡ, ਨਾਜ਼ਰ ਸਿੰਘ ਸਰਹਾਲੀ ਨੇ ਵੀ ਸੰਬੋਧਨ ਕੀਤਾ।




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਦੇ ਵਿਰੋਧ ਵਿੱਚ ਕਿਸਾਨ ਜਥੇਬੰਦੀਆਂ ਵੱਲੋਂ ਦਿੱਤੇ ਗਏ ਸੱਦੇ ਤੇ ਆਪ ਹੁਸ਼ਿਆਰਪੁਰ ਦੀਆਂ ਸੜਕਾਂ ਤੇ ਹਜ਼ਾਰਾਂ ਟਰੈਕਟਰ ਚਲਾ ਕੇ ਅਨੋਖੇ ਢੰਗ ਨਾਲ ਕਿਸਾਨਾਂ ਨੇ ਪੰਜਾਬ ਸਰਕਾਰ ਖਿਲਾਫ ਸਖਤ ਰੋਸ ਪ੍ਰਦਰਸ਼ਨ ਕੀਤਾ । ਹੁਸ਼ਿਆਰਪੁਰ ਦੇ ਫਗਵਾੜਾ ਰੋਡ ਤੋਂ ਆਰੰਭ ਹੋਇਆ ਇਹ ਟਰੈਕਟਰ ਮਾਰਚ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਚੌਕ ਪੁਰਹੀਰਾਂ ਤੋਂ ਸ਼ੇਰਗੜ੍ਹ ਬਾਈਪਾਸ ਤੋਂ ਚੰਡੀਗੜ੍ਹ ਬਾਈਪਾਸ ਰੋਡ, ਡੀ.ਸੀ ਰੋਡ, ਸੈਸ਼ਨ ਚੌਕ ਘੰਟਾ ਘਰ, ਭਗਵਾਨ ਵਾਲਮੀਕ ਚੌਕ, ਬੱਸ ਸਟੈਂਡ ਚੌਂਕ, ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਚੌਕ, ਪ੍ਰਭਾਤ ਚੌਕ, ਗੌਰਮਿੰਟ ਕਾਲਜ ਚੌਕ ਤੋਂ ਪੁਰਹੀਰਾਂ ਵਿਖੇ ਸਮਾਪਤ ਹੋਇਆ। ਅੱਜ ਦੇ ਇਸ ਟਰੈਕਟਰ ਮਾਰਚ ਦੀ ਖਾਸ ਗੱਲ ਇਹ ਰਹੀ ਕਿ ਇਸ ਮਾਰਚ ਦੀ ਕਿਸੇ ਖਾਸ ਜਥੇਬੰਦੀ ਵੱਲੋਂ ਅਗਵਾਈ ਨਹੀਂ ਕੀਤੀ ਗਈ ਸਗੋਂ ਆਪ ਮੁਹਾਰੇ ਕਿਸਾਨ ਟਰੈਕਟਰ ਲੈ ਕੇ ਹੁਸ਼ਿਆਰਪੁਰ ਦੇ ਵੱਖ ਵੱਖ ਕਸਬਿਆਂ ਤੋਂ ਸ਼ਾਮਿਲ ਹੋਏ । ਇਸ ਮਾਰਚ ਬਾਰੇ ਜਾਣਕਾਰੀ ਦਿੰਦਿਆਂ ਉੱਘੇ ਕਿਸਾਨ ਲੀਡਰ ਜਸਵਿੰਦਰ ਸਿੰਘ ਛਾਉਣੀ ਨੇ ਦੱਸਿਆ ਕਿ ਲੈਂਡ ਪੁਲਿੰਗ ਦੇ ਤਹਿਤ ਮਾਨ ਸਰਕਾਰ ਉਦਯੋਗੀਕਰਨ ਦੇ ਨਾਂਅ ਤੇ ਰਿਹਾਇਸ਼ੀ ਕਲੋਨੀਆਂ ਅਤੇ ਉਦਯੋਗਿਕ ਪਾਰਕ ਬਣਾ ਕੇ ਇੱਕ ਲੈਂਡ ਪੂਲਿੰਗ ਨੀਤੀ ਲੈ ਕੇ ਆਈ ਹੈ। ਜਿਸ ਦੇ ਤਹਿਤ ਸਰਕਾਰ ਪੰਜਾਬ ਦੀ ਉਪਜਾਊ ਜ਼ਮੀਨ ਹੜੱਪਣਾ ਚਾਹੁੰਦੀ ਹੈ , ਇਸ ਨੀਤੀ ਨੂੰ ਤੁਰੰਤ ਰੱਦ ਕਰਨਾ ਚਾਹੀਦਾ ਹੈ। ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨਾਂ ਨੂੰ ਰੱਦ ਕੀਤਾ ਜਾਵੇ।

# ਗੰਦੀ ਨਾਲੇ ਦੀ ਸਫ਼ਾਈ ਤੇ ਡੂੰਘਾਈ ਨਾ ਹੋਣ ਕਾਰਨ ਕਿਸਾਨ ਪ੍ਰੇਸ਼ਾਨ

**ਗੁਰਦਾਸਪੁਰ (ਜਨਕ ਮਹਾਜਨ)**- ਗੁਰਦਾਸਪੁਰ-ਮੁਕੇਰੀਆਂ ਸੜਕ ਵਿਚਕਾਰ ਵਗਦੇ ਗੰਦੀ ਨਾਲੇ ਦੀ ਸਫ਼ਾਈ ਤੇ ਡੂੰਘਾਈ ਨਾ ਹੋਣ ਕਾਰਨ ਸੈਂਕੜੇ ਏਕੜ ਕਿਸਾਨਾਂ ਦੀ ਫ਼ਸਲ ਦਾ ਭਾਰੀ ਨੁਕਸਾਨ ਹੁੰਦਾ ਹੈ। ਇਸ ਨਾਲੇ ਵਿਚ ਬਹੁਤ ਲੰਬੀ-ਲੰਬੀ ਜੰਗਲੀ ਘਾਹ ਬੂਟੀ ਉੱਗੀ ਪਈ ਹੈ ਜਿਸ ਕਾਰਨ ਵਰਖ਼ਾ ਦੇ ਦਿਨਾਂ ਵਿਚ ਪਾਣੀ ਦਾ ਨਿਕਾਸ ਸਹੀ ਢੰਗ ਨਾਲ ਨਹੀਂ ਹੁੰਦਾ। ਇਹ ਨਾਲਾ ਕਸਬਾ ਪੁਰਾਣਾ ਸ਼ਾਲਾ ਤੇ ਪਿੰਡ ਜਗਤਪੁਰ ਵਿਚਕਾਰ ਸੜਕ ਵਿਚੋਂ ਲੰਘਦਾ ਹੈ। ਲੋਕਾਂ ਨੇ ਦੱਸਿਆ ਕਿ ਇਹ ਨਾਲਾ ਘਰੋਟਾ ਵਾਲੀ ਸਾਈਡ ਤੋਂ ਆਉਂਦਾ ਹੈ ਸੜਕ ਪਾਰ ਕਰਦਾ ਹੋਇਆ ਪਿੰਡ ਮੀਲ੍ਹਮਾ ਨਜ਼ਦੀਕ ਦਰਿਆ ਬਿਆਸ ਵਿਚ ਮਰਜ ਹੋ ਜਾਂਦਾ ਹੈ। ਇਲਾਕਾ ਵਾਸੀਆਂ ਨੇ ਦੱਸਿਆ ਕਿ ਇਸ ਨਾਲੇ ਦੀ ਲੰਬਾਈ ਲਗਭਗ 15 ਤੋਂ 16 ਕਿਲੋਮੀਟਰ ਬਣਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਬਰਸਾਤੀ ਪਾਣੀ ਦੀ ਡਾਫ ਲੱਗਦੀ ਹੈ ਤਾਂ ਝੋਨੇ ਵਿਚ ਆਵਾਰਾ ਪਾਣੀ ਕਈ ਦਿਨ ਫਿਰਦਾ ਰਹਿੰਦਾ ਹੈ ਜਿਸ ਨਾਲ ਝੋਨੇ ਦੀ ਫ਼ਸਲ ਖ਼ਰਾਬ ਹੋ ਜਾਂਦੀ ਹੈ। ਕਿਸਾਨਾਂ ਨੇ ਪੰਜਾਬ ਸਰਕਾਰ ਅਤੇ ਸੰਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਗੰਦੀ ਨਾਲੇ ਦੀ ਸਫ਼ਾਈ ਤੇ ਡੂੰਘਾਈ ਪਹਿਲ ਦੇ ਆਧਾਰ 'ਤੇ ਕਾਰਵਾਈ ਜਾਵੇ ਤਾਂ ਜੋ ਕਿਸਾਨਾਂ ਦੀ ਫ਼ਸਲ ਖ਼ਰਾਬ ਹੋਣ ਤੋਂ ਬਚ ਸਕੇ।




# ਸੰਵਿਧਾਨ ਅਨੁਸਾਰ ਸਿੱਖਾਂ ਨੂੰ ਕਕਾਰ ਪਹਿਨਣ ਦਾ ਪੂਰਾ ਅਧਿਕਾਰ : ਐਡਵੋਕੇਟ ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਰਾਜਸਥਾਨ ਅੰਦਰ ਪ੍ਰੀਖਿਆ ਦੌਰਾਨ ਗੁਰਸਿੱਖ ਲੜਕੀ ਨੂੰ ਕਕਾਰ ਪਾਉਣ ਕਾਰਨ ਪ੍ਰੀਖਿਆ ਵਿੱਚ ਦਾਖਲਾ ਨਾ ਦੇਣ ਤੇ ਸਿੱਖ ਕੌਮ ਵੱਲੋਂ ਪ੍ਰਗਟਾਏ ਰੋਸ ਮਗਰੋਂ ਰਾਜਸਥਾਨ ਸਰਕਾਰ ਵੱਲੋਂ ਸਿੱਖ ਉਮੀਦਵਾਰਾਂ ਨੂੰ ਕਕਾਰਾਂ ਸਮੇਤ ਪ੍ਰੀਖਿਆ ਦੇਣ ਦੀ ਪ੍ਰਵਾਨਗੀ ਤੇ ਪ੍ਰਤੀਕ੍ਰਿਆ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰ ਨੂੰ ਅਜਿਹਾ ਕਦਮ ਬਹੁਤ ਪਹਿਲਾਂ ਚੁੱਕਣਾ ਚਾਹੀਦਾ ਸੀ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਅਧਿਕਾਰੀਆਂ ਦੇ ਗਲਤ ਵਤੀਰੇ ਕਾਰਨ ਪੇਪਰ ਦੇਣ ਤੋਂ ਵਾਂਝੀ ਰਹਿ ਗਈ ਸਿੱਖ ਉਮੀਦਵਾਰ ਲਈ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕਰਕੇ ਪੇਪਰ ਦੇਣ ਦਾ ਮੌਕਾ ਦਿੱਤਾ ਜਾਵੇ, ਤਾਂ ਜੋ ਉਸ ਨੂੰ ਇਨਸਾਫ਼ ਮਿਲ ਸਕੇ। ਧਾਮੀ ਨੇ ਕਿਹਾ ਕਿ ਭਾਰਤ ਦੇ ਸੰਵਿਧਾਨ ਅਨੁਸਾਰ ਸਿੱਖਾਂ ਨੂੰ ਪਹਿਲਾਂ ਹੀ ਕਿਰਪਾਨ ਪਹਿਨਣ ਦਾ ਪੂਰਾ ਅਧਿਕਾਰ ਹੈ ਅਤੇ ਸਿੱਖ ਰਹਿਤ ਮਰਯਾਦਾ ਅਨੁਸਾਰ ਕੋਈ ਵੀ ਅੰਮ੍ਰਿਤਧਾਰੀ ਸਿੱਖ ਆਪਣੇ ਸਰੀਰ ਨਾਲੋਂ ਪੰਜ ਕਕਾਰ ਵੱਖ ਨਹੀਂ ਕਰ ਸਕਦਾ। ਇਸ ਲਈ ਬਕਾਇਦਾ ਨਿਯਮ ਹਨ, ਜਿਨ੍ਹਾਂ ਨੂੰ ਅਕਸਰ ਅਣਗੌਲਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ ਸਭ ਨੂੰ ਪਤਾ ਹੋਣ ਦੇ ਬਾਵਜੂਦ ਬੀਤੇ ਅੰਦਰ ਕਈ ਥਾਵਾਂ 'ਤੇ ਅੰਮ੍ਰਿਤਧਾਰੀ ਸਿੱਖ ਵਿਦਿਆਰਥੀਆਂ ਨੂੰ ਧਾਰਮਿਕ ਚਿੰਨ੍ਹ ਕਕਾਰ ਉਤਾਰਨ ਲਈ ਮਜਬੂਰ ਕੀਤਾ ਗਿਆ ਅਤੇ ਵਿਰੋਧ ਕਰਨ ਉੱਤੇ ਪ੍ਰੀਖਿਆਵਾਂ ਵਿੱਚ ਦਾਖਲਾ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਪੰਜ ਕਕਾਰ ਸਿੱਖ ਪਛਾਣ ਅਤੇ ਮੌਲਿਕ ਅਧਿਕਾਰਾਂ ਦੇ ਤਰਜਮਾਨ ਹਨ, ਜਿਸ ਦਾ ਸਭ ਨੂੰ ਸਤਿਕਾਰ ਕਰਨਾ ਚਾਹੀਦਾ ਹੈ।ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਸੂਬਾ ਸਰਕਾਰਾਂ ਨੂੰ ਹਦਾਇਤ ਕਰਨ ਕਿ ਸਿੱਖ ਵਿਦਿਆਰਥੀਆਂ ਨਾਲ ਹੁੰਦੀਆਂ ਅਜਿਹੀਆਂ ਜ਼ਿਆਦਤੀਆਂ ਨੂੰ ਰੋਕਣ ਲਈ ਭਾਰਤੀ ਸਵਿਧਾਨ ਅੰਦਰ ਸਿੱਖਾਂ ਨੂੰ ਮਿਲੇ ਅਧਿਕਾਰਾਂ ਦੀ ਰਖਵਾਲੀ ਕੀਤੀ ਜਾਵੇ, ਇਸ ਵਾਸਤੇ ਪ੍ਰੀਖਿਆਵਾਂ ਸਮੇਂ ਸਿੱਖ ਕਕਾਰਾਂ ਨੂੰ ਲੈਣ ਕੇ ਪ੍ਰੀਖਿਆ ਅਮਲੇ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ।

# ਮਸੀਹ ਲੋਕਾਂ ਨੇ ਏ ਡੀ ਸੀ ਨੂੰ ਪ੍ਰਧਾਨ ਮੰਤਰੀ ਦੇ ਨਾਂਅ ਸੌਂਪਿਆ ਮੰਗ ਪੱਤਰ

**ਗੁਰਦਾਸਪੁਰ (ਦਿਨੇਸ਼ ਕੁਮਾਰ)**- ਜਲੰਧਰ ਡਾਇਓਸੀਸ ਦੇ ਬਿਸ਼ਪ ਜੋਸ਼ ਸਬਸਟੀਅਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੇ ਵੱਡੀ ਗਿਣਤੀ ਵਿੱਚ ਮਸੀਹ ਭਾਈਚਾਰੇ ਦੇ ਲੋਕਾਂ ਨੇ ਸੰਤਨੀ ਤਰੇਜਾ ਕੈਥੋਲਿਕ ਚਰਚ ਧਾਰੀਵਾਲ ਦੇ ਪੈਰਿਸ ਪਰੀਸਟ ਅਤੇ ਡੀਨ ਰੈਵ: ਫਾਦਰ ਜੋਸ ਪਡਿਆਟੀ ਅਤੇ ਡੀਨ ਗੁਰਦਾਸਪੁਰ ਰੈਵ ਫਾਦਰ ਵਿਲੀਅਮ ਸਹੋਤਾ ਦੀ ਅਗਵਾਈ ਵਿੱਚ ਇਕੱਤਰ ਹੋ ਕੇ ਏ ਡੀ ਸੀ ਗੁਰਦਾਸਪੁਰ ਰਾਹੀਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ ਮੰਗ ਪੱਤਰ ਸੌਂਪਿਆ ਗਿਆ। ਇਸ ਦੌਰਾਨ ਫਾਦਰ ਜੋਸ਼ ਪਡਿਆਟੀ ਅਤੇ ਫਾਦਰ ਵਿਲੀਅਮ ਸਹੋਤਾ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਸੌਂਪੇ ਗਏ ਮੰਗ ਪੱਤਰ ਵਿੱਚ ਇਹ ਲਿਖਿਆ ਗਿਆ ਕਿ 2 ਕੈਥੋਲਿਕ ਧਰਮ ਭੈਣਾਂ (ਨੰਨਜ਼) ਸਿਸਟਰ ਵੰਦਨਾ ਫਰਾਂਸਿਸ ਅਤੇ ਸਿਸਟਰ ਪ੍ਰੀਤੀ ਮੇਰੀ ਦੀ 25 ਜੁਲਾਈ ਨੂੰ ਜ਼ਬਰੀ ਧਰਮ ਪਰਿਵਰਤਨ ਦੇ ਦੋਸ਼ ਅਧੀਨ ਛੱਤੀਸਗੜ੍ਹ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵਲੋਂ ਕੀਤੀ ਗਈ ਗ੍ਰਿਫਤਾਰੀ ਦੀ ਉਹ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਨ। ਉਹਨਾਂ ਕਿਹਾ ਕਿ ਇਹ ਮੰਦਭਾਗੀ ਘਟਨਾ ਦੇਸ਼ ਭਰ ਦੇ ਮਸੀਹ ਲੋਕਾਂ ਦੇ ਸਹਿਣ ਤੋਂ ਬਾਹਰ ਹੈ। ਇਹਨਾਂ ਧਰਮ ਭੈਣਾਂ ਨੂੰ ਦੁਰਗ ਪੁਲਿਸ ਵੱਲੋਂ ਬਜੰਰਗ ਦਲ ਕਾਰਕੁੰਨਾਂ ਦੁਆਰਾ ਝੂਠੀ ਘੜੀ ਗਈ ਮਨੁੱਖੀ ਤਸਕਰੀ ਅਤੇ ਜ਼ਬਰੀ ਧਰਮ ਪਰਿਵਰਤਨ ਦੇ ਦੋਸ਼ ਅਧੀਨ ਸ਼ਿਕਾਇਤ ਦਰਜ ਕਰਵਾਏ ਜਾਣ 'ਤੇ ਗ੍ਰਿਫਤਾਰ ਕੀਤਾ ਗਿਆ ਹੈ।ਉਹਨਾਂ ਕਿਹਾ ਕਿ ਅਸੀਂ ਇਹ ਗੱਲ ਪੂਰੇ ਭਰੋਸੇ ਨਾਲ ਕਹਿੰਦੇ ਹਾਂ ਕਿ ਮਿਸ਼ਨਰੀ ਲੋਕ ਕਦੇ ਵੀ ਜ਼ਬਰੀ ਧਰਮ ਪਰਿਵਰਤਨ ਨਹੀਂ ਕਰਦੇ। ਚਰਚ ਦੀਆਂ ਸਿੱਖਿਆ, ਸਿਹਤ ਸੰਬੰਧੀ ਅਤੇ ਸਮਾਜਿਕ ਸੇਵਾ ਦੇ ਖੇਤਰ ਵਿਚ ਸੇਵਾਵਾਂ ਗਹਿਰਾਈ ਨਾਲ ਹਮਦਰਦੀ ਵਾਲੀ ਭਾਵਨਾ ਅਪਣਾਏ ਹੋਏ ਹਨ ਅਤੇ ਆਮ ਭਲਾਈ ਕਾਰਜਾਂ ਪ੍ਰਤੀ ਨਿਸ਼ਠਾ ਰੱਖਦੀਆਂ ਹਨ। ਕਿਸੇ ਨੂੰ ਵੀ ਭਾਰਤੀ ਸੰਵਿਧਾਨ ਦੀ ਧਾਰਾ 25 ਅਧੀਨ ਇਹ ਅਧਿਕਾਰ ਪ੍ਰਾਪਤ ਹੈ ਕਿ ਉਹ ਆਜ਼ਾਦੀ ਨਾਲ ਕਿਸੇ ਵੀ ਧਰਮ ਨੂੰ ਅਪਣਾ ਸਕਦਾ ਹੈ ਅਤੇ ਉਸ ਨੂੰ ਵਿਹਾਰ ਵਿਚ ਲਿਆ ਸਕਦਾ ਹੈ। ਉਹਨਾਂ ਕਿਹਾ ਕਿ ਇਸ ਅਧਿਕਾਰ ਨੂੰ ਦਬਾਉਣਾ ਜਾਂ ਇਸ ਅਧੀਨ ਦੋਸ਼ੀ ਠਹਿਰਾਉਣਾ ਸੰਵਿਧਾਨਕ ਕਦਰਾਂ ਕੀਮਤਾਂ ਦੀ ਘੋਰ ਉਲੰਘਣਾ ਹੈ ਅਤੇ ਇਹ ਭਾਰਤ ਦੇ ਲੋਕਤੰਤਰ ਦੇ ਮੂਲਭਾਵ ਨੂੰ ਕਮਜ਼ੋਰ ਕਰਦਾ ਹੈ। ਇਸ ਲਈ ਅਸੀਂ ਪੁਰਜ਼ੋਰ ਬੇਨਤੀ ਕਰਦੇ ਹਾਂ ਕਿ ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ ਜੋ ਝੂਠੇ ਦੋਸ਼ ਲਗਾਉਂਦੇ ਹਨ ਅਤੇ ਧਰਮ ਭੈਣਾਂ ਦੀ ਗ੍ਰਿਫਤਾਰੀ ਲਈ ਜ਼ਿੰਮੇਵਾਰ ਵਿਅਕਤੀਆਂ 'ਤੇ ਵਿਭਾਗੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਲਿਟਲ ਫਲਾਵਰ ਕਾਨਵੈਂਟ ਸਕੂਲ ਦੇ ਪ੍ਰਿੰਸੀਪਲ ਸਿਸਟਰ ਦਿਵਿਆ, ਵੱਡੀ ਗਿਣਤੀ ਵਿਚ ਫਾਦਰ ਸਹਿਬਾਨ, ਸਿਸਟਰ ਸਹਿਬਾਨ, ਵੱਖ ਵੱਖ ਚਰਚਾਂ ਦੇ ਪਾਸਟਰ ਸਹਿਬਾਨ, ਸ਼ਾਲਵੇਸ਼ਨ ਆਰਮੀ ਚਰਚ ਦੇ ਮੇਜਰ ਪਾਦਰੀ ਸਹਿਬਾਨ, ਲੇਟੀ ਕਮਿਸ਼ਨ ਦੇ ਮੈਂਬਰ ਰਕੇਸ਼ ਰੋਕੀ, ਚਰਚ ਮੀਡੀਆ ਇੰਚਾਰਜ ਜੇਮਸ ਨਾਹਰ, ਪਾਸਟਰ ਇਮੈਨੁਅਲ, ਪ੍ਰਧਾਨ ਬੱਬਾ ਗਿੱਲ, ਕੌਂਸਲਰ ਇੰਦਰਿਆਸ ਹੰਸ, ਸੁਨੀਲ ਗਿੱਲ , ਡਾਕਟਰ ਜੋਨਾਤਨ, ਤਰਸੇਮ ਮਸੀਹ ਸਹੋਤਾ, ਐਸ ਐਮ ਰੰਧਾਵਾ, ਤਰਸੇਮ ਮਸੀਹ ਕਮਾਂਡੋ, ਬਾਬੂ ਵਾਰਿਸ, ਬਾਬੂ ਪਤਰਸ, ਸੁਲੇਮਾਨ ਮਲਿਕ, ਸਟੀਫਨ ਤਿਲਕਾ , ਬਾਬੂ ਨਿਸ਼ਾਨ ਮੱਟੂ ਆਦਿ ਤੋਂ ਇਲਾਵਾ ਵੱਖ ਵੱਖ ਕਮੇਟੀਆਂ ਦੇ ਪ੍ਰਧਾਨ ਤੇ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



ਨਵਾਂ ਜ਼ਮਾਨਾ
ਸ਼ੁੱਕਰਵਾਰ, 1 ਅਗਸਤ 2025

# ਸਪੱਸ਼ਟ ਸਟੈਂਡ ਲੈਣਾ ਪੈਣਾ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਪਹਿਲੀ ਅਗਸਤ ਤੋਂ ਭਾਰਤੀ ਮਾਲ 'ਤੇ 25 ਫੀਸਦੀ ਟੈਰਿਫ ਲਾਗੂ ਕਰਨ ਤੋਂ ਇਲਾਵਾ ਰੂਸ ਤੋਂ ਤੇਲ ਖਰੀਦਣ 'ਤੇ ਜੁਰਮਾਨਾ ਲਾਉਣ ਦਾ ਐਲਾਨ ਚਾਣਚੱਕ ਚੁੱਕਿਆ ਕਦਮ ਨਹੀਂ, ਸਗੋਂ ਉਸ ਰਣਨੀਤੀ ਦਾ ਹਿੱਸਾ ਹੈ, ਜਿਸ ਤਹਿਤ ਅਮਰੀਕਾ ਵਿਕਾਸਸ਼ੀਲ ਦੇਸ਼ਾਂ ਵਿੱਚ ਅੰਤਰ-ਵਿਰੋਧ ਨੂੰ ਹਵਾ ਦੇ ਕੇ ਉਨ੍ਹਾਂ ਨੂੰ ਆਪਣੀਆਂ ਹੀ ਨੀਤੀਆਂ ਦੇ ਖਿਲਾਫ ਖੜ੍ਹਾ ਕਰਨਾ ਚਾਹੁੰਦਾ ਹੈ। ਚੀਨ ਪਹਿਲਾਂ ਹੀ ਸਮਝ ਚੁੱਕਾ ਹੈ ਕਿ ਅਮਰੀਕਾ ਦੀ ਅਸਲੀ ਖੇਡ ਭਾਰਤ ਬਨਾਮ ਚੀਨ ਨਹੀਂ, ਸਗੋਂ ਭਾਰਤ ਬਨਾਮ ਭਾਰਤ ਕਰਨ ਦੀ ਹੈ, ਯਾਨਿ ਭਾਰਤ ਨੂੰ ਖੁਦ ਉਸ ਦੀਆਂ ਸਮਾਜੀ-ਆਰਥਕ ਖਾਮੀਆਂ ਤੇ ਨੀਤੀਗਤ ਭਰਮਾਂ ਵਿੱਚ ਉਲਝਾ ਕੇ ਰੱਖਣਾ। ਚੀਨ ਸਮਝਦਾ ਹੈ ਕਿ ਅਮਰੀਕਾ ਕਿਸੇ ਦੇਸ਼ ਨੂੰ ਜੰਗ ਵਿੱਚ ਨਹੀਂ, ਸਗੋਂ ਸਮਾਜੀ ਤੇ ਆਰਥਕ ਤਣਾਵਾਂ ਰਾਹੀਂ ਹਰਾਉਂਦਾ ਹੈ। ਇਹੀ ਕਾਰਨ ਹੈ ਕਿ ਉਹ ਘਰੇਲੂ ਬਾਜ਼ਾਰ ਨੂੰ ਕੰਟਰੋਲ ਕਰਨ, ਨੀਤੀਗਤ ਸਪੱਸ਼ਟਤਾ ਰੱਖਣ ਤੇ ਟੈਕਨਾਲੋਜੀ ਨੂੰ ਆਤਮ-ਨਿਰਭਰਤਾ ਦਾ ਔਜ਼ਾਰ ਬਣਾਉਣ 'ਤੇ ਜ਼ੋਰ ਦਿੰਦਾ ਆ ਰਿਹਾ ਹੈ। ਦੂਜੇ ਪਾਸੇ ਭਾਰਤ ਦੀਆਂ ਨੀਤੀਆਂ ਵਾਰ-ਵਾਰ ਬਦਲਦੀਆਂ ਹਨ, ਕੇਂਦਰ ਤੇ ਰਾਜ ਵੱਖ-ਵੱਖ ਦਿਸ਼ਾ ਵਿੱਚ ਚਲਦੇ ਹਨ ਅਤੇ ਨਿੱਜੀ ਲਾਬੀਆਂ ਨੀਤੀ ਨਿਰਧਾਰਨ ਨੂੰ ਪ੍ਰਭਾਵਤ ਕਰਦੀਆਂ ਹਨ। ਅਜਿਹੇ ਵਿੱਚ ਅਮਰੀਕਾ ਦਾ ਟੈਰਿਫ ਤਾਂ ਬਾਹਰੀ ਚੀਜ਼ ਹੈ, ਅਸਲ ਲੜਾਈ ਭਾਰਤ ਨੂੰ ਅੰਦਰੋਂ ਅਸਥਿਰ ਕਰਕੇ ਉਸ ਦੀ ਨੀਤੀ-ਆਜ਼ਾਦੀ ਨੂੰ ਕਮਜ਼ੋਰ ਕਰਨ ਦੀ ਹੈ। ਭਾਰਤ ਟਰੰਪ ਦੇ ਟੈਰਿਫ ਦਾ ਮੁਕਾਬਲਾ ਤਾਂ ਹੀ ਕਰ ਸਕਦਾ ਹੈ, ਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਟਰੰਪ ਨੂੰ ਜੱਫੀਆਂ ਪਾਉਣ ਦੀ ਥਾਂ ਚੀਨ ਤੋਂ ਸਬਕ ਲੈਣ। ਟਰੰਪ ਨੇ ਦੂਜੀ ਵਾਰ ਰਾਸ਼ਟਰਪਤੀ ਬਣਨ ਤੋਂ ਬਾਅਦ ਵਪਾਰ ਯੁੱਧ ਦੀ ਸ਼ੁਰੂਆਤ ਕਰਦਿਆਂ ਚੀਨ 'ਤੇ 145 ਫੀਸਦੀ ਤੱਕ ਟੈਰਿਫ ਦਾ ਐਲਾਨ ਕਰ ਦਿੱਤਾ ਸੀ, ਪਰ ਚੀਨ ਵੱਲੋਂ ਉਸ ਨੂੰ ਦੁਰਲੱਭ ਖਣਿਜਾਂ ਦੀ ਬਰਾਮਦ 'ਤੇ ਰੋਕ ਲਾਉਣ ਨੇ ਉਸ ਨੂੰ ਹਿਲਾ ਦਿੱਤਾ, ਕਿਉਂਕਿ ਟਰੰਪ ਕੋਲ ਲੰਮੀ ਮਿਆਦ ਦੇ ਸੰਘਰਸ਼ ਦੀ ਤਿਆਰੀ ਨਹੀਂ ਸੀ। ਇਸ ਦੇ ਬਾਅਦ ਅਮਰੀਕਾ ਨੇ ਚੀਨ ਨਾਲ ਗੱਲਬਾਤ ਸ਼ੁਰੂ ਕੀਤੀ ਅਤੇ ਵਪਾਰਕ ਪਾਬੰਦੀਆਂ ਨੂੰ ਰੋਕਣ 'ਤੇ ਸਹਿਮਤ ਹੋ ਗਿਆ। ਉਸ ਤੋਂ ਬਾਅਦ ਟਰੰਪ ਨੇ ਚੀਨ ਖਿਲਾਫ ਕੋਈ ਧਮਕੀ ਨਹੀਂ ਦਿੱਤੀ।

ਅਮਰੀਕੀਆਂ ਵੱਲੋਂ ਪਾਬੰਦੀਆਂ ਨੂੰ ਵਪਾਰਕ ਸੌਦਿਆਂ ਵਿੱਚ ਬਦਲਣ ਦੀ ਇਹ ਪ੍ਰਵਿਰਤੀ ਲੰਮੇ ਸਮੇਂ ਤੋਂ ਚਲੀ ਆ ਰਹੀ ਰਣਨੀਤਕ ਸਥਿਰਤਾ ਨੂੰ ਤੋੜ ਰਹੀ ਹੈ। ਕਾਰਟਰ ਪ੍ਰਸ਼ਾਸਨ ਦੇ ਬਾਅਦ ਇਹ ਸਪੱਸ਼ਟ ਨੀਤੀ ਸੀ ਕਿ ਕੌਮੀ ਸੁਰੱਖਿਆ ਨਾਲ ਜੁੜੇ ਤਕਨੀਕੀ ਕੰਟਰੋਲ ਕਿਸੇ ਵਪਾਰਕ ਸਮਝੌਤੇ ਦਾ ਹਿੱਸਾ ਨਹੀਂ ਬਣਨਗੇ, ਪਰ ਟਰੰਪ ਖੁੱਲ੍ਹੇਆਮ ਇਨ੍ਹਾਂ ਨੂੰ ਸੌਦੇਬਾਜ਼ੀ ਲਈ ਵਰਤ ਰਿਹਾ ਹੈ। ਇਹ ਨਾ ਸਿਰਫ ਵਿਸ਼ਵ ਵਿਵਸਥਾ ਵਿੱਚ ਅਮਰੀਕਾ ਦੀ ਭੂਮਿਕਾ ਨੂੰ ਕਮਜ਼ੋਰ ਕਰਦਾ ਹੈ, ਸਗੋਂ ਆਉਣ ਵਾਲੇ ਸਮੇਂ ਵਿੱਚ ਹੋਰ ਦੇਸ਼ ਵੀ ਇਨ੍ਹਾਂ ਕੰਟਰੋਲਾਂ ਨੂੰ ਗੰਭੀਰਤਾ ਨਾਲ ਲੈਣਾ ਬੰਦ ਕਰ ਸਕਦੇ ਹਨ। ਚੀਨ ਹੀ ਨਹੀਂ, ਬ੍ਰਾਜ਼ੀਲ ਤੇ ਦੱਖਣੀ ਅਫਰੀਕਾ ਨੇ ਵੀ ਟਰੰਪ ਦੀਆਂ ਧਮਕੀਆਂ ਦੀ ਪਰਵਾਹ ਨਹੀਂ ਕੀਤੀ। ਸਭ ਤੋਂ ਵੱਧ ਟੈਰਿਫ ਲਾਏ ਜਾਣ ਦੇ ਬਾਵਜੂਦ ਉਹ ਉਸ ਦੀਆਂ ਸ਼ਰਤਾਂ ਅੱਗੇ ਝੁਕਣ ਲਈ ਤਿਆਰ ਨਹੀਂ ਹੋਏ। ਇਸ ਵਿਸ਼ਵ ਵਿਵਸਥਾ ਵਿੱਚ ਜਿਹੜੇ ਦੇਸ਼ ਆਪਣੀ ਸੋਚ 'ਤੇ ਦ੍ਰਿੜ੍ਹ ਰਹਿਣਗੇ, ਉਹ ਸਫਲ ਹੋਣਗੇ। ਭਾਰਤ ਨੂੰ ਅਮਰੀਕਾ ਨੂੰ ਸਪੱਸ਼ਟ ਕਰਨਾ ਪਵੇਗਾ ਕਿ ਉਹ ਆਪਣੇ ਕਿਸਾਨਾਂ ਤੇ ਛੋਟੇ ਕਾਰਖਾਨੇਦਾਰਾਂ ਦੀ ਕੀਮਤ 'ਤੇ ਉਸ ਨਾਲ ਵਪਾਰ ਸਮਝੌਤਾ ਕਤਈ ਨਹੀਂ ਕਰੇਗਾ। ਮੋਦੀ ਦਾ ਕਾਰਪੋਰੇਟ ਪ੍ਰੇਮ ਭਾਰਤ ਦੇ ਸਟੈਂਡ ਨੂੰ ਕਮਜ਼ੋਰ ਕਰ ਸਕਦਾ ਹੈ, ਪਰ ਸਮੇਂ ਦਾ ਤਕਾਜ਼ਾ ਇਹੀ ਹੈ ਕਿ ਜੇ ਕੌਮੀ ਹਿੱਤਾਂ ਦੀ ਰਾਖੀ ਕਰਨੀ ਹੈ ਤਾਂ ਟਰੰਪ ਖਿਲਾਫ ਚੀਨ ਵਰਗਾ ਸਟੈਂਡ ਲੈਣਾ ਹੀ ਪੈਣਾ ਹੈ।

## ਸਿਹਤ ਖਰਾਬ ਦਾ ਪੱਜ !

ਚਕਾਚੌਂਧ ਹੁੰਦੀ ਏ 'ਕਸੁੰਭੇ' ਜਿਹੀ ਥੋੜ੍ਹ-ਚਿਰੀ,
ਲੋਕਾਂ ਭਾਣੇ ਲੱਗੇ ਜਿਉਂ ਫੁੱਲ ਹੈ 'ਗੁਲਾਬ' ਦਾ।
ਲੱਲੇ-ਭੱਬੇ ਲਾਉਂਦਿਆਂ ਚਮਚੇ ਲੁਕਾਈ ਜਾਂਦੇ,
ਜਦੋਂ ਬਣੇ ਪਾਰਟੀ 'ਚ ਮਸਲਾ 'ਅਜਾਬ' ਦਾ।
ਪੱਤਰਕਾਰਾਂ ਦੇ ਵੀ ਹੁੰਦੇ 'ਸੂਤਰ' ਭਰੋਸੇਯੋਗ,
ਲਾਹ ਕੇ ਪਰ੍ਹੇ ਮਾਰਦੇ ਨੇ ਪਰਦਾ 'ਨਕਾਬ' ਦਾ।
ਹੇਠਲੇ ਵਿਚਾਰਿਆਂ ਨੂੰ ਪਤਾ ਉਦੋਂ ਲੱਗਦਾ ਏ,
'ਪਾਰਾ' ਜਦੋਂ ਚੜ੍ਹ ਜਾਂਦਾ 'ਉਤਲੇ ਜਨਾਬ' ਦਾ।
ਪਾਰਟੀ 'ਚ ਬੀਜ ਵਾਲਾ ਬੂਟਾ ਫਲੀਭੂਤ ਹੋਵੇ,
ਲੰਮਾ ਚਿਰ ਕੱਢਦਾ ਨ੍ਹੀਂ ਲੱਗਿਆ ਜੋ ਦਾਬ ਦਾ।
ਉੱਤੋਂ ਆਵੇ 'ਹੁਕਮ' ਵਜਾ ਦਿੰਦੇ ਨੇ ਹੱਥੀਂ ਬੰਨ੍ਹੀਂ,
ਲਾ ਦਿੰਦੇ 'ਬਹਾਨਾ' ਝੂਠਾ ਸਿਹਤ ਖਰਾਬ ਦਾ!

-ਤਰਲੋਚਨ ਸਿੰਘ ਦੁਪਾਲਪੁਰ, 78146-92724

# ਕੀ ਹੈ ਪੰਜਾਬ ਸਰਕਾਰ ਦੀ ਸਿਹਤ ਬੀਮਾ ਸਕੀਮ

**ਪੇਸ਼ਕਸ਼-ਐੱਮ ਐੱਸ ਭਾਟੀਆ**

ਪੰਜਾਬ ਸਰਕਾਰ 2 ਅਕਤੂਬਰ ਤੋਂ ਪੰਜਾਬ ਵਿੱਚ ਹੈੱਲਥ ਮਿਸ਼ਨ ਦੇ ਤਹਿਤ 10 ਲੱਖ ਰੁਪਏ ਤੱਕ ਦਾ ਮੁਫ਼ਤ ਬੀਮਾ ਕਰਨ ਜਾ ਰਹੀ ਹੈ। ਪੰਜਾਬ ਦੀ 3 ਕਰੋੜ ਦੀ ਆਬਾਦੀ ਹੈ। 65 ਲੱਖ ਦੇ ਕਰੀਬ ਪਰਿਵਾਰ ਇਸ ਸਕੀਮ ਵਿੱਚ ਜੋੜੇ ਜਾਣਗੇ। ਇਸ ਸਕੀਮ ਤਹਿਤ ਪੰਜਾਬ ਸਰਕਾਰ ਸਰਕਾਰੀ ਹਸਪਤਾਲਾਂ ਦੇ ਨਾਲ ਨਿੱਜੀ ਹਸਪਤਾਲਾਂ ਵਿੱਚ ਵੀ ਲਾਭਪਾਤਰੀਆਂ ਦਾ ਮੁਫਤ ਇਲਾਜ ਕਰਵਾਏਗੀ। ਇਹ ਇਲਾਜ਼ ਕੈਸ਼ਲੈੱਸ ਅਤੇ ਪੇਪਰਲੈੱਸ ਹੋਵੇਗਾ, ਇਸ ਵਿੱਚ ਆਮਦਨ ਦੀ ਕੋਈ ਹੱਦ ਨਹੀਂ ਰੱਖੀ ਗਈ ਹੈ। ਹਰ ਪਰਿਵਾਰ ਦੇ ਮੈਂਬਰਾਂ ਉੱਤੇ ਵੀ ਕੋਈ ਰੋਕ ਨਹੀਂ । ਹਾਲਾਂਕਿ, ਆਯੂਸ਼ਮਾਨ ਯੋਜਨਾ ਦੇ ਨਾਲ ਪਹਿਲਾਂ ਹੀ ਜੁੜੇ ਹੋਏ ਲਾਭਪਾਤਰੀਆਂ ਨੂੰ 5 ਲੱਖ ਰੁਪਏ ਤੱਕ ਦਾ ਵੱਖ ਤੋਂ ਫਾਇਦਾ ਹੋਵੇਗਾ।

**ਕੀ ਹੈ ਨਵੀਂ ਬੀਮਾ ਸਕੀਮ ?**

ਪੰਜਾਬ ਸਰਕਾਰ ਇਸ ਸਕੀਮ ਵਿੱਚ 500 ਨਿੱਜੀ ਹਸਪਤਾਲਾਂ ਨੂੰ ਜੋੜੇਗੀ ਅਤੇ ਆਉਂਦੇ ਸਾਲਾਂ ਵਿੱਚ ਇਨ੍ਹਾਂ ਦੀ ਗਿਣਤੀ 1 ਹਜ਼ਾਰ ਕਰਨ ਦਾ ਟੀਚਾ ਹੈ । ਪੰਜਾਬ ਦੇ ਨਵੇਂ ਬਣੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਇਸ ਸੰਬੰਧੀ ਆਪਣੇ ਐੱਕਸ ਅਕਾਊਂਟ ਉੱਤੇ ਜਾਣਕਾਰੀ ਸਾਂਝੀ ਕੀਤੀ ਹੈ । ਉਨ੍ਹਾ ਲਿਖਿਆ ਹੈ-ਪੰਜਾਬ ਦੇ ਹਰ ਪਰਿਵਾਰ ਦੇ ਮੈਂਬਰ ਨੂੰ 10 ਲੱਖ ਰੁਪਏ ਤੱਕ ਦੇ ਸਲਾਨਾ ਮੁਫਤ ਇਲਾਜ ਦੀ ਯੋਜਨਾ ਹੈ। ਇਸ ਸਬੰਧੀ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ 2025-26 ਬਜਟ ਦੇ ਲਈ 778 ਕਰੋੜ ਰੁਪਏ ਦਾ ਬਜਟ ਰੱਖਿਆ ਹੈ। ਹਾਲਾਂਕਿ ਪੰਜਾਬ ਦੇ ਵਿੱਚ ਸਰਬੱਤ ਦਾ ਭਲਾ ਕਰਕੇ ਪਹਿਲਾਂ ਹੀ ਇੱਕ ਸਕੀਮ ਚਲਾਈ ਜਾ ਰਹੀ ਹੈ, ਜਿਸ ਦੇ ਤਹਿਤ 5 ਲੱਖ ਰੁਪਏ ਤੱਕ ਦਾ ਸਰਕਾਰ ਇਲਾਜ ਕਰਵਾਉਂਦੀ ਹੈ।

**ਇਸ ਸਕੀਮ ਦਾ ਲਾਭ ਲੈਣ ਲਈ ਕੀ-ਕੀ ਚਾਹੀਦਾ ਹੈ ?**

ਮੁੱਖ ਮੰਤਰੀ ਸਰਬੱਤ ਸਿਹਤ ਬੀਮਾ ਯੋਜਨਾ ਦੇ ਤਹਿਤ ਲਗਭਗ 29 ਲੱਖ ਪਰਿਵਾਰ ਜੁੜੇ ਹੋਏ ਹਨ। ਇਸੇ ਤਰ੍ਹਾਂ ਪੰਜਾਬ ਵਿੱਚ ਲਗਭਗ 16 ਲੱਖ ਦੇ ਕਰੀਬ ਪਰਿਵਾਰ ਆਯੂਸ਼ਮਾਨ ਯੋਜਨਾ ਨਾਲ ਵੀ ਜੁੜੇ ਹੋਏ ਹਨ, ਜੋ ਕਿ ਕੇਂਦਰ ਸਰਕਾਰ ਦੀ ਸਕੀਮ ਹੈ । ਪੰਜਾਬ ਸਰਕਾਰ ਦੀ ਨਵੀਂ ਸਕੀਮ ਦੇ ਲਾਭਪਾਤਰੀਆਂ ਨੂੰ ਨਾ ਤਾਂ ਆਯੂਸ਼ਮਾਨ ਕਾਰਡ ਦੀ ਅਤੇ ਨਾ ਹੀ ਰਾਸ਼ਨ ਕਾਰਡ ਦੀ ਲੋੜ ਹੋਵੇਗੀ । ਇਸ ਸਕੀਮ ਵਿੱਚ ਸਰਕਾਰੀ ਮੁਲਾਜ਼ਮਾਂ ਦੇ ਨਾਲ ਆਂਗਨਵਾੜੀ ਵਰਕਰ ਅਤੇ ਆਸ਼ਾ ਵਰਕਰ ਵੀ ਸ਼ਾਮਿਲ ਹੋਣਗੇ।

ਸਕੀਮ ਦਾ ਐਲਾਨ ਖੁਦ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਚੰਡੀਗੜ੍ਹ ਵਿੱਚ ਇੱਕ ਜਨ ਸਭਾ ਨੂੰ ਸੰਬੋਧਨ ਕਰਦੇ ਹੋਏ ਇਹ ਐਲਾਨ ਕੀਤਾ ਕਿ ਸਰਕਾਰ ਮੁਫ਼ਤ ਇਲਾਜ ਯੋਜਨਾ ਸਕੀਮ ਸ਼ੁਰੂ ਕਰਨ ਜਾ ਰਹੀ ਹੈ। ਇਸ ਸਕੀਮ ਨੂੰ ਲੈ ਕੇ ਮਾਹਰਾਂ ਦਾ ਮੰਨਣਾ ਹੈ ਕਿ ਸਕੀਮ ਬਹੁਤ ਜ਼ਰੂਰੀ ਸੀ, ਕਿਉਂਕਿ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਸੱਤਾ ਉੱਤੇ ਕਾਬਜ਼ ਹੋਣ ਤੋਂ ਪਹਿਲਾਂ ਹੈੱਲਥ ਗਰੰਟੀ ਦਾ ਐਲਾਨ ਕੀਤਾ ਸੀ।

**ਆਯੂਸ਼ਮਾਨ ਸਕੀਮ ਦੀ ਪੰਜਾਬ 'ਚ ਸਥਿਤੀ**

ਕੇਂਦਰ ਸਰਕਾਰ ਵੱਲੋਂ 2018 ਵਿੱਚ ਦੇਸ਼ ਦੇ ਸਾਰੇ ਹੀ ਗਰੀਬ ਅਤੇ ਲੋੜਵੰਦ ਲੋਕਾਂ ਦੇ ਲਈ 5 ਲੱਖ ਰੁਪਏ ਤੱਕ ਦੇ ਮੁਫਤ ਇਲਾਜ ਸਬੰਧੀ ਪ੍ਰਧਾਨ ਮੰਤਰੀ ਆਯੂਸ਼ਮਾਨ ਭਾਰਤ ਯੋਜਨਾ ਦੀ ਸ਼ੁਰੂਆਤ ਕੀਤੀ ਗਈ ਸੀ। ਹਾਲਾਂਕਿ ਅੱਜ ਵੀ ਕਈ ਅਜਿਹੇ ਸੂਬੇ ਹਨ, ਜਿੱਥੇ ਆਯੂਸ਼ਮਾਨ ਯੋਜਨਾ ਪੂਰੀ ਤਰ੍ਹਾਂ ਲਾਗੂ ਨਹੀਂ ਹੋਈ। ਪੰਜਾਬ ਵਿੱਚ ਵੀ ਬੀਤੇ ਦਿਨੀ ਕਾਫੀ ਰੌਲਾ ਉਸ ਵੇਲੇ ਪਿਆ ਸੀ, ਜਦੋਂ ਸਰਕਾਰੀ ਹਸਪਤਾਲਾਂ ਨੇ ਆਯੂਸ਼ਮਾਨ ਯੋਜਨਾ ਦੇ ਤਹਿਤ ਇਲਾਜ ਕਰਨਾ ਬੰਦ ਕਰ ਦਿੱਤਾ ਸੀ, ਕਿਉਂਕਿ ਇਸ ਵਿੱਚ ਸੂਬਾ ਸਰਕਾਰ ਦਾ ਵੀ ਹਿੱਸਾ ਹੁੰਦਾ ਹੈ, ਪਰ ਪੰਜਾਬ ਸਰਕਾਰ ਵੱਲੋਂ ਪ੍ਰਾਈਵੇਟ ਹਸਪਤਾਲਾਂ ਨੂੰ ਆਯੂਸ਼ਮਾਨ ਸਕੀਮ ਦੇ ਤਹਿਤ ਪੈਸੇ ਨਾ ਦੇਣ ਦੇ ਕਰਕੇ ਇਲਾਜ ਉੱਤੇ ਰੋਕ ਲਗਾ ਦਿੱਤੀ ਗਈ ਸੀ।

ਲੁਧਿਆਣਾ ਦੇ ਸੀਨੀਅਰ ਡਾਕਟਰ ਅਤੇ ਆਈ ਐੱਮ ਏ ਦੇ ਸਾਬਕਾ ਪ੍ਰਧਾਨ ਡਾਕਟਰ ਅਰੁਣ ਮਿੱਤਰਾ ਦਾ ਮੰਨਣਾ ਹੈ ਕਿ ਸਕੀਮ ਤਾਂ ਚੰਗੀ ਹੈ, ਪਰ ਇਸ ਵਿੱਚ ਫਿਲਹਾਲ ਪਾਰਦਰਸ਼ਤਾ ਨਹੀਂ । ਉਹਨਾ ਕਿਹਾ ਕਿ ਸਰਕਾਰੀ ਹਸਪਤਾਲਾਂ ਵਿੱਚ ਲੋਡ ਬਹੁਤ ਜ਼ਿਆਦਾ ਹੈ। ਸਰਕਾਰ ਨੂੰ ਚਾਹੀਦਾ ਸੀ ਕਿ ਆਪਣੇ ਤੌਰ 'ਤੇ ਹਸਪਤਾਲਾਂ ਦੀ ਹਾਲਤ ਸੁਧਾਰ ਲੈਂਦੀ, ਜਿੱਥੇ ਇਲਾਜ ਪਹਿਲਾਂ ਹੀ ਫ੍ਰੀ ਹੁੰਦਾ ਹੈ। ਉਹਨਾ ਕਿਹਾ ਕਿ ਜ਼ਿਆਦਾਤਰ ਸਰਕਾਰੀ ਹਸਪਤਾਲਾਂ ਵਿੱਚ ਇਲਾਜ ਮੁਫ਼ਤ ਹੈ, ਅਜਿਹੇ ਵਿੱਚ ਜੇਕਰ ਸਰਕਾਰ ਨਿੱਜੀ ਹਸਪਤਾਲਾਂ ਨੂੰ ਇਸ ਸਕੀਮ ਦੇ ਤਹਿਤ ਜੋੜਦੀ ਹੈ, ਤਾਂ ਨਿੱਜੀ ਹਸਪਤਾਲਾਂ ਵਿੱਚ ਇਲਾਜ ਦਾ ਖ਼ਰਚਾ ਵੱਖਰਾ ਹੈ, ਜਦਕਿ ਸਰਕਾਰੀ ਰੇਟ ਵੱਖਰਾ ਹੈ। ਹੁਣ ਅਜਿਹੇ ਵਿੱਚ ਨਿੱਜੀ ਹਸਪਤਾਲ ਕੀ ਸਰਕਾਰੀ ਰੇਟ ਉੱਤੇ ਇਲਾਜ ਕਰਨ ਲਈ ਤਿਆਰ ਹੋਣਗੇ? ਇਹ ਇੱਕ ਵੱਡਾ ਸਵਾਲ ਹੈ।

| ਆਯੁਸ਼ਮਾਨ ਸਕੀਮ | ਪੰਜਾਬ ਸਿਹਤ ਬੀਮਾ |
|---|---|
| 2018 'ਚ ਸ਼ੁਰੂਆਤ ਹੋਈ | 2 ਅਕਤੂਬਰ, 2025 ਤੋਂ ਸ਼ੁਰੂਆਤ |
| 5 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ | 10 ਲੱਖ ਰੁਪਏ ਤੱਕ ਦਾ ਮੁਫ਼ਤ ਇਲਾਜ |
| ਸਰਕਾਰੀ ਅਤੇ ਨਿੱਜੀ ਹਸਪਤਾਲਾਂ 'ਚ ਇਲਾਜ | ਸਰਕਾਰੀ ਅਤੇ ਨਿੱਜੀ ਹਸਪਤਾਲ ਵਿੱਚ ਇਲਾਜ |
| ਸਿਰਫ ਗਰੀਬ ਅਤੇ ਪਿਛੜੇ ਲੋਕਾਂ ਲਈ | ਸਾਰੇ ਪੰਜਾਬੀ ਹੋਣਗੇ ਸਕੀਮ ਵਿੱਚ ਸ਼ਾਮਿਲ |
| ਨੀਲਾ ਕਾਰਡ ਜਾਂ ਰਾਸ਼ਨ ਕਾਰਡ ਹੋਣਾ ਲਾਜ਼ਮੀ | ਨੀਲੇ ਕਾਰਡ ਜਾਂ ਰਾਸ਼ਨ ਕਾਰਡ ਦੀ ਸ਼ਰਤ ਨਹੀਂ |
| 70 ਸਾਲ ਤੋਂ ਵਧੇਰੇ ਉਮਰ ਦੇ ਸਾਰਿਆਂ ਲਈ ਸਕੀਮ | ਆਂਗਨਵਾੜੀ ਵਰਕਰ, ਆਸ਼ਾ ਵਰਕਰ ਵੀ ਸਕੀਮ ਦਾ ਹਿੱਸਾ |
| ਇਕ ਜਾਂ ਵੱਧ ਵਿਕਲਾਂਗ ਪਰਿਵਾਰ ਲਈ ਸਕੀਮ | - |
| ਸੰਗਠਿਤ ਖੇਤਰ ਵਿੱਚ ਕੰਮ ਕਰਨ ਵਾਲੇ ਸਕੀਮ ਤੋਂ ਬਾਹਰ | - |

ਪੰਜਾਬ ਵਿੱਚ ਜ਼ਿਆਦਾਤਰ ਲੋਕ ਓ ਪੀ ਡੀ ਸੇਵਾਵਾਂ ਉੱਤੇ ਹੀ ਵਧੇਰੇ ਪੈਸੇ ਖ਼ਰਚਦੇ ਹਨ ।ਅਜਿਹੇ ਵਿੱਚ ਕੀ ਸਰਕਾਰ ਓ ਪੀ ਡੀ ਸੇਵਾਵਾਂ ਵੀ ਇਸ ਸਕੀਮ ਵਿੱਚ ਮੁਫਤ ਰੱਖੇਗੀ? ਇਸ ਦੇ ਨਾਲ ਹੀ ਜੇਕਰ ਕੋਈ ਸਰਕਾਰੀ ਜਾਂ ਪ੍ਰਾਈਵੇਟ ਹਸਪਤਾਲ ਵਿੱਚ ਇਲਾਜ ਕਰਵਾ ਲੈਂਦਾ ਹੈ, ਤਾਂ ਦਵਾਈਆਂ ਦਾ ਖ਼ਰਚਾ ਕੀ ਇਸ ਸਕੀਮ ਵਿੱਚ ਕਵਰ ਕੀਤਾ ਜਾਵੇਗਾ?

ਸਰਕਾਰ ਦੀ ਮਨਸ਼ਾ ਇਸ ਸਕੀਮ ਨੂੰ ਲਾਗੂ ਕਰਨ ਲਈ ਸਾਫ ਹੋਣੀ ਚਾਹੀਦੀ ਹੈ । ਕਈ ਹਸਪਤਾਲ ਸਸਤੀਆਂ ਜ਼ਮੀਨਾਂ ਲੈ ਕੇ ਚੈਰੀਟੇਬਲ ਹਸਪਤਾਲ ਤਾਂ ਬਣਾ ਲੈਂਦੇ ਹਨ, ਪਰ ਬਾਅਦ ਵਿੱਚ ਇਲਾਜ ਮਹਿੰਗਾ ਹੀ ਹੁੰਦਾ ਹੈ। ਸਰਕਾਰ ਅਜਿਹੇ ਹਸਪਤਾਲਾਂ ਨੂੰ ਕਹਿੰਦੀ ਹੈ ਕਿ 25 ਫੀਸਦੀ ਤੱਕ ਗਰੀਬਾਂ ਦਾ ਇਲਾਜ ਮੁਫਤ ਕੀਤਾ ਜਾਵੇ, ਪਰ ਉਹ ਕਾਗਜ਼ਾਂ ਤੱਕ ਹੀ ਸੀਮਤ ਰਹਿ ਜਾਂਦਾ ਹੈ।

ਉਹਨਾ ਕਿਹਾ ਕਿ ਸਰਕਾਰ ਨੂੰ ਆਪਣੀ ਨਵੀਂ ਸਿਹਤ ਬੀਮਾ ਸਕੀਮ ਨੂੰ ਲੈ ਕੇ ਹਰ ਸਟੈਂਡ ਕਲੀਅਰ ਕਰਨਾ ਚਾਹੀਦਾ ਹੈ। ਮੰਨ ਲਓ ਕਿਸੇ ਮਰੀਜ਼ ਦੇ ਨਿੱਜੀ ਹਸਪਤਾਲ ਵਿੱਚ ਅਪਰੇਸ਼ਨ ਦਾ ਖ਼ਰਚਾ 50 ਹਜ਼ਾਰ ਹੋਇਆ, ਸਰਕਾਰ 20 ਹਜ਼ਾਰ ਦੇ ਰਹੀ ਹੈ। ਫਿਰ ਅਜਿਹੇ ਵਿੱਚ ਕਈ ਵਾਰ ਮਰੀਜ਼ ਨਿੱਜੀ ਹਸਪਤਾਲ ਵਿੱਚ ਹੀ ਇਲਾਜ ਕਰਵਾਉਣਾ ਚਾਹੁੰਦਾ ਹੈ, ਤਾਂ ਫਿਰ ਸੌਦਾ ਹੁੰਦਾ ਹੈ ਕਿ ਚੱਲ ਤੂੰ 30 ਹਜ਼ਾਰ ਦੇ ਦੇਵੀਂ, ਬਾਕੀ 20 ਹਜ਼ਾਰ ਸਰਕਾਰ ਤੋਂ ਮਿਲ ਜਾਣਾ ਹੈ। ਸਰਕਾਰ ਵੱਲੋਂ ਸਿਹਤ ਤੇ ਸਿੱਖਿਆ ਮੁਫ਼ਤ ਹੀ ਦੇਣੀ ਚਾਹੀਦੀ ਹੈ।

ਆਰਥਕ ਮਾਹਰ ਬਾਤਿਸ਼ ਜਿੰਦਲ ਅਨੁਸਾਰ ਪੰਜਾਬ ਸਰਕਾਰ ਲਈ ਇਹ ਸਕੀਮ ਲਿਆਉਣਾ ਜ਼ਰੂਰੀ ਸੀ। ਸਿਹਤ ਇਸ ਸਮੇਂ ਬਹੁਤ ਜ਼ਰੂਰੀ ਹੈ। 10 ਲੱਖ ਰੁਪਏ ਤੱਕ ਫ੍ਰੀ ਇਲਾਜ ਦਾ ਐਲਾਨ ਕਰਨਾ ਸਰਕਾਰ ਦਾ ਬੇਹੱਦ ਹੀ ਵਧੀਆ ਉਪਰਾਲਾ ਹੈ। ਪੰਜਾਬ ਦਾ ਆਪਣਾ ਸਿਹਤ ਬਜਟ ਜੀ ਡੀ ਪੀ ਦਾ 4.6 ਫੀਸਦੀ ਹੈ, ਜੋ ਲਗਭਗ 7-8 ਹਜ਼ਾਰ ਕਰੋੜ ਰੁਪਏ ਬਣਦਾ ਹੈ। ਇਸ ਤੋਂ ਇਲਾਵਾ, ਜੋ ਕੇਂਦਰ ਦੀ ਆਯੂਸ਼ਮਾਨ ਸਕੀਮ ਹੈ, ਉਸ ਦੇ ਅੰਦਰ ਵੀ ਕੁੱਝ ਫੰਡ ਸੂਬੇ ਨੂੰ ਮਿਲਦਾ ਹੈ। ਪੰਜਾਬ ਸਰਕਾਰ ਨੇ 778 ਕਰੋੜ ਰੁਪਏ ਫੰਡ ਲਈ ਰਾਖਵਾਂ ਰੱਖਿਆ ਹੈ। ਮੈਨੂੰ ਲੱਗਦਾ ਹੈ ਪੰਜਾਬ ਵਿੱਚ ਇਸ ਸਕੀਮ ਨੂੰ ਚਲਾਉਣ ਲਈ ਏਨਾ ਫੰਡ ਕਾਫੀ ਹੈ।

(ਈ ਟੀ ਵੀ ਭਾਰਤ ਪੰਜਾਬੀ ਦੀ ਟੀਮ ਵੱਲੋਂ ਲਈ ਗਈ ਇੰਟਰਵਿਊ 'ਤੇ ਅਧਾਰਤ, ਜੋ 15 ਜੁਲਾਈ ਨੂੰ ਨਸ਼ਰ ਕੀਤੀ ਗਈ)

*# ਸੰਪਰਕ : 99884-91002*

# ਸੋਸ਼ਲ ਮੀਡੀਆ ਦਾ ਵਿਦਿਆਰਥੀ ਜੀਵਨ 'ਤੇ ਪ੍ਰਭਾਵ

**ਡਾ. ਸੁਖਰਾਜ ਸਿੰਘ ਬਾਜਵਾ**

ਸੋਸ਼ਲ ਮੀਡੀਆ ਦੇ ਵਿਦਿਆਰਥੀਆਂ ਦੇ ਜੀਵਨ 'ਤੇ ਬਹੁਤ ਸਾਰੇ ਪ੍ਰਭਾਵ ਪੈਂਦੇ ਹਨ, ਜਿਨ੍ਹਾਂ ਵਿਚ ਕੁਝ ਸਕਾਰਾਤਮਕ ਹੁੰਦੇ ਹਨ ਅਤੇ ਕੁਝ ਨਕਾਰਾਤਮਕ । ਜੇਕਰ ਸੋਸ਼ਲ ਮੀਡੀਆ ਦੀ ਵਰਤੋਂ ਸੁਚੱਜੇ ਢੰਗ ਨਾਲ ਕੀਤੀ ਜਾਵੇ ਤਾਂ ਇਹ ਆਧੁਨਿਕ ਯੁੱਗ'ਚ ਬਹੁਤ ਵੱਡੇ ਸਕਾਰਾਤਮਕ ਪ੍ਰਭਾਵ ਛੱਡਦਾ ਹੈ, ਜਿਵੇਂ ਕਿ

**ਗਿਆਨ ਅਤੇ ਜਾਣਕਾਰੀ—** ਵਿਦਿਆਰਥੀ ਸੋਸ਼ਲ ਮੀਡੀਆ 'ਤੇ ਵੱਖ-ਵੱਖ ਵਿਸ਼ਿਆਂ 'ਤੇ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ਅਤੇ ਆਪਣਾ ਗਿਆਨ ਵਧਾ ਸਕਦੇ ਹਨ। ਸੋਸ਼ਲ ਮੀਡੀਆ ਰਾਹੀਂ ਹਰ ਇਕ ਸਵਾਲ ਦਾ ਜਵਾਬ ਸੌਖੇ ਹੀ ਲੱਭਿਆ ਜਾ ਸਕਦਾ ਹੈ। ਸਵਾਲਾਂ ਦੇ ਜਵਾਬ ਲਈ ਇਧਰ-ਓਧਰ ਭਟਕਣਾ ਨਹੀਂ ਪੈਂਦਾ ਅਤੇ ਸਮੇਂ ਦੀ ਬੱਚਤ ਹੁੰਦੀ ਹੈ।

**ਸੰਚਾਰ ਅਤੇ ਸ਼ਮੂਲੀਅਤ**

ਸੋਸ਼ਲ ਮੀਡੀਆ ਵਿਦਿਆਰਥੀਆਂ ਨੂੰ ਆਪਣੇ ਦੋਸਤਾਂ, ਪਰਿਵਾਰ ਅਤੇ ਅਧਿਆਪਕਾਂ ਨਾਲ ਜੁੜਨ ਦਾ ਮੌਕਾ ਪ੍ਰਦਾਨ ਕਰਦਾ ਹੈ । ਵਿਦਿਆਰਥੀ ਆਪਣੇ ਆਪ ਨੂੰ ਦੋਸਤਾਂ ਅਤੇ ਆਪਣੇ ਪਰਿਵਾਰ ਨਾਲ ਜੁੜਿਆ ਹੋਇਆ ਮਹਿਸੂਸ ਕਰਦਾ ਹੈ, ਜਦ ਉਹ ਸਿੱਖਿਆ ਪ੍ਰਾਪਤੀ ਲਈ ਕਿਸੇ ਦੂਰ ਸ਼ਹਿਰ ਜਾਂ ਦੇਸ਼ ਵਿਚ ਗਿਆ ਹੁੰਦਾ ਹੈ। ਵਿਦਿਆਰਥੀ ਆਪਣੇ ਆਪ ਨੂੰ ਇਕੱਲਾ ਮਹਿਸੂਸ ਨਹੀਂ ਕਰਦਾ ਅਤੇ ਘਰ ਤੋ ਦੂਰ ਰਹਿਣ ਕਾਰਨ ਹੋਣ ਵਾਲੇ ਤਣਾਅ ਤੋ ਬਚਦਾ ਹੈ। ਵਿਦਿਆਰਥੀ ਦੀ ਪਹੁੰਚ ਅਧਿਆਪਕ ਤੱਕ ਵੀ ਸੁਖਾਲੀ ਹੋ ਜਾਂਦੀ ਹੈ। ਜਿਨ੍ਹਾਂ ਸਵਾਲਾਂ ਨੂੰ ਆਪਣੇ ਅਧਿਆਪਕ ਨਾਲ ਆਹਮੋ-ਸਾਹਮਣੇ ਹੋਣ 'ਤੇ ਕਰਨ ਤੋਂ ਡਰਦਾ ਹੈ ਜਾਂ ਗੁਰੇਜ਼ ਕਰਦਾ ਹੈ, ਉਨ੍ਹਾਂ ਸਵਾਲਾਂ ਨੂੰ ਪੁੱਛਣ ਲਈ ਓਹ ਸੋਸ਼ਲ ਮੀਡੀਆ ਦਾ ਸਹਾਰਾ ਲੈ ਲੈਂਦਾ ਹੈ ਅਤੇ ਹੌਲੀ-ਹੌਲੀ ਅਧਿਆਪਕ ਨਾਲ ਇਕ ਚੰਗਾ ਰਿਸ਼ਤਾ ਬਣਾਉਣ ਵਿਚ ਕਾਮਯਾਬ ਹੁੰਦਾ ਹੈ।

**ਸਿੱਖਿਆ ਸਰੋਤ**- ਵਿਦਿਆਰਥੀ ਸੋਸ਼ਲ ਮੀਡੀਆ 'ਤੇ ਆਨਲਾਈਨ ਸਿੱਖਿਆ ਸਰੋਤਾਂ ਤੱਕ ਪਹੁੰਚ ਕਰ ਸਕਦੇ ਹਨ, ਜਿਵੇਂ ਕਿ ਵੀਡੀਓ ਲੈਕਚਰ, ਆਨਲਾਈਨ ਕੋਰਸ, ਆਦਿ। ਸੋਸ਼ਲ ਮੀਡੀਆ ਰਾਹੀਂ ਕਾਲਜ ਦੀ ਚੋਣ ਤੋਂ ਲੈ ਕੇ ਕੋਰਸ ਦੀ ਚੋਣ ਕਰਨ ਵਿਚ ਮਦਦ ਮਿਲਦੀ ਹੈ ਅਤੇ ਉਨ੍ਹਾਂ ਬਾਰੇ ਜ਼ਿਆਦਾ ਜਾਣਕਾਰੀ ਹਾਸਿਲ ਹੁੰਦੀ ਹੈ । ਕੋਰਸ ਚੁਣਨ ਲਈ ਜਿਆਦਾ ਆਪਸ਼ਨ ਮਿਲਦੀ ਹੈ ਅਤੇ ਉਸ ਕੋਰਸ ਤੋਂ ਬਾਅਦ ਮਿਲਣ ਵਾਲੀ ਨੌਕਰੀ ਜਾਂ ਕਾਰੋਬਾਰ ਬਾਰੇ ਜ਼ਿਆਦਾ ਵਧੀਆ ਤੇ ਸਟੀਕ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਸੋਸ਼ਲ ਮੀਡੀਆ ਦੀ ਮਦਦ ਨਾਲ ਕਿਸੇ ਵੀ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਨਾਲ ਸੰਪਰਕ ਕਰਕੇ ਉਸ ਦੇ ਸਟੇਟਸ ਅਤੇ ਮਾਹੌਲ ਬਾਰੇ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ।

ਦੂਸਰੀ ਤਰਫ ਜੇਕਰ ਸੋਸ਼ਲ ਮੀਡੀਆ ਦੀ ਵਰਤੋਂ ਵਿੱਚ ਕੁਤਾਹੀ ਵਰਤੀ ਜਾਵੇ ਤਾਂ ਇਸ ਦੇ ਬਹੁਤ ਹੀ ਜ਼ਿਆਦਾ ਨਕਾਰਾਤਮਕ ਪ੍ਰਭਾਵ ਵੇਖਣ ਨੂੰ ਮਿਲ ਸਕਦੇ ਹਨ, ਜਿਵੇਂ ਕਿ

**ਧਿਆਨ ਭਟਕਾਉਣਾ**-: ਸੋਸ਼ਲ ਮੀਡੀਆ ਵਿਦਿਆਰਥੀਆਂ ਦਾ ਧਿਆਨ ਭਟਕਾ ਸਕਦਾ ਹੈ ਅਤੇ ਉਨ੍ਹਾਂ ਦੀ ਪੜ੍ਹਾਈ 'ਤੇ ਨਕਾਰਾਤਮਕ ਪ੍ਰਭਾਵ ਪਾ ਸਕਦਾ ਹੈ। ਕਈ ਵਾਰ ਸੋਸ਼ਲ ਮੀਡੀਆ 'ਤੇ ਅੱਪਲੋਡ ਹੁੰਦਾ ਅਸ਼ਲੀਲ ਅਤੇ ਹਿੰਸਾਤਮਕ ਕੰਟੈਂਟ ਵਿਦਿਆਰਥੀ ਦੀ ਮਾਨਸਿਕਤਾ 'ਤੇ ਮਾੜਾ ਪ੍ਰਭਾਵ ਪਾਉਂਦਾ ਹੈ। ਸੋਸ਼ਲ ਮੀਡੀਆ 'ਤੇ ਕਈ ਵਾਰ ਅਜਿਹੀਆ ਪੋਸਟਾਂ ਵੇਖਣ ਨੂੰ ਮਿਲਦੀਆਂ ਹਨ, ਜੋ ਵਿਦਿਆਰਥੀ ਨੂੰ ਭਾਵਨਾਤਮਕ ਤੌਰ 'ਤੇ ਕਮਜ਼ੋਰ ਕਰਦੀਆਂ ਹਨ ਅਤੇ ਕਈ ਵਾਰ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਉਕਸਾ ਕੇ ਗਲਤ ਕਦਮ ਚੁੱਕਣ ਲਈ ਵੀ ਮਜਬੂਰ ਕਰ ਦਿੰਦੀਆਂ ਹਨ । ਨਕਾਰਾਤਮਕ ਕੰਟੈਂਟ ਵਿਦਿਆਰਥੀ ਦੀਆਂ ਭਾਵਨਾਵਾਂ ਨੂੰ ਭਟਕਾ ਕੇ ਉਸ ਦੇ ਅਸਲ ਉਦੇਸ਼ ਤੋਂ ਦੂਰ ਕਰਦੀਆਂ ਹਨ ।

ਮਾਨਸਿਕ ਸਿਹਤ- ਸੋਸ਼ਲ ਮੀਡੀਆ ਦੀ ਬਹੁਤ ਜ਼ਿਆਦਾ ਵਰਤੋਂ ਵਿਦਿਆਰਥੀਆਂ ਦੀ ਮਾਨਸਿਕ ਸਿਹਤ 'ਤੇ ਨਕਾਰਾਤਮਕ ਪ੍ਰਭਾਵ ਪਾ ਸਕਦੀ ਹੈ, ਜਿਵੇਂ ਕਿ ਤਣਾਅ, ਚਿੰਤਾ ਅਤੇ ਡਿਪਰੈਸ਼ਨ। ਬਹੁਤ ਦੇਰ ਤੱਕ ਸੋਸ਼ਲ ਮੀਡੀਆ ਦਾ ਇਸਤੇਮਾਲ ਵਿਦਿਆਰਥੀ ਨੂੰ ਦਿਮਾਗੀ ਤੌਰ 'ਤੇ ਥਕਾ ਦੇਣ ਵਾਲਾ ਹੁੰਦਾ ਹੈ ਜਿਸ ਨਾਲ ਨੀਂਦ ਨਾ ਆਉਣਾ , ਯਾਦਾਸ਼ਤ ਦਾ ਕਮਜੋਰ ਪੈਣਾ ਅਤੇ ਅੱਖਾਂ ਦੀ ਰੌਸ਼ਨੀ 'ਤੇ ਅਸਰ ਵਿਖਾਈ ਦੇਂਦਾ ਹੈ । ਬਹੁਤ ਵਾਰ ਵਿਦਿਆਰਥੀ ਮਾਨਸਿਕ ਤਣਾਓ ਦਾ ਸ਼ਿਕਾਰ ਹੋ ਕੇ ਪੜ੍ਹਾਈ ਅੱਧ-ਵਿਚਾਲੇ ਛੱਡ ਜਾਂਦੇ ਹਨ ਜਾਂ ਫੇਰ ਖੁਦਕੁਸ਼ੀ ਵਰਗੇ ਖੌਫਨਾਕ ਕਦਮ ਵੀ ਚੁੱਕ ਲੈਂਦੇ ਹਨ। ਵਿਦਿਆਰਥੀਆਂ ਦਾ ਨਸ਼ੇ ਪ੍ਰਤੀ ਵਧ ਰਿਹਾ ਰੁਝਾਨ ਦਾ ਇਕ ਕਾਰਨ ਸੋਸ਼ਲ ਮੀਡੀਆ ਵੀ ਹੈ, ਜਿਸ ਦੀ ਬਹੁਤ ਜ਼ਿਆਦਾ ਵਰਤੋਂ ਕਾਰਨ ਮਾਨਸਿਕ ਤੌਰ 'ਤੇ ਥੱਕ ਕੇ ਦਿਮਾਗ ਨੂੰ ਆਰਾਮ ਦੇਣ ਲਈ ਨਸ਼ੀਲੀਆਂ ਵਸਤੂਆਂ ਦਾ ਸੇਵਨ ਕਰਨ ਲੱਗ ਜਾਂਦੇ ਹਨ ।

**ਸਾਈਬਰ ਧੱਕੇਸ਼ਾਹੀ**-: ਵਿਦਿਆਰਥੀ ਸੋਸ਼ਲ ਮੀਡੀਆ 'ਤੇ ਸਾਈਬਰ ਧੱਕੇਸ਼ਾਹੀ ਦਾ ਸ਼ਿਕਾਰ ਹੋ ਸਕਦੇ ਹਨ, ਜੋ ਉਨ੍ਹਾਂ ਦੀ ਮਾਨਸਿਕ ਸਿਹਤ 'ਤੇ ਨਕਾਰਾਤਮਕ ਪ੍ਰਭਾਵ ਪਾ ਸਕਦਾ ਹੈ। ਆਨਲਾਈਨ ਖੇਡਾਂ, ਜਿਸਦੀ ਲੱਤ ਲੱਗਣ ਕਰਕੇ ਅਨੇਕ ਵਿਦਿਆਰਥੀ ਪੈਸੇ ਦਾ ਨੁਕਸਾਨ ਕਰ ਬੈਠਦੇ ਹਨ । ਕਈ ਵਾਰ ਸਾਈਬਰ ਫਰਾਡ ਦਾ ਸ਼ਿਕਾਰ ਵੀ ਵਿਦਿਆਰਥੀਆਂ ਨੂੰ ਹੁੰਦੇ ਹੋਏ ਦੇਖਿਆ ਹੈ, ਜਿਸ ਵਿਚ ਪੈਸੇ ਦੀ ਲੁੱਟ ਤੋਂ ਇਲਾਵਾ ਆਪਣੀ ਇੱਜ਼ਤ ਅਤੇ ਕਈ ਵਾਰ ਆਪਣੀ ਜਾਨ ਤੱਕ ਗੁਆ ਬੈਠਦੇ ਹਨ ।

ਸੋਸ਼ਲ ਮੀਡੀਆ ਦੇ ਨਕਾਰਾਤਮਕ ਪ੍ਰਭਾਵ ਤੋਂ ਬਚਣ ਲਈ ਜ਼ਰੂਰੀ ਹੈ ਸੰਤੁਲਨ ਬਣਾਈ ਰੱਖਣਾ।

1. **ਸਮਾਂ ਪ੍ਰਬੰਧਨ**- ਵਿਦਿਆਰਥੀਆਂ ਨੂੰ ਸੋਸ਼ਲ ਮੀਡੀਆ ਦੀ ਵਰਤੋਂ ਲਈ ਸਮਾਂ ਸੀਮਾਵਾਂ ਨਿਰਧਾਰਤ ਕਰਨੀਆਂ ਚਾਹੀਦੀਆਂ ਹਨ। ਸੋਸ਼ਲ ਮੀਡੀਆ ਤੋਂ ਇਲਾਵਾ ਕਿਤਾਬਾਂ ਨੂੰ ਵੀ ਵੱਧ ਤੋਂ ਵੱਧ ਸਮਾਂ ਦੇਣਾ ਚਾਹੀਦਾ ਹੈ
2. **ਜਾਗਰੂਕਤਾ**-: ਵਿਦਿਆਰਥੀਆਂ ਨੂੰ ਸੋਸ਼ਲ ਮੀਡੀਆ ਦੇ ਨਕਾਰਾਤਮਕ ਪ੍ਰਭਾਵਾਂ ਤੋਂ ਜਾਣੂ ਹੋਣਾ ਚਾਹੀਦਾ ਹੈ । ਇਸ ਦੇ ਲਈ ਬਚਪਨ ਤੋਂ ਹੀ ਮਾਤਾ-ਪਿਤਾ ਅਤੇ ਸਕੂਲ ਪੱਧਰ 'ਤੇ ਅਧਿਆਪਕਾਂ ਵੱਲੋਂ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ।ਵਿਦਿਆਰਥੀ ਨੂੰ ਇਸ ਗੱਲ ਦਾ ਇਲਮ ਹੋਣਾ ਚਾਹੀਦਾ ਹੈ ਕੇ ਨਕਾਰਾਤਮਕ ਵੈੱਬਸਾਈਟ ਅਤੇ ਕੰਟੈਂਟ ਵੇਖਣ ਦੇ ਕੀ ਮਾੜੇ ਅਸਰ ਹੋ ਸਕਦੇ ਹਨ ।
3. **ਸਕਾਰਾਤਮਕ ਵਰਤੋਂ**- ਵਿਦਿਆਰਥੀਆਂ ਨੂੰ ਸੋਸ਼ਲ ਮੀਡੀਆ ਦੀ ਸਕਾਰਾਤਮਕ ਵਰਤੋਂ ਕਰਨ ਲਈ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ, ਜਿਵੇਂ ਕਿ ਆਨਲਾਈਨ ਸਿੱਖਿਆ ਸਰੋਤਾਂ ਦੀ ਵਰਤੋਂ ਕਰਨਾ ।

ਵਿਦਿਆਰਥੀਆਂ ਦੇ ਜੀਵਨ 'ਤੇ ਸੋਸ਼ਲ ਮੀਡੀਆ ਦਾ ਪ੍ਰਭਾਵ ਗੁੰਝਲਦਾਰ ਹੈ ਅਤੇ ਇਸ ਲਈ ਸੰਤੁਲਨ ਬਣਾਈ ਰੱਖਣ ਦੀ ਲੋੜ ਹੁੰਦੀ ਹੈ ।

**# ਸੰਪਰਕ : 78886-84597**

# ਗਾਜ਼ਾ ਨੂੰ ਵੇਖ ਸ਼ਰਮਸਾਰ ਹੋ ਰਹੀ ਇਨਸਾਨੀਅਤ



ਮੁਹੰਮਦ ਅੱਬਾਸ ਧਾਲੀਵਾਲ

ਜੇਕਰ ਗੱਲ ਮੱਧ ਪੂਰਬ ਦੀ ਕਰੀਏ ਤਾਂ ਇਸ ਸਮੇਂ ਗਾਜ਼ਾ ਦੇ ਜੋ ਹਾਲਾਤ ਬਣੇ ਹੋਏ ਹਨ, ਉਹ ਯਕੀਨਨ ਬੇਹੱਦ ਦੁੱਖਦਾਈ, ਡਰਾਉਣੇ ਤੇ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲੇ ਹਨ। ਜਦੋਂ ਅਸੀਂ ਉੱਥੇ ਦੀਆਂ ਰਿਪੋਰਟਾਂ ਨੂੰ ਵੇਖਦੇ ਹਾਂ ਤਾਂ ਯਕੀਨਨ ਮਨੁੱਖਤਾ ਲਈ ਥੋੜ੍ਹਾ ਜਿਹਾ ਨਰਮ ਦਿਲ ਰੱਖਣ ਵਾਲੇ ਇਨਸਾਨ ਦਾ ਦਿਲ ਪਸੀਜ ਜਾਂਦਾ ਹੈ। ਇੱਕ ਰਿਪੋਰਟ ਅਨੁਸਾਰ ਇਸ ਵਕਤ ਗਾਜ਼ਾ ਵਿਚ ਭੁੱਖਮਰੀ ਆਪਣੀ ਚਰਮ ਸੀਮਾ 'ਤੇ ਪਹੁੰਚ ਚੁੱਕੀ ਹੈ ਅਤੇ ਲੋਕ ਵੱਡੇ ਪੈਮਾਨੇ 'ਤੇ ਖੁਰਾਕ ਦੀ ਘਾਟ ਦਾ ਸਾਹਮਣਾ ਕਰ ਰਹੇ ਹਨ, ਜਿਸ ਦਾ ਸਭ ਤੋਂ ਵੱਧ ਅਸਰ ਨਿਸ਼ਚਤ ਤੌਰ 'ਤੇ ਬੱਚਿਆਂ ਤੇ ਪੈ ਰਿਹਾ ਹੈ । ਗਾਜ਼ਾ ਦੀਆਂ ਸੜਕਾਂ 'ਤੇ ਤੁਰਦਿਆਂ ਬੇਹੋਸ਼ ਹੋ ਜਾਣਾ ਅਤੇ ਡਿੱਗ ਪੈਣਾ ਇਕ ਆਮ ਗੱਲ ਬਣ ਗਈ ਹੈ ਅਤੇ ਹਰ ਕੋਈ ਸਿਰਫ ਇਕ ਲੁਕਮਾ ਰੋਟੀ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹੈ, ਪਰ ਜਦੋਂ ਫਲਸਤੀਨੀ ਖਾਣ-ਪੀਣ ਦੀ ਤਲਾਸ਼ ਚ ਨਿਕਲਦੇ ਹਨ ਤਾਂ ਉਨ੍ਹਾਂ ਨੂੰ ਜਵਾਬ 'ਚ ਗੋਲੀਆਂ ਮਿਲਦੀਆਂ ਹਨ ਜਾਂ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਜਾਂਦੀ ਹੈ।

ਅਕਵਾਮ-ਏ-ਮੁਤਹਿਦਾ ਦੇ ਇਨਸਾਨੀ ਹੱਕਾਂ ਦੇ ਦਫ਼ਤਰ ਨੇ ਐਲਾਨ ਕੀਤਾ ਹੈ ਕਿ ਪਿਛਲੇ ਮਈ ਤੋਂ ਲੈ ਕੇ ਹੁਣ ਤੱਕ ਇਕ ਹਜ਼ਾਰ ਤੋਂ ਵੱਧ ਫਲਸਤੀਨੀ, ਜੋ ਗਾਜ਼ਾ ਵਿਚ ਖੁਰਾਕ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਉਨ੍ਹਾਂ ਨੂੰ ਕਬਜ਼ਾ ਗ੍ਰਸਤ ਫੌਜ ਨੇ ਲਾਈਨ 'ਚ ਖੜ੍ਹੇ ਹੋਣ ਦੇ ਦੌਰਾਨ ਹੀ ਸ਼ਹੀਦ ਕਰ ਦਿੱਤਾ ਹੈ।

ਹਾਲਾਤ ਦੀ ਨਾਜ਼ੁਕਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਗਾਜ਼ਾ ਸਰਕਾਰ ਵੱਲੋਂ ਜਾਰੀ ਇੱਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਜ਼ਰਾਈਲ ਵੱਲੋਂ ਬੇਬੀ ਮਿਲਕ ਤੇ ਬੱਚਿਆਂ ਦੀ ਹੋਰ ਖੁਰਾਕ ਦੀ ਸਪਲਾਈ ਰੋਕ ਦੇਣ ਕਾਰਨ ਕੁਝ ਦਿਨਾਂ ਵਿੱਚ ਹੀ 40 ਹਜ਼ਾਰ ਬੱਚਿਆਂ ਸਣੇ ਦੋ ਸਾਲ ਤੋਂ ਹੇਠਲੇ ਇੱਕ ਲੱਖ ਬੱਚਿਆਂ ਦੇ ਮਰਨ ਦਾ ਖ਼ਤਰਾ ਬਣਿਆ ਹੋਇਆ ਹੈ। ਪ੍ਰਸਥਿਤੀਆਂ ਇਸ ਕਦਰ ਨਾਜ਼ੁਕ ਹਨ ਕਿ ਮਾਵਾਂ ਨਵਜੰਮੇ ਬੱਚਿਆਂ ਨੂੰ ਦੁੱਧ ਦੀ ਥਾਂ ਪਾਣੀ ਪਿਆ-ਪਿਆ ਗੁਜ਼ਾਰਾ ਕਰਨ ਲਈ ਮਜਬੂਰ ਹਨ।

ਉਧਰ ਰਿਪੋਰਟ ਵਿੱਚ ਅਲ-ਅਹਲੀ ਹਸਪਤਾਲ ਦੇ ਇੱਕ ਸੂਤਰ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਪਿਛਲੇ ਦਿਨੀਂ ਦੁੱਧ ਖੁਣੋਂ ਸੱਤ ਸਾਲ ਦਾ ਬੱਚਾ ਮਰ ਗਿਆ ਹੈ। ਇਸ ਤੋਂ ਪਹਿਲਾਂ ਖੁਰਾਕ ਖੁਣੋਂ ਇੱਕ ਬੱਚਾ ਮਰ ਗਿਆ ਸੀ। ਜਦੋਂ ਤੋਂ ਇਜ਼ਰਾਈਲ ਹਮਲੇ ਕਰ ਰਿਹਾ ਹੈ, 120 ਤੋਂ ਵੱਧ ਲੋਕ ਖੁਰਾਕ ਖੁਣੋਂ ਮਰੇ ਹਨ, ਜਿਨ੍ਹਾਂ ਵਿੱਚੋਂ 80 ਤੋਂ ਵੱਧ ਨਿੱਕੇ ਬੱਚੇ ਸਨ।

ਲੋਕਾਂ ਦੀ ਔਖੇ ਵੇਲੇ ਮਦਦ ਕਰਨ ਵਾਲੇ ਡਾਕਟਰਾਂ ਦੀ ਹਾਲਤ ਵੀ ਖਰਾਬ ਹੋਈ ਪਈ ਹੈ। ਖੁਰਾਕ ਤੇ ਆਰਾਮ ਨਾ ਮਿਲਣ ਕਾਰਨ ਉਹ ਬੇਹੋਸ਼ ਤੱਕ ਹੋ ਰਹੇ ਹਨ। ਉਨ੍ਹਾਂ ਨੂੰ ਬੇਹਿਸਾਬੀ ਡਿਊਟੀ ਦੇਣੀ ਪੈ ਰਹੀ ਹੈ।ਹਸਪਤਾਲਾਂ ਵਿੱਚ ਵੱਡੀ ਗਿਣਤੀ ਵਿੱਚ ਜ਼ਖਮੀ ਲੋਕ ਪੁੱਜ ਰਹੇ ਹਨ ਅਤੇ ਦਵਾਈਆਂ ਦੀ ਬਹੁਤ ਘਾਟ ਹੈ। ਇਨ੍ਹਾਂ ਦੀ ਹਾਲਤ ਦੇਖ ਕੇ ਡਾਕਟਰ ਸਦਮੇ ਦਾ ਸ਼ਿਕਾਰ ਹੋ ਰਹੇ ਹਨ।

ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਅਖਬਾਰ 'ਡੇਲੀ ਮਿਰਰ' ਵਿੱਚ ਲਿਖੇ ਲੇਖ ਵਿੱਚ ਕਿਹਾ ਹੈ ਕਿ ਗਾਜ਼ਾ ਵਿੱਚ ਭੁੱਖਮਰੀ ਦੀਆਂ ਤਸਵੀਰਾਂ ਹੌਲਨਾਕ ਹਨ। ਬੱਚਿਆਂ ਤੱਕ ਮਾਨਵੀ ਮਦਦ ਰੋਕਣਾ ਇੱਕਦਮ ਗੈਰ-ਵਾਜਿਬ ਹੈ। ਇਹ ਮਾਨਵੀ ਤਬਾਹੀ ਹੈ । ਇਹ ਫੌਰਨ ਖਤਮ ਹੋਣੀ ਚਾਹੀਦੀ ਹੈ। ਬਰਤਾਨੀਆ ਵੱਲੋਂ ਭੇਜੀ ਗਈ ਮਾਨਵੀ ਮਦਦ ਲੋੜਵੰਦਾਂ ਤੱਕ ਨਹੀਂ ਪੁੱਜ ਰਹੀ। ਉਨ੍ਹਾਂ ਦੀ ਸਰਕਾਰ ਗਾਜ਼ਾ ਵਿੱਚ ਜਿਨ੍ਹਾਂ ਬੱਚਿਆਂ ਦੀ ਹਾਲਤ ਨਾਜ਼ੁਕ ਹੈ, ਉਨ੍ਹਾਂ ਨੂੰ ਇਲਾਜ ਲਈ ਬਰਤਾਨੀਆ ਲਿਆਉਣ ਦੀਆਂ ਕੋਸ਼ਿਸ਼ਾਂ ਤੇਜ਼ ਕਰ ਰਹੀ ਹੈ। ਇੱਕ ਹੋਰ ਘਟਨਾਕ੍ਰਮ ਵਿੱਚ ਬਰਤਾਨੀਆ ਦੀਆਂ ਵੱਖ-ਵੱਖ ਪਾਰਟੀਆਂ ਦੇ 221 ਸੰਸਦ ਮੈਂਬਰਾਂ ਨੇ ਪ੍ਰਧਾਨ ਮੰਤਰੀ ਸਟਾਰਮਰ 'ਤੇ ਜ਼ੋਰ ਪਾਇਆ ਹੈ ਕਿ ਉਹ ਅਗਲੇ ਹਫਤੇ ਫਲਸਤੀਨ 'ਤੇ ਸੰਯੁਕਤ ਰਾਸ਼ਟਰ ਦੀ ਬੈਠਕ ਤੋਂ ਪਹਿਲਾਂ ਫਲਸਤੀਨ ਰਾਜ ਨੂੰ ਮਾਨਤਾ ਦੇਣ। ਫਰਾਂਸ ਦੇ ਰਾਸ਼ਟਰਪਤੀ ਮੈਕ੍ਰੋਂ ਸੰਯੁਕਤ ਰਾਸ਼ਟਰ ਵਿੱਚ ਫਲਸਤੀਨ ਨੂੰ ਰਾਜ ਵਜੋਂ ਮਾਨਤਾ ਦੇਣ ਦਾ ਸੰਯੁਕਤ ਰਾਸ਼ਟਰ ਵਿੱਚ ਸਤੰਬਰ 'ਚ ਐਲਾਨ ਕਰਨ ਦੀ ਗੱਲ ਕਹਿ ਚੁੱਕੇ ਹਨ।

ਉਧਰ ਇਜ਼ਰਾਈਲ ਨੇ ਹਮਾਸ ਉੱਤੇ ਬੰਬਾਰੀ ਦੇ ਨਾਂਅ 'ਤੇ ਗਾਜ਼ਾ ਵਿੱਚ 24 ਘੰਟਿਆਂ ਵਿੱਚ 100 ਵਾਰ ਬੰਬਾਰੀ ਕੀਤੀ ਹੈ। ਇਸ ਨਾਲ ਭੋਜਨ ਲਈ ਵਿਲ੍ਹਕਦੇ 14 ਲੋਕਾਂ ਸਣੇ 30 ਲੋਕ ਮਾਰੇ ਗਏ ਹਨ।

ਇੱਕ ਹੋਰ ਨਿਊਜ਼ ਰਿਪੋਰਟ ਸਾਹਮਣੇ ਆਈ ਹੈ,



ਜਿਸ ਵਿੱਚ ਖੁਲਾਸਾ ਕੀਤਾ ਗਿਆ ਹੈ ਕਿ ਜਿਵੇਂ ਅਸੀਂ ਜਾਣਦੇ ਹਾਂ ਕਿ ਇਜ਼ਰਾਈਲ ਦੇ ਗਾਜ਼ਾ 'ਤੇ 22 ਮਹੀਨਿਆਂ ਤੋਂ ਹਮਲੇ ਜਾਰੀ ਹਨ। ਮੌਜੂਦਾ ਸਮੇਂ ਹਾਲਾਤ ਇਹ ਹੋ ਗਏ ਹਨ ਕਿ ਭੁੱਖ ਨਾਲ ਹੀ 81 ਬੱਚਿਆਂ ਸਣੇ 124 ਫਲਸਤੀਨੀ ਮੌਤ ਦੇ ਮੂੰਹ ਵਿੱਚ ਜਾ ਚੁੱਕੇ ਹਨ।

ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਜੁਲਾਈ ਮਹੀਨੇ ਵਿੱਚ ਹੀ 16 ਬੱਚਿਆਂ ਸਣੇ 40 ਲੋਕਾਂ ਦੀ ਮੌਤ ਹੋ ਗਈ ਹੈ, ਜਦੋਂ ਕਿ ਗਾਜ਼ਾ ਵਿੱਚ ਰਿਪੋਰਟਿੰਗ ਕਰਨ ਵਾਲੇ ਪੱਤਰਕਾਰਾਂ ਮੁਤਾਬਕ ਉੱਥੇ 50 ਗਰਾਮ ਦਾ ਬਿਸਕੁਟ ਦਾ ਪੈਕੇਟ 750 ਰੁਪਏ ਵਿੱਚ ਮਿਲ ਰਿਹਾ ਹੈ। ਨਕਦ ਪੈਸੇ ਕਢਾਉਣ ਲਈ 45 ਫੀਸਦੀ ਤੱਕ ਕਮਿਸ਼ਨ ਦੇਣਾ ਪੈਂਦਾ ਹੈ। ਜਦੋਂ ਕਿ ਲੋਕ ਲੂਣ ਖਾ ਕੇ ਪਾਣੀ ਪੀ ਕੇ ਦਿਨ ਕਟੀ ਕਰ ਰਹੇ ਹਨ। ਇੱਕ ਪੱਤਰਕਾਰ ਨੇ ਦੱਸਿਆ ਕਿ 21 ਮਹੀਨਿਆਂ ਵਿੱਚ ਉਸ ਦਾ ਭਾਰ 30 ਕਿੱਲੋ ਘਟ ਗਿਆ ਹੈ। ਥਕਾਨ ਬਣੀ ਰਹਿੰਦੀ ਹੈ ਤੇ ਚੱਕਰ ਆਉਂਦੇ ਰਹਿੰਦੇ ਹਨ। ਸੰਯੁਕਤ ਰਾਸ਼ਟਰ ਦਾ ਕਹਿਣਾ ਹੈ ਕਿ ਗਾਜ਼ਾ ਦੀ ਇੱਕ-ਤਿਹਾਈ ਆਬਾਦੀ ਨੂੰ ਕਈ ਦਿਨਾਂ ਤੋਂ ਇੱਕ ਵਾਰ ਦਾ ਭੋਜਨ ਵੀ ਨਸੀਬ ਨਹੀਂ ਹੋ ਰਿਹਾ।

ਉਧਰ ਬਰਤਾਨੀਆ, ਫਰਾਂਸ ਤੇ ਜਰਮਨੀ ਨੇ ਕਿਹਾ ਹੈ ਕਿ ਹਮਾਸ ਤੋਂ ਇਜ਼ਰਾਈਲੀ ਬੰਦੀਆਂ ਦੀ ਰਿਹਾਈ ਤੋਂ ਪਹਿਲਾਂ ਤੁਰੰਤ ਜੰਗਬੰਦੀ ਹੋਣੀ ਚਾਹੀਦੀ ਹੈ। ਇਜ਼ਰਾਈਲ ਨੂੰ ਕੌਮਾਂਤਰੀ ਮਾਨਵੀ ਸਹਾਇਤਾ ਕਾਨੂੰਨ ਤਹਿਤ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

ਇਸੇ ਦੌਰਾਨ ਇਜ਼ਰਾਇਲੀ ਫੌਜ ਨੇ ਕਿਹਾ ਹੈ ਕਿ ਉਹ ਖੇਤਰ ਵਿੱਚ ਵਿਗੜਦੀ ਮਨੁੱਖੀ ਸਥਿਤੀ ਨਾਲ ਨਜਿੱਠਣ ਲਈ ਗਾਜ਼ਾ ਦੇ ਤਿੰਨ ਇਲਾਕਿਆਂ ਵਿੱਚ ਲੜਾਈ ਅਸਥਾਈ ਤੌਰ 'ਤੇ ਰੋਕ ਦੇਵੇਗਾ। ਅਗਲੇ ਨੋਟਿਸ ਤੱਕ ਐਤਵਾਰ ਤੋਂ ਹਰ ਰੋਜ਼ ਸਥਾਨਕ ਸਮੇਂ ਅਨੁਸਾਰ ਸਵੇਰੇ 10 ਵਜੇ ਤੋਂ ਰਾਤ 8 ਵਜੇ ਤੱਕ ਮੁਵਾਸੀ, ਦੀਰ ਅਲ-ਬਲਾਹ ਅਤੇ ਗਾਜ਼ਾ ਸ਼ਹਿਰ ਵਿੱਚ ਆਪਣੀਆਂ ਗਤੀਵਿਧੀਆਂ ਨੂੰ ਰੋਕੇਗਾ ।

ਫੌਜ ਨੇ ਕਿਹਾ ਕਿ ਉਹ ਗਾਜ਼ਾ ਵਿੱਚ ਲੋਕਾਂ ਨੂੰ ਭੋਜਨ ਅਤੇ ਹੋਰ ਸਪਲਾਈ ਪਹੁੰਚਾਉਣ ਵਿੱਚ ਸਹਾਇਤਾ ਏਜੰਸੀਆਂ ਦੀ ਮਦਦ ਲਈ ਸੁਰੱਖਿਅਤ ਰਸਤੇ ਵੀ ਸਥਾਪਤ ਕਰੇਗੀ।

ਹਾਲ ਵਿੱਚ ਭੋਜਨ ਵੰਡ ਸਥਾਨਾਂ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦੇ ਹੋਏ ਕਈ ਸੌ ਫਲਸਤੀਨੀ ਮਾਰੇ ਗਏ ਸਨ।ਇਜ਼ਰਾਈਲ ਦੇ ਗਾਜ਼ਾ 'ਤੇ 22 ਮਹੀਨਿਆਂ ਤੋਂ ਹਮਲੇ ਜਾਰੀ ਹਨ ।

ਅੰਤ ਵਿੱਚ ਇਸ ਲੇਖ ਨੂੰ ਇੱਥੇ ਇਨ੍ਹਾਂ ਸ਼ਬਦਾਂ ਨਾਲ ਹੀ ਵਿਰਾਮ ਦੇਵਾਂਗਾ :

'ਭੁੱਖਮਰੀ 'ਚ ਕੋਈ ਪੁੱਛੇ ਕਿੰਝ ਪਿਆ ਲੱਗਦਾ ਹੈ,
ਸੁੱਕੇ ਟੁੱਕਰ ਦਾ ਟੁਕੜਾ ਵੀ ਤੋਹਫਾ ਲੱਗਦਾ ਹੈ।'

**# ਸੰਪਰਕ : 98552-59650**

1-AUG-PAGE-5.qxd 7/31/2025 10:18 PM Page 1



# ਪਾਤੜਾਂ ਖ਼ੁਦਕੁਸ਼ੀ ਕਾਂਡ : ਧਰਨਾ ਪੰਜਵੇਂ ਦਿਨ ਵੀ ਜਾਰੀ ਰਿਹਾ

**• ਡਾਕਟਰ ਗਾਂਧੀ ਵੱਲੋਂ ਮਾਮਲਾ ਲੋਕ ਸਭਾ 'ਚ ਉਠਾਉਣ ਦਾ ਭਰੋਸਾ • ਅੱਜ ਪਾਤੜਾਂ ਦੇ ਬਾਜ਼ਾਰ ਬੰਦ ਰਹਿਣਗੇ**

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਪਾਤੜਾਂ ਖ਼ੁਦਕੁਸ਼ੀ ਕਾਂਡ ਨੂੰ ਲੈ ਕੇ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਤੇ ਜਨਤਕ ਜਥੇਬੰਦੀਆਂ ਵੱਲੋਂ ਦਿੱਤਾ ਜਾ ਰਿਹਾ ਧਰਨਾ ਪੰਜਵੇਂ ਦਿਨ ਵੀ ਜਾਰੀ ਰਿਹਾ।ਇਸ ਦੌਰਾਨ ਲੋਕ ਸਭਾ ਹਲਕਾ ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ ਤੇ ਕਾਂਗਰਸ ਦੇ ਹਲਕਾ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਨੇ ਧਰਨੇ ਵਿੱਚ ਸ਼ਮੂਲੀਅਤ ਕਰਕੇ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕੀਤਾ।ਮੈਂਬਰ ਪਾਰਲੀਮੈਂਟ ਡਾਕਟਰ ਗਾਂਧੀ ਪੁਲਸ ਮੁਲਾਜ਼ਮ ਟਰੱਕ ਮਾਲਕ ਵੱਲੋਂ ਕੀਤੀ ਗਈ ਕਥਿਤ ਕੁੱਟਮਾਰ ਮਗਰੋਂ ਨਮੋਸ਼ੀ ਨਾ ਸਹਾਰਦਿਆਂ ਸੱਤ ਦਿਨ ਪਹਿਲਾਂ ਡਰਾਈਵਰ ਤੇ ਹੈਲਪਰ ਵੱਲੋਂ ਕੀਤੀ ਗਈ ਖ਼ੁਦਕੁਸ਼ੀ ਦਾ ਮਾਮਲਾ ਲੋਕ ਸਭਾ ਵਿੱਚ ਉਠਾਉਣ ਦਾ ਭਰੋਸਾ ਦਿੱਤਾ।ਪੁਲਸ ਪ੍ਰਸ਼ਾਸਨ ਵੱਲੋਂ ਐੱਸ ਪੀ ਹੈੱਡ ਕੁਆਰਟਰ ਵੈਭਵ ਚੌਧਰੀ, ਸੇਵਾ ਮੁਕਤ ਐੱਸ ਪੀ ਜਸਵਿੰਦਰ ਸਿੰਘ ਟਿਵਾਣਾ, ਡੀ ਐੱਸ ਪੀ ਪਾਤੜਾਂ ਇੰਦਰਪਾਲ ਸਿੰਘ ਚੌਹਾਨ ਪ੍ਰਦਰਸ਼ਨਕਾਰੀਆਂ ਨੂੰ ਸ਼ਾਂਤ ਕਰਨ ਦੀਆਂ ਕੋਸ਼ਿਸ਼ਾਂ ਵਿੱਚ ਲੱਗੇ ਰਹੇ, ਪਰ ਦੋਸ਼ੀਆਂ ਦੀ ਗ੍ਰਿਫਤਾਰੀ ਨਾ ਹੋਣ ਤੱਕ ਮ੍ਰਿਤਕਾਂ ਦੇ ਅੰਤਿਮ ਸੰਸਕਾਰ ਨਾ ਕਰਨ ਦੀ ਜ਼ਿੱਦ ਉੱਤੇ ਪ੍ਰਦਰਸ਼ਨਕਾਰੀ ਅੜੇ ਰਹੇ।ਧਰਨੇ ਵਿੱਚ ਕਿਸਾਨ ਜਥੇਬੰਦੀਆਂ ਦੇ ਵਰਕਰਾਂ ਨੇ ਵੱਡੀ ਪੱਧਰ ਉੱਤੇ ਸ਼ਮੂਲੀਅਤ ਕੀਤੀ।ਇਸ ਦੌਰਾਨ ਪੁਲਸ ਨੇ ਇੱਕ ਹੋਰ ਕਥਿਤ ਦੋਸ਼ੀ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਧਰਨਾਕਾਰੀਆਂ ਨੂੰ ਸੰਬੋਧਨ ਕਰਦਿਆਂ ਲੋਕ ਸਭਾ ਮੈਂਬਰ ਡਾਕਟਰ ਧਰਮਵੀਰ ਗਾਂਧੀ ਨੇ ਕਿਹਾ ਕਿ ਕੁੱਟਮਾਰ ਤੋਂ ਨਮੋਸ਼ੀ ਨਾ ਸਹਾਰਦਿਆਂ ਖ਼ੁਦਕੁਸ਼ੀ ਕਰਨ ਵਾਲੇ ਨੌਜਵਾਨ ਕਿਰਤੀ ਪਰਵਾਰਾਂ ਵਿੱਚੋਂ ਸੀ। ਮਾਮੂਲੀ ਤਨਖਾਹਾਂ ਉੱਤੇ ਕੰਮ ਕਰਕੇ ਪਰਿਵਾਰ ਪਾਲਦੇ ਸੀ, ਪਰ ਤਾਕਤ ਦੇ ਹੰਕਾਰ ਵਿੱਚ ਗਰੀਬਾਂ ਦੀ ਵਹਿਸ਼ੀਆਨਾ ਕੁੱਟਮਾਰ ਕੀਤੀ ਗਈ, ਜਿਸ ਤੋਂ ਦੁਖੀ ਹੋ ਕੇ ਖ਼ੁਦਕੁਸ਼ੀ ਕੀਤੀ।ਪੰਜਾਬ ਸਰਕਾਰ ਉੱਤੇ ਵਰਦਿਆਂ ਉਨ੍ਹਾਂ ਕਿਹਾ ਕਿ ਸ਼ਰਾਬ ਪੀ ਕੇ ਮਰਨ ਵਾਲਿਆਂ ਨੂੰ ਤਾਂ ਸਰਕਾਰ ਨੇ ਦਸ ਦਸ ਲੱਖ ਰੁਪਏ ਤੇ ਨੌਕਰੀਆਂ ਦੇਣ ਦਾ ਐਲਾਨ ਕੀਤਾ, ਪਰ ਜਬਰ ਜ਼ੁਲਮ ਤੇ ਅੱਤਿਆਚਾਰ ਦੇ ਸ਼ਿਕਾਰ ਹੋਏ ਕਿਰਤੀਆਂ ਦੋ ਦੋ ਲੱਖ ਰੁਪਏ ਦੇਣ ਦਾ ਐਲਾਨ ਕਰਕੇ ਕੋਝਾ ਮਜ਼ਾਕ ਕਰ ਰਹੀ ਹੈ।

ਇਸ ਮੌਕੇ ਬੀਕੇਯੂ ਏਕਤਾ ਆਜ਼ਾਦ ਦੇ ਸੂਬਾਈ ਆਗੂ ਮਨਜੀਤ ਸਿੰਘ ਨਿਆਲ, ਸਰਪੰਚ ਪ੍ਰਹਿਲਾਦ ਸਿੰਘ, ਕਾਂਗਰਸੀ ਆਗੂ ਦਲੇਰ ਸਿੰਘ ਹਰਿਆਊ, ਕਾਮਰੇਡ ਰਾਮ ਚੰਦ ਚੁਨਾਗਰਾ, ਡਾਕਟਰ ਬਹਾਦਰ ਸਿੰਘ ਘੱਗਾ, ਅਕਾਲੀ ਆਗੂ ਅਜੈਬ ਸਿੰਘ ਮੱਲ੍ਹੀ, ਸੂਬੇਦਾਰ ਨਰਾਤਾ ਸਿੰਘ, ਅਮਰਜੀਤ ਸਿੰਘ ਦੁਗਾਲ ਤੇ ਅਮਰਿੰਦਰ ਸਿੰਘ ਘੱਗਾ ਨੇ ਸਟੇਜ ਦੀ ਕਾਰਵਾਈ ਵਿੱਚ ਹਿੱਸਾ ਲਿਆ।

ਓਧਰ, ਡੀਐੱਸਪੀ ਇੰਦਰਪਾਲ ਸਿੰਘ ਚੌਹਾਨ ਨੇ ਦੱਸਿਆ ਕਿ ਪੁਲਸ ਵੱਲੋਂ ਇੱਕ ਹੋਰ ਦੋਸ਼ੀ ਨੂੰ ਕਾਬੂ ਕਰ ਲਿਆ ਗਿਆ ਹੈ।ਫੜੇ ਗਏ ਵਿਅਕਤੀ ਨੂੰ ਪੁਲਸ ਨੇ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ, ਜਿਸ 'ਤੇ ਅਦਾਲਤ ਨੇ ਉਸ ਨੂੰ ਇੱਕ ਦਿਨ ਦੇ ਪੁਲਸ ਰਿਮਾਂਡ ਉੱਤੇ ਭੇਜ ਦਿੱਤਾ ਹੈ।ਮਾਮਲੇ ਨੂੰ ਲੈ ਕੇ ਪਾਤੜਾਂ ਪੁਲਸ ਵੱਲੋਂ ਦਰਜ ਕੀਤੇ ਗਏ ਕੇਸ ਵਿੱਚ ਐੱਸਸੀ/ਐੱਸਟੀ ਐਕਟ ਤਹਿਤ ਧਰਾਵਾਂ ਦਾ ਵਾਧਾ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਕੇਸ ਦੇ ਮੁੱਖ ਦੋਸ਼ੀ ਲਖਵਿੰਦਰ ਸਿੰਘ ਵੱਲੋਂ ਸੈਸ਼ਨ ਕੋਰਟ ਪਟਿਆਲਾ ਵਿਖੇ ਅਗਾਊ ਜਮਾਨਤ ਦੀ ਲਗਾਈ ਗਈ ਅਰਜ਼ੀ ਨੂੰ ਮਾਨਯੋਗ ਅਦਾਲਤ ਨੇ ਰੱਦ ਕਰ ਦਿੱਤਾ ਹੈ।ਓਧਰ, ਪਾਤੜਾਂ ਖ਼ੁਦਕੁਸ਼ੀ ਕਾਂਡ ਮਾਮਲੇ ਵਿੱਚ ਇਨਸਾਫ ਨਾ ਮਿਲਣ ਤੋਂ ਅੱਕੇ ਹੋਏ ਲੋਕਾਂ ਵੱਲੋਂ ਸ਼ੁਕਰਵਾਰ ਨੂੰ ਬਾਜ਼ਾਰ ਬੰਦ ਰੱਖਣ ਦਾ ਫੈਸਲਾ ਕੀਤਾ ਗਿਆ ਹੈ।ਇਸ ਦੌਰਾਨ ਐਕਸ਼ਨ ਕਮੇਟੀ ਵੱਲੋਂ ਸ਼ਹਿਰ ਵਾਸੀਆਂ ਤੋਂ ਸਹਿਯੋਗ ਦੀ ਮੰਗ ਕਰਦਿਆਂ ਅਨਾਊਂਸਮੈਂਟ ਕਰਵਾ ਕੇ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਆਪਣੀਆਂ ਦੁਕਾਨਾਂ ਤੇ ਵਪਾਰਕ ਅਦਾਰੇ ਬੰਦ ਰੱਖਣ ਦੀ ਬੇਨਤੀ ਕੀਤੀ ਗਈ ਹੈ।ਐਕਸ਼ਨ ਕਮੇਟੀ ਦੇ ਮੈਂਬਰਾਂ ਨੇ ਦੱਸਿਆ ਕਿ ਸੰਘਰਸ਼ੀ ਲੋਕਾਂ ਵੱਲੋਂ ਬਣਾਈ ਗਈ ਕਮੇਟੀ ਦੇ ਮੈਂਬਰਾਂ ਨੇ ਸ਼ਹਿਰ ਵਿੱਚ ਵੱਖ-ਵੱਖ ਵਪਾਰਕ ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਦੇ ਆਗੂਆਂ ਨੂੰ ਮਿਲ ਕੇ ਬੰਦ ਵਿੱਚ ਸਹਿਯੋਗ ਕਰਨ ਦੀ ਮੰਗ ਕੀਤੀ ਹੈ।


ਮ੍ਰਿਤਕਾਂ ਦੇ ਪਰਵਾਰਾਂ ਨੂੰ ਧਰਵਾਸ ਦਿੰਦੇ ਹੋਏ ਲੋਕ ਸਭਾ ਮੈਂਬਰ ਡਾਕਟਰ ਧਰਮਵੀਰ ਗਾਂਧੀ ਤੇ ਧਰਨਾ ਦੇ ਰਹੇ ਲੋਕ।

## ਐੱਸ ਸੀ ਕਮਿਸ਼ਨ ਨੇ ਲਿਆ ਨੋਟਿਸ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸੱਤ ਦਿਨ ਪਹਿਲਾਂ ਜ਼ਿਲ੍ਹਾ ਪਟਿਆਲਾ ਦੇ ਪਿੰਡ ਨਿਆਲ ਵਿਖੇ ਵਾਪਰੀ ਘਟਨਾ ਦਾ ਗੰਭੀਰ ਨੋਟਿਸ ਲੈਂਦਿਆਂ ਅਨੁਸੂਚਿਤ ਜਾਤੀ ਕਮਿਸ਼ਨ ਦੇ ਮੈਂਬਰ ਗੁਲਜ਼ਾਰ ਸਿੰਘ ਬੱਬੀ ਨੇ ਜ਼ਿਲ੍ਹਾ ਪੁਲਸ ਨੂੰ ਕਾਨੂੰਨ ਮੁਤਾਬਕ ਸਖ਼ਤ ਹਦਾਇਤ ਕੀਤੀ ਹੈ ਕਿ ਜ਼ਿੰਮੇਵਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਕੇ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕੀਤੇ ਹਨ।ਅਨੁਸੂਚਿਤ ਜਾਤੀ ਕਮਿਸ਼ਨ ਦੇ ਮੈਂਬਰ ਗੁਲਜ਼ਾਰ ਸਿੰਘ ਬੱਬੀ ਨੇ ਦੱਸਿਆ ਕਿ ਪ੍ਰਾਪਤ ਜਾਣਕਾਰੀ ਮੁਤਾਬਕ ਟਰੱਕ ਮਾਲਕ ਵੱਲੋਂ ਕਥਿਤ ਤੌਰ ਉੱਤੇ ਆਪਣੇ ਡਰਾਇਵਰ ਤੇ ਕਲੀਨਰ 'ਤੇ ਚੋਰੀ ਕਰਨ ਦਾ ਇਲਜ਼ਾਮ ਲਗਾਉਂਦਿਆਂ ਕਥਿਤ ਤੌਰ ਤੇ ਭੱਦੀ ਸ਼ਬਦਾਵਲੀ ਵਰਤਦਿਆਂ ਕੁੱਟਮਾਰ ਕੀਤੀ, ਜਿਸ ਤੋਂ ਬਾਅਦ ਡਰਾਇਵਰ ਦਵਿੰਦਰ ਸਿੰਘ ਤੇ ਹੈਲਪਰ ਹਰਪ੍ਰੀਤ ਸਿੰਘ ਵੱਲੋਂ ਇਕੱਠਿਆਂ ਸਲਫਾਸ ਖਾ ਕੇ ਆਤਮ ਹੱਤਿਆ ਕਰ ਲਈ ਗਈ ਸੀ।ਪਿੰਡ ਨਿਆਲ ਵਿਖੇ ਪੁੱਜ ਕੇ ਪੀੜਤ ਪਰਵਾਰਾਂ ਨੂੰ ਮਿਲਣ ਤੋਂ ਬਾਅਦ ਮੌਕੇ 'ਤੇ ਪੁਲਸ ਅਧਿਕਾਰੀਆਂ ਨੂੰ ਕਾਨੂੰਨ ਮੁਤਾਬਕ ਸਖ਼ਤ ਕਾਰਵਾਈ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ।


ਗੁਲਜ਼ਾਰ ਸਿੰਘ ਬੱਬੀ

# ਮਜ਼ਦੂਰ ਮੰਗਾਂ ਨੂੰ ਅਣਗੌਲਿਆ ਕਰਨ ਦੇ ਰੋਸ ਵਜੋਂ ਖੱਬੇ-ਪੱਖੀਆਂ ਵੱਲੋਂ ਸੰਘਰਸ਼ ਦਾ ਐਲਾਨ



**ਮਾਨਸਾ (ਆਤਮਾ ਸਿੰਘ ਪਮਾਰ)**

ਸਰਕਾਰਾਂ ਵੱਲੋਂ ਮਜ਼ਦੂਰ ਦੀਆਂ ਮੰਗਾਂ ਨੂੰ ਅਣਗੌਲਿਆ ਕਰਨ ਲਈ ਖੱਬੇ ਪੱਖੀ ਵਿਚਾਰਧਾਰਾ ਵਾਲੀਆਂ ਮਜ਼ਦੂਰ ਜਥੇਬੰਦੀਆਂ ਦੇ ਬਣੇ ਮੋਰਚੇ ਨੇ ਭਗਵੰਤ ਮਾਨ ਸਰਕਾਰ ਖ਼ਿਲਾਫ਼ ਤਿੱਖਾ ਸੰਘਰਸ਼ ਵਿੱਢਣ ਦੀ ਤਿਆਰੀ ਕਰ ਰਹੀਆਂ ਹਨ।ਇਸ ਸੰਘਰਸ਼ ਦੀ ਕੜੀ ਵਜੋਂ 4-ਅਗਸਤ ਨੂੰ ਮੰਤਰੀਆਂ ਦੇ ਘਿਰਾਓ ਕੀਤੇ ਜਾਣਗੇ ਅਤੇ ਮੰਤਰੀ ਅਮਨ ਅਰੋੜਾ ਦੇ ਘਰ ਅੱਗੇ ਵਿਸ਼ਾਲ ਧਰਨਾ ਦੇਣ ਦੀ ਤਿਆਰੀ ਵਜੋਂ ਜਥੇਬੰਦੀ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਲਿਬਰੇਸ਼ਨ ਦੇ ਪਿੰਡ ਹੀਰੋਵਾਲਾ ਵਿਖੇ, ਜਨਤਕ ਮੀਟਿੰਗ ਕੀਤੀ ਗਈ।

ਪ੍ਰੈੱਸ ਬਿਆਨ ਜਾਰੀ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਲਿਬਰੇਸ਼ਨ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਬਲਵਿੰਦਰ ਸਿੰਘ ਘਰਾਂਗਣਾਂ, ਕਾਮਰੇਡ ਗੁਰਸੇਵਕ ਮਾਨ ਬੀਰੋਕੇ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਨੇ ਗਰੀਬ ਲੋਕਾਂ ਦੀਆਂ ਵੋਟਾਂ ਵਟੋਰਨ ਲਈ ਤਰ੍ਹਾਂ ਤਰ੍ਹਾਂ ਦੇ ਲਾਰੇ ਲਗਾਏ ਗਏ, ਪਰ ਸੱਤਾ 'ਤੇ ਕਾਬਜ਼ ਹੁੰਦਿਆਂ ਹੀ ਗਰੀਬ ਲੋਕਾਂ ਨੂੰ ਅੱਖੋਂ ਪਰੋਖੇ ਕਰ ਦਿੱਤਾ ਜਾਂਦਾ ਹੈ।ਇਸ ਪਲਾਨ ਵਿੱਚ ਵੱਡੀ ਗਿਣਤੀ ਵਿੱਚ ਲੀਡ ਲੈ ਕੇ ਭਗਵੰਤ ਮਾਨ ਸਰਕਾਰ ਨੇ ਵੀ ਗਰੀਬ ਲੋਕਾਂ ਨੂੰ ਅੱਖੋਂ ਪਰੋਖੇ ਕੀਤਾ ਹੋਇਆ ਹੈ।ਆਗੂਆਂ ਨੇ ਕਿਹਾ ਕਿ ਮਾਨ ਸਰਕਾਰ ਨੇ ਵੀ ਗਰੀਬਾਂ ਨਾਲ ਵਾਅਦੇ ਕੀਤੇ ਕਿ ਸਾਡੀ ਸਰਕਾਰ ਵੱਲੋਂ ਪਹਿਲ ਦੇ ਆਧਾਰ 'ਤੇ ਕਰਜ਼ੇ ਮੁਆਫ਼ ਕੀਤੇ ਜਾਣਗੇ, ਔਰਤਾਂ ਨੂੰ ਇੱਕ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦਿੱਤੇ ਜਾਣਗੇ, ਬੇਜ਼ਮੀਨਿਆਂ ਨੂੰ ਪਲਾਟ ਦਿੱਤੇ ਜਾਣਗੇ ਹੋਰ ਬਹੁਤ ਸਾਰੇ ਵਾਅਦੇ ਕੀਤੇ, ਪਰ ਅਫ਼ਸੋਸ ਭਗਵੰਤ ਮਾਨ ਸਰਕਾਰ ਵੱਲੋਂ ਹੁਣ ਤੱਕ ਇੱਕ ਵੀ ਵਾਅਦਾ ਲਾਗੂ ਨਹੀਂ ਕੀਤਾ, ਸਗੋਂ ਜੋ ਸਹੂਲਤਾਂ ਪਹਿਲਾਂ ਮਿਲ ਰਹੀਆਂ ਸਨ, ਉਨ੍ਹਾਂ ਨੂੰ ਵੀ ਖ਼ਤਮ ਕਰਨ ਦੇ ਰਾਹ ਤੁਰ ਪਈ ਹੈ।

ਆਗੂਆਂ ਨੇ ਕਿਹਾ ਕਿ ਜੇਕਰ ਖੱਬੇ ਪੱਖੀ ਪਾਰਟੀਆਂ ਨੇ ਗਰੀਬ ਲੋਕਾਂ ਨੂੰ ਰੁਜ਼ਗਾਰ ਦੇਣ ਲਈ ਕੇਂਦਰ ਦੀ ਮਨਮੋਹਨ ਸਰਕਾਰ ਤੋਂ ਮਨਰੇਗਾ ਕਾਨੂੰਨ ਬਣਵਾਇਆ ਤਾਂ ਗਰੀਬਾਂ ਨੂੰ ਸੌ ਦਿਨ ਦਾ ਪੱਕਾ ਰੁਜ਼ਗਾਰ ਦਿਵਾਇਆ ਤੇ ਭਗਵੰਤ ਮਾਨ ਸਰਕਾਰ ਨੇ ਇਸ ਮਨਰੇਗਾ ਨੂੰ ਖ਼ਤਮ ਕਰਕੇ ਠੇਕੇਦਾਰੀ ਸਿਸਟਮ ਵਿੱਚ ਬਦਲ ਦਿੱਤਾ, ਜਿਸ ਨਾਲ ਪੰਜਾਬ ਦੇ ਲੱਖਾਂ ਮਨਰੇਗਾ ਵਰਕਰ ਕੰਮ ਤੋਂ ਵਿਹਲੇ ਹੋ ਗਏ ਹਨ।ਮਨਰੇਗਾ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਵੱਲੋਂ ਕੀਤੇ ਕੰਮ ਦੇ ਅਜੇ ਤੱਕ ਪੈਸੇ ਨਹੀਂ ਮਿਲੇ, ਜਿਸ ਨਾਲ ਗਰੀਬਾਂ ਦੇ ਚੁੱਲ੍ਹੇ ਠੰਢੇ ਹੋ ਗਏ।ਮਨਰੇਗਾ ਵਿੱਚ ਪਿੰਡਾਂ ਵਿੱਚ ਹਾਜ਼ਰੀ ਲਾਉਣ ਵਾਲੇ ਵਾਲੀਆਂ ਕੁੜੀਆਂ ਨੂੰ ਵੀ ਜ਼ਿਆਦਾ ਕੰਮ ਦੇਣ ਪੂਰੀ ਦਿਹਾੜੀ ਨਹੀਂ ਦਿੱਤੀ।

ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਮਜ਼ਦੂਰ ਵਿਰੋਧੀ ਨੀਤੀਆਂ ਨੂੰ ਨਾ ਬਦਲਿਆ ਤਾਂ ਆਉਣ ਵਾਲੀਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਹਾਰ ਦਾ ਰਾਹ ਅਖਤਿਆਰ ਕਰਨਾ ਪਵੇਗਾ।ਇਸ ਸਮੇਂ ਕਾਮਰੇਡ ਸੁਖਵਿੰਦਰ ਸਿੰਘ, ਕਾਮਰੇਡ ਮਹਿੰਦਰ ਸਿੰਘ, ਗੁਰਜੰਟ ਸਿੰਘ, ਪ੍ਰਗਟ ਸਿੰਘ, ਹਰਪ੍ਰੀਤ ਕੌਰ, ਸਿੰਦਰ ਕੌਰ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

## ਕਾਤਰਾਂ

### ਸੜਕ ਹਾਦਸੇ 'ਚ ਜ਼ਖ਼ਮੀ ਲੜਕੇ ਦੀ ਇਲਾਜ ਦੌਰਾਨ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬੀਤੇ ਦਿਨੀਂ ਨਬੀਪੁਰ ਨਜ਼ਦੀਕ ਜੀ. ਟੀ. ਰੋਡ 'ਤੇ ਕਿਸੇ ਨਾਮਾਲੂਮ ਵਾਹਨ ਦੀ ਲਪੇਟ ਚ ਆ ਕੇ ਗੰਭੀਰ ਜ਼ਖ਼ਮੀ ਹੋਏ ਅਣਪਛਾਤੇ ਲੜਕੇ ਦੀ ਰਜਿੰਦਰਾ ਹਸਪਤਾਲ ਚ ਇਲਾਜ਼ ਦੌਰਾਨ ਮੌਤ ਹੋ ਜਾਣ ਦਾ ਸਮਾਚਾਰ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਬੀਤੀ 28 ਜੁਲਾਈ ਨੂੰ ਨਬੀਪੁਰ ਚੌਕੀ ਦੀ ਪੁਲਸ ਨੂੰ ਜੀ. ਟੀ. ਰੋਡ ਤੋਂ ਇੱਕ ਨਾਮਾਲੂਮ ਲੜਕਾ ਕਿਸੇ ਵਾਹਨ ਦੀ ਲਪੇਟ 'ਚ ਆਉਣ ਕਾਰਨ ਗੰਭੀਰ ਜ਼ਖ਼ਮੀ ਹਾਲਤ ਵਿੱਚ ਪਿਆ ਮਿਲਿਆ ਸੀ, ਜਿਸ ਨੂੰ ਇਲਾਜ ਲਈ ਪਹਿਲਾਂ ਸਿਵਲ ਹਸਪਤਾਲ ਫਤਿਹਗੜ੍ਹ ਸਾਹਿਬ ਵਿਖੇ ਤੇ ਫਿਰ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਦਾਖ਼ਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਕਤ ਅਣਪਛਾਤੇ ਲੜਕੇ ਦੀ ਮੌਤ ਹੋ ਗਈ।ਨਬੀਪੁਰ ਪੁਲਸ ਅਨੁਸਾਰ ਮ੍ਰਿਤਕ ਦੀ ਉਮਰ ਕਰੀਬ 15/16 ਸਾਲ, ਕੱਦ 5 ਫੁੱਟ 7 ਇੰਚ, ਰੰਗ ਕਣਕਵੰਨਾ, ਜਿਸ ਨੇ ਹਰੇ ਰੰਗ ਦੀ ਕੋਕਾ ਕੋਲਾ ਲਾਈਨਾਂ ਵਾਲੀ ਸ਼ਰਟ ਤੇ ਕਾਲੇ/ਭੂਰੇ ਰੰਗ ਦੀ ਫੌਰਮਲ ਪੈਂਟ ਪਹਿਨੀ ਹੋਈ ਸੀ।

### ਸੂਏ ਦੀਆਂ ਝਾੜੀਆਂ 'ਚ ਫਸੀ ਅਣਪਛਾਤੀ ਮਹਿਲਾ ਦੀ ਲਾਸ਼ ਮਿਲੀ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** : ਪਿੰਡ ਅੰਨੀਆ ਨੇੜਿਓਂ ਲੰਘਦੇ ਸੂਏ 'ਚੋਂ ਪੁਲਸ ਨੂੰ ਇੱਕ ਅਣਪਛਾਤੀ ਮਹਿਲਾ ਦੀ ਲਾਸ਼ ਮਿਲੀ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਅੱਜ ਪਿੰਡ ਅੰਨੀਆ ਨੇੜਿਓਂ ਲੰਘਦੇ ਸੂਏ 'ਚੋਂ ਇੱਕ ਔਰਤ ਦੀ ਲਾਸ਼ ਮਿਲੀ ਜੋ ਕਿ ਸੂਏ ਦੀ ਝਾੜੀਆਂ ਵਿੱਚ ਫਸੀ ਹੋਈ ਸੀ।ਲਾਸ਼ ਦੀ ਹਾਲਤ ਕਾਫੀ ਖਰਾਬ ਹੋਣ ਕਾਰਨ ਮ੍ਰਿਤਕਾ ਦੀ ਸ਼ਨਾਖਤ ਨਹੀਂ ਹੋ ਸਕੀ, ਜਿਸ ਨੂੰ ਬਾਹਰ ਕਢਵਾ ਕੇ ਥਾਣਾ ਅਮਲੋਹ ਦੀ ਪੁਲਸ ਵੱਲੋਂ ਸਿਵਲ ਹਸਪਤਾਲ ਅਮਲੋਹ ਦੀ ਮੌਰਚਰੀ ਵਿੱਚ 72 ਘੰਟਿਆਂ ਲਈ ਰਖਵਾਇਆ ਗਿਆ ਹੈ।ਮ੍ਰਿਤਕਾ ਦੀ ਉਮਰ ਕਰੀਬ 40 ਸਾਲ, ਕੱਦ 5 ਫੁੱਟ 4 ਇੰਚ, ਸਰੀਰ ਦਰਮਿਆਨਾ, ਜਿਸ ਨੇ ਪੀਲੇ ਰੰਗ ਦਾ ਸੂਟ ਪਹਿਨਿਆ ਹੋਇਆ ਹੈ, ਇਸ ਸਬੰਧੀ ਜਾਣਕਾਰੀ ਸਾਂਝੀ ਕਰਨ ਲਈ ਥਾਣਾ ਅਮਲੋਹ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

### ਬਾਬਾ ਕੜਾਹਾ ਮੱਲ ਦੀ ਯਾਦ 'ਚ ਧਾਰਮਿਕ ਸਮਾਗਮ 10 ਨੂੰ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਪਿੰਡ ਮਹਿਲ ਕਲਾਂ ਨੂੰ ਆਪਣੀ ਚਰਨ ਛੋਹ ਬਖ਼ਸ਼ਣ ਸਮੇਂ ਉਨ੍ਹਾਂ ਦੀ ਸੇਵਾ ਸੰਭਾਲ ਕਰਨ ਵਾਲੇ ਗੁਰੂ ਜੀ ਦੇ ਅਨਿਨ ਸੇਵਕ ਬਾਬਾ ਕੜਾਹਾ ਮੱਲ ਮਹਿਲ ਕਲਾਂ ਦੀ ਯਾਦ ਨੂੰ ਸਮਰਪਤ ਸਾਲਾਨਾ ਧਾਰਮਿਕ ਸਮਾਗਮ 10 ਅਗਸਤ ਨੂੰ ਸਵੇਰੇ 10 ਵਜੇ ਇਤਿਹਾਸਕ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਮਹਿਲ ਕਲਾਂ ਵਿਖੇ ਗੁਰਦੁਆਰਾ ਕਮੇਟੀ, ਮੀਰੀ-ਪੀਰੀ ਸੇਵਾ ਲਹਿਰ ਮਹਿਲ ਕਲਾਂ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਸ਼ੇਰ ਸਿੰਘ ਖ਼ਾਲਸਾ, ਮੀਰੀ-ਪੀਰੀ ਸੇਵਾ ਲਹਿਰ ਦੇ ਪ੍ਰਧਾਨ ਸਵਰਨ ਸਿੰਘ ਖ਼ਾਲਸਾ, ਗਿਆਨੀ ਸਤਨਾਮ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਇਸ ਵਿਸ਼ਾਲ ਧਾਰਮਿਕ ਸਮਾਗਮ ਦੀਆਂ ਤਿਆਰੀਆਂ ਜੰਗੀ ਪੱਧਰ 'ਤੇ ਚੱਲ ਰਹੀਆਂ ਹਨ।ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਮੈਂਬਰ ਜਥੇਦਾਰ ਪਰਮਜੀਤ ਸਿੰਘ ਖ਼ਾਲਸਾ, ਹੈੱਡ ਗਰੰਥੀ ਭਾਈ ਮਹਿੰਦਰ ਸਿੰਘ ਮਾਣਕੀ, ਭਾਈ ਗੁਰਸੇਵਕ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਟਾਹਲੀਆਣਾ ਸਾਹਿਬ, ਉੱਘੇ ਪੰਥਕ ਆਗੂ, ਪ੍ਰਸਿੱਧ ਰਾਗੀ, ਕਥਾ ਵਾਚਕ ਜਥੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ।

# ਫਾਸ਼ੀ ਹਮਲਿਆਂ ਵਿਰੋਧੀ ਫਰੰਟ ਵੱਲੋਂ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਜ਼ਿਲ੍ਹਾ ਪੱਧਰੀ ਕਨਵੈਨਸ਼ਨ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਫਾਸ਼ੀ ਹਮਲਿਆਂ ਵਿਰੋਧੀ ਫਰੰਟ ਵੱਲੋਂ ਜੰਗੇ ਆਜ਼ਾਦੀ ਦੇ ਬੇਜੋੜ ਸ਼ਹੀਦ ਊਧਮ ਸਿੰਘ ਸੁਨਾਮ ਉਰਫ ਮੁਹੰਮਦ ਸਿੰਘ ਆਜ਼ਾਦ ਦੇ ਸ਼ਹੀਦੀ ਦਿਹਾੜੇ ਮੌਕੇ ਟੀਚਰਜ਼ ਹੋਮ ਬਠਿੰਡਾ ਵਿਖੇ ਸੰਪੂਰਨ ਸਿੰਘ, ਹਰਮੇਸ਼ ਕੁਮਾਰ ਰਾਮਪੁਰਾ ਤੇ ਸੁਖਵੰਤ ਸਿੰਘ ਜੀਦਾ ਦੀ ਪ੍ਰਧਾਨਗੀ ਹੇਠ ਭਰਵੀਂ ਜ਼ਿਲ੍ਹਾ ਪੱਧਰੀ ਕਨਵੈਨਸ਼ਨ ਸੱਦੀ ਗਈ।ਸਾਥੀ ਲਾਲ ਚੰਦ ਸਰਦੂਲਗੜ੍ਹ ਵੱਲੋਂ ਰੱਖੇ ਮੁੱਖ ਮਤੇ ਦੀ ਭਜਨ ਸਿੰਘ ਘੁੰਮਣ ਨੇ ਪ੍ਰੋੜਤਾ ਕੀਤੀ।ਜਗਜੀਤ ਸਿੰਘ ਲਹਿਰਾ ਮੁਹੱਬਤ ਨੇ ਮੰਚ ਸੰਚਾਲਨ ਕੀਤਾ।ਲੋਕ ਪੱਖੀ ਗੀਤਕਾਰ ਤੇ ਗਾਇਕ ਮੰਦਰ ਜੱਸੀ ਨੇ ਸ਼ਹੀਦਾਂ ਦੀ ਯਾਦ ਤਾਜ਼ਾ ਕਰਦੀ ਕਵੀਸ਼ਰੀ ਦਾ ਰੰਗ ਬੰਨ੍ਹਿਆ।

ਇਸ ਮੌਕੇ ਸੰਬੋਧਨ ਕਰਦਿਆਂ ਆਰਐੱਮਪੀਆਈ ਦੀ ਕੇਂਦਰੀ ਕਮੇਟੀ ਦੇ ਮੈਂਬਰ ਸਾਥੀ ਮਹੀਪਾਲ, ਸੀਪੀਆਈ (ਮਾਲੇ) ਲਿਬਰੇਸ਼ਨ ਦੇ ਕੇਂਦਰੀ ਆਗੂ ਸਾਥੀ ਰਾਜਬਿੰਦਰ ਸਿੰਘ ਰਾਣਾ ਤੇ ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾਈ ਆਗੂ ਸਾਥੀ ਮੁਖਤਿਆਰ ਸਿੰਘ ਪੂਹਲਾ ਨੇ ਕਿਹਾ ਕਿ ਭਾਜਪਾ ਰਾਹੀਂ ਦੇਸ਼ ਦੀ ਕੇਂਦਰੀ ਸੱਤਾ 'ਤੇ ਕਬਜ਼ਾ ਜਮਾਈ ਬੈਠੇ ਰਾਸ਼ਟਰੀ ਸੋਇਮ ਸੇਵਕ ਸੰਘ (ਆਰਐਸਐਸ) ਦੀ ਅਗਵਾਈ ਵਾਲੇ ਹਿੰਦੂਤਵੀ-ਖਰੂਦੀ ਗ੍ਰੋਹ, ਸਾਮਰਾਜੀ ਤੇ ਪੂੰਜੀਵਾਦੀ ਧੌਂਸ ਤੇ ਲੁੱਟ-ਖਸੁੱਟ ਦੇ ਨਿਜ਼ਾਮ ਦੀ ਉਮਰ ਲੰਬੀ ਕਰਨ ਲਈ ਫਿਰਕੂ-ਜਾਤੀਵਾਦੀ ਤੇ ਲਿੰਗਕ ਵੰਡ ਤੇ ਇਲਾਕਾਈ ਤੇ ਭਾਸ਼ਾਈ ਮਤਭੇਦ ਤਿੱਖੇ ਕਰਨ ਦੇ ਕੋਝੇ ਯਤਨ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਬੇਕਿਰਕ ਜਮਾਤੀ ਲੁੱਟ ਤੇ ਹਰ ਕਿਸਮ ਦੇ ਜਬਰ ਤੇ ਵਿਤਕਰੇ ਖ਼ਿਲਾਫ ਉੱਠਣ ਵਾਲੇ ਲੋਕ ਘੋਲਾਂ ਨੂੰ ਕੁਰਾਹੇ ਪਾਉਣ ਲਈ ਸੰਘੀ ਟੋਲੇ ਦੇਸ਼ ਭਰ 'ਚ ਮੁਸਲਿਮ ਤੇ ਈਸਾਈ ਘੱਟ ਗਿਣਤੀਆਂ 'ਤੇ ਜਾਨਲੇਵਾ ਹਮਲੇ ਕਰ ਰਹੇ ਹਨ ਅਤੇ ਦਲਿਤਾਂ, ਔਰਤਾਂ ਤੇ ਆਦਿਵਾਸੀਆਂ ਦਾ ਸਵੈਮਾਨ ਘੱਟੇ ਰੋਲਣ ਵਾਲੀਆਂ ਕਾਰਵਾਈਆਂ ਕਰ ਰਹੇ ਹਨ।ਉਨ੍ਹਾਂ ਕਿਹਾ ਕਿ ਆਰ.ਐੱਸ.ਐੱਸ. ਨੇ ਆਪਣਾ ਮਕਸਦ ਪੂਰਾ ਕਰਨ ਲਈ ਵਿੱਦਿਅਕ ਪਾਠਕ੍ਰਮ, ਇਤਿਹਾਸ ਤੇ ਰਾਜਕੀ ਮਸ਼ੀਨਰੀ ਦਾ ਭਗਵਾਂਕਰਨ ਕਰ ਦਿੱਤਾ ਹੈ।

ਆਗੂਆਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਦੇਸ਼ ਤੇ ਦੇਸ਼ ਵਾਸੀਆਂ ਦਾ ਠੀਕ ਦਿਸ਼ਾ 'ਚ ਚੌਤਰਫਾ ਵਿਕਾਸ ਸੁਨਿਸ਼ਚਤ ਕਰਨ ਹਿੱਤ ਤਾਨਾਸ਼ਾਹੀ ਤਰਜ਼ ਦਾ ਧਰਮ ਆਧਾਰਿਤ, ਮਨੂੰਵਾਦੀ, ਹਿੰਦੂਤਵੀ ਰਾਜ ਕਾਇਮ ਕਰਨ ਦੇ ਆਰ.ਐੱਸ.ਐੱਸ. ਦੇ ਘਾਤਕ ਮਨਸੂਬੇ ਤਿੱਖੇ, ਬੱਝਵੇਂ ਲੋਕ ਘੋਲ ਵਿੱਢਣ ਰਾਹੀਂ ਲਾਜ਼ਮੀ ਫੇਲ੍ਹ ਕਰਨੇ ਹੋਣਗੇ।ਉਨ੍ਹਾਂ ਕਿਹਾ ਕਿ ਭਾਰਤੀ ਲੋਕਾਂ ਦੀ ਕੰਗਾਲੀ-ਭੁੱਖਮਰੀ ਤੋਂ ਗਰੰਟੀਸ਼ੁਦਾ ਬੰਦ ਖਲਾਸੀ ਲਈ ਬਹੁਕੌਮੀ ਕਾਰਪੋਰੇਸ਼ਨਾਂ ਤੇ ਕਾਰਪੋਰੇਟ ਘਰਾਣਿਆਂ ਦੇ ਵਾਰੇ-ਨਿਆਰੇ ਕਰਦੀਆਂ ਮੋਦੀ ਸਰਕਾਰ ਦੀਆਂ ਨਵ-ਉਦਾਰੀਵਾਦੀ ਨੀਤੀਆਂ ਖ਼ਿਲਾਫ਼ ਜਾਰੀ ਲੋਕ ਘੋਲ ਹੋਰ ਪ੍ਰਚੰਡ ਕਰਨ ਸਮੇਂ ਦੀ ਪ੍ਰਮੁੱਖ ਲੋੜ ਹੈ।

## ਕਿਸਾਨ ਦੇ ਖੇਤ 'ਚ ਕੰਮ ਕਰਦੇ ਸਮੇਂ ਮਜ਼ਦੂਰ ਦੀ ਮੌਤ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਿੰਡ ਰਾਏਸਰ ਪਟਿਆਲਾ (ਬਰਨਾਲਾ) ਵਿਖੇ ਇੱਕ ਕਿਸਾਨ ਦੇ ਖੇਤ ਵਿੱਚ ਕੰਮ ਕਰਦੇ ਸਮੇਂ ਇੱਕ ਮਜ਼ਦੂਰ ਨੌਜਵਾਨ ਦੀ ਮੌਤ ਹੋਣ ਦਾ ਦੁਖਦਾਈ ਸਮਾਚਾਰ ਮਿਲਿਆ ਹੈ।ਮ੍ਰਿਤਕ ਨੌਜਵਾਨ ਦੀ ਭਰਜਾਈ ਰਾਜ ਕੌਰ, ਭਤੀਜੇ ਵਿੱਕੀ ਸਿੰਘ ਨੇ ਦੱਸਿਆ ਕਿ ਨੌਜਵਾਨ ਜਗਸੀਰ ਸਿੰਘ (35) ਪੁੱਤਰ ਹੰਸਾ ਸਿੰਘ ਵਾਸੀ ਰਾਏਸਰ ਪਟਿਆਲਾ (ਬਰਨਾਲਾ), ਜੋ ਪਿੰਡ ਦੇ ਇੱਕ ਕਿਸਾਨ ਦੇ ਖੇਤ 'ਚ ਆਚਾਰ ਬਣਾਉਣ ਦਾ ਕੰਮ ਕਰਨ ਗਿਆ ਸੀ, ਉਥੇ ਟਰੈਕਟਰ ਨਾਲ ਵਾਪਰੇ ਹਾਦਸੇ 'ਚ ਉਸ ਨੂੰ ਗੰਭੀਰ ਜ਼ਖ਼ਮੀ ਹਾਲਤ 'ਚ ਬਰਨਾਲਾ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ।ਘਰੋਂ ਕਿਸਾਨ ਦੇ ਬੰਦੇ ਸਾਨੂੰ ਇਹ ਕਹਿ ਕੇ ਬਰਨਾਲਾ ਲੈ ਗਏ ਕਿ ਨੌਜਵਾਨ ਜਗਸੀਰ ਸਿੰਘ ਦੇ ਟਰੈਕਟਰ ਤੋਂ ਡਿੱਗਣ ਨਾਲ ਸੱਟਾਂ ਵੱਜੀਆਂ ਹਨ।ਜਦੋਂ ਅਸੀਂ ਬਰਨਾਲਾ ਦੇ ਇੱਕ ਪ੍ਰਾਈਵੇਟ ਹਸਪਤਾਲ ਵਿਖੇ ਪਹੁੰਚੇ ਤਾਂ ਡਾਕਟਰਾਂ ਨੇ ਸਾਨੂੰ ਉਸ ਦੇ ਨੇੜੇ ਵੀ ਨਹੀਂ ਜਾਣ ਦਿੱਤਾ ਗਿਆ। ਦੂਰੋਂ ਹੀ ਬੈੱਡ 'ਤੇ ਪਿਆ ਦਿਖਾਇਆ ਗਿਆ।ਸਾਨੂੰ ਇਹ ਕਹਿ ਕੇ ਵਾਪਸ ਘਰ ਭੇਜ ਦਿੱਤਾ ਕਿ ਤੁਹਾਨੂੰ ਫੇਰ ਲਿਆ ਕੇ ਮਿਲਾ ਦੇਵਾਂਗੇ।ਅੱਜ ਸਾਨੂੰ ਦੁੱਖਭਰੀ ਖ਼ਬਰ ਮਿਲੀ ਕਿ ਨੌਜਵਾਨ ਜਗਸੀਰ ਸਿੰਘ ਦੀ ਮੌਤ ਹੋ ਗਈ।ਥਾਣਾ ਮਹਿਲ ਕਲਾਂ ਪੁਲਸ ਨੇ ਮ੍ਰਿਤਕ ਨੌਜਵਾਨ ਦੀ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਸਿਵਲ ਹਸਪਤਾਲ ਬਰਨਾਲਾ ਕਰਵਾ ਕੇ ਮ੍ਰਿਤਕ ਨੌਜਵਾਨ ਦਾ ਅੰਤਿਮ ਸੰਸਕਾਰ ਅੱਜ ਕੀਤਾ ਗਿਆ ਹੈ। ਇਹ ਵੀ ਪਤਾ ਲੱਗਿਆ ਹੈ ਕਿ ਮ੍ਰਿਤਕ ਨੌਜਵਾਨ ਦੀ ਪਤਨੀ ਮਾਨਸਿਕ ਪ੍ਰੇਸ਼ਾਨੀ ਕਰਕੇ ਬਿਮਾਰ ਰਹਿੰਦੀ ਹੈ।ਉਸ ਦੇ ਪਿੱਛੇ ਇੱਕ ਨੌਜਵਾਨ ਲੜਕੀ ਤੇ ਬਿਮਾਰੀ ਤੋਂ ਪੀੜਤ ਇੱਕ 12 ਸਾਲਾ ਲੜਕਾ ਹੈ।ਪੁਲਸ ਥਾਣਾ ਮਹਿਲ ਕਲਾਂ ਦੇ ਮੁੱਖ ਅਫ਼ਸਰ ਸ਼ੇਰਵਿੰਦਰ ਸਿੰਘ ਔਲਖ ਨੇ ਸੰਪਰਕ ਕਰਨ 'ਤੇ ਦੱਸਿਆ ਕਿ ਮ੍ਰਿਤਕ ਨੌਜਵਾਨ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਅਮਲ 'ਚ ਲਿਆਂਦੀ ਗਈ ਹੈ।

# ਸੂਬਾ ਕਾਰਜਕਾਰੀ ਪ੍ਰਧਾਨ ਭਲਕੇ ਮੋਗਾ ਤੋਂ ਭਾਜਪਾ ਰੈਲੀ ਸ਼ੁਰੂ ਕਰਨਗੇ : ਅਨਿਲ ਸਰੀਨ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਜਪਾ ਦੀ ਰਾਸ਼ਟਰੀ ਕਾਰਜਕਾਰਨੀ ਨੇ ਕੁਝ ਦਿਨ ਪਹਿਲਾਂ ਅਸ਼ਵਨੀ ਸ਼ਰਮਾ ਨੂੰ ਪੰਜਾਬ ਭਾਜਪਾ ਦਾ ਨਵਾਂ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਹੈ।ਸੂਬਾ ਕਾਰਜਕਾਰੀ ਪ੍ਰਧਾਨ ਮੋਗਾ ਨੂੰ ਮਾਲਵਾ ਖੇਤਰ ਵਿੱਚ ਭਾਜਪਾ ਦਾ ਬਹੁਤ ਮਜ਼ਬੂਤ ਗੜ੍ਹ ਮੰਨਦੇ ਹਨ, ਜਿਸ ਕਾਰਨ ਉਨ੍ਹਾਂ 2 ਅਗਸਤ ਨੂੰ ਮੋਗਾ ਤੋਂ ਪੂਰੇ ਮਾਲਵਾ ਖੇਤਰ ਦੀਆਂ ਰੈਲੀਆਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।2 ਅਗਸਤ ਨੂੰ ਹੀ ਭਾਜਪਾ ਦੇ ਸੂਬਾ ਕਾਰਜਕਾਰੀ ਪ੍ਰਧਾਨ ਭਾਜਪਾ ਦੇ ਨਵੇਂ ਬਣੇ ਜ਼ਿਲ੍ਹਾ ਦਫ਼ਤਰ ਦਾ ਉਦਘਾਟਨ ਵੀ ਕਰਨਗੇ।ਇਸ ਤੋਂ ਪਹਿਲਾਂ, ਜਦੋਂ ਅਸ਼ਵਨੀ ਸ਼ਰਮਾ ਭਾਜਪਾ ਦੇ ਸੂਬਾ ਪ੍ਰਧਾਨ ਸਨ, ਉਨ੍ਹਾਂ ਨੇ ਆਪਣੇ ਹੱਥਾਂ ਨਾਲ ਭਾਜਪਾ ਦੇ ਜ਼ਿਲ੍ਹਾ ਦਫ਼ਤਰ ਦਾ ਨੀਂਹ ਪੱਥਰ ਰੱਖਿਆ ਸੀ।2 ਅਗਸਤ ਨੂੰ ਮੋਗਾ ਵਿੱਚ ਹੋਣ ਵਾਲੀ ਭਾਜਪਾ ਦੀ ਰੈਲੀ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਦੀ ਅਗਵਾਈ ਹੇਠ ਕੀਤੀ ਜਾ ਰਹੀ ਹੈ।ਉਪਰੋਕਤ ਵਿਚਾਰ ਭਾਜਪਾ ਦੇ ਸੂਬਾ ਜਨਰਲ ਸਕੱਤਰ ਅਨਿਲ ਸਰੀਨ ਨੇ ਅੱਜ ਮੋਗਾ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਦੀ ਅਗਵਾਈ ਹੇਠ ਪੁਰਾਣੀ ਦਾਣਾ ਮੰਡੀ ਸਥਿਤ ਭਾਜਪਾ ਦੇ ਜ਼ਿਲ੍ਹਾ ਦਫ਼ਤਰ ਵਿਖੇ ਹੋਈ ਮੀਟਿੰਗ ਵਿੱਚ ਰੈਲੀ ਦੀਆਂ ਤਿਆਰੀਆਂ ਸਬੰਧੀ ਸੰਬੋਧਨ ਕਰਦਿਆਂ ਪ੍ਰਗਟ ਕੀਤੇ।ਭਾਜਪਾ ਦੇ ਸੂਬਾ ਜਨਰਲ ਸਕੱਤਰ ਅਨਿਲ ਸਰੀਨ ਤੇ ਮੋਗਾ ਭਾਜਪਾ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਨੇ ਕਿਹਾ ਕਿ ਇਹ ਸਾਡੇ ਲਈ ਬਹੁਤ ਖੁਸ਼ਕਿਸਮਤੀ ਦੀ ਗੱਲ ਹੈ ਕਿ ਭਾਜਪਾ ਦੇ ਜ਼ਿਲ੍ਹਾ ਦਫ਼ਤਰ ਦਾ ਨੀਂਹ ਪੱਥਰ ਭਾਜਪਾ ਦੇ ਸੂਬਾ ਪ੍ਰਧਾਨ ਵੱਲੋਂ ਰੱਖਿਆ ਗਿਆ ਸੀ ਤੇ ਹੁਣ ਇਸ ਦਾ ਉਦਘਾਟਨ ਅਸ਼ਵਨੀ ਸ਼ਰਮਾ ਵੱਲੋਂ ਕੀਤਾ ਜਾ ਰਿਹਾ ਹੈ, ਜੋ ਦੁਬਾਰਾ ਭਾਜਪਾ ਦੇ ਸੂਬਾ ਕਾਰਜਕਾਰੀ ਪ੍ਰਧਾਨ ਬਣ ਗਏ ਹਨ।ਉਨ੍ਹਾਂ ਭਾਜਪਾ ਦੀ ਸਮੂਹ ਜ਼ਿਲ੍ਹਾ ਕਾਰਜਕਾਰਨੀ ਦੇ ਅਹੁਦੇਦਾਰਾਂ, ਮੈਂਬਰਾਂ, ਮੰਡਲਾਂ ਦੇ ਪ੍ਰਧਾਨਾਂ, ਮੋਰਚਿਆਂ ਦੇ ਪ੍ਰਧਾਨਾਂ ਤੇ ਭਾਜਪਾ ਦੇ ਸਾਰੇ ਵਿੰਗਾਂ ਦੇ ਪ੍ਰਧਾਨਾਂ ਤੇ ਮੈਂਬਰਾਂ ਨੂੰ 2 ਅਗਸਤ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਫਿਰੋਜ਼ਪੁਰ ਰੋਡ 'ਤੇ ਸਥਿਤ ਵਿੰਡਸਰ ਪੈਲੇਸ ਪਹੁੰਚਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਦੇ ਸੂਬਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਦੇ ਨਾਲ, ਹੋਰ ਸੂਬਾ ਭਾਜਪਾ ਆਗੂ ਵੀ ਮੋਗਾ ਪਹੁੰਚਣਗੇ।

# ਕਰੋੜਾਂ ਦੇ ਵਿਕਾਸ ਕਾਰਜਾਂ ਦਾ ਲੇਖਾ-ਜੋਖਾ ਲੈ ਕੇ ਪੁੱਜੇ ਵਿਧਾਇਕ ਪਠਾਣਮਾਜਰਾ



**ਪਟਿਆਲਾ/ਸਨੌਰ/ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**

ਹਲਕਾ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਸਾਢੇ 3 ਸਾਲ ਦੌਰਾਨ ਸਨੌਰ 'ਚ ਪੰਜਾਬ ਸਰਕਾਰ ਵੱਲੋਂ ਕਰਾਏ ਗਏ ਅਤੇ ਕਰਾਏ ਜਾ ਰਹੇ ਕਰੋੜਾਂ ਰੁਪਏ ਦੇ ਵਿਕਾਸ ਕਾਰਜਾਂ ਦੇ ਕੰਮਾਂ ਦਾ ਲੇਖਾ-ਜੋਖਾ ਲੈ ਕੇ ਜਨਤਾ ਦੀ ਕਚਹਿਰੀ 'ਚ ਹਾਜ਼ਰ ਹੋਏ।

ਵਿਧਾਇਕ ਪਠਾਣਮਾਜਰਾ ਨੇ ਆਖਿਆ ਕਿ ਦੇਸ਼ ਦੀ ਆਜ਼ਾਦੀ ਤੋਂ ਬਾਅਦ 'ਆਪ' ਸਰਕਾਰ ਵੱਲੋਂ ਸਾਢੇ 3 ਸਾਲ 'ਚ ਕਰੋੜਾਂ ਰੁਪਏ ਦੇ ਵਿਕਾਸ ਕਾਰਜ ਕੀਤੇ ਗਏ ਹਨ ਤੇ ਕਰੋੜਾਂ ਦੇ ਚੱਲ ਰਹੇ ਹਨ।ਇਨ੍ਹਾਂ ਕੰਮਾਂ ਕਰਕੇ ਹੀ ਅਕਾਲੀ ਦਲ ਅਤੇ ਵਿਰੋਧੀ ਪਾਰਟੀਆਂ ਦੇ ਨੇਤਾ ਪੂਰੀ ਤਰ੍ਹਾਂ ਬੁਖਲਾਏ ਹੋਏ ਹਨ ਪਰ ਅਸੀਂ ਲੋਕਾਂ ਦੇ ਸੇਵਕ ਹਾਂ ਤੇ ਵਿਕਾਸ ਕਾਰਜਾਂ ਦੀ ਸਪੀਡ ਨਿਰੰਤਰ ਜਾਰੀ ਰਹੇਗੀ।ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੂੰ ਆੜੇ ਹੱਥੀਂ ਲੈਂਦਿਆਂ ਉਨ੍ਹਾਂ ਆਖਿਆ ਕਿ ਫੋਕੀਆਂ ਗੱਲਾਂ ਨਾਲ ਘਰ ਨਹੀਂ ਪੂਰੇ ਹੁੰਦੇ।

ਵਿਧਾਇਕ ਨੇ ਆਖਿਆ ਕਿ ਵੱਡੇ-ਵੱਡੇ ਦਾਅਵੇ ਕਰਨ ਵਾਲੇ ਨੇਤਾ ਅੱਜ ਖੁੱਲ੍ਹੀ ਬਹਿਸ ਤੇ ਧਰਨੇ ਲਾਉਣ ਤੇ ਡਿਬੇਟ ਕਰਨ ਤੇ ਭੱਜ ਹੀ ਗਏ ਹਨ।ਅਸਲ 'ਚ ਇਹ ਉਹ ਲੋਕ ਹਨ, ਜਿਹੜੇ ਹਲਕਾ ਸਨੌਰ ਲਈ ਕੁਝ ਵੀ ਨਹੀਂ ਕਰਾ ਸਕੇ।ਜਨਤਾ ਹੁਣ ਸਭ ਕੁੱਝ ਜਾਣਦੀ ਹੈ ਕਿ ਕੌਣ ਕਿ ਕਰਾ ਰਿਹਾ ਹੈ ਅਤੇ ਕੌਣ ਅਸਲੀ ਲੋਕਾਂ ਦਾ ਸੇਵਕ ਹੈ।ਵਿਧਾਇਕ ਪਠਾਣਮਾਜਰਾ ਨੇ ਹਲਕੇ ਨਾਲ ਸਬੰਧਤ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਬੁਲਾਇਆ ਸੀ ਤਾਂ ਕਿ ਉਹ ਵੀ ਆਪਣੇ-ਆਪਣੇ ਵਿਭਾਗਾਂ ਵੱਲੋਂ ਕਰਾਏ ਜਾਣ ਵਾਲੇ ਕੰਮ ਲੋਕਾਂ ਸਾਹਮਣੇ ਰੱਖਣ।ਪਠਾਣਮਾਜਰਾ ਨੇ ਦੱਸਿਆ ਕਿ ਉਨ੍ਹਾਂ ਨੇ ਵਿਧਾਨ ਸਭਾ 'ਚ ਹਲਕਾ ਸਨੌਰ ਦੇ 38 ਮਸਲਿਆਂ ਨੂੰ ਉਠਾਇਆ ਅਤੇ ਇਨਾਂ ਬਾਰੇ ਜਾਣਕਾਰੀ ਮੰਗੀ।ਦੁੱਧਨ ਸਾਧਾਂ ਤਹਿਸੀਲ ਕੰਪਲੈਕਸ ਲਗਭਗ 8 ਕਰੋੜ, ਦੇਵੀਗੜ੍ਹ ਦੇ ਬੱਸ ਅੱਡੇ ਲਈ ਲਗਭਗ 85 ਲੱਖ, ਦੇਵੀਗੜ੍ਹ 'ਚ ਸੀਵਰੇਜ ਟਰੀਟਮੈਂਟ ਪਲਾਂਟ ਲਾਉਣ ਲਈ 19 ਕਰੋੜ ਰੁਪਏ, ਦੇਵੀਗੜ੍ਹ 'ਚ ਵਾਟਰ ਸਪਲਾਈ ਦੇ ਨਵੇਂ ਪਾਈਪ ਪਾਉਣ ਲਈ 5 ਕਰੋੜ ਰੁਪਏ ਉਨ੍ਹਾਂ ਨੇ ਹੀ ਪੰਜਾਬ ਸਰਕਾਰ ਤੋਂ ਲਿਆਂਦੇ ਹਨ।ਇਸ ਤੋਂ ਇਲਾਵਾ 16 ਕਰੋੜ ਦੀ ਲਾਗਤ ਨਾਲ ਟਾਂਗਰੀ ਨਦੀ ਦੀ ਖੁਦਾਈ, 40 ਲੱਖ ਨਾਲ ਘੱਗਰ ਦੇ ਕੰਢੇ ਪੱਕੇ ਕਰਨ ਲਈ, 40 ਲੱਖ ਨਾਲ ਮੀਰਾਪੁਰ ਚੋਏ ਦੀ ਖੁਦਾਈ ਕਰਨ ਲਈ ਵੀ ਪਾਸ ਹੋ ਗਏ ਹਨ।ਨਗਰ ਪੰਚਾਇਤ ਦੇਵੀਗੜ੍ਹ 27 ਕਰੋੜ ਅਤੇ ਨਗਰ ਕੌਂਸਲ ਸਨੌਰ ਲਈ 11 ਕਰੋੜ ਰੁਪਏ ਲਿਆਂਦੇ ਗਏ ਹਨ।ਇਸ ਤੋਂ ਇਲਾਵਾ 76 ਸੜਕਾਂ ਵਿਚੋਂ 30 ਲਿੰਕ ਸੜਕਾਂ ਦੇ ਟੈਂਡਰ ਪਾਸ ਹੋ ਚੁੱਕੇ ਹਨ ਤੇ ਬਰਸਾਤ ਤੋਂ ਬਾਅਦ ਇਨਾਂ ਦਾ ਕੰਮ ਸ਼ੁਰੂ ਹੋ ਜਾਵੇਗਾ।ਇਸ ਤੋਂ ਬਿਨਾਂ ਸਨੌਰ ਟੂ ਪਟਿਆਲਾ ਸੜਕ ਲਈ 4 ਕਰੋੜ, ਦੇਵੀਗੜ੍ਹ ਤੇ ਨਨਿਉਲਾ ਸੜਕ ਲਈ 9 ਕਰੋੜ ਪਾਸ ਹੋ ਚੁਕੇ ਹਨ ਤੇ ਉਨ੍ਹਾਂ ਲਈ ਕੰਮ ਵੀ ਸ਼ੁਰੂ ਹੋਵੇਗਾ।

# ਬਿਕਰਮ ਮਜੀਠੀਆ ਨੂੰ ਮਿਲਣ ਪੁੱਜੀ ਅਕਾਲੀ ਲੀਡਰਸ਼ਿਪ ਨੂੰ ਖਾਲੀ ਹੱਥ ਪਰਤਣਾ ਪਿਆ

**ਲੈਂਡ ਪੂਲਿੰਗ ਪੋਲਿਸੀ 'ਆਪ' ਸਰਕਾਰ ਦੇ ਗਲੇ ਦੀ ਹੱਡੀ ਬਣ ਰਹੀ ਹੈ : ਚੀਮਾ, ਗਰੇਵਲ, ਮਲੂਕਾ, ਲਾਲਕਾ, ਬਾਂਸਲ**



**ਨਾਭਾ (ਵਰਿੰਦਰ ਵਰਮਾ)**

ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਨੂੰ ਉਸ ਸਮੇਂ ਨਮੋਸ਼ੀ ਝਲਣੀ ਪਈ, ਜਦੋਂ ਨਾਭਾ ਜੇਲ੍ਹ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਮੁਲਾਕਾਤ ਨਾ ਕਰਨ ਦਿੱਤੀ ਗਈ।ਦੱਸਣਯੋਗ ਹੈ ਕਿ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਦਲਜੀਤ ਸਿੰਘ ਚੀਮਾ, ਸਿਕੰਦਰ ਸਿੰਘ ਮਲੂਕਾ, ਮਹੇਸ਼ਇੰਦਰ ਸਿੰਘ ਗਰੇਵਾਲ, ਸੂਬਾਈ ਆਗੂ ਅਸ਼ੋਕ ਬਾਂਸਲ ਤੇ ਹਲਕਾ ਨਾਭਾ ਇੰਚਾਰਜ ਮੱਖਣ ਸਿੰਘ ਲਾਲਕਾ ਦਾ ਵਫਦ ਨਾਭਾ ਜੇਲ੍ਹ ਵਿਖੇ ਨਜ਼ਰਬੰਦ ਸਾਬਕਾ ਕੈਬਨਿਟ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ ਨੂੰ ਮਿਲਣ ਲਈ ਨਾਭਾ ਪੁੱਜੇ।ਨਾਭਾ ਜੇਲ੍ਹ ਪ੍ਰਸ਼ਾਸਨ ਅੱਗੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਮੁਲਾਕਾਤ ਕਰਨ ਦੀ ਅਪੀਲ ਨੂੰ ਨਾਭਾ ਜੇਲ੍ਹ ਪ੍ਰਸ਼ਾਸਨ ਨੇ ਖਾਰਿਜ ਕਰ ਦਿੱਤਾ।ਜੇਲ੍ਹ ਪ੍ਰਸ਼ਾਸਨ ਵੱਲੋਂ ਪਰਿਵਾਰਕ ਮੈਂਬਰਾਂ ਤੇ ਵਕੀਲ ਨੂੰ ਮੁਲਾਕਾਤ ਕਰਨ ਦੀ ਸਹੂਲਤ ਦਾ ਹਵਾਲਾ ਦਿੰਦਿਆਂ ਕਿਹਾ ਗਿਆ ਕਿ ਸਰਕਾਰ ਵੱਲੋਂ ਸੁਰੱਖਿਆ ਤੇ ਜੇਲ੍ਹ ਮੈਨੂਅਲ ਅਨੁਸਾਰ ਕਿਸੇ ਹੋਰ ਵਿਅਕਤੀ ਨੂੰ ਜੇਲ੍ਹ ਅੰਦਰ ਬੰਦ ਵਿਅਕਤੀ ਨਾਲ ਮੁਲਾਕਾਤ ਦੀ ਇਜਾਜ਼ਤ ਨਹੀਂ ਮਿਲਦੀ ਹੈ।

ਉਪਰੋਕਤ ਕਾਰਵਾਈ ਦੀ ਪੁਸ਼ਟੀ ਕਰਦਿਆਂ ਨਾਭਾ ਜੇਲ੍ਹ ਦੇ ਨੌਜਵਾਨ ਜੇਲ੍ਹਰ ਇੰਦਰਜੀਤ ਸਿੰਘ ਕਾਹਲੋਂ ਨੇ ਕਿਹਾ ਕਿ ਮੁਲਾਕਾਤ ਸਿਰਫ ਪਰਿਵਾਰਕ ਮੈਂਬਰ ਹੀ ਕਰ ਸਕਦੇ ਹਨ ਜਾਂ ਫਿਰ ਵਕੀਲ ਕਰ ਸਕਦੇ ਹਨ।ਅਸੀਂ ਜੇਲ੍ਹ ਮੈਨੂਅਲ ਦੇ ਨਿਯਮਾਂ ਅਨੁਸਾਰ ਹੀ ਮੁਲਾਕਾਤ ਕਰਵਾ ਰਹੇ ਹਾਂ, ਜਿਸ ਅਨੁਸਾਰ ਪਰਿਵਾਰਕ ਮੈਂਬਰ ਸੋਮਵਾਰ ਤੇ ਵੀਰਵਾਰ ਨੂੰ ਮੁਲਾਕਾਤ ਕਰ ਸਕਦੇ ਹਨ।ਉਪਰੋਕਤ ਸੀਨੀਅਰ ਅਕਾਲੀ ਆਗੂਆਂ ਨੇ ਇਸ ਤੋਂ ਬਾਅਦ ਹਲਕਾ ਨਾਭਾ ਦੇ ਇੰਚਾਰਜ ਮੱਖਣ ਸਿੰਘ ਲਾਲਕਾ ਦੇ ਨਿਵਾਸ ਸਥਾਨ 'ਤੇ ਹਲਕੇ ਦੀ ਲੀਡਰਸ਼ਿਪ ਵੱਲੋਂ ਸਨਮਨਤ ਕੀਤੇ ਜਾਣ ਬਾਅਦ ਪੱਤਰਕਾਰਾਂ ਨੂੰ ਜਾਣਕਾਰੀ ਦਿੱਤੀ ਕਿ ਉਹ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨਾਲ ਮਿਲਣ ਜ਼ਰੂਰ ਆਏ ਸਨ, ਪ੍ਰੰਤੂ ਪੰਜਾਬ ਸਰਕਾਰ ਦੀ ਇਸ਼ਾਰੇ 'ਤੇ ਸੁਰੱਖਿਆ ਤੇ ਜੇਲ੍ਹ ਮੈਨੂਅਲ ਦੇ ਨਿਯਮਾਂ ਦਾ ਹਵਾਲਾ ਦੇ ਕੇ ਉਨ੍ਹਾਂ ਨੂੰ ਬਿਕਰਮ ਸਿੰਘ ਮਜੀਠੀਆ ਨਾਲ ਮਿਲਣ ਨਹੀਂ ਦਿੱਤਾ ਗਿਆ।

ਇਸ ਮੌਕੇ ਉਪਰੋਕਤ ਸੀਨੀਅਰ ਅਕਾਲੀ ਆਗੂਆਂ ਨੇ ਕਿਹਾ ਕਿ ਲੈਂਡ ਪੂਲਿੰਗ ਪੌਲਸੀ 'ਆਪ' ਸਰਕਾਰ ਦੇ ਗਲੇ ਦੀ ਹੱਡੀ ਬਣਦੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਹੀ ਕਿਸਾਨਾਂ ਨਾਲ ਖੜ੍ਹਾ ਹੈ ਤੇ ਖੜ੍ਹਾ ਰਹੇਗਾ।ਪੰਜਾਬ ਸਰਕਾਰ ਨੂੰ ਕਿਸਾਨਾਂ ਨਾਲ ਧੱਕੇਸ਼ਾਹੀ ਨਾ ਕਰਨ ਤੋਂ ਚੌਕਸ ਕਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਸੂਬੇ ਦੇ ਕਿਸਾਨਾਂ ਨਾਲ ਕੋਈ ਧੱਕਾ ਕੀਤਾ ਗਿਆ ਤਾਂ ਸ਼੍ਰੋਮਣੀ ਅਕਾਲੀ ਦਲ ਵੱਡਾ ਸੰਘਰਸ਼ ਉਲੀਕਣ ਨੂੰ ਮਜਬੂਰ ਹੋ ਜਾਵੇਗਾ।ਇਸ ਮੌਕੇ ਸਾਬਕਾ ਚੇਅਰਮੈਨ ਜੀ ਐੱਸ ਬਿੱਲੂ ਐਡਵੋਕੇਟ ਜਗਦੀਸ਼ ਲਾਲਕਾ, ਸਾਬਕਾ ਚੇਅਰਮੈਨ ਜੀ ਐੱਸ ਘਮਰੌਦਾ, ਅਗਰਵਾਲ ਸਭਾ ਚੇਅਰਮੈਨ ਤੇ ਸੀਨੀਅਰ ਅਕਾਲੀ ਦਲ ਆਗੂ ਅਸ਼ੋਕ ਬਾਂਸਲ, ਪ੍ਰਿੰਸ ਤੁੰਗ ਨਾਭਾ, ਅਮਰੀਕ ਸਿੰਘ ਥੂਹੀ, ਐਡਵੋਕੇਟ ਸਿਕੰਦਰ ਪ੍ਰਤਾਪ ਸਿੰਘ, ਬਲਤੇਜ ਸਿੰਘ ਖੋਖ, ਕਰਮ ਸਿੰਘ ਮਾਂਗੇਵਾਲ, ਬਲਵਿੰਦਰ ਸਿੰਘ ਧਾਰਨੀ, ਗੁਰਜੰਟ ਸਿੰਘ ਸਹੋਲੀ, ਬਬਲੂ ਚੌਹਾਨ, ਕਰਮ ਸਿੰਘ ਥੂਹੀ, ਪ੍ਰੀਤਮ ਸਿੰਘ ਥੂਹੀ, ਗੁਰਤੇਜ ਸਿੰਘ ਖਨੌੜਾ, ਗੁਰਜੰਟ ਸਿੰਘ ਘਮਰੌਦਾ, ਸੁਪਿੰਦਰ ਸਿੰਘ ਗਲਵੱਟੀ, ਡਾਕਟਰ ਕਵੇਲੀ, ਸਰਬਜੀਤ ਸਿੰਘ ਧੀਰੋਮਾਜਰਾ, ਮੋਹਨ ਸਿੰਘ ਰਾਮਗੜ੍ਹ, ਅਮਰੀਕ ਸਿੰਘ ਛੀਟਾਂਵਾਲਾ, ਪਰਮਜੀਤ ਸਿੰਘ ਥੂਹੀ ਸਮੇਤ ਵੱਡੀ ਗਿਣਤੀ 'ਚ ਅਕਾਲੀ ਵਰਕਰ ਤੇ ਅਹੁਦੇਦਾਰ ਹਾਜ਼ਰ ਸਨ।

# ਸਰਕਾਰ ਵੱਲੋਂ ਨਜਾਇਜ਼ ਕਬਜ਼ਾ ਛੁਡਾਉਣ ਸੰਬੰਧੀ ਬੋਹਾ 'ਚ ਵੱਡੀ ਕਾਰਵਾਈ

**■ ਕੁੜੀਆਂ ਦੇ ਸਰਕਾਰੀ ਸਕੂਲ ਦੀ ਥਾਂ 'ਤੇ ਬਣੀਆਂ ਸੱਤ ਦੁਕਾਨਾਂ 'ਤੇ ਚੱਲਿਆ ਪੀਲਾ ਪੰਜਾ**



**ਬੋਹਾ (ਨਿਰੰਜਣ ਬੋਹਾ)**-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਬੋਹਾ ਦੀ ਜ਼ਮੀਨ 'ਤੇ ਕੁਝ ਲੋਕਾਂ ਵੱਲੋਂ ਕੀਤੇ ਨਜਾਇਜ਼ ਕਬਜ਼ਿਆਂ 'ਤੇ ਕਰਵਾਈ ਕਰਦਿਆਂ ਸਬ ਡਵੀਜ਼ਨ ਪ੍ਰਸ਼ਾਸਨ ਵੱਲੋਂ ਤਹਿਸੀਲਦਾਰ ਤੇ ਡਿਊਟੀ ਮੈਜਿਸਟਰੇਟ ਮਨਵੀਰ ਸਿੰਘ ਤੇ ਕਾਨੂੰਗੋ ਗਿਰਧਾਰੀ ਲਾਲ ਦੀ ਨਿਗਰਾਨੀ ਹੇਠ ਸਕੂਲ ਦੀ ਥਾਂ 'ਤੇ ਬਣੀਆਂ ਸੱਤ ਦੁਕਾਨਾਂ 'ਤੇ ਜੇ ਬੀ ਸੀ ਦਾ ਪੀਲਾ ਪੰਜਾ ਚਲਾ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਇਹ ਜਗ੍ਹਾ ਕਈ ਸਾਲ ਪਹਿਲਾਂ ਉਸ ਸਮੇਂ ਦੀ ਗਰਾਮ ਪੰਚਾਇਤ ਨੇ ਸਕੂਲ ਨੂੰ ਦਾਨ ਵਜੋਂ ਦਿੱਤੀ ਸੀ, ਜਿਸ 'ਤੇ ਕਥਿਤ ਤੌਰ 'ਤੇ ਕੁਝ ਲੋਕਾਂ ਵੱਲੋਂ ਨਜਾਇਜ਼ ਕਬਜ਼ਾ ਕਰ ਲਿਆ ਗਿਆ ਸੀ। ਪਿਛਲੇ ਸਮੇਂ ਦੌਰਾਨ ਨਜਾਇਜ਼ ਕਬਜ਼ਾ ਛੁਡਵਾਉਣ ਦੇ ਮੰਤਵ ਨਾਲ ਕਈ ਵਾਰ ਇਸ ਥਾਂ ਦੀ ਮਿਣਤੀ ਕਰਵਾਈ ਗਈ, ਪਰ ਹਰ ਵਾਰ ਮਿਣਤੀ ਵਿਚ ਫਰਕ ਆ ਜਾਣ ਕਾਰਨ ਮਾਮਲਾ ਹੋਰ ਉਲਝਦਾ ਰਿਹਾ। ਹੁਣ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸੰਨ 2019 ਵਿੱਚ ਹੋਈ ਪਹਿਲੀ ਮਿਣਤੀ ਨੂੰ ਠੀਕ ਮੰਨ ਕੇ ਭਾਰੀ ਪੁਲਸ ਬਲ ਤਾਇਨਾਤ ਕਰਕੇ ਇਹ ਨਜਾਇਜ਼ ਕਬਜ਼ਾ ਛੁਡਵਾਇਆ ਗਿਆ ਹੈ।ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਦਰਸ਼ਨ ਘਾਰੂ ਤੇ ਰਾਜਵਿੰਦਰ ਸਿੰਘ ਸਵੈਚ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਤੇ ਨਜਾਇਜ਼ ਕਬਜ਼ਿਆਂ ਖਿਲਾਫ ਅਪਣਾਈ ਜ਼ੀਰੋ ਸਹਿਣਸ਼ੀਲਤਾ ਦੀ ਨੀਤੀ ਤਹਿਤ ਹੀ ਇਹ ਕਬਜ਼ਾ ਛੁਡਵਾਉਣ ਦੀ ਕਾਰਵਾਈ ਹੋਈ ਹੈ।ਇਸ ਸਮੇਂ ਡਿਊਟੀ ਮੈਜਿਸਟਰੇਟ ਮਨਵੀਰ ਸਿੰਘ ਨੇ ਕਿਹਾ ਕਿ ਅੱਜ ਦੀ ਇਸ ਕਬਜ਼ਾ ਕਾਰਵਾਈ ਨਾਲ ਸਕੂਲ ਦੇ ਨਾਂ ਬੋਲਦੀ ਵੀਹ ਕਨਾਲ ਜ਼ਮੀਨ ਪੂਰੀ ਕਰ ਦਿੱਤੀ ਗਈ ਹੈ। ਇਸ ਮੌਕੇ ਉੱਪ-ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਪਰਮਜੀਤ ਸਿੰਘ ਭੋਗਲ, ਸਰਕਾਰੀ ਸਕੂਲ ਕੁੜੀਆਂ ਦੇ ਪ੍ਰਿੰਸੀਪਲ ਮੇਘਾ ਸਿੰਘ, ਸ਼ਹੀਦ ਜਗਸੀਰ ਸਿੰਘ ਸਕੂਲ ਆਫ ਐਮੀਨੈਂਸ ਦੇ ਪ੍ਰਿੰਸੀਪਲ ਹਰਵਿੰਦਰ ਸਿੰਘ ਭੁੱਲਰ, ਨਗਰ ਪੰਚਾਇਤ ਬੋਹਾ ਦੇ ਪ੍ਰਧਾਨ ਕਮਲਜੀਤ ਸਿੰਘ ਬਾਵਾ, ਸੰਤੋਖ ਸਾਗਰ, ਐੱਮ ਸੀ ਜਗਸੀਰ ਸਿੰਘ ਜੱਗਾ, ਸੇਠ ਸੁਰਿੰਦਰ ਕੁਮਾਰ, ਵਿਜੇ ਕੁਮਾਰ, ਦਰਸ਼ਨ ਘਾਰੂ ਤੇ ਪਰਮਜੀਤ ਸਿੰਘ ਪੰਮਾ ਆਦਿ ਮੌਜੂਦ ਸਨ।ਇਸ ਸਬੰਧੀ ਕਾਬਜ਼ ਧਿਰ ਨੇ ਕਿਹਾ ਕਿ ਉਨ੍ਹਾਂ ਦੀਆਂ ਦੁਕਾਨਾਂ ਉਨ੍ਹਾਂ ਵੱਲੋਂ ਖਰੀਦੀ ਆਪਣੀ ਜਗ੍ਹਾ 'ਤੇ ਬਣੀਆਂ ਹੋਈਆਂ ਤੇ ਉਨ੍ਹਾਂ ਵਿਰੁੱਧ ਕਾਰਵਾਈ ਨਿੱਜੀ ਤੇ ਰਾਜਸੀ ਰੰਜਿਸ਼ ਰੱਖਣ ਵਾਲੇ ਲੋਕਾਂ ਨੇ ਕਰਵਾਈ ਹੈ।

# ਊਧਮ ਸਿੰਘ ਦੀ ਸ਼ਹਾਦਤ ਪੰਜਾਬ ਦੀ ਅਣਖ ਤੇ ਗੌਰਵ ਦਾ ਪ੍ਰਤੀਕ : ਰਾਏ

**■ ਊਧਮ ਸਿੰਘ ਨੇ ਜਲ੍ਹਿਆਂ ਵਾਲੇ ਬਾਗ ਦਾ ਬਦਲਾ ਲੈ ਕੇ ਪੰਜਾਬ ਤੇ ਪੰਜਾਬੀਆਂ ਦੀ ਅਣਖ ਨੂੰ ਬੁਲੰਦ ਰੱਖਿਆ : ਵਿਧਾਇਕ ਹੈਪੀ**

**■ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਸਮਾਗਮ ਦੌਰਾਨ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜਲੀਆਂ**



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਦੇਸ਼ ਦੇ ਮਹਾਨ ਸਪੂਤ ਸ਼ਹੀਦ ਊਧਮ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਸ਼ਹੀਦੀ ਸਮਾਰਕ 'ਤੇ ਸ਼ਰਧਾ ਨਾਲ ਮਨਾਇਆ ਗਿਆ।ਇਸ ਮੌਕੇ ਫ਼ਤਹਿਗੜ੍ਹ ਸਾਹਿਬ ਦੇ ਵਿਧਾਇਕ ਲਖਬੀਰ ਸਿੰਘ ਰਾਏ ਤੇ ਬਸੀ ਪਠਾਨਾ ਦੇ ਵਿਧਾਇਕ ਰੁਪਿੰਦਰ ਸਿੰਘ ਹੈਪੀ ਸਮੇਤ ਵੱਖ ਵੱਖ ਸ਼ਖ਼ਸੀਅਤਾਂ ਵੱਲੋਂ ਸ਼ਹੀਦ ਊਧਮ ਸਿੰਘ ਦੀ ਮਹਾਨ ਸ਼ਹਾਦਤ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਤੋਂ ਸਹੁੰ ਚੁੱਕ ਕੇ ਆਪਣਾ ਕਾਰਜ ਸ਼ੁਰੂ ਕੀਤਾ ਸੀ ਅਤੇ ਸਾਡੀ ਸਰਕਾਰ ਸ਼ਹੀਦਾਂ ਦੇ ਦਿਖਾਏ ਮਾਰਗ 'ਤੇ ਚਲਦੇ ਹੋਏ ਜਿੱਥੇ ਸੂਬੇ ਦੇ ਸਰਬਪੱਖੀ ਵਿਕਾਸ ਲਈ ਦਿਨ-ਰਾਤ ਮਿਹਨਤ ਕਰ ਰਹੀ ਹੈ, ਉਥੇ ਹੀ ਨਸ਼ਿਆਂ ਵਰਗੀ ਲਾਹਣਤ ਨੂੰ ਜੜ੍ਹੋਂ ਪੁੱਟਣ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵੀ ਚਲਾਈ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਲੜੀ ਜਾ ਰਹੀ ਜੰਗ ਫੈਸਲਾਕੁਨ ਦੌਰ ਵਿੱਚ ਪਹੁੰਚ ਚੁੱਕੀ ਹੈ ਤੇ ਇਸ ਦੀ ਸਫਲਤਾ ਦਾ ਸਿਹਰਾ ਪੰਜਾਬ ਦੇ ਬਹਾਦਰ ਲੋਕਾਂ ਸਿਰ ਜਾਂਦਾ ਹੈ।ਵਿਧਾਇਕ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਜੀ ਦੀ ਸ਼ਹਾਦਤ ਪੰਜਾਬ ਦੀ ਅਣਖ ਤੇ ਗੌਰਵ ਦਾ ਪ੍ਰਤੀਕ ਹੈ। ਸ਼ਹੀਦ ਊਧਮ ਸਿੰਘ ਸੁਨਾਮ, ਭਾਰਤ ਦੀ ਆਜ਼ਾਦੀ ਦੀ ਲੜਾਈ ਦੇ ਉਹ ਮਹਾਨ ਸੂਰਮੇ ਸਨ, ਜਿਨ੍ਹਾਂ ਨੇ ਜਲ੍ਹਿਆਂਵਾਲਾ ਬਾਗ ਦੇ ਕਤਲੇਆਮ ਦਾ ਬਦਲਾ ਲੈ ਕੇ ਸਾਰੀ ਦੁਨੀਆ ਨੂੰ ਇਹ ਸੰਦੇਸ਼ ਦਿੱਤਾ ਕਿ ਪੰਜਾਬੀਆਂ ਉਤੇ ਹੋਏ ਜ਼ੁਲਮ ਕਦੇ ਵੀ ਭੁੱਲੇ ਨਹੀਂ ਜਾਣਗੇ।ਇਨ੍ਹਾ ਕਿਹਾ ਕਿ ਪੰਜਾਬੀ ਮਾਂ ਦੇ ਇਸ ਬਹਾਦਰ ਸਪੂਤ ਵੱਲੋਂ ਦਿੱਤੀ ਗਈ ਸ਼ਹਾਦਤ ਰਹਿੰਦੀ ਦੁਨੀਆ ਤੱਕ ਯਾਦ ਰੱਖੀ ਜਾਵੇਗੀ।ਇਸ ਮੌਕੇ ਬਸੀ ਪਠਾਣਾ ਦੇ ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਨੇ ਜ਼ਾਲਮ ਨੂੰ ਬਣਦੀ ਸਜ਼ਾ ਦੇ ਕੇ ਜਿੱਥੇ ਪੰਜਾਬ ਦੀ ਅਣਖ ਨੂੰ ਬੁਲੰਦ ਰੱਖਿਆ, ਉਥੇ ਦੇਸ਼ ਦੀ ਅਜ਼ਾਦੀ ਵਿਚ ਬਹੁਤ ਵੱਡਾ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਆਜ਼ਾਦੀ ਲਈ ਸ਼ਹੀਦੀਆਂ ਦੇਣ ਵਾਲੇ ਮਹਾਨ ਸ਼ਹੀਦਾਂ ਨੂੰ ਰਹਿੰਦੀ ਦੁਨੀਆ ਤੱਕ ਯਾਦ ਰੱਖਿਆ ਜਾਵੇਗਾ ਤੇ ਸ਼ਹੀਦਾਂ ਵੱਲੋਂ ਵਿਖਾਏ ਮਾਰਗ 'ਤੇ ਚੱਲ ਕੇ ਹੀ ਆਪਸੀ ਸਾਂਝ ਤੇ ਭਾਈਚਾਰਕ ਏਕਤਾ ਨੂੰ ਮਜ਼ਬੂਤ ਕੀਤਾ ਜਾ ਸਕਦਾ ਹੈ।ਇਸ ਮੌਕੇ ਰੌਜ਼ਾ ਸ਼ਰੀਫ਼ ਦੇ ਖਲੀਫਾ ਸਈਅਦ ਸਾਦਿਕ ਰਜ਼ਾ ਸਮੇਤ ਵੱਡੀ ਗਿਣਤੀ ਵਿੱਚ ਪ੍ਰਸ਼ਾਸਨਕ ਅਧਿਕਾਰੀਆਂ, ਰਾਜਸੀ, ਸਮਾਜਿਕ ਤੇ ਧਾਰਮਿਕ ਆਗੂਆਂ, ਜ਼ਿਲ੍ਹਾ ਮੈਡੀਕਲ ਐਸੋਸੀਏਸ਼ਨ ਦੇ ਪ੍ਰਧਾਨ ਸੁਨੀਤ ਕੁਮਾਰ, ਬਹਾਦਰ ਖਾਨ ਪੀਏ, ਰਮੇਸ਼ ਕੁਮਾਰ ਸੋਨੂ, ਐਡਵੋਕੇਟ ਗੁਰਮੀਤ ਸਿੰਘ ਬਾਜਵਾ ਸੰਗਠਨ ਇੰਚਾਰਜ, ਪ੍ਰਿਤਪਾਲ ਸਿੰਘ ਜੱਸੀ, ਦਵਿੰਦਰ ਕੌਰ ਕੌਂਸਲਰ, ਬੰਟੀ ਸੈਣੀ, ਸੁਭਾਸ਼ ਸੂਦ, ਐਡਵੋਕੇਟ ਗੁਰਪ੍ਰੀਤ ਸਿੰਘ ਕੈੜੇ, ਜਗਰੂਪ ਸਿੰਘ ਸਰਪੰਚ, ਆਪ ਪਾਰਟੀ ਦੇ ਬਲਾਕ ਪ੍ਰਧਾਨ ਮਨਦੀਪ ਪੋਲਾ ਤੇ ਆਮ ਲੋਕਾਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

# ਮਾਤਾ ਗੁਜਰੀ ਜੀ ਭਲਾਈ ਕੇਂਦਰ ਤੇ ਰੂਰਲ ਯੂਥ ਕਲੱਬਜ਼ ਵੱਲੋਂ ਨੈੱਟ ਪਾਸ ਭੈਣਾਂ ਦਾ ਸਨਮਾਨ



**ਬੁਢਲਾਡਾ (ਅਸ਼ੋਕ ਲਾਕੜਾ)**-ਮਾਤਾ ਗੁਜਰੀ ਜੀ ਭਲਾਈ ਕੇਂਦਰ ਅਤੇ ਜ਼ਿਲ੍ਹਾ ਰੂਰਲ ਯੂਥ ਕਲੱਬਜ ਐਸੋਸੀਏਸ਼ਨ ਮਾਨਸਾ ਵੱਲੋਂ ਇਥੋਂ ਕੁਲਾਨਾ ਰੋਡ ਦੀਆਂ ਤਿੰਨ ਸਧਾਰਨ ਪਰਵਾਰ ਦੀਆਂ ਬੱਚੀਆਂ ਦਾ ਸਨਮਾਨ ਕੀਤਾ ਗਿਆ, ਜਿਨ੍ਹਾਂ ਨੇ ਨੈੱਟ ਦੀ ਪ੍ਰੀਖਿਆ ਵਿੱਚ ਸਫਲਤਾ ਪ੍ਰਾਪਤ ਕੀਤੀ।ਤਿੰਨਾਂ ਸਕੀਆਂ ਭੈਣਾਂ ਵਲੋਂ 2025 ਦੀ ਹੋਈ ਨੈਸ਼ਨਲ ਪੱਧਰ ਦੀ ਯੂ ਜੀ ਸੀ ਪ੍ਰੀਖਿਆ ਵਿੱਚੋਂ ਇਕੱਠੀਆਂ ਨੈੱਟ ਪਾਸ ਕਰਨਾ ਇਲਾਕੇ ਲਈ ਬਹੁਤ ਮਾਣ ਦੀ ਗੱਲ ਹੈ।ਇਹ ਬੱਚੀਆਂ ਇਕੱਲੇ ਕਮਾਉਣ ਵਾਲੇ ਇੱਕ ਗ੍ਰੰਥੀ ਭਾਈ ਬਿੱਕਰ ਸਿੰਘ ਦੀਆਂ ਹਨ। ਭਰਾ ਵੀ ਬੀਮਾਰ ਰਹਿੰਦਾ ਹੈ।ਆਰਥਿਕ ਤੰਗੀ ਵਿੱਚ ਰਹਿੰਦੇ ਹੋਏ ਘਰ ਦਾ ਕੰਮ ਕਰਨ ਦੇ ਨਾਲ ਪੜ੍ਹਾਈ ਕਰਕੇ ਨੈੱਟ ਪਾਸ ਕਰਨਾ ਅਚੰਭੇ ਤੋਂ ਘੱਟ ਨਹੀਂ।ਇਨ੍ਹਾਂ ਬੱਚੀਆਂ ਨੇ ਪੰਜਾਬੀ, ਇਤਿਹਾਸ ਤੇ ਕੰਪਿਊਟਰ ਸਾਇੰਸ ਦੇ ਵੱਖੋ ਵੱਖ ਵਿਸ਼ਿਆਂ ਵਿੱਚ ਨੈੱਟ ਪਾਸ ਕੀਤਾ।ਘਰ ਵੀ ਖ਼ਸਤਾ ਹਾਲਤ ਵਿੱਚ ਹੈ।ਮਾਤਾ ਗੁਜਰੀ ਜੀ ਭਲਾਈ ਕੇਂਦਰ ਦੇ ਦਫਤਰ ਵਿਖੇ ਸੰਸਥਾਵਾਂ ਵਲੋਂ ਤਿੰਨਾਂ ਬੱਚੀਆਂ ਦਾ ਪਰਵਾਰ ਸਮੇਤ ਜ਼ੋਰਦਾਰ ਸਵਾਗਤ ਕਰਦੇ ਹੋਏ ਲੋਈਆਂ, ਸਨਮਾਨ ਚਿੰਨ੍ਹ ਤੇ ਆਰਥਿਕ ਸਹਾਇਤਾ ਨਾਲ ਸਨਮਾਨਤ ਕੀਤਾ ਗਿਆ।ਸੰਸਥਾਵਾਂ ਵਲੋਂ 21000 ਰੁਪਏ ਦਾ ਚੈੱਕ, ਬਰੇਟਾ ਦੇ ਸਤਿਕਾਰਯੋਗ ਸ਼੍ਰੀ ਮਹਿੰਦਰਪਾਲ ਕਟੋਦੀਆ ਵੱਲੋਂ 3100 ਰੁਪਏ ਪ੍ਰਤੀ ਬੱਚੀ, ਮਾਸਟਰ ਬਲਬੀਰ ਸਿੰਘ ਸਰਾਂ ਵੱਲੋਂ 1100 ਰੁਪਏ ਪ੍ਰਤੀ ਬੱਚੀ ਅਤੇ ਅਵਤਾਰ ਸਿੰਘ ਜੀ ਬੱਛੁਆਣਾ ਵੱਲੋਂ 500 ਰੁਪਏ ਪ੍ਰਤੀ ਬੱਚੀ ਦਿੰਦੇ ਹੋਏ ਸਨਮਾਨ ਕੀਤਾ।ਬੱਚੀਆਂ, ਮਾਤਾ ਨੂੰ ਸੂਟ ਤੇ ਪਿਤਾ ਜੀ ਨੂੰ ਪੱਗ ਵੀ ਭੇਟਾ ਦਿੱਤੀ ਗਈ।ਨਗਰ ਸੁਧਾਰ ਸਭਾ ਦੇ ਐਡਵੋਕੇਟ ਸਵਰਨਜੀਤ ਸਿੰਘ ਦਲਿਓ, ਗ੍ਰੰਥੀ ਸਭਾ ਦੇ ਗਿਆਨੀ ਬਲਵਿੰਦਰ ਸਿੰਘ, ਗੱਤਕਾ ਪਾਰਟੀ ਦੇ ਸੁਰਜੀਤ ਸਿੰਘ ਟੀਟਾ, ਸੰਸਥਾ ਦੇ ਜਸਵਿੰਦਰ ਸਿੰਘ ਵਿਰਕ ਵਲੋਂ ਸੰਬੋਧਨ ਕਰਦੇ ਹੋਏ ਬੱਚੀਆਂ ਨੂੰ ਅਸ਼ੀਰਵਾਦ ਦਿੱਤਾ।ਮੈਡਮ ਕਮਲਾ ਰਾਣੀ ਨੇ ਭਾਵਪੂਰਵਕ ਕਵਿਤਾ ਸੁਣਾਈ ਗਈ।ਅਖੀਰ ਮਾਸਟਰ ਕੁਲਵੰਤ ਸਿੰਘ ਵਲੋਂ ਪਹੁੰਚੇ ਮਹਿਮਾਨਾਂ ਅਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ।ਸਟੇਜ ਸੰਚਾਲਨ ਰਾਜਿੰਦਰ ਵਰਮਾ ਵੱਲੋਂ ਬਾਖੂਬੀ ਕੀਤਾ ਗਿਆ।

## ਐੱਸ ਟੀ ਕੋਟੈਕਸ ਵਿਖੇ ਟੀ ਬੀ ਰੋਗ ਸੰਬੰਧੀ ਜਾਂਚ ਕੈਂਪ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਕੁਹਾੜਾ ਮਾਰਗ 'ਤੇ ਸਥਿਤ ਐੱਸ.ਟੀ. ਕੋਟੈਕਸ ਵਿਖੇ ਟੀ.ਬੀ. ਮੁਕਤ ਅਭਿਆਨ ਤਹਿਤ ਜਾਗਰੂਕਤਾ ਅਤੇ ਜਾਂਚ ਕੈਂਪ ਲਾਇਆ ਗਿਆ। ਐੱਸ.ਐੱਮ.ਓ. ਡਾ. ਜਸਦੇਵ ਸਿੰਘ ਨੇ ਦੱਸਿਆ ਕਿ ਟੀ.ਬੀ. ਦੇ ਐਕਟਿਵ ਕੇਸ ਲੱਭਣ ਲਈ ਮੁਕਤ ਐਕਸਰੇ, ਸਾਈ ਟੀ.ਬੀ. ਅਤੇ ਖ਼ੂਨ ਦੇ ਟੈਸਟ ਕੀਤੇ ਗਏ ਅਤੇ ਲੋਕਾਂ ਨੂੰ ਦੱਸਿਆ ਗਿਆ ਕਿ ਟੀ.ਬੀ. ਸਬੰਧੀ ਕੋਈ ਵੀ ਲੱਛਣ ਦਿਸਣ ਤਾਂ ਛੇਤੀ ਤੋਂ ਛੇਤੀ ਜਾਂਚ ਕਰਵਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਉਕਤ ਰੋਗ ਹੋ ਜਾਂਦਾ ਹੈ ਤਾਂ ਪੂਰਾ ਇਲਾਜ ਕਰਵਾਉਣਾ ਚਾਹੀਦਾ ਹੈ। ਇਸ ਮੌਕੇ ਸਰਪੰਚ ਜਸਵਿੰਦਰ ਸਿੰਘ ਤੱਖਰਾਂ, ਲਖਬੀਰ ਸਿੰਘ, ਕਿਰਨਦੀਪ ਕੌਰ, ਗੁਰਪ੍ਰੀਤ ਕੌਰ, ਨਵਜੋਤ ਸਿੰਘ, ਅਮਨਦੀਪ ਤੋਂ ਇਲਾਵਾ ਆਸ਼ਾ ਵਰਕਰਜ਼ ਆਦਿ ਹਾਜ਼ਰ ਸਨ।

## ਹੋਲੀ ਹਾਰਟ ਸਕੂਲ 'ਚ ਇੰਗਲਿਸ਼ ਵਰਕਸ਼ਾਪ ਲਗਾਈ



ਅਜੀਤਵਾਲ (ਨਛੱਤਰ ਸੰਧੂ)-ਇਲਾਕੇ ਦੀ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿੱਚ ਦੋ ਰੋਜ਼ਾ ਇੰਗਲਿਸ਼ ਵਰਕਸ਼ਾਪ ਲਗਾਈ ਗਈ, ਜਿਸ ਦਾ ਅੱਜ ਪਹਿਲਾ ਦਿਨ ਸੀ। ਵਰਕਸ਼ਾਪ ਵਿੱਚ ਵੱਖ ਵੱਖ ਸਕੂਲਾਂ ਦੇ ਅਧਿਆਪਕਾਂ ਨੇ ਭਾਗ ਲਿਆ। ਹੋਲੀ ਹਾਰਟ ਸਕੂਲ ਵਿੱਚ ਸ੍ਰੀਮਤੀ ਰਵਿੰਦਰ ਕੌਰ ਤੇ ਸ੍ਰੀਮਤੀ ਨਿਧੀ ਨਿਯੁਕਤ ਕੀਤੇ ਗਏ। ਸਕੂਲ ਪਹੁੰਚਣ 'ਤੇ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਵੱਲੋਂ ਮੁੱਖ ਮਹਿਮਾਨਾਂ ਤੇ ਵੱਖ ਵੱਖ ਸਕੂਲਾਂ ਤੋਂ ਆਏ ਅਧਿਆਪਕਾਂ ਦਾ ਸਵਾਗਤ ਕੀਤਾ ਗਿਆ। ਵਰਕਸ਼ਾਪ ਦਾ ਉਦੇਸ਼ ਅਧਿਆਪਨ ਦੀਆਂ ਨਵੀਆਂ ਤਕਨੀਕਾਂ, ਗਤੀਵਿਧੀਆਂ ਤੇ ਸਿੱਖਣ ਸਥਾਨ ਦੇ ਤਰੀਕਿਆਂ ਵਿੱਚ ਨਿਖਾਰ ਲਿਆਉਣਾ ਸੀ। ਇਸ ਵਰਕਸ਼ਾਪ ਵਿੱਚ ਹੋਲੀ ਹਾਰਟ ਸਕੂਲ ਦੇ ਅਧਿਆਪਕਾਂ ਨੇ ਵੀ ਇਸ ਵਰਕਸ਼ਾਪ ਵਿੱਚ ਭਾਗ ਲਿਆ। ਵਰਕਸ਼ਾਪ ਵਿੱਚ ਅਧਿਆਪਕਾਂ ਨੂੰ ਨਵੀਆਂ ਨੀਤੀ ਦੇ ਬਾਰੇ ਵਿੱਚ ਦੱਸਿਆ ਗਿਆ। ਉਨ੍ਹਾਂ ਅਧਿਆਪਕਾਂ ਨੂੰ ਦੱਸਿਆ ਕਿ ਕਿਸ ਤਰ੍ਹਾਂ ਉਹ ਕਲਾਸ ਵਿੱਚ ਨਵੀਂ ਨੀਤੀ ਨੂੰ ਲਾਗੂ ਕਰ ਸਕਦੇ ਹਨ। ਇਸ ਮੌਕੇ ਸਕੂਲ ਚੇਅਰਮੈਨ ਕੁਲਵੰਤ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼ੀਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਸ਼ਾਮਲ ਸਨ।

## ਮਾਤਾ ਗੰਗਾ ਖ਼ਾਲਸਾ ਕਾਲਜ ਵਿਖੇ ਕੰਪਿਊਟਰ ਵਿਭਾਗ ਵੱਲੋਂ ਐਕਸਟੈਂਸ਼ਨ ਲੈਕਚਰ



ਦੋਰਾਹਾ (ਹਰਮਿੰਦਰ ਸੇਠ)-ਮਾਤਾ ਗੰਗਾ ਖ਼ਾਲਸਾ ਕਾਲਜ, ਮੰਜੀ ਸਾਹਿਬ ਕੋਟਾਂ ਵਿਖੇ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਦੀ ਯੋਗ ਅਗਵਾਈ ਹੇਠ ਕੰਪਿਊਟਰ ਵਿਭਾਗ ਵੱਲੋਂ ਐਕਸਟੈਂਸ਼ਨ ਲੈਕਚਰ ਕਰਵਾਇਆ ਗਿਆ, ਜਿਸ ਵਿੱਚ ਕਾਲਜੀਏਟ ਸਕੂਲ ਦੇ 55 ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਇਸ ਲੈਕਚਰ 'ਚ ਕੰਪਿਊਟਰ ਵਿਭਾਗ ਦੇ ਲੈਕਚਰਾਰ ਸ੍ਰੀਮਤੀ ਗੁਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਵਰਡ ਪ੍ਰੈੱਸ, ਏ. ਆਈ., ਏ. ਆਈ. ਟੂਲਜ਼, ਚੈਟ ਜੀ.ਪੀ.ਟੀ. ਆਦਿ ਬਾਰੇ ਜਾਣਕਾਰੀ ਦਿੰਦਿਆਂ ਆਧੁਨਿਕ ਸਮੇਂ ਵਿੱਚ ਇਸ ਦੀ ਵਰਤੋਂ, ਇਸ ਦੇ ਲਾਭ ਤੇ ਹਾਨੀਆਂ ਬਾਰੇ ਦੱਸਿਆ। ਇਸ ਲੈਕਚਰ ਦਾ ਉਦੇਸ਼ ਵੈੱਬ ਡਿਜ਼ਾਈਨਿੰਗ ਵਿੱਚ ਏ. ਆਈ. ਵਰਤਦੇ ਹੋਏ ਕਿਸੇ ਵੀ ਪ੍ਰੋਜੈਕਟ ਵਿੱਚ ਵਿਦਿਆਰਥੀਆਂ ਦੀ ਕੁਸ਼ਲਤਾ ਤੇ ਗੁਣਵੱਤਾ ਨੂੰ ਉਜਾਗਰ ਕਰਕੇ ਗਿਆਨ ਵਿੱਚ ਵਾਧਾ ਕਰਨਾ ਸੀ। ਪ੍ਰਿੰ. ਡਾ. ਗਗਨਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਅਜਿਹੀ ਤਕਨਾਲੋਜੀ ਨੂੰ ਸਹੀ ਢੰਗ ਨਾਲ ਵਰਤ ਕੇ ਨਵੇਂ-ਨਵੇਂ ਰੁਜ਼ਗਾਰਾਂ ਨੂੰ ਚੁਣਨ, ਆਪਣੀ ਪ੍ਰਤਿਭਾ ਨੂੰ ਨਿਖਾਰਨ ਤੇ ਇਸ ਨੂੰ ਆਪਣੀ ਆਮਦਨ ਦਾ ਜ਼ਰੀਆ ਬਣਾਉਣ ਲਈ ਪ੍ਰੇਰਿਤ ਕੀਤਾ।

## ਪੈਰਾਡਾਈਜ਼ ਅਕੈਡਮੀ ਵੱਲੋਂ ਹਮੀਦੀ 'ਚ ਨਸ਼ਿਆਂ ਖਿਲਾਫ ਰੈਲੀ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਪੈਰਾਡਾਈਜ਼ ਅਕੈਡਮੀ ਸੀਨੀਅਰ ਸੈਕੰਡਰੀ ਵਜੀਦਕੇ ਖੁਰਦ ਦੇ ਨੌਵੀਂ ਤੋਂ ਬਾਰਵੀਂ ਤੱਕ ਦੇ ਵਿਦਿਆਰਥੀਆਂ ਵੱਲੋਂ ਜ਼ਿਲ੍ਹਾ ਸਿੱਖਿਆ ਅਫਸਰ ਬਰਨਾਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪ੍ਰਿੰਸੀਪਲ ਜਸਵਿੰਦਰ ਸਿੰਘ ਚਹਿਲ ਦੀ ਅਗਵਾਈ ਹੇਠ ਪਿੰਡ ਹਮੀਦੀ ਵਿਖੇ ਪੰਜਾਬ ਸਰਕਾਰ ਵੱਲੋਂ ਚਲਾਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਰੈਲੀ ਕੱਢੀ ਗਈ। ਇਸ ਮੌਕੇ ਥਾਣਾ ਠੁੱਲੀਵਾਲ ਦੇ ਮੁੱਖ ਅਫ਼ਸਰ ਗੁਰਮੇਲ ਸਿੰਘ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਇਸ ਤੋਂ ਬਚ ਕੇ ਵਿੱਦਿਆ ਤੇ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਲਈ ਉਤਸ਼ਾਹਤ ਕੀਤਾ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਰੈਲੀਆਂ ਸਮੇਂ-ਸਮੇਂ 'ਤੇ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਸਮਾਜ ਵਿੱਚ ਹੋ ਰਹੀਆਂ ਬੁਰਾਈਆਂ ਨੂੰ ਦੂਰ ਕੀਤਾ ਜਾ ਸਕੇ। ਸਕੂਲ ਦੀ ਮੈਨੇਜਮੈਂਟ ਕਮੇਟੀ ਸ੍ਰ. ਰਣਜੀਤ ਸਿੰਘ ਟੱਲੇਵਾਲ (ਰਿਟਾਇਰ ਮੁੱਖ ਅਧਿਆਪਕ) ਚੇਅਰਮੈਨ ਸੁਰਿੰਦਰ ਬਾਵਾ, ਡਾ. ਅਲੋਕ ਸਿੰਗਲਾ, ਸੰਜੀਵ ਬਾਂਸਲ, ਮੁਨੀਸ਼ ਸਿੰਗਲਾ, ਵਿਸ਼ਾਲ ਕੁਮਾਰ ਤੇ ਬਲਜਿੰਦਰ ਕੁਮਾਰ ਦੇ ਸਹਿਯੋਗ ਨਾਲ ਰੈਲੀ ਨੇ ਵਧੀਆ ਪ੍ਰਭਾਵ ਛੱਡਿਆ।

## ਹੈਪੀ ਨੇ ਨੌਗਾਵਾਂ ਤੇ ਆਲਮਪੁਰ 'ਚ ਜਲ ਸਪਲਾਈ ਸਕੀਮਾਂ ਦੇ ਨੀਂਹ ਪੱਥਰ ਰੱਖੇ



ਬਸੀ ਪਠਾਣਾ (ਪ੍ਰਮੋਦ ਭਾਰਦਵਾਜ)-ਵਿਧਾਇਕ ਰੁਪਿੰਦਰ ਸਿੰਘ ਹੈਪੀ ਨੇ ਬਲਾਕ ਬਸੀ ਪਠਾਣਾ ਦੇ ਦੋ ਪਿੰਡਾਂ ਵਿੱਚ ਕਰੀਬ 98 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਦੋ ਜਲ ਘਰਾਂ ਦੇ ਨਿਰਮਾਣ ਕਾਰਜਾਂ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਜਲ ਸਪਲਾਈ ਸਕੀਮਾਂ ਦੇ ਨਿਰਮਾਣ ਨਾਲ ਲੋਕਾਂ ਨੂੰ ਪੀਣ ਲਈ ਸਾਫ਼ ਪਾਣੀ ਮਿਲੇਗਾ ਤੇ ਲੋਕਾਂ ਦੀ ਚਿਰਾਂ ਪੁਰਾਣੀ ਮੰਗ ਸਥਾਈ ਤੌਰ 'ਤੇ ਹੱਲ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਆਲਮਪੁਰ ਵਿਖੇ 32 ਲੱਖ ਤੇ ਨੌਗਾਵਾਂ ਵਿਖੇ 66 ਲੱਖ ਦੀ ਲਾਗਤ ਨਾਲ ਬਣਨ ਵਾਲੇ ਇਹ ਪ੍ਰੋਜੈਕਟ ਨਾਬਾਰਡ ਸਕੀਮ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਅਧਿਕਾਰੀਆਂ ਨਾਲ ਦੋਵੇਂ ਜਲ ਘਰਾਂ ਦੇ ਨਿਰਮਾਣ ਕਾਰਜ ਚਾਰ ਮਹੀਨਿਆਂ ਦੇ ਅੰਦਰ ਅੰਦਰ ਮੁਕੰਮਲ ਕਰਨ ਦੀ ਹਦਾਇਤ ਕੀਤੀ ਗਈ ਹੈ। ਸਮਾਗਮ ਦੌਰਾਨ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਿਰਮਾਣ ਕਾਰਜਾਂ ਦੀ ਖੁਦ ਨਿਗਰਾਨੀ ਕਰਨ ਤੇ ਜੇਕਰ ਕਿਤੇ ਕੋਈ ਤਰੁੱਟੀ ਲਗਦੀ ਹੈ ਤਾਂ ਫੌਰੀ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ। ਉਨ੍ਹਾਂ ਭਰੋਸਾ ਦਿਵਾਇਆ ਕਿ ਇਹ ਪ੍ਰੋਜੈਕਟ ਤੈਅ ਸਮੇਂ ਵਿੱਚ ਪੂਰੇ ਕਰ ਕੇ ਲੋਕ ਅਰਪਿਤ ਕੀਤਾ ਜਾਵੇਗਾ। ਇਸ ਮੌਕੇ ਜਲ ਸਪਲਾਈ ਵਿਭਾਗ ਦੇ ਐੱਸਡੀਓ ਸਰਹੰਦ ਗੌਤਮ ਜਿੰਦਲ ਤੇ ਜੇਈ ਬਸੀ ਪਠਾਣਾ ਕੁਲਵੰਤ ਸਿੰਘ, ਜਗਮੋਹਨ ਸਿੰਘ, ਜਸਪਾਲ ਸਿੰਘ, ਮਨਜੀਤ ਸਿੰਘ, ਬਲਜੀਤ ਸਿੰਘ, ਗੁਰਦੀਪ ਸਿੰਘ, ਗੁਰਪ੍ਰੀਤ ਸਿੰਘ ਪੰਚ, ਹਰਵਿੰਦਰ ਸਿੰਘ ਪੰਚ, ਇੰਦਰਜੀਤ ਸਿੰਘ ਚਹਿਲ, ਵਰਿੰਦਰ ਸਿੰਘ, ਅਰਸ਼ਦੀਪ ਸਿੰਘ, ਜੋਬਨਪ੍ਰੀਤ ਸਿੰਘ ਤੇ ਬਹਾਦਰ ਸਿੰਘ ਮੌਜੂਦ ਸਨ।

## ਲੈਂਡ ਪੂਲਿੰਗ ਪਾਲਿਸੀ ਕਿਸਾਨ ਬਰਬਾਦ ਕਰੇਗੀ : ਆਤਮਾ ਸਿੰਘ ਧੂੜਕੋਟ



ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)-ਪੰਜਾਬ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਨੂੰ ਖੁਸ਼ ਕਰਨ ਵਾਸਤੇ ਹਰ ਤਰ੍ਹਾਂ ਹੱਥ ਕੰਡੇ ਆਪਣਾ ਰਹੀ ਹੈ। ਲੈਂਡ ਪੂਲਿੰਗ ਪਾਲਿਸੀ ਰਾਹੀਂ ਕਿਸਾਨ ਬਰਬਾਦ ਹੋ ਜਾਣਗੇ। ਭਾਰਤੀ ਕਿਸਾਨ ਯੂਨੀਅਨ ਮੋਗਾ ਦੇ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂੜਕੋਟ ਅਤੇ ਸੂਬਾ ਪ੍ਰੈਸ ਸਕੱਤਰ ਨੇ ਦੱਸਿਆ ਕਿ ਪੰਜਾਬ ਸਰਕਾਰ ਜੋ ਜ਼ਮੀਨ ਲੈਂਡ ਪੂਲਿੰਗ ਪਾਲਿਸੀ ਰਾਹੀਂ ਕਿਸਾਨਾਂ ਤੋਂ ਲੈਣਾ ਚਾਹੁੰਦੀ ਹੈ, ਇਹ ਗ਼ਲਤ ਹੈ। ਕਿਸਾਨਾਂ ਕੋਲ ਕਮਾਈ ਦਾ ਸਾਧਨ ਉਸ ਦੀ ਜ਼ਮੀਨ ਹੁੰਦੀ ਹੈ, ਪਰ ਪੰਜਾਬ ਵਿੱਚ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਕੇਜਰੀਵਾਲ ਨੂੰ ਖੁਸ਼ ਕਰਨ ਲਈ ਜਮੀਨਾਂ ਅਕਵਾਇਰ ਕਰਨਾ ਚਾਹੁੰਦੀ ਹੈ। ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂੜਕੋਟ ਅਤੇ ਸੂਬਾ ਪ੍ਰੈਸ ਸਕੱਤਰ ਬਿੱਕਰ ਸਿੰਘ ਰੌਂਤਾ ਨੇ ਕਿਹਾ ਕਿ ਸਰਕਾਰ ਜਨਤਾ ਨਾਲ ਕੀਤੇ ਹੋਏ ਵਾਧੇ ਜਿਵੇਂ ਔਰਤਾਂ ਨੂੰ ਇੱਕ ਇੱਕ ਹਜ਼ਾਰ ਰੁਪਏ ਦੇਣ ਦਾ ਵਾਅਦਾ, ਉਹ ਵਾਅਦੇ ਵੀ ਫ਼ਿੱਕੇ ਨਜ਼ਰ ਆ ਰਹੇ ਹਨ। ਭਾਰਤੀ ਕਿਸਾਨ ਯੂਨੀਅਨ ਸ਼ੇਰੇ ਏ ਪੰਜਾਬ ਸਰਕਾਰ ਨੂੰ ਸਖਤ ਸ਼ਬਦਾਂ ਵਿੱਚ ਚੇਤਾਵਨੀ ਦਿੰਦੀ ਹੈ ਕਿ ਲੈਂਡ ਪੂਲਿੰਗ ਪਾਲਿਸੀ ਵਾਲਾ ਫੈਸਲਾ ਵਾਪਸ ਲੈ ਲਵੇ, ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਦਿੱਲੀ ਵਾਲਾ ਹਾਲ ਹੋ ਜਾਵੇਗਾ।

### ਬਾਬਾ ਹੀਰਾ ਸਿੰਘ ਭੱਠਲ ਕਾਲਜ ਚਾਲੂ ਕਰਨ ਦਾ ਮੁੱਦਾ ਫਿਰ ਭਖਿਆ

# ਭੱਠਲ ਕਾਲਜ ਦੀ ਬਿਲਡਿੰਗ ਤੇ ਮਸ਼ੀਨਰੀ ਹੋ ਰਹੀ ਹੈ ਖਤਮ : ਸਿੱਧੂ



ਲਹਿਰਾਗਾਗਾ (ਰੀਤਵਾਲ)-ਸਥਾਨਕ ਸ਼ਹਿਰ ਦਾ ਬਾਬਾ ਹੀਰਾ ਸਿੰਘ ਭੱਠਲ ਕਾਲਜ ਕੋਝੀ ਰਾਜਨੀਤੀ ਦੀ ਭੇਟ ਚੜ੍ਹ ਕੇ 10-15 ਸਾਲਾਂ ਵਿੱਚ ਆਪਣੀ ਮੌਤ ਮਰ ਚੁੱਕਿਆ ਹੈ। ਇਹ ਵਿਚਾਰ ਪੰਜਾਬ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਦੇ ਸਪੁੱਤਰ ਰਾਹੁਲਇੰਦਰ ਸਿੰਘ ਸਿੱਧੂ ਨੇ ਇੱਥੇ ਪ੍ਰੈੱਸ ਕਾਨਫਰੰਸ ਰਾਹੀਂ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਇਹ ਭੱਠਲ ਕਾਲਜ ਪੂਰੇ ਸ਼ਹਿਰ ਤੇ ਇਲਾਕੇ ਦੀ ਅਰਥ ਵਿਵਸਥਾ ਦਾ ਧੁਰਾ ਸੀ, ਜਿਸ ਨਾਲ ਹਜ਼ਾਰਾਂ ਵਿਦਿਆਰਥੀਆਂ ਦੀ ਜ਼ਿੰਦਗੀ ਸਵਰਦੀ ਸੀ ਤੇ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਮਿਲ ਰਿਹਾ ਸੀ। ਉਨ੍ਹਾਂ ਕਿਹਾ ਕਿ ਕੈਬਨਟ ਮੰਤਰੀ ਬਰਿੰਦਰ ਗੋਇਲ ਪਹਿਲਾਂ ਮੁਜ਼ਾਹਰਾਂ ਵੱਲੋਂ ਲਾਏ ਧਰਨਿਆਂ 'ਚ ਆ ਕੇ ਬੈਠਦੇ ਸਨ ਤੇ ਸਰਕਾਰ ਆਉਣ 'ਤੇ ਇਸ ਕਾਲਜ ਨੂੰ ਚਲਾਉਣ ਦੀ ਹਾਮੀ ਭਰਦੇ ਸਨ। ਉਨ੍ਹਾਂ ਕੈਬਨਿਟ ਮੰਤਰੀ ਬਰਿੰਦਰ ਗੋਇਲ ਨੂੰ ਬੇਨਤੀ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਇਸ ਕਾਲਜ ਨੂੰ ਲੈ ਕੇ ਜੋ ਵੀ ਸਕੀਮ ਹੈ, ਉਹ ਲੋਕਾਂ ਸਾਹਮਣੇ ਲਿਆਂਦੀ ਜਾਵੇ। ਕੀ ਇੱਥੇ ਮੈਡੀਕਲ ਲਾਅ ਕਾਲਜ ਜਾਂ ਕੋਈ ਹੋਰ ਕਾਲਜ ਬਣਾਇਆ ਜਾਵੇਗਾ ਜਾਂ ਨਹੀਂ? ਰਾਹੁਲਇੰਦਰ ਸਿੱਧੂ ਨੇ ਇਹ ਵੀ ਕਿਹਾ ਕਿ ਜੇਕਰ ਸਰਕਾਰ ਇਸ ਕਾਲਜ ਨੂੰ ਨਹੀਂ ਚਲਾ ਸਕਦੀ ਜਾਂ ਕੋਈ ਅਦਾਰਾ ਨਹੀਂ ਖੋਲ੍ਹ ਸਕਦੀ ਤਾਂ ਇਹ ਕਾਲਜ ਨੂੰ ਸਰਕਾਰ ਆਪਣੀ ਲਿਖਾ ਪੜ੍ਹੀ ਕਰਨ ਉਪਰੰਤ ਸਾਨੂੰ ਸੌਂਪੇ ਅਸੀਂ ਛੇ ਮਹੀਨਿਆਂ ਵਿੱਚ ਕੋਚਰ ਨੂੰ ਕਹਿ ਕੇ ਵਧੀਆ ਅਦਾਰਾ ਲਿਆਵਾਂਗੇ। ਉਨ੍ਹਾਂ ਨੂੰ ਜਦੋਂ ਪੁੱਛਿਆ ਗਿਆ ਕਿ ਤੁਹਾਡੀ ਸਰਕਾਰ ਵੇਲੇ ਇਹ ਕਦਮ ਕਿਉਂ ਨਹੀਂ ਚੁੱਕਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਜਦੋਂ ਅਸੀਂ 2007 ਵਿੱਚ ਕਾਲਜ ਛੱਡ ਕੇ ਗਏ ਸੀ, ਉਦੋਂ ਇਹ ਹਸਦਾ ਵਸਦਾ ਤੇ ਹਜ਼ਾਰਾਂ ਵਿਦਿਆਰਥੀ ਇਸ ਕਾਲਜ ਵਿੱਚ ਪੜ੍ਹਦੇ ਸਨ, ਪਰ ਅਕਾਲੀ ਸਰਕਾਰ ਨੇ ਇਸ ਦਾ ਲੇਵਲ ਹੌਲੀ-ਹੌਲੀ ਬਹੁਤ ਥੱਲੇ ਲਿਆ ਦਿੱਤਾ। ਉਨ੍ਹਾਂ ਕਿਹਾ ਕਿ ਮੰਨ ਲਓ ਸਰਕਾਰ ਮੁਤਾਬਕ ਅਕਾਲੀ ਤੇ ਕਾਂਗਰਸੀ ਮਾੜੇ ਹਨ, ਪਰ ਤੁਸੀਂ ਤਾਂ ਬਦਲਾਅ ਕਹਿ ਕੇ ਆਏ ਹੋ ਅਤੇ ਸਿੱਖਿਆ ਦੇ ਖੇਤਰ ਦਾਅਵੇ ਚੋਣਾਂ ਸਮੇਂ ਕੀਤੇ ਸਨ, ਇਸ ਲਈ ਹੁਣ ਤੁਸੀਂ ਇਸ ਕਾਲਜ ਦੀ ਸਾਰ ਲਵੋ ਜਾਂ ਕੈਬਨਿਟ ਵਿੱਚ ਮਤਾ ਪਾਸ ਕਰਕੇ ਦੇਵੋ ਤਾਂ ਅਸੀਂ ਵੱਡਾ ਅਦਾਰਾ ਲਿਆਵਾਂਗੇ ਅਤੇ ਸ਼ਹਿਰ ਤੇ ਇਲਾਕੇ ਦੀ ਤਰੱਕੀ ਹੋਵੇਗੀ। ਇਸ ਮੌਕੇ ਬੀਬੀ ਭੱਠਲ ਦੇ ਮੀਡੀਆ ਸਲਾਹਕਾਰ ਰਵਿੰਦਰ ਸਿੰਘ ਟੁਰਨਾ, ਕਾਂਗਰਸ ਦੇ ਬਲਾਕ ਪ੍ਰਧਾਨ ਕਸ਼ਮੀਰ ਸਿੰਘ ਜਲੂਰ, ਕਾਂਗਰਸੀ ਆਗੂ ਰਜਿੰਦਰ ਭੋਲਾ, ਈਸ਼ਵਰ ਕੁਕੂ, ਸੁਰਿੰਦਰ ਘੀ ਖੰਡ ਵਾਲੇ, ਸਤੀਸ਼ ਕੁਮਾਰ ਠੇਕੇਦਾਰ, ਰਾਹੁਲਇੰਦਰ ਸਿੰਘ ਦੇ ਮੀਡੀਆ ਸਲਾਹਕਾਰ ਦਲਜੀਤ ਸਿੰਘ ਡਸਕਾ, ਰਾਜ ਕੁਮਾਰ ਰਾਜੂ ਪੰਪ ਵਾਲੇ, ਰਜੇਸ਼ ਕੁਮਾਰ ਪੱਪੂ, ਚਰਨਜੀਤ ਚਰਨਾ, ਗੁਰਨਾਮ ਸਿੰਘ ਟੇਲਰ ਅਤੇ ਹੋਰ ਵੀ ਪਾਰਟੀ ਆਗੂ ਤੇ ਵਰਕਰ ਮੌਜੂਦ ਸਨ।

# ਆੜ੍ਹਤੀਆਂ ਦੀਆਂ ਜਾਇਜ਼ ਮੰਗਾਂ ਦੇ ਹੱਲ ਲਈ ਸਰਕਾਰ ਹਮੇਸ਼ਾ ਤਿਆਰ : ਖੁੱਡੀਆਂ, ਕਟਾਰੂ ਚੱਕ



ਮੀਟਿੰਗ 'ਚ ਆੜ੍ਹਤੀ ਵਰਗ ਨਾਲ ਜੁੜੇ ਬਹੁਤੇ ਮੁੱਦਿਆਂ 'ਤੇ ਬਣੀ ਸਹਿਮਤੀ : ਰਾਣਾ

ਪਟਿਆਲਾ (ਰਜਿੰਦਰ ਸਿੰਘ ਥਿੰਦ)-ਪੰਜਾਬ ਭਵਨ ਚੰਡੀਗੜ੍ਹ ਵਿੱਚ ਆੜ੍ਹਤੀ ਐਸੋਸੀਏਸ਼ਨ ਪੰਜਾਬ ਦੀ ਇੱਕ ਜ਼ਰੂਰੀ ਮੀਟਿੰਗ ਪੰਜਾਬ ਸਰਕਾਰ ਦੁਆਰਾ ਬਣਾਈ ਗਈ ਚਾਰ ਵਜ਼ੀਰਾਂ ਦੀ ਕੈਬਨਿਟ, ਸਬ ਕਮੇਟੀ ਤੇ ਪੰਜਾਬ ਪੱਧਰ ਦੇ ਉੱਚ ਅਧਿਕਾਰੀਆਂ ਨਾਲ ਬੜੇ ਸੁਖਾਵੇਂ ਮਾਹੌਲ ਵਿੱਚ ਹੋਈ, ਜਿਸ ਵਿੱਚ ਆੜ੍ਹਤੀ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਸ੍ਰ. ਜਸਵਿੰਦਰ ਸਿੰਘ ਰਾਣਾ ਨੇ ਆੜ੍ਹਤ 2.5% ਕਰਨ 'ਤੇ ਜ਼ੋਰਦਾਰ ਮੰਗ ਰੱਖੀ, ਪਰ ਇਸ 'ਤੇ ਅਜੇ ਸਹਿਮਤੀ ਨਹੀਂ ਬਣ ਸਕੀ। ਬਾਕੀ ਕਾਫੀ ਮੰਗਾਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ, ਜਿਸ ਬਾਰੇ ਜਾਣਕਾਰੀ ਦਿੰਦਿਆਂ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਨੇ ਦੱਸਿਆ ਕਿ 'ਤੇ ਲੇਬਰ ਦੀਆਂ ਮੰਗਾਂ ਅਗਲੇ ਦਿਨਾਂ 'ਚ ਕਰ ਦਿੱਤੀਆਂ ਜਾਣਗੀਆਂ। ਇਸ ਮੀਟਿੰਗ ਵਿੱਚ ਮੰਤਰੀ ਸਾਹਿਬਾਨਾਂ ਕਮੇਟੀ ਚੇਅਰਮੈਨ ਸ੍ਰ. ਗੁਰਮੀਤ ਸਿੰਘ ਖੁੱਡੀਆਂ ਮੈਂਬਰ, ਲਾਲਚੰਦ ਕਟਾਰੂਚੱਕ ਫੂਡ ਮਨਿਸਟਰ ਨੇ ਕਿਹਾ ਕਿ ਆੜ੍ਹਤੀਆਂ ਦੀਆਂ ਜਾਇਜ਼ ਮੰਗਾਂ ਨੂੰ ਹੱਲ ਕਰਨ ਲਈ ਪੰਜਾਬ ਸਰਕਾਰ ਹਮੇਸ਼ਾ ਤਿਆਰ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਠੇਕੇਦਾਰ ਨੇ ਜਾਂ ਲੇਬਰ ਠੇਕੇਦਾਰ ਨੇ ਆੜ੍ਹਤੀਆਂ ਤੋਂ ਨਜਾਇਜ਼ ਵਸੂਲੀ ਕੀਤੀ ਹੈ, ਉਹ ਲਿਖ ਕੇ ਦੇਣ, ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ 'ਤੇ ਸਖ਼ਤ ਐਕਸ਼ਨ ਲਿਆ ਜਾਵੇਗਾ। ਇਸ ਮੀਟਿੰਗ ਵਿੱਚ ਕਮੇਟੀ ਚੇਅਰਮੈਨ ਸ੍ਰ. ਗੁਰਮੀਤ ਸਿੰਘ ਖੁੱਡੀਆਂ ਮੈਂਬਰ, ਲਾਲਚੰਦ ਕਟਾਰੂਚੱਕ ਜੀ ਫੂਡ ਮਨਿਸਟਰ, ਟਰਾਂਸਪੋਰਟ ਮਨਿਸਟਰ ਲਾਲਜੀਤ ਸਿੰਘ ਭੁੱਲਰ, ਜਲ ਸਰੋਤ ਮਨਿਸਟਰ ਵਰਿੰਦਰ ਗੋਇਲ, ਸੈਕਰਟਰੀ ਫੂਡ ਰਾਹੁਲ ਤਿਵਾੜੀ, ਡਾਇਰੈਕਟਰ ਫੂਡ ਵਰਿੰਦਰ ਜੀ, ਸੈਕਟਰੀ ਮੰਡੀ ਬੋਰਡ ਰਾਮਵੀਰ ਜੀ, ਸਾਰੀਆਂ ਖਰੀਦ ਏਜੰਸੀਆਂ ਦੇ ਐਮ ਡੀ ਸਾਹਿਬ, ਐੱਫ ਸੀ ਆਈ ਦੇ ਐੱਸ ਆਰ ਐੱਮ ਤੋਂ ਇਲਾਵਾ, ਆੜ੍ਹਤੀ ਐਸੋਸੀਏਸ਼ਨ ਦੇ ਪੰਜਾਬ ਪ੍ਰਧਾਨ ਸ੍ਰ. ਜਸਵਿੰਦਰ ਸਿੰਘ ਰਾਣਾ, ਜਨਰਲ ਸਕੱਤਰ ਰਜਿੰਦਰ ਕੁਮਾਰ, ਪੁਨੀਤ ਜੈਨ, ਰਣਜੀਤ ਅਨੇਜਾ, ਪੰਜਾਬ ਦੇ ਅਹੁਦੇਦਾਰ ਅਰਵਿੰਦਰ ਵਿੱਕੀ, ਸਤਵਿੰਦਰ ਸੈਣੀ, ਨੰਬਰ ਸਿੰਘ ਕੁਲਵਿੰਦਰ ਪੁਨੀਆਂ, ਚੇਅਰਮੈਨ ਮਾਰਕੀਟ ਕਮੇਟੀ ਧੰਨਾ ਜਗਤਾਰ ਸਿੰਘ, ਸੁਨੀਲ ਗੋਇਲ ਅਲੋਟ, ਪ੍ਰਿਥੀਪਾਲ ਸਿੰਘ ਭੁੰਨਰਹੇੜੀ ਤੇ ਬਹੁਤ ਸਾਰੀਆਂ ਮੰਡੀਆਂ ਦੇ ਪ੍ਰਧਾਨ ਹਾਜ਼ਰ ਸਨ।

# ਐੱਸ ਆਰ ਐੱਸ ਵਿੱਦਿਆਪੀਠ ਵਿਖੇ ਮਨਾਈ ਜੰਗਲ ਪਾਰਟੀ



ਸਮਾਣਾ (ਗੁਰਪਿਆਰ ਸਿੰਘ ਬੱਲ)-ਐੱਸ ਆਰ ਐੱਸ ਵਿੱਦਿਆਪੀਠ ਵਿਖੇ ਜੰਗਲੀ ਭਾਵਨਾ ਜੀਵੰਤ ਹੋ ਗਈ, ਜਦੋਂ ਸਕੂਲ ਨੇ ਪਲੇਅ ਵੇਅ ਤੋਂ ਕੇ ਜੀ 2 ਤੱਕ ਦੇ ਵਿਦਿਆਰਥੀਆਂ ਲਈ ਆਪਣੇ ਬਹੁਤ-ਉਡੀਕ ਕੀਤੇ ਜੰਗਲ-ਥੀਮ ਵਾਲੇ ਅਨੁਭਵੀ ਸਿਖਲਾਈ ਪ੍ਰੋਗਰਾਮ 'ਐੱਸ ਆਰ ਐੱਸ ਜੰਗਲ' ਦੀ ਮੇਜ਼ਬਾਨੀ ਕੀਤੀ। ਸ਼ੁਰੂਆਤੀ ਸਿੱਖਿਆ ਨੂੰ ਖੋਜ ਦੀ ਇੱਕ ਦਿਲਚਸਪ ਯਾਤਰਾ ਬਣਾਉਣ ਲਈ ਤਿਆਰ ਕੀਤਾ ਗਿਆ ਤੇ ਇਸ ਪ੍ਰੋਗਰਾਮ ਨੇ ਕੁਦਰਤ, ਰਚਨਾਤਮਕਤਾ ਤੇ ਖੇਡ ਨੂੰ ਇੱਕ ਅਨੰਦਮਈ ਤੇ ਭਰਪੂਰ ਕਲਾਸਰੂਮ ਅਨੁਭਵ ਵਿੱਚ ਮਿਲਾਇਆ। ਸਕੂਲ ਦੇ ਕਿੰਡਰਗਾਰਟਨ ਬਲਾਕ ਨੂੰ ਹਰਿਆਲੀ, ਜਾਨਵਰ-ਥੀਮ ਵਾਲੇ ਸਜਾਵਟ ਤੇ ਇੰਟਰਐਕਟਿਵ ਸਿਖਲਾਈ ਜ਼ੋਨਾਂ ਨਾਲ ਸਜਾਇਆ ਗਿਆ ਸੀ। ਜੰਗਲ ਦੇ ਜਾਨਵਰਾਂ ਦੇ ਰੂਪ ਵਿੱਚ ਪਹਿਰਾਵੇ ਵਿੱਚ, ਬੱਚਿਆਂ ਨੇ ਜਾਨਵਰਾਂ ਦੀਆਂ ਆਵਾਜ਼ਾਂ ਵਾਲੀਆਂ ਖੇਡਾਂ, ਕੁਦਰਤ ਦੀ ਕਹਾਣੀ ਸੁਣਾਉਣ, ਜੰਗਲ ਦੀ ਸੈਰ, ਭੂਮਿਕਾ ਨਿਭਾਉਣੀ ਤੇ ਰਚਨਾਤਮਕ ਸ਼ਿਲਪਕਾਰੀ ਸਮੇਤ ਕਈ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲਿਆ। ਇਹ ਗਤੀਵਿਧੀਆਂ ਭਾਸ਼ਾ ਵਿਕਾਸ, ਤਾਲਮੇਲ, ਬੋਧਿਕ ਵਿਕਾਸ, ਤੇ ਸਮਾਜਿਕ-ਭਾਵਨਾਤਮਕ ਸਿੱਖਿਆ ਵਿੱਚ ਮੁੱਖ ਹੁਨਰਾਂ ਨੂੰ ਉਤਸ਼ਾਹਤ ਕਰਨ ਲਈ ਤਿਆਰ ਕੀਤੀਆਂ ਗਈਆਂ ਸਨ, ਨਾਲ ਹੀ ਕੁਦਰਤ ਤੇ ਜੰਗਲੀ ਜੀਵਾਂ ਲਈ ਪਿਆਰ ਪੈਦਾ ਕਰਨ ਲਈ ਵੀ। ਇਸ ਮੌਕੇ ਐੱਸ ਆਰ ਐੱਸ ਵਿੱਦਿਆਪੀਠ ਦੀ ਵਾਈਸ ਚੇਅਰਪਰਸਨ ਮਿਸ ਸਮਿਧਾ ਸਿੰਗਲਾ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ, 'ਐੱਸ ਆਰ ਐੱਸ ਜੰਗਲ ਸਿਰਫ ਇੱਕ ਸਮਾਗਮ ਨਹੀਂ ਸੀ, ਇਹ ਇੱਕ ਜੀਵਤ ਕਲਾਸਰੂਮ ਸੀ। ਸਾਡੇ ਨੌਜਵਾਨ ਸਿਖਿਆਰਥੀਆਂ ਨੂੰ ਕੁਦਰਤ ਨਾਲ ਜੁੜਦੇ, ਆਪਣੇ ਆਪ ਨੂੰ ਖੁੱਲ੍ਹ ਕੇ ਪ੍ਰਗਟ ਕਰਦੇ ਤੇ ਖੇਡ ਰਾਹੀਂ ਕੀਮਤੀ ਸਬਕ ਗ੍ਰਹਿਣ ਕਰਦੇ ਦੇਖਣਾ ਸੱਚਮੁੱਚ ਫਲਦਾਇਕ ਸੀ। ਐੱਸ ਆਰ ਐੱਸ ਵਿਖੇ, ਅਸੀਂ ਖੁਸ਼ੀ, ਰਚਨਾਤਮਕਤਾ ਤੇ ਉਤਸੁਕਤਾ ਦੁਆਰਾ ਮਨਾਂ ਨੂੰ ਪਾਲਣ ਲਈ ਵਚਨਬੱਧ ਹਾਂ।' ਇਸ ਤੋਂ ਇਲਾਵਾ ਸਕੂਲ ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਕਿਹਾ, 'ਸਾਡਾ ਮੰਨਣਾ ਹੈ ਕਿ ਅਸਲ ਸਿੱਖਿਆ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਬੱਚਿਆਂ ਨੂੰ ਖੋਜ ਕਰਨ ਤੇ ਅਨੁਭਵ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ। 'ਐੱਸ ਆਰ ਐੱਸ ਜੰਗਲ' ਉਤਸੁਕਤਾ, ਕਲਪਨਾ ਤੇ ਕੁਦਰਤੀ ਖੋਜ ਦਾ ਜਸ਼ਨ ਸੀ, ਜੋ ਆਉਣ ਵਾਲੇ ਸਾਲਾਂ ਤੱਕ ਸਾਡੇ ਬੱਚਿਆਂ ਨਾਲ ਰਹੇਗਾ।'

## ਸੀਵਰੇਜ ਦੇ ਪਾਣੀ ਕਾਰਨ ਲੋਕ ਪ੍ਰੇਸ਼ਾਨ, ਪ੍ਰਸ਼ਾਸਨ ਸੁੱਤਾ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਸ਼ਹਿਰ ਵਾਸੀ ਜਿੱਥੇ ਹਰ ਵਾਰ ਬਾਰਿਸ਼ ਦੇ ਪਾਣੀ ਨਾਲ ਪੀੜਤ ਹੁੰਦੇ ਹਨ, ਉੱਥੇ ਸੀਵਰੇਜ ਦੇ ਪਾਣੀ ਨਾਲ ਵੀ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਰਾਮਪੁਰਾ ਫੂਲ ਦੇ ਸੀਨੀਅਰ ਕਾਂਗਰਸੀ ਆਗੂ ਤੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਜਸਵਿੰਦਰ ਸਿੰਘ ਜੱਸ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਆਪਣੇ ਸਾਢੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਰਾਮਪੁਰਾ ਸ਼ਹਿਰ ਲਈ ਕੋਈ ਵਿਸ਼ੇਸ਼ ਪੈਕੇਜ ਨਹੀਂ ਦਿੱਤਾ ਤੇ ਸ਼ਹਿਰ ਦੇ ਵਿਕਾਸ ਕਾਰਜ ਠੱਪ ਪਏ ਹਨ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਆਪਣੇ ਤੌਰ 'ਤੇ ਕੰਮ ਕਰ ਰਹੀ ਹੈ ਪਰ ਇਨ੍ਹਾਂ ਤੋਂ ਸ਼ਹਿਰ ਤੇ ਫੂਲ ਟਾਊਨ ਅੰਦਰ ਸੀਵਰੇਜ ਦਾ ਕੋਈ ਠੋਸ ਹੱਲ ਨਹੀਂ ਹੋ ਰਿਹਾ ਤੇ ਸੀਵਰੇਜ ਦਾ ਗੰਦਾ ਪਾਣੀ ਗਲੀਆਂ ਵਿੱਚ ਖੜਾ ਹੋਇਆ ਹੈ ਤੇ ਗੰਦਗੀ ਨਾਲ ਲੋਕਾਂ ਨੂੰ ਬਿਮਾਰੀਆਂ ਫੈਲਣ ਦਾ ਡਰ ਬਣਿਆ ਹੋਇਆ ਹੈ। ਜੱਸ ਬੱਜੋਆਣਾ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਗਲੀਆਂ ਵਿੱਚ ਖੜੇ ਸੀਵਰੇਜ ਦੇ ਗੰਦੇ ਪਾਣੀ ਦਾ ਕੋਈ ਹੱਲ ਨਾ ਕੀਤਾ ਤਾਂ ਕਾਂਗਰਸ ਪਾਰਟੀ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਸੰਘਰਸ਼ ਕਰੇਗੀ।

## ਭਲਕ ਤੋਂ ਲੱਗਣ ਵਾਲੇ ਮਾਤਾ ਨਹਿਰਾਂ ਵਾਲੀ ਦੇ ਮੇਲੇ ਦੀਆਂ ਤਿਆਰੀਆਂ ਮੁਕੰਮਲ



ਮਮਦੋਟ (ਰਘੁਬੀਰ ਸਿੰਘ ਸੋਢੀ)-ਪੰਜਾਬ ਦਾ ਸਭ ਤੋਂ ਵੱਡਾ ਸਰਹੱਦੀ ਧਾਰਮਿਕ ਜੋੜ ਮੇਲਾ ਕਸਬਾ ਮਮਦੋਟ (ਫਿਰੋਜ਼ਪੁਰ) ਵਿਖੇ ਮਾਤਾ ਨਹਿਰਾਂ ਵਾਲੀ ਜੀ ਦੇ ਅਸਥਾਨ ਉਪਰ 2,3,4 ਅਗਸਤ ਨੂੰ ਹਰ ਸਾਲ ਦੀ ਤਰ੍ਹਾਂ ਮਨਾਇਆ ਜਾ ਰਿਹਾ ਹੈ ਅਤੇ ਪਿਛਲੇ ਦਿਨਾਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤ ਮਾਤਾ ਜੀ ਦੇ ਦਰਬਾਰ 'ਤੇ ਨਤਮਸਤਕ ਹੋ ਰਹੀ ਹੈ। ਮੇਲੇ ਵਿੱਚ ਵੱਡੇ ਪੱਧਰ 'ਤੇ ਕਿਸ਼ਤੀਆਂ ਅਤੇ ਹੋਰ ਸਾਮਾਨ ਨਾਲ ਸਜੇ ਹੋਏ ਬਾਜ਼ਾਰ ਦਿਖ ਰਹੇ ਹਨ। ਮੇਲਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਛਿੰਦਾ ਸੋਨੀ, ਪ੍ਰਦੀਪ ਭੋਲਾ ਢਿੱਲੋਂ, ਵਿੱਕੀ ਸਿੰਘ ਸੰਧੂ ਪ੍ਰਧਾਨ, ਰਣਜੀਤ ਸਿੰਘ ਖਾਰਾ ਤੇ ਲਖਵਿੰਦਰ ਸਿੰਘ ਆਦਿ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 2, 3 ਤੇ 4 ਅਗਸਤ ਨੂੰ ਲੱਗਣ ਵਾਲੇ ਮੇਲੇ ਦੀਆਂ ਮੇਲਾ ਕਮੇਟੀ ਵੱਲੋਂ ਅਤੇ ਇਲਾਕੇ ਦੇ ਸਹਿਯੋਗ ਨਾਲ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ ਤੇ ਮੇਲੇ ਵਿੱਚ ਦੇਸ਼ ਦੇ ਵੱਖ ਵੱਖ ਕੋਨਿਆਂ ਵਿੱਚੋਂ ਲੱਖਾਂ ਦੀ ਗਿਣਤੀ ਵਿੱਚ ਪਹੁੰਚਣ ਵਾਲੀ ਸੰਗਤ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ 2 ਅਗਸਤ ਨੂੰ ਸ਼ਾਮ ਨੂੰ ਝੰਡਾ ਚੜ੍ਹਾਉਣ ਦੀ ਰਸਮ ਹੋਵੇਗੀ ਤੇ ਰਾਤ ਨੂੰ ਪੰਜਾਬ ਦੇ ਮਸ਼ਹੂਰ ਗਾਇਕ ਮਾਸ਼ਾ ਅਲੀ ਮਾਤਾ ਜੀ ਦਾ ਜਾਗਰਣ ਕਰਨਗੇ ਅਤੇ 4 ਅਗਸਤ ਨੂੰ ਪੰਜਾਬ ਦਾ ਪ੍ਰਸਿੱਧ ਢਾਡੀ ਜੱਥਾ ਭਾਈ ਲਖਮੀਰ ਸਿੰਘ ਸਮੇਤ ਹੋਰ ਵੀ ਧਾਰਮਿਕ ਕਵੀਸ਼ਰੀ ਜੱਥੇ ਮੇਲੇ ਵਿੱਚ ਆਪਣੀ ਹਾਜ਼ਰੀ ਲਗਵਾਉਣਗੇ। ਸ਼ਾਮ ਦੇ ਟਾਈਮ ਕੱਬਡੀ ਮੈਚ ਕਰਵਾਏ ਜਾਣਗੇ। ਪਹਿਲਾ ਮੈਚ ਨਾਮਵਰ ਇਲਾਕੇ ਦੀਆਂ ਟੀਮਾਂ ਵਿਚਕਾਰ ਹੋਵੇਗਾ, ਜਿਸ ਦੀ ਝੰਡੀ 51 ਹਜ਼ਾਰ ਹੋਵੇਗੀ ਅਤੇ ਦੂਸਰਾ ਕੱਬਡੀ ਮੈਚ ਲੜਕਿਆਂ ਦੀਆਂ ਟੀਮਾਂ ਵਿਚਕਾਰ ਹੋਵੇਗਾ, ਜਿਸ ਦੀ ਝੰਡੀ 1 ਲੱਖ ਇੱਕ ਹਜ਼ਾਰ ਹੋਵੇਗੀ ਦੱਸਣਯੋਗ ਹੈ ਕਿ ਪਿਛਲੇ ਕਰੀਬ 15 ਦਿਨ ਤੋਂ ਮਾਤਾ ਜੀ ਦੇ ਦਰਬਾਰ ਤੇ ਰੋਜ਼ਾਨਾ ਗੁਰੂ ਕਾ ਅਟੁੱਟ ਲੰਗਰ ਚੱਲ ਰਿਹਾ ਹੈ। ਇਸ ਮੌਕੇ ਛਿੰਦਾ ਮੁਰਾਲੀ, ਸੋਨੂੰ ਸੰਧੂ, ਪਿੱਪਲ ਸਿੰਘ ਸੰਧੂ, ਗੁਰਬਚਨ ਸਿੰਘ ਸਿੱਧੂ ਐੱਮ ਸੀ, ਦੀਦਾਰ ਸੰਧੂ, ਵਿਕਰਮ ਸਿੰਘ, ਬਲਵਿੰਦਰ ਸਿੰਘ ਸੰਧੂ, ਹਰਜੀਤ ਸਿੰਘ, ਜੱਗਾ ਸਿੱਧੂ, ਹਰਜਿੰਦਰ ਸਿੰਘ ਸਿੱਧੂ, ਪ੍ਰੇਮ ਸਾਹਨਕੇ, ਗੋਪੀ ਸਾਹਨਕੇ, ਲੇਖ ਰਾਜ ਬਹਿਲ, ਸੋਹਨ ਸਿੰਘ, ਵਿੱਕੀ, ਕਰਨੈਲ ਸਿੰਘ, ਗੁਰਵਿੰਦਰ ਖਾਰਾ, ਨਿਰਵੈਰ ਸਿੰਘ ਖਾਰਾ, ਕਾਲਾ ਸ਼ਰਮਾਂ ਗੁਰਦਿਆਲ ਸਿੰਘ ਬਿਜਲੀ ਵਾਲਾ, ਪੂਰਨ ਸਿੰਘ ਸਾਹਨਕੇ, ਸੱਤਾ ਸਿੱਧੂ, ਸਮੇਤ ਹੋਰ ਵੀ ਮੇਲਾ ਕਮੇਟੀ ਸੇਵਾਦਾਰ ਮੌਜੂਦ ਸਨ।

## ਚਿਕਨ ਪਿੱਛੇ ਕਤਲ ਕਰਨ ਵਾਲਿਆਂ ਨੂੰ ਉਮਰ ਕੈਦ

ਫ਼ਾਜ਼ਿਲਕਾ (ਨਿਸ਼ਾ ਸ਼ਰਮਾ)-17 ਅਪ੍ਰੈਲ 2022 ਦੀ ਇੱਕ ਘਟਨਾ 'ਚ ਪਰਮਜੀਤ ਸਿੰਘ ਦਾ ਤੇਜ਼ਧਾਰ ਹਥਿਆਰਾਂ ਨਾਲ ਮਾਰ ਕੇ ਕਤਲ ਕਰ ਦਿੱਤਾ ਸੀ ਤੇ ਹੋਰਾਂ ਨੂੰ ਸ਼ਿੰਦਾ ਸਿੰਘ, ਜਸਪ੍ਰੀਤ ਸਿੰਘ, ਜਸਵਿੰਦਰ ਸਿੰਘ ਤੇ ਸਰੋਜ ਰਾਣੀ ਨੂੰ ਵੀ ਜ਼ਖ਼ਮੀ ਕਰ ਦਿੱਤਾ ਸੀ। ਇਸ ਕੇਸ ਵਿੱਚ ਦੋਸ਼ੀਅ ਸੁਖਚੈਨ ਸਿੰਘ, ਬਲਜਿੰਦਰ ਸਿੰਘ, ਕਮਲਜੀਤ ਸਿੰਘ ਉਰਫ਼ ਕਮਲ, ਹੈਪੀ ਸਿੰਘ ਦੇ ਖਿਲਾਫ ਪੁਲਸ ਨੇ 17 ਅਪ੍ਰੈਲ 2022 ਨੂੰ ਥਾਣਾ ਸਦਰ ਵਿਖੇ ਧਾਰਾ 302, 324, 323, 148, 149, 120-ਬੀ ਆਈਪੀਸੀ ਦੇ ਤਹਿਤ ਐਫਆਈਆਰ ਨੰਬਰ 66 ਦਰਜ ਕੀਤੀ ਸੀ, ਜਿਸ 'ਤੇ ਕਾਰਵਾਈ ਅਮਲ ਵਿੱਚ ਲਿਆਉਂਦਿਆਂ ਸ੍ਰੀ ਅਜੀਤ ਪਾਲ ਸਿੰਘ, ਵਧੀਕ ਸੈਸ਼ਨ ਜੱਜ ਫ਼ਾਜ਼ਿਲਕਾ ਦੀ ਅਦਾਲਤ ਨੇ ਦੋਸ਼ੀਆਂ ਨੂੰ ਦੋਸ਼ੀ ਠਹਿਰਾਉਂਦੇ ਹੋਏ ਉਮਰ ਕੈਦ ਦੀ ਸਜ਼ਾ ਦੇ ਨਾਲ-ਨਾਲ ਜੁਰਮਾਨਾ ਵੀ ਲਾਇਆ ਹੈ। ਤੱਥਾਂ ਅਨੁਸਾਰ ਸ਼ਿੰਦਾ ਸਿੰਘ ਵੱਲੋਂ ਇੱਕ ਚਿਕਨ ਸੈਂਟਰ ਚਲਾਇਆ ਜਾ ਰਿਹਾ ਸੀ, ਜਿੱਥੇ ਦੋਸ਼ੀ ਰਾਤ ਦੇ ਸਮੇਂ ਗਏ ਤੇ ਸ਼ਿੰਦਾ ਸਿੰਘ ਨੂੰ ਚਿਕਨ ਮੁਹੱਈਆ ਕਰਾਉਣ ਲਈ ਕਿਹਾ। ਸ਼ਿੰਦਾ ਸਿੰਘ ਇਸ ਸਮੇਂ ਚਿਕਨ ਸੈਂਟਰ ਬੰਦ ਕਰ ਰਿਹਾ ਸੀ, ਇਸ ਲਈ ਉਸਨੇ ਦੋਸ਼ੀਆਂ ਨੂੰ ਚਿਕਨ ਤੇ ਅੰਡੇ ਆਦਿ ਸਪਲਾਈ ਕਰਨ ਤੋਂ ਇਨਕਾਰ ਕਰ ਦਿੱਤਾ। ਦੋਸ਼ੀਆਂ ਨੇ ਗੁੱਸੇ 'ਚ ਆ ਕੇ ਸ਼ਿੰਦਾ ਸਿੰਘ, ਪਰਮਜੀਤ ਸਿੰਘ, ਜਸਪ੍ਰੀਤ ਸਿੰਘ, ਜਸਵਿੰਦਰ ਸਿੰਘ ਤੇ ਸਰੋਜ ਰਾਣੀ 'ਤੇ ਹਮਲਾ ਕਰ ਦਿੱਤਾ, ਜਿਸ ਤੋਂ ਬਾਅਦ ਪਰਮਜੀਤ ਸਿੰਘ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ ਤੇ ਉਸ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ (ਹਸਪਤਾਲ) ਰੈਫਰ ਕਰ ਦਿੱਤਾ ਗਿਆ, ਜਿੱਥੇ ਉਸਦੀ ਮੌਤ ਹੋ ਗਈ।

# ਸਰਕਾਰੀ ਪਹੀ ਦਾ ਮਾਮਲਾ ਘਰਾਂ ਦੀਆਂ ਬਰੂਹਾਂ ਤੱਕ ਪੁੱਜਾ, ਲੜਾਈ ਦੇ ਆਸਾਰ



ਬਠਿੰਡਾ (ਰਾਜੀਵ ਗੋਇਲ)-ਕੋਠੇ ਭਾਈਆਣਾ ਵਿਖੇ ਪਿਛਲੇ ਕਾਫੀ ਲੰਮੇ ਸਮੇਂ ਤੋਂ ਸਰਕਾਰੀ ਪਹੀ ਨੂੰ ਲੈ ਕੇ ਚੱਲਦਾ ਆ ਰਿਹਾ ਰੇੜਕਾ ਹੁਣ ਇਸ ਮਾਮਲੇ ਵਿੱਚ ਬਹੁ-ਚਰਚਿਤ ਜਸਮੰਦਰ ਸਿੰਘ ਤੇ ਸਿਕੰਦਰ ਸਿੰਘ ਹੁਰਾਂ ਦੇ ਘਰਾਂ ਦੀਆਂ ਬਰੂਹਾਂ ਤੱਕ ਪੁੱਜ ਗਿਆ ਹੈ ਤੇ ਜੇਕਰ ਸਮਾਂ ਰਹਿੰਦੇ ਪ੍ਰਸ਼ਾਸਨ ਵੱਲੋਂ ਕੋਈ ਠੋਸ ਕਦਮ ਨਾ ਚੁੱਕੇ ਤਾਂ ਕਿਸੇ ਵੀ ਕਿਸਮ ਦੇ ਨੁਕਸਾਨ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਪਹੀ ਦੇ ਕਬਜ਼ੇ ਨੂੰ ਛੁਡਵਾਉਣ ਦੀ ਖਾਤਰ ਜਿੱਥੇ ਪਿੰਡ ਦੇ ਮੋਹਬਵਰ ਇੱਕ ਪਾਸੇ ਹਨ, ਪਰ ਦੂਜੇ ਪਾਸੇ ਸਿਆਸੀ ਦਬਾਅ ਦੇ ਚੱਲਦਿਆਂ ਪ੍ਰਸ਼ਾਸਨ ਵੱਲੋਂ ਕੀਤੀ ਜਾ ਰਹੀ ਢਿੱਲੀ ਕਾਰਵਾਈ ਕਾਰਨ ਲੋਕਾਂ 'ਚ ਰੋਸ ਵਧ ਰਿਹਾ ਹੈ। ਜਸਮੰਦਰ ਸਿੰਘ ਤੇ ਸਿਕੰਦਰ ਸਿੰਘ ਦੋਹੇਂ ਹੀ ਆਪਸ ਵਿੱਚ ਰਿਸ਼ਤੇਦਾਰ ਹਨ ਅਤੇ ਕੋਠੇਭਾਈਆਣਾ ਦੇ ਵਸਨੀਕ ਹਨ ਪਰ ਅਸਲੀਅਤ ਇਹ ਹੈ ਕਿ ਸਿਆਸਤ ਨੇ ਦੋਹਾਂ ਪਰਵਾਰਾਂ ਵਿੱਚ ਐਸਾ ਫਰਕ ਪਵਾਇਆ ਕਿ ਅੱਜ ਇਹ ਦੋਹੇਂ ਪਰਵਾਰ ਇੱਕ-ਦੂਜੇ ਦੇ ਦੁਸ਼ਮਣ ਹਨ। ਜਸਮੰਦਰ ਸਿੰਘ ਵੱਲੋਂ ਆਪਣੇ ਗੇਟ ਅੱਗੇ ਇੰਟਰਲਾਕ ਟਾਇਲ ਲਾਈ ਗਈ ਹੈ ਅਤੇ ਸਿਕੰਦਰ ਸਿੰਘ ਦੇ ਦੱਸਣ ਮੁਤਾਬਕ ਇਸ ਟਾਇਲ ਦੇ ਉੱਚੀ ਲੱਗਣ ਕਾਰਨ ਉਸ ਨੂੰ ਆਪਣੇ ਵਹੀਕਲ ਅੰਦਰ ਕਰਨ ਵਿੱਚ ਦਿੱਕਤ ਆਉਂਦੀ ਹੈ, ਪਰ ਦੂਜੇ ਪਾਸੇ ਜਸਮੰਦਰ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦਾ ਕਹਿਣਾ ਹੈ ਕਿ ਇਹ ਇੰਟਰਲਾਕ ਟਾਇਲ ਜਸਮੰਦਰ ਸਿੰਘ ਵੱਲੋਂ ਆਪਣੀ ਜਗ੍ਹਾ ਦੇ ਦਾਇਰੇ ਅੰਦਰ ਲਾਈ ਗਈ ਹੈ ਪਰ ਦੂਜੀ ਧਿਰ ਵੱਲੋਂ ਉਕਤ ਨੂੰ ਪ੍ਰੇਸ਼ਾਨ ਕਰਨ ਅਤੇ ਪਹੀ ਦੇ ਮਸਲੇ ਨੂੰ ਦਬਾਉਣ ਦੀ ਖਾਤਿਰ ਮਿੱਟੀ ਸੁੱਟ ਦਿੱਤੀ ਗਈ ਹੈ। ਹੁਣ ਇਸ ਮਸਲੇ ਨੂੰ ਲੈ ਕੇ ਲੜਾਈ ਦਾ ਖਤਰਾ ਬਣਿਆ ਹੋਇਆ ਹੈ। ਜੇਕਰ ਪ੍ਰਸ਼ਾਸਨ ਵੱਲੋਂ ਇਸ ਪਹੀ ਦੇ ਮਸਲੇ ਨੂੰ ਜਲਦ ਹੱਲ ਨਾ ਕਰਾਇਆ ਗਿਆ ਤਾਂ ਭਵਿੱਖ ਵਿੱਚ ਦੋਹੇਂ ਹੀ ਧਿਰਾਂ ਦਾ ਜਾਨੀ ਨੁਕਸਾਨ ਤੱਕ ਹੋਣ ਦਾ ਖਦਸ਼ਾ ਬਣਿਆ ਹੋਇਆ ਹੈ।

## ਗਰਮ ਰੁੱਤ ਦੀਆਂ ਖੇਡਾਂ ਸੰਬੰਧੀ ਅਹਿਮ ਮੀਟਿੰਗ

ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)-ਗਰਮ ਰੁੱਤ ਖੇਡਾਂ ਦੇ ਜ਼ੋਨਲ ਟੂਰਨਾਮੈਂਟ ਵਧੀਆ ਪ੍ਰਬੰਧਾਂ ਹੇਠ ਕਰਵਾਉਣ ਲਈ ਜ਼ੋਨ ਪ੍ਰਧਾਨ ਪ੍ਰਿੰਸੀਪਲ ਰਾਜਵਿੰਦਰ ਸਿੰਘ ਦੀ ਅਗਵਾਈ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗਿਲਜੇਵਾਲਾ ਵਿਖੇ ਇੱਕ ਅਹਿਮ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਵੱਖ-ਵੱਖ ਸਕੂਲਾਂ ਦੇ ਖੇਡਾਂ ਨਾਲ ਸਬੰਧਤ ਅਧਿਆਪਕ ਅਤੇ ਡੀ ਪੀ ਤੇ ਪੀ ਟੀ ਆਈਜ਼ ਨੇ ਭਾਗ ਲਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਿਥੀ ਸਿੰਘ ਡੀਪੀਈ ਛੱਤਿਆਣਾ ਨੇ ਦੱਸਿਆ ਕਿ ਜ਼ੋਨਲ ਟੂਰਨਾਮੈਂਟ ਕਰਵਾਉਣ ਲਈ ਵੱਖ-ਵੱਖ ਖੇਡਾਂ ਲਈ 2 ਅਗਸਤ ਤੋਂ 8 ਅਗਸਤ ਤੱਕ ਵੱਖ-ਵੱਖ ਖੇਡਾਂ ਵੱਖ-ਵੱਖ ਸਕੂਲਾਂ ਵਿੱਚ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ ਅਤੇ ਬਾਕੀ ਬਚੇ ਮੈਚ 11 ਅਗਸਤ ਨੂੰ ਸੀਨੀਅਰ ਸੈਕੰਡਰੀ ਸਕੂਲ ਭੂੰਦੜ ਵਿਖੇ ਕਰਵਾਏ ਜਾਣਗੇ। ਇਸ ਮੌਕੇ ਜ਼ੋਨ ਪ੍ਰਧਾਨ ਪ੍ਰਿੰਸੀਪਲ ਰਾਜਵਿੰਦਰ ਸਿੰਘ ਨੇ ਕਿਹਾ ਕਿ ਜ਼ੋਨਲ ਟੂਰਨਾਮੈਂਟ ਦੌਰਾਨ ਬਿਨਾਂ ਕਿਸੇ ਪੱਖਪਾਤ ਤੋਂ ਖੇਡਾਂ ਕਰਵਾਉਣ ਦੇ ਪ੍ਰਬੰਧ ਕੀਤੇ ਜਾਣਗੇ। ਇਸ ਮੌਕੇ ਨਰੇਸ਼ ਕੁਮਾਰ ਡੀਪੀਈ, ਹਰਜੀਤ ਸਿੰਘ ਬਰਾੜ ਐੱਮ ਡੀ ਬਾਬਾ ਫਰੀਦ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ, ਪ੍ਰਿਥੀ ਸਿੰਘ ਡੀਪੀਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛੱਤਿਆਣਾ, ਗੁਰਮੇਲ ਸਿੰਘ ਡੀਪੀਈ, ਸੁਖਜੀਤ ਸਿੰਘ ਲੈਕਚਰਾਰ, ਗੁਰਲਾਲ ਸਿੰਘ ਡੀਪੀਈ, ਸੁਖਰਾਜ ਸਿੰਘ ਪੀ ਟੀ ਆਈ, ਸਰਬਜੀਤ ਕੌਰ ਪੀ ਟੀ ਆਈ, ਜਸਵੀਰ ਕੌਰ ਪੀ ਟੀ ਆਈ, ਅਸ਼ਵਨੀ ਕੁਮਾਰ ਪੀ ਟੀ ਆਈ, ਅਨੰਤ ਕੁਮਾਰ, ਜਗਦੀਸ਼ ਸਿੰਘ ਡੀਪੀਈ, ਰਣਜੀਤ ਸਿੰਘ ਤੋਂ ਇਲਾਵਾ ਖੇਡਾਂ ਨਾਲ ਸੰਬੰਧਤ ਅਧਿਆਪਕ ਹਾਜ਼ਰ ਸਨ।


☛ ਰੇਲਯਾਤਰੀ ਕਿਰਪਾ ਕਰਕੇ ਧਿਆਨ ਦੇਣ ☚

**ਮਹੱਤਵਪੂਰਨ ਸੂਚਨਾ**

ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ ਜਾਣ ਲਈ ਉੱਤਰ ਰੇਲਵੇ ਦੁਆਰਾ ਹੇਠਾਂ ਲਿਖਤ ਰੀਜ਼ਰਵ ਵਿਸ਼ੇਸ਼ ਐਕਸਪ੍ਰੈਸ ਰੇਲਗੱਡੀ ਦਾ ਸੰਚਾਲਨ ਕਰਨ ਦਾ ਫੈਸਲਾ ਲਿਆ ਗਿਆ ਹੈ, ਜਿਸ ਦਾ ਵੇਰਵਾ ਹੇਠਾਂ ਅਨੁਸਾਰ ਹੈ:-

ਰੇਲਗੱਡੀ ਨੰ. 04081/04082 ਨਵੀਂ ਦਿੱਲੀ – ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ – ਨਵੀਂ ਦਿੱਲੀ ਰੀਜ਼ਰਵ ਐਕਸਪ੍ਰੈਸ ਵਿਸ਼ੇਸ਼ — 06 ਫੇਰੇ

| ਗੱਡੀ ਨੰ. 04081 ਪਹੁੰਚ | ਗੱਡੀ ਨੰ. 04081 ਰਵਾਨਗੀ | ↓ ਸਟੇਸ਼ਨ ↑ | ਗੱਡੀ ਨੰ. 04082 ਪਹੁੰਚ | ਗੱਡੀ ਨੰ. 04082 ਰਵਾਨਗੀ |
|---|---|---|---|---|
| ---- | 23:45 | ਨਵੀਂ ਦਿੱਲੀ | 10:30 | ---- |
| 00:58 | 01:00 | ਪਾਨੀਪਤ | 07:30 | 07:32 |
| 01:43 | 01:45 | ਕੁਰੂਕਸ਼ੇਤਰ ਜੰ. | 06:48 | 06:50 |
| 02:32 | 02:40 | ਅੰਬਾਲਾ ਛਾਉਣੀ | 05:50 | 05:55 |
| 04:06 | 04:16 | ਢੰਡਾਰੀ ਕਲਾਂ | 04:00 | 04:10 |
| 05:26 | 05:28 | ਜਲੰਧਰ ਛਾਉਣੀ | 02:45 | 02:50 |
| 07:15 | 07:20 | ਪਠਾਨਕੋਟ ਛਾਉਣੀ | 00:45 | 00:50 |
| 09:15 | 09:25 | ਜੰਮੂ ਤਵੀ | 23:00 | 23:05 |
| 11:08 | 11:10 | ਸ਼ਹੀਦ ਕਪਤਾਨ ਤੁਸ਼ਾਰ ਮਹਾਜਨ | 21:48 | 21:50 |
| 11:40 | ---- | ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ | ---- | 21:20 |

ਚੱਲਣ ਦੇ ਦਿਨ: 04081 ਨਵੀਂ ਦਿੱਲੀ ਤੋਂ ਮਿਤੀ 14, 15 ਅਤੇ 16.08.2025 ਨੂੰ ਅਤੇ 04082 ਸ੍ਰੀ ਮਾਤਾ ਵੈਸ਼ਨੋ ਦੇਵੀ ਕਟੜਾ ਤੋਂ ਮਿਤੀ 15, 16 ਅਤੇ 17.08.2025 ਨੂੰ।
ਸਥਾਨ: ਫਸਟ ਏਸੀ., ਏਸੀ. 2 ਟੀਅਰ ਏਸੀ., 3 ਟੀਅਰ, ਸਲੀਪਰ ਅਤੇ ਜਨਰਲ

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੇ ਵੀ ਜਾਣਕਾਰੀ ਦੇ ਲਈ ਕਿਰਪਾ ਰੇਲਮਦਦ ਹੈਲਪਲਾਈਨ ਨੰ.139 'ਤੇ ਸੰਪਰਕ ਕਰਨ ਜਾਂ ਰੇਲਵੇ ਦੀ ਵੈਬਸਾਈਟ https://enquiry.indianrail.gov.in ਜਾਂ NTES ਐਪ ਵੇਖਣ।

2343/2025 'ਤੇ ਸਾਨੂੰ ਫਾਲੋ ਕਰੋ

ਉੱਤਰ ਰੇਲਵੇ
ਤੁਹਾਡੀ ਸੁਵਿਧਾ – ਸਾਡਾ ਲਕਸ਼
ਸਾਨੂੰ www.nr.indianrailways.gov.in 'ਤੇ ਮਿਲੋ
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


## ਪ੍ਰਿਥੀਪਾਲ ਧਾਂਦੀਆਂ ਆੜ੍ਹਤੀਆ ਐਸੋ. ਪੰਜਾਬ ਦੇ ਸਕੱਤਰ ਨਿਯੁਕਤ



ਪਟਿਆਲਾ (ਰਾਜਿੰਦਰ ਸਿੰਘ ਥਿੰਦ)-ਆੜ੍ਹਤੀਆ ਐਸੀਏਸ਼ਨ ਪੰਜਾਬ ਦੇ ਪ੍ਰਧਾਨ ਜਵਿੰਦਰ ਸਿੰਘ ਰਾਣਾ ਵੱਲੋਂ ਆੜ੍ਹਤੀਆ ਐਸਸੀਏਸ਼ਨ ਭੁਨਰਹੇੜੀ ਦੇ ਪ੍ਰਧਾਨ ਪ੍ਰਿਥੀਪਾਲ ਸਿੰਘ ਧਾਂਦੀਆਂ ਨੂੰ ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦਾ ਸਕੱਤਰ ਨਿਯੁਕਤ ਕੀਤਾ ਗਿਆ ਹੈ। ਆਪਣੀ ਨਿਯੁਕਤੀ 'ਤੇ ਉਨ੍ਹਾਂ ਨੇ ਐਸੋ. ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਤੇ ਐਸੋ. ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਪੂਰੀ ਈਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਦਰਸ਼ਨ ਸਿੰਘ ਆੜ੍ਹਤੀ, ਗੁਰਮੇਜ਼ ਸਿੰਘ, ਕੁਲਦੀਪ ਸਿੰਘ ਕੰਬੋਜ, ਜੀਤ ਸਿੰਘ ਮੀਰਾਂਪੁਰ, ਗੁਰਮੇਲ ਸਿੰਘ ਫਰੀਦਪੁਰ, ਕਰਮਜੀਤ ਕਰਮਾ ਪ੍ਰਧਾਨ ਬਲਬੇੜ੍ਹਾ, ਗੁਰਮੇਲ ਸਿੰਘ ਆੜ੍ਹਤੀ, ਨਿਰਮਲ ਸਿੰਘ ਆੜ੍ਹਤੀ ਸੁਰਸਤੀਗੜ੍ਹ ਨੇ ਪ੍ਰਿਥੀਪਾਲ ਸਿੰਘ ਆੜ੍ਹਤੀ ਦੀ ਨਿਯੁਕਤੀ ਦਾ ਸਵਾਗਤ ਕਰਦਿਆਂ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਦਾ ਧੰਨਵਾਦ ਕੀਤਾ।

## ਧੋਖਾਧੜੀ ਕਰਨ ਦੇ ਦੋਸ਼ 'ਚ ਦੋ ਨਾਮਜ਼ਦ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਮਕਾਨਾਂ ਦੇ ਬਿਆਨੇ ਵਜੋਂ ਰਕਮ ਹਾਸਲ ਕਰਕੇ ਇੱਕ ਵਿਅਕਤੀ ਨਾਲ ਧੋਖਾਧੜੀ ਕੀਤੇ ਜਾਣ ਦੇ ਕਥਿਤ ਮਾਮਲੇ ਵਿੱਚ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਵੱਲੋਂ ਦੋ ਵਿਅਕਤੀਆਂ ਵਿਰੁੱਧ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਮੁਹੰਮਦ ਨਾਸਿਮ ਵਾਸੀ ਮੰਡੀ ਗੋਬਿੰਦਗੜ੍ਹ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਮੰਡੀ ਗੋਬਿੰਦਗੜ੍ਹ ਵਿਖੇ ਮਕਾਨ ਖ਼ਰੀਦਣਾ ਚਾਹੁੰਦਾ ਸੀ, ਜਿਸ ਦੇ ਸੰਬੰਧ ਵਿੱਚ ਉਸ ਦਾ ਸੰਪਰਕ ਅਵਤਾਰ ਸਿੰਘ ਤੇ ਨਰਿੰਦਰ ਸਿੰਘ ਨਾਲ ਹੋਇਆ, ਜਿਨ੍ਹਾਂ ਵੱਲੋਂ ਦਿਖਾਏ ਗਏ ਮਕਾਨ ਉਸ ਨੂੰ ਪਸੰਦ ਆ ਗਏ ਤੇ ਉਕਤ ਵਿਅਕਤੀਆਂ ਦੇ ਵਿਸ਼ਵਾਸ 'ਚ ਆ ਕੇ ਉਸ ਨੇ ਉਨ੍ਹਾਂ ਨੂੰ ਮਕਾਨਾਂ ਦੇ ਬਿਆਨੇ ਦੀ ਰਕਮ ਵਜੋਂ 5,70,000/- ਰੁਪਏ ਦੇ ਦਿੱਤੇ, ਪਰ ਨਾ ਤਾਂ ਉਕਤ ਵਿਅਕਤੀਆਂ ਵੱਲੋਂ ਰਜਿਸਟਰੀਆਂ ਕਰਵਾਈਆਂ ਗਈਆਂ ਤੇ ਨਾ ਹੀ ਉਕਤ ਜਾਇਦਾਦ ਦੇ ਮਾਲਕਾਂ ਨਾਲ ਮਿਲਾਇਆ ਗਿਆ। ਮੁਹੰਮਦ ਨਾਸਿਮ ਦੇ ਬਿਆਨਾਂ 'ਤੇ ਅਵਤਾਰ ਸਿੰਘ ਤੇ ਨਰਿੰਦਰ ਸਿੰਘ ਵਾਸੀਆਨ ਮੰਡੀ ਗੋਬਿੰਦਗੜ੍ਹ ਵਿਰੁੱਧ ਅ/ਧ 316(2),318(4) ਤਹਿਤ ਮੁਕੱਦਮਾ ਦਰਜ ਕਰਕੇ ਮੰਡੀ ਗੋਬਿੰਦਗੜ੍ਹ ਪੁਲਸ ਨੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

## ਭਾਰਤੀ ਏਅਰਟੈਲ ਫਾਊਂਡੇਸ਼ਨ ਦੇ ਸਹਿਯੋਗ ਨਾਲ ਕਰਾਇਆ ਖੋ-ਖੋ ਮੁਕਾਬਲਾ

ਫ਼ਾਜ਼ਿਲਕਾ (ਨਿਸ਼ਾ ਸ਼ਰਮਾ)-ਜ਼ੋਨ ਮੁਹੰਮਦ ਪੀਰਾਂ ਦੇ ਖੋ-ਖੋ ਖੇਡ ਮੁਕਾਬਲੇ 28 ਜੁਲਾਈ ਨੂੰ ਸਰਕਾਰੀ ਹਾਈ ਸਕੂਲ ਰੂਪਨਗਰ ਵਿਖੇ ਭਾਰਤੀ ਏਅਰਟੈੱਲ ਫਾਊਂਡੇਸ਼ਨ ਦੇ ਸਹਿਯੋਗ ਨਾਲ ਸਫਲਤਾਪੂਰਵਕ ਸੰਪਨ ਹੋਏ। ਖੇਡ ਮੁਕਾਬਲਿਆਂ ਦੀ ਸ਼ੁਰੂਆਤ ਸਕੂਲ ਮੁਖੀ ਮਿਸ ਮੰਜੂ ਬਾਲਾ ਦੀ ਅਗਵਾਈ ਹੇਠ ਕੀਤੀ ਗਈ। ਇਨ੍ਹਾਂ ਮੁਕਾਬਲਿਆਂ ਵਿੱਚ ਵੱਖ-ਵੱਖ ਸਕੂਲਾਂ ਦੀਆਂ ਟੀਮਾਂ ਨੇ ਉਤਸ਼ਾਹ ਨਾਲ ਭਾਗ ਲਿਆ। ਅੰਡਰ-14 ਲੜਕੀਆਂ 'ਚ ਪਹਿਲਾ ਸਥਾਨ ਸਰਕਾਰੀ ਹਾਈ ਸਕੂਲ ਰੂਪਨਗਰ, ਦੂਜਾ ਸਥਾਨ ਸਰਕਾਰੀ ਹਾਈ ਸਕੂਲ ਹੀਰਾਂ ਵਾਲੀ, ਤੀਜਾ ਸਥਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁਹੰਮਦ ਪੀਰਾਂ, ਅੰਡਰ-17 ਲੜਕੀਆਂ ਪਹਿਲਾ ਸਥਾਨ ਸਰਕਾਰੀ ਹਾਈ ਸਕੂਲ ਰੂਪਨਗਰ, ਦੂਜਾ ਸਥਾਨ ਸਰਦਾਰ ਪਟੇਲ ਕਾਨਵੈਂਟ ਪਬਲਿਕ ਸਕੂਲ, ਖਿਓ ਵਾਲੀ ਢਾਬ, ਤੀਜਾ ਸਥਾਨ ਸਰਕਾਰੀ ਹਾਈ ਸਕੂਲ ਹੀਰਾਂ ਵਾਲੀ। ਮੁਕਾਬਲਿਆਂ ਦੇ ਸਮਾਪਨ ਮੌਕੇ ਜੇਤੂ ਟੀਮਾਂ ਨੂੰ ਇਨਾਮ ਵੰਡੇ ਗਏ। ਸਹਿਯੋਗੀ ਸਟਾਫ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਤ ਕੀਤਾ ਗਿਆ।

## ਸਿੱਖਾਂ ਦੇ ਬੱਚਿਆਂ ਨੂੰ ਨਫਰਤ ਭਰੀ ਨਿਗ੍ਹਾ ਨਾਲ ਵੇਖਣਾ ਚਿੰਤਾ ਦਾ ਵਿਸ਼ਾ : ਗਿੱਲ ਬੇਰ ਕਲਾਂ



ਦੋਰਾਹਾ (ਹਰਮੰਦਰ ਸੇਠ)-ਬਲਾਕ ਕਾਂਗਰਸ ਮਲੌਦ ਦੇ ਪ੍ਰਧਾਨ ਤੇ ਬਲਾਕ ਸੰਮਤੀ ਮੈਂਬਰ ਗੁਰਮੇਲ ਸਿੰਘ ਗਿੱਲ ਬੇਰਕਲਾਂ ਨੇ ਕਿਹਾ ਕਿ ਜੈ ਪੁਰ ਵਿੱਚ ਜੱਜ ਦੀ ਪ੍ਰੀਖਿਆ ਦੇਣ ਗਈ ਗੁਰਸਿੱਖ ਲੜਕੀ ਨੂੰ ਕੜਾ, ਕਿਰਪਾਨ ਪਹਿਨੀ ਹੋਣ ਕਰਕੇ ਰੋਕਣਾ ਸਿੱਖ ਪੰਥ ਲਈ ਚਿੰਤਾ ਦਾ ਵਿਸ਼ਾ ਹੈ। ਉਨ੍ਹਾ ਕਿਹਾ ਕਿ ਸਿੱਖ ਪੰਥ ਨੂੰ ਵਿਸ਼ਵ ਪੱਧਰ 'ਤੇ ਉੱਚਾ ਚੁੱਕਣ ਲਈ ਸ਼੍ਰੋਮਣੀ ਕਮੇਟੀ ਨੇ ਕਦੇ ਵੀ ਯਤਨ ਨਹੀਂ ਕੀਤੇ, ਸਗੋਂ ਬਾਦਲਾ ਦੇ ਬੰਦ ਲਿਫਾਫੇ ਵਿੱਚੋਂ ਨਿਕਲਣ ਵਾਲੇ ਸਿਰਫ ਆਪਣੀਆਂ ਹੀ ਤਿਜੌਰੀਆਂ ਭਰਨ ਨੂੰ ਤਰਜੀਹ ਦਿੰਦੇ ਰਹੇ। ਪ੍ਰਧਾਨ ਗਿੱਲ ਨੇ ਕਿਹਾ ਕਿ ਭਾਜਪਾ ਕਦੇ ਵੀ ਸਿੱਖਾਂ ਦੇ ਬੱਚਿਆਂ ਨੂੰ ਵੱਡੇ ਅਹੁਦੇ 'ਤੇ ਬੈਠਾ ਨਹੀਂ ਵੇਖ ਸਕਦੀ, ਕਿਉਂਕਿ ਭਾਜਪਾ ਆਰ ਐੱਸ ਦੀ ਬੀ ਟੀਮ ਹੈ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਸਿੱਖਾਂ ਦੇ ਬੱਚਿਆਂ ਨਾਲ ਕੀਤੀਆਂ ਜਾ ਰਹੀਆਂ ਵਧੀਕਿਆਂ ਖਿਲਾਫ ਪ੍ਰਧਾਨ ਮੰਤਰੀ ਮੋਦੀ ਨੂੰ ਚਿੱਠੀ ਲਿਖਣੀ ਚਾਹੀਦੀ ਹੈ ਤੇ ਵਿਧਾਨ ਸਭਾ ਵਿੱਚ ਸਿੱਖ ਪੰਥ ਦੀ ਮਾਣ ਮਰਿਆਦਾ ਨੂੰ ਕਾਇਮ ਰੱਖਣ ਲਈ ਬਿੱਲ ਪਾਸ ਕਰਨਾ ਚਾਹੀਦਾ ਹੈ।

# ਸਾਊਥ ਕੋਰੀਆ 'ਚ ਦਾਸ ਐਂਡ ਬ੍ਰਾਊਨ ਵਰਲਡ ਸਕੂਲ ਦੇ ਵਿਦਿਆਰਥੀਆਂ ਲਹਿਰਾਇਆ ਤਿਰੰਗਾ

ਏਸ਼ੀਅਨ ਰੋਲਰ ਸਕੇਟਿੰਗ ਚੈਂਪੀਅਨਸ਼ਿਪ 'ਚ ਜਿੱਤੇ ਸਿਲਵਰ ਤੇ ਬ੍ਰੌਂਜ਼ ਮੈਡਲ



ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸਾਊਥ ਕੋਰੀਆ ਵਿਖੇ ਹਾਲ ਹੀ ਵਿੱਚ ਸੰਪੰਨ ਹੋਈ 20ਵੀਂ ਏਸ਼ੀਅਨ ਰੋਲਰ ਸਕੇਟਿੰਗ ਚੈਂਪੀਅਨਸ਼ਿਪ ਵਿੱਚ ਫਿਰੋਜ਼ਪੁਰ ਦੇ ਦਾਸ ਐਂਡ ਬ੍ਰਾਊਨ ਵਰਲਡ ਸਕੂਲ ਦੇ ਤਿੰਨ ਹੋਣਹਾਰ ਵਿਦਿਆਰਥੀਆਂ ਨੇ ਇਕ ਵਾਰ ਫਿਰ ਤੋਂ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਉਂਦਿਆਂ ਸਿਲਵਰ ਤੇ ਬ੍ਰੌਂਜ਼ ਮੈਡਲ ਜਿੱਤ ਕੇ ਜ਼ਿਲ੍ਹੇ ਤੇ ਭਾਰਤ ਦਾ ਨਾਮ ਪੂਰੇ ਏਸ਼ੀਆ ਵਿੱਚ ਰੌਸ਼ਨ ਕੀਤਾ ਹੈ। ਇਸ ਸ਼ਾਨਦਾਰ ਪ੍ਰਾਪਤੀ ਨਾਲ ਫਿਰੋਜ਼ਪੁਰ ਵਿੱਚ ਖੁਸ਼ੀ ਤੇ ਉਤਸ਼ਾਹ ਦਾ ਮਾਹੌਲ ਬਣ ਗਿਆ ਹੈ। ਜ਼ਿਲ੍ਹਾ ਰੋਲਰ ਸਕੇਟਿੰਗ ਐਸੋਸੀਏਸ਼ਨ ਦੇ ਸੰਗਠਨ ਸਕੱਤਰ ਅਭਿਸ਼ੇਕ ਮਦਾਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵੱਕਾਰੀ ਚੈਂਪੀਅਨਸ਼ਿਪ ਲਈ ਦਾਸ ਐਂਡ ਬ੍ਰਾਊਨ ਵਰਲਡ ਸਕੂਲ ਦੇ ਤਿੰਨ ਵਿਦਿਆਰਥੀਆਂ ਬਾਰਵੀਂ ਜਮਾਤ ਦੇ ਭਾਵਿਕ ਜੈਨ, ਗਿਆਰਵੀਂ ਦੇ ਹਰਨਵ ਸਿੰਘ ਤੇ ਗਿਆਰਵੀਂ ਜਮਾਤ ਦੀ ਹਰਸ਼ਿਕਾ ਦੀ ਚੋਣ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਤਿੰਨੋਂ ਖਿਡਾਰੀਆਂ ਨੇ ਆਪਣੀ ਟੀਮ ਦੇ ਅੰਦਰ ਸ਼ਾਨਦਾਰ ਤਾਲਮੇਲ ਤੇ ਬੇਮਿਸਾਲ ਪ੍ਰਦਰਸ਼ਨ ਕਰਦਿਆਂ ਵਿਰੋਧੀ ਦੇਸ਼ਾਂ ਦੀਆਂ ਟੀਮਾਂ ਨੂੰ ਬੁਰੀ ਤਰ੍ਹਾਂ ਪਛਾੜਿਆ ਤੇ ਭਾਰਤੀ ਤਿਰੰਗੇ ਦੀ ਸ਼ਾਨ ਨੂੰ ਉੱਚਾ ਚੁੱਕਿਆ। ਅਭਿਸ਼ੇਕ ਮਦਾਨ ਨੇ ਕਿਹਾ ਕਿ ਹਰਸ਼ਿਕਾ ਨੇ ਜੂਨੀਅਰ ਇੰਡੀਅਨ ਇਨਲਾਈਨ ਹਾਕੀ ਗਰਲਜ਼ ਟੀਮ ਵਿੱਚ ਬਤੌਰ ਖਿਡਾਰਨ ਹਿੱਸਾ ਲੈਂਦਿਆਂ ਬੇਮਿਸਾਲ ਪ੍ਰਦਰਸ਼ਨ ਕੀਤਾ ਤੇ ਸ਼ਾਨਦਾਰ ਸਿਲਵਰ ਮੈਡਲ 'ਤੇ ਕਬਜ਼ਾ ਕੀਤਾ। ਇਸੇ ਤਰ੍ਹਾਂ ਭਾਵਿਕ ਜੈਨ ਤੇ ਹਰਨਵ ਸਿੰਘ ਨੇ ਜੂਨੀਅਰ ਇੰਡੀਅਨ ਇਨਲਾਈਨ ਹਾਕੀ ਬੁਆਏਜ਼ ਟੀਮ ਵਿੱਚ ਭਾਰਤ ਦੀ ਨੁਮਾਇੰਦਗੀ ਕਰਦਿਆਂ ਆਪਣੀ ਕਾਬਲੀਅਤ ਦਾ ਪ੍ਰਦਰਸ਼ਨ ਕੀਤਾ ਤੇ ਬ੍ਰੌਂਜ਼ ਮੈਡਲ ਜਿੱਤ ਕੇ ਦੇਸ਼ ਦਾ ਮਾਣ ਵਧਾਇਆ। ਉਨ੍ਹਾਂ ਦੱਸਿਆ ਕਿ ਹਰਨਵ ਸਿੰਘ ਨੇ ਹਰ ਮੈਚ ਵਿੱਚ ਗੋਲ ਕਰਕੇ ਆਪਣਾ ਨਾਮ ਚਮਕਾਇਆ, ਜੋ ਕਿ ਉਸ ਦੇ ਸ਼ਾਨਦਾਰ ਪ੍ਰਦਰਸ਼ਨ ਦਾ ਪ੍ਰਮਾਣ ਹੈ। ਇਨ੍ਹਾਂ ਤਿੰਨੋਂ ਖਿਡਾਰੀਆਂ ਦੇ ਮੈਡਲ ਜਿੱਤਣ ਦੀ ਜਿਉਂ ਹੀ ਖ਼ਬਰ ਫਿਰੋਜ਼ਪੁਰ ਪਹੁੰਚੀ, ਦਾਸ ਐਂਡ ਬ੍ਰਾਊਨ ਵਰਲਡ ਸਕੂਲ ਤੇ ਪੂਰੇ ਜ਼ਿਲ੍ਹੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਅਭਿਸ਼ੇਕ ਮਦਾਨ ਨੇ ਦੱਸਿਆ ਕਿ ਬੁਆਏਜ਼ ਟੀਮ ਨੇ ਚੀਨ ਦੀ ਟੀਮ ਨੂੰ ਹਰਾਇਆ, ਜੋ ਪਿਛਲੀ ਵਾਰ ਏਸ਼ੀਅਨ ਚੈਂਪੀਅਨ ਸੀ, ਜੋ ਕਿ ਇਕ ਵੱਡੀ ਪ੍ਰਾਪਤੀ ਹੈ। ਉਨ੍ਹਾਂ ਇਸ ਗੱਲ 'ਤੇ ਵੀ ਖੁਸ਼ੀ ਜ਼ਾਹਰ ਕੀਤੀ ਕਿ ਗਰਲਜ਼ ਟੀਮ ਦਾ ਏਸ਼ੀਅਨ ਹਾਕੀ ਵਿੱਚ ਇਹ ਪਹਿਲਾ ਮੈਡਲ ਹੈ, ਜੋ ਕਿ ਇਤਿਹਾਸਕ ਪਲ ਹੈ। ਐਸੋਸੀਏਸ਼ਨ ਦੇ ਪ੍ਰਧਾਨ ਡਾ. ਅਨਿਰੁੱਧ ਗੁਪਤਾ ਨੇ ਜੇਤੂ ਖਿਡਾਰੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਹਾਰਦਿਕ ਵਧਾਈ ਦਿੰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਐਸੋਸੀਏਸ਼ਨ ਦੇ ਜਨਰਲ ਸਕੱਤਰ ਮਨਜੀਤ ਸਿੰਘ ਢਿੱਲੋਂ, ਪਰਮਿੰਦਰ ਥਿੰਦ, ਰੰਜਨ ਸ਼ਰਮਾ, ਵਿਪੁਲ ਨਾਰੰਗ, ਪਵਨ ਮਦਾਨ, ਅਕਸ਼ ਕੁਮਾਰ, ਵਿਕਰਮਾਦਿੱਤਿਆ ਸ਼ਰਮਾ, ਮਨਰੀਤ ਸਿੰਘ, ਦੀਪਕ ਮੋਂਗਾ, ਅਜੀਤ ਕੁਮਾਰ ਤੇ ਸੁਮਿਤ ਸ਼ਰਮਾ ਸਮੇਤ ਕਈ ਹੋਰ ਪਤਵੰਤਿਆਂ ਨੇ ਖਿਡਾਰੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਸ਼ੁਭ-ਕਾਮਨਾਵਾਂ ਭੇਜੀਆਂ।


PUNJAB NATIONAL BANK
BRANCH:- SSI, CHEEMA CHOWK, DISTT. LUDHIANA

ਰੂਲ-8 (1) ) ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਦੋਂ ਕਿ ਨਿਮਨਹਸਤਾਖਰੀ ਨੇ ਸਕਿਓਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਓਰਟੀ ਇੰਟਰੈਸਟ ਐਕਟ 2002 ਅਧੀਨ ਪੰਜਾਬ ਨੈਸ਼ਨਲ ਬੈਂਕ ਐੱਸ ਐੱਸ ਆਈ ਲੁਧਿਆਣਾ ਦਾ ਅਧਿਕਾਰਤ ਅਫਸਰ ਹੋਣ ਦੇ ਨਾਤੇ ਅਤੇ ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਕਰਜ਼ਦਾਰਾਂ/ਗਰੰਟਰਾਂ ਨੂੰ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈ ਮਿਤੀ 'ਤੇ ਡਿਮਾਂਡ ਨੋਟਿਸ ਜਾਰੀ ਕਰਦਿਆਂ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਨੋਟਿਸ 'ਚ ਦਰਸਾਈ ਰਕਮ ਅਦਾ ਕਰਨ ਲਈ ਕਿਹਾ ਸੀ।
ਕਰਜ਼ਦਾਰ/ਗਰੰਟਰ/ਰਹਿਣਕਾਰ ਰਾਸ਼ੀ ਅਦਾ ਕਰਨ ਵਿੱਚ ਅਸਫਲ ਰਹੇ ਹਨ। ਜਾਇਦਾਦ ਦੇ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਓਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਹਰੇਕ ਖਾਤੇ ਵਿਰੁੱਧ ਦਰਸਾਈਆਂ ਗਈਆਂ ਮਿਤੀਆਂ ਨੂੰ (ਭੌਤਿਕ/ਸੰਕੇਤਕ) ਕਬਜ਼ਾ ਪ੍ਰਾਪਤ ਕਰ ਲਿਆ ਹੈ।
ਵਿਸ਼ੇਸ਼ ਕਰਕੇ ਕਰਜ਼ਦਾਰਾਂ/ਗਰੰਟਰਾਂ ਅਤੇ ਆਮ ਜਨਤਾ ਨੂੰ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ ਸੰਬੰਧੀ ਕੋਈ ਲੈਣ-ਦੇਣ ਨਾ ਕਾਰਨ ਅਤੇ ਜਾਇਦਾਦ ਸੰਬੰਧੀ ਕੀਤਾ ਗਿਆ ਕੋਈ ਵੀ ਲੈਣ-ਦੇਣ ਪੰਜਾਬ ਨੈਸ਼ਨਲ ਬੈਂਕ ਐੱਸ ਐੱਸ ਆਈ ਲੁਧਿਆਣਾ ਨੂੰ ਹੇਠਾਂ ਦਰਸਾਈ ਰਕਮ ਅਤੇ ਉਸ ਉੱਪਰ ਭਵਿੱਖੀ ਵਿਆਜ ਅਤੇ ਲਾਗਤਾਂ ਦਾ ਹੱਕਦਾਰ ਬਣਾਵੇਗਾ।
ਉਪਲਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਦਾ ਧਿਆਨ ਐਕਟ ਦੇ ਸ਼ੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ/ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ਾ ਨੋਟਿਸ ਦੀ ਮਿਤੀ | ਕਬਜ਼ੇ ਦੀ ਕਿਸਮ ਬਕਾਇਆ ਰਕਮ |
|---|---|---|---|---|
| ਕਰਜ਼ਦਾਰ : ਮੈਸ : ਸਤਨਾਮ ਸਿੰਘ ਐਂਡ ਸੰਨਜ਼ ਰਾਹੀਂ ਇਸ ਦੇ ਮਾਲਕ ਸ੍ਰੀ ਸਤਨਾਮ ਸਿੰਘ # ਰਤਨ ਮਾਰਕਿਟ, ਗਿੱਲ ਰੋਡ, ਲੁਧਿਆਣਾ-141003 (ਕਰਜ਼ਦਾਰ/ਰਹਿਣਕਾਰ) : ਸ੍ਰੀ ਸਤਨਾਮ ਸਿੰਘ ਪੁੱਤਰ ਸ੍ਰੀ ਮੋਹਿੰਦਰ ਸਿੰਘ # ਬੀ -37-875, ਗਲੀ ਨੰ. 10/1, ਬਲਾਕ-ਏ, ਭਾਈ ਹਿੰਮਤ ਸਿੰਘ ਨਗਰ, ਦੁੱਗਰੀ, ਲੁਧਿਆਣਾ। | ਵਸੀਕਾ ਨੰ. 9260 ਮਿਤੀ 05/11/2024 ਅਨੁਸਾਰ ਸ੍ਰੀ ਸਤਨਾਮ ਸਿੰਘ ਪੁੱਤਰ ਸ੍ਰੀ ਮੋਹਿੰਦਰ ਸਿੰਘ ਦੇ ਨਾਂਅ ਅਚੱਲ ਜਾਇਦਾਦ ਦਾ ਗਿਰਵੀਨਾਮਾ, ਦੁਕਾਨ ਰਕਬਾ 19.40 ਵਰਗ ਗਜ਼, ਖਸਰਾ ਨੰ. 833/679-680/53-54, 3277/821/675/53, 2959/674/53 ਖੱਤਾ ਨੰ. 1472/1811, 1729/2096, 1767/2134, ਜਮ੍ਹਾਂਬੰਦੀ ਸਾਲ 2006-07, ਧਰਾਤਲ ਮੰਜ਼ਲ, ਕੋਚਰ ਕੰਪਲੈਕਸ ਨੇੜੇ ਕੂਚਾ ਆਹਲੂਵਾਲੀਆ/ਚਾਵਲਾ ਬੁੱਕ ਸ਼ਾਪ, ਨੇੜੇ ਵਿਸ਼ਵਕਰਮਾ ਚੌਕ, ਅਬਾਦੀ ਗੋਬਿੰਦਪੁਰਾ ਮਿਲਰਗੰਜ, ਤਰਫ ਪੀਰੂ ਬੰਦਾ ਲੁਧਿਆਣਾ। ਹੱਦਾਂ : ਪੂਰਬ : ਅਸ਼ੋਕ ਸਾਈਕਲ 10'-11", ਪੱਛਮ : ਗਲੀ 10'-11", ਉੱਤਰ : ਸ਼ਰਮਾ ਜੀ 16'-00", ਦੱਖਣ : ਮਾਲਕ 16'-00" | 12.03.2025 | 30.07.2025 | ਸੰਕੇਤਕ ਕਬਜ਼ਾ 28.02.2025 ਨੂੰ ਰੁਪਏ 10,58,215/- (ਦਸ ਲੱਖ ਅਠਵੰਜਾ ਹਜ਼ਾਰ ਦੋ ਸੌ ਪੰਦਰਾਂ ਰੁਪਏ ਕੇਵਲ ) ਸਮੇਤ ਪੂਰੀ ਅਦਾਇਗੀ ਤੱਕ ਹੋਰ ਵਿਆਜ ਅਤੇ ਅਚਨਚੇਤੀ ਖਰਚੇ। |

ਮਿਤੀ : 31.07.2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ

## LOST AND FOUND

I, Surendra Kumar Jain S/o Sunderlal Jain, Chief Manager, Bank of India, Moga branch declare that we have lost/ misplaced original Transfer Deed bearing wasika No. 808 dated 29.06.2016 in the name of Prabhdeep Singh S/o Jagmel Singh LR No. 614099/ 2025 dt. 29.07.2025 mortgaged with us in home loan account of Prabhdeep Singh (Rode Branch). Any person who finds the same, please contact:

Bank of India, Moga branch within 10 days of publication of this notice.
Chief Manager Surendra Kumar Jain,
Mob. No. 6261907809



ਫਾਰਮ ਨੰ: ਆਈ ਐੱਨ ਸੀ-26
[ਕੰਪਨੀਜ਼ (ਇਨਕਾਰਪੋਰੇਸ਼ਨ) ਰੂਲਜ਼ 2014 ਦੇ ਰੂਲ 30 ਦੀ ਪਾਲਣਾ 'ਚ]

ਕੰਪਨੀ ਦਾ ਰਜਿਸਟਰਡ ਦਫਤਰ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਤੋਂ ਪੰਜਾਬ ਰਾਜ 'ਚ ਤਬਦੀਲ ਕਰਨ ਸੰਬੰਧੀ ਇਸ਼ਤਿਹਾਰ ਸਨਮੁੱਖ ਕੇਂਦਰ ਸਰਕਾਰ, ਖੇਤਰੀ ਦਫਤਰ, ਉੱਤਰੀ ਖੇਤਰ, ਨਵੀਂ ਦੱਲੀ

ਕੰਪਨੀਜ਼ ਐਕਟ, 2013 ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਤੇ ਕੰਪਨੀਜ਼ (ਇਨਕਾਰਪੋਰੇਸ਼ਨ) ਰੂਲਜ਼ 2014 ਦੇ ਰੂਲ 30 ਦੇ ਸਬ-ਰੂਲ (5) ਦੀ ਕਲਾਜ਼ (ਏ) ਮਾਮਲੇ

ਅਤੇ

ਫਿਨਡਾਕ ਫਿਨਵੈੱਸਟ ਪ੍ਰਾਈਵੇਟ ਲਿਮਟਿਡ,
CIN : U65910CH1995PTC016409
ਨੇ ਰਜਿਸਟਰਡ ਦਫਤਰ ਐੱਸ ਸੀ ਓ ਨੰ: 210-11, ਸੈਕਟਰ ਨੰ: 34-ਏ, ਚੰਡੀਗੜ੍ਹ-160022
....ਬਿਨੈਕਾਰ/ਕੰਪਨੀ

ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਕੰਪਨੀ ਨੇ 4 ਜੁਲਾਈ 2025 ਨੂੰ ਅਸਧਾਰਨ ਜਨਰਲ ਮੀਟਿੰਗ 'ਚ ਇਸ ਦੇ ਰਜਿਸਟਰਡ ਦਫਤਰ ਐੱਸ ਸੀ ਓ ਨੰ: 210-11, ਸੈਕਟਰ ਨੰ: 34-ਏ, ਚੰਡੀਗੜ੍ਹ-160022 (ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ) ਤੋਂ ਪੰਜਵੀਂ ਮੰਜ਼ਲ, ਜਾਇਦਾਦ ਨੰ: ਬੀ-19-347, ਪਿੰਡ ਤਰਫ ਕਾਰਾਬਾਰਾ, ਫਿਰੋਜ਼ਪੁਰ ਰੋਡ, ਘੁਮਾਰ ਮੰਡੀ, ਭਾਰਤ ਨਗਰ ਚੌਂਕ, ਲੁਧਿਆਣਾ-141001 ਪੰਜਾਬ (ਪੰਜਾਬ ਰਾਜ) 'ਚ ਤਬਦੀਲ ਕੀਤੇ ਜਾਣ ਸੰਬੰਧੀ ਪਾਸ ਕੀਤੇ ਗਏ ਵਿਸ਼ੇਸ਼ ਮਤੇ 'ਚ ਕੰਪਨੀ ਦੇ ਮੈਮੋਰੰਡਮ ਆਫ ਐਸੋਸੀਏਸ਼ਨ 'ਚ ਤਬਦੀਲੀ ਦੀ ਪੁਸ਼ਟੀ ਵਾਸਤੇ ਕੇਂਦਰ ਸਰਕਾਰ/ਖੇਤਰੀ ਡਾਇਰੈਕਟਰ ਕੋਲ, ਕੰਪਨੀਜ਼ ਐਕਟ, 2013 ਦੇ ਸੈਕਸ਼ਨ 13 (4) ਤਹਿਤ ਅਰਜ਼ੀ ਦੇਣ ਦੀ ਤਜਵੀਜ਼ ਰੱਖਦੀ ਹੈ।

ਕੋਈ ਵਿਅਕਤੀ, ਜਿਸ ਦੇ ਹਿੱਤ ਕੰਪਨੀ ਦੇ ਰਜਿਸਟਰਡ ਦਫਤਰ ਦੀ ਤਜਵੀਜ਼ਤ ਤਬਦੀਲੀ ਕਾਰਨ ਪ੍ਰਭਾਵਤ ਹੋ ਸਕਦੇ ਹਨ, ਉਹ ਐੱਮ ਸੀ ਏ ਪੋਰਟਲ (www.mca.gov.in) 'ਤੇ ਇਨਵੈਸਟਰ ਕੰਪਲੇਂਟ ਫਾਰਮ 'ਤੇ ਦੱਸ ਸਕਦਾ ਹੈ ਜਾਂ ਪਹੁੰਚਾਉਣ ਦਾ ਕਾਰਨ ਜਾਂ ਹਲਫੀਆ ਬਿਆਨ ਦੇ ਨਾਲ ਆਪਣੇ ਇਤਰਾਜ਼, ਹਿੱਤਾਂ ਦੀ ਕਿਸਮ ਅਤੇ ਵਿਰੋਧ ਦਾ ਅਧਾਰ ਰਜਿਸਟਰਡ ਡਾਕ ਰਾਹੀਂ ਖੇਤਰੀ ਡਾਇਰੈਕਟਰ, ਪਤਾ : (ਉੱਤਰੀ ਖੇਤਰ)-ਨਵੀਂ ਦਿੱਲੀ ਬੀ-2 ਵਿੰਗ, ਦੂਜੀ ਮੰਜ਼ਲ, ਪੰਡਤ ਦੀਨਦਿਆਲ ਅੰਨਤੋਦਿਆ ਭਵਨ- ਦੂਜੀ ਮੰਜ਼ਲ ਸੀ ਜੀ ਓ ਕੰਪਲੈਕਸ, ਨਵੀਂ ਦਿੱਲੀ-110003 ਨੂੰ ਇਸ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 14 (ਚੌਦਾਂ) ਦਿਨਾਂ ਦੇ ਅੰਦਰ, ਬਿਨੈਕਾਰ ਕੰਪਨੀ ਦੇ ਰਜਿਸਟਰਡ ਦਫਤਰ ਐੱਸ ਸੀ ਓ ਨੰ: 210-11, ਸੈਕਟਰ ਨੰ: 34-ਏ, ਚੰਡੀਗੜ੍ਹ-160022 'ਤੇ ਇੱਕ ਨਕਲ ਨਾਲ ਭੇਜ ਸਕਦਾ ਹੈ।

ਵਾਸਤੇ ਅਤੇ ਤਰਫੋਂ
ਫਿਨਡਾਕ ਫਿਨਵੈੱਸਟ ਪ੍ਰਾਈਵੇਟ ਲਿਮਟਿਡ
ਸਹੀ/-ਨਿਤਿਨ ਸ਼ਾਹੀ ਡਾਇਰੈਕਟਰ
ਡੀ ਆਈ ਐੱਨ : 02908252
ਮਿਤੀ : ਜੁਲਾਈ 31, 2025
ਸਥਾਨ : ਲੁਧਿਆਣਾ, ਪੰਜਾਬ



## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਸਬ-ਤਹਿਸੀਲ, ਢਿੱਲਵਾਂ

ਵਿਸ਼ਾ :- ਮਾਲ ਰਿਕਾਰਡ ਵਿਚ ਮਾਲਕ ਦਾ ਨਾਂਅ ਦਰੁਸਤ ਕਰਨ ਸੰਬੰਧੀ

ਨੋਟਿਸ ਬਨਾਮ ਜਨਰਲ ਪਬਲਿਕ

ਸ੍ਰੀ ਦਲਜੀਤ ਸਿੰਘ ਪੁੱਤਰ ਗੁਰਬਚਨ ਸਿੰਘ ਮੁ: ਆਮ ਵੱਲੋਂ ਜਸਵਿੰਦਰ ਸਿੰਘ ਵਾਸੀ ਪਿੰਡ ਨੰਗਲ ਲੁਬਾਣਾ, ਤਹਿਸੀਲ ਭੁਲੱਥ, ਜ਼ਿਲ੍ਹਾ ਕਪੂਰਥਲਾ ਨੇ ਇਕ ਦਰਖਾਸਤ ਦਿੱਤੀ ਹੈ ਕਿ ਮਾਲ ਰਿਕਾਰਡ ਵਿਚ ਵਾਕਿਆ ਰਕਬਾ ਪਿੰਡ ਨੂਰਪੁਰ ਲੁਬਾਣਾ ਸਬ ਤਹਿਸੀਲ ਢਿੱਲਵਾਂ, ਜ਼ਿਲ੍ਹਾ ਕਪੂਰਥਲਾ ਵਿਚ ਉਸ ਦਾ ਨਾਂਅ ਜਸਵਿੰਦਰ ਸਿੰਘ ਪੁੱਤਰ ਸੇਵਕ ਸਿੰਘ ਪੁੱਤਰ ਤਾਰਾ ਸਿੰਘ ਗਲਤ ਚਲਦਾ ਆ ਰਿਹਾ ਹੈ। ਜਦ ਕਿ ਉਸ ਦਾ ਅਸਲ ਨਾਂਅ ਜਸਵਿੰਦਰ ਸਿੰਘ ਉਰਫ ਜਸਬਿੰਦਰ ਸਿੰਘ ਪੁੱਤਰ ਸੇਵਕ ਸਿੰਘ ਉਰਫ ਸੇਵਾ ਸਿੰਘ ਪੁੱਤਰ ਤਾਰਾ ਸਿੰਘ ਹੈ। ਪ੍ਰਾਰਥੀ ਨੇ ਇਸ ਨਾਂਅ ਦੀ ਦਰੁਸਤੀ ਲਈ ਦਰਖਾਸਤ ਪੇਸ਼ ਕੀਤੀ ਹੈ। ਇਸ ਨਾਂਅ ਦੀ ਸੋਧ ਦੇ ਸੰਬੰਧ ਵਿਚ ਜੇਕਰ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਅਸਾਲਤਨ ਜਾਂ ਵਕਾਲਤਨ ਸਾਡੇ ਦਫ਼ਤਰ ਅਦਾਲਤ ਵਿਚ ਹਾਜ਼ਰ ਹੋ ਕੇ ਆਪਣਾ ਇਤਰਾਜ਼ ਨੋਟਿਸ ਛਪਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਪੇਸ਼ ਕਰ ਸਕਦਾ ਹੈ। ਮਿਆਦ ਗੁਜ਼ਰਨ ਤੋਂ ਬਾਅਦ ਕੋਈ ਇਤਰਾਜ਼ ਸੁਣਿਆ ਨਹੀਂ ਜਾਵੇਗਾ ਅਤੇ ਨਾਂਅ ਦੀ ਸੋਧ ਕਰ ਦਿੱਤੀ ਜਾਵੇਗੀ।

ਸਹੀ/-ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਸਬ ਤਹਿਸੀਲ, ਢਿੱਲਵਾਂ



## COURT NOTICE

(U/O 5 Rule 20 Cpc)
In The Court of
MS. Saru Mehta Kaushik
Additional District and Sessions Judge, Ludhiana
CNR No. PBLD01-027683-2022
Next Date:- 09-09-2025
Bhupinder Singh
Vs
Ranjit Singh
Publication Issued To:
Ranjit Singh
Father : Sher Singh, H. No. 8/162, Mandi Mullanpur, Ludhiana

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 09-09-2025 at 10:00 a.m.

For details logon to https://highcourtchd.gov.in/?mod=district_notice&district=mogacourt

Additional District and Sessions Judge, Ludhiana
Dated this day of 25-07-2025



## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਸ੍ਰੀ ਕਰਨਦੀਪ ਸਿੰਘ, ਪੀ.ਸੀ. ਐੱਸ, ਸਹਾਇਕ ਕੁਲੈਕਟਰ ਦਰਜਾ-1- ਕਮ-ਉਪ ਮੰਡਲ ਮੈਜਿਸਟਰੇਟ, ਜਗਰਾਉਂ, ਜ਼ਿਲ੍ਹਾ ਲੁਧਿਆਣਾ।

ਵਿਸ਼ਾ- ਕੇਸ ਵਰਾਸਤ ਖਾਨਗੀ ਇੰਤਕਾਲ ਨੰ. 6870 ਵਾਕਿਆ ਪਿੰਡ ਅਗਵਾੜ ਪੋਨਾ ਮੁਤਵਫੀ ਸਰਬਜੀਤ ਕੌਰ ਵਿਧਵਾ ਕਰਨੈਲ ਸਿੰਘ, ਤਹਿਸੀਲ ਜਗਰਾਉਂ ਵਿੱਚ ਅਖਬਾਰ ਇਸ਼ਤਿਹਾਰ ਰਾਹੀਂ ਧਿਰਾਂ ਨੂੰ ਸੂਚਿਤ ਕਰਨ ਸੰਬੰਧੀ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਕੇਸ ਵਰਾਸਤ ਇੰਤਕਾਲ ਮੁਤਵਫੀ ਸਰਬਜੀਤ ਕੌਰ ਵਿਧਵਾ ਕਰਨੈਲ ਸਿੰਘ ਵਾਸੀ ਪਿੰਡ ਅਗਵਾੜ ਪੋਨਾ, ਤਹਿਸੀਲ ਜਗਰਾਉਂ ਵੱਲੋਂ ਕੀਤੀ ਖਾਨਗੀ ਵਸੀਅਤ ਮਿਤੀ 19.02.2022 ਦੇ ਅਧਾਰ ਪਰ ਇੰਤਕਾਲ ਦਰਜ ਹੋਕਰ ਨਿਮਨਹਸਤਾਖਰ ਦੀ ਅਦਾਲਤ ਵਿੱਚ ਫੈਸਲੇ ਲਈ ਪੇਸ਼ ਹੋਇਆ ਹੈ। ਮੁਤਵਫੀ ਸਰਬਜੀਤ ਕੌਰ ਦੇ ਵਾਰਸਾਂ ਵਿੱਚੋਂ ਕਿਰਨਦੀਪ ਕੌਰ ਪੁੱਤਰੀ ਕਰਨੈਲ ਸਿੰਘ ਹਾਜ਼ਰ ਅਦਾਲਤ ਆਈ ਹੈ, ਪ੍ਰੰਤੂ ਇੰਤਕਾਲ ਦਾ ਲਾਭਪਾਤਰੀ ਬਲਦੀਪ ਸਿੰਘ ਪੁੱਤਰ ਕਰਨੈਲ ਸਿੰਘ ਹਾਜ਼ਰ ਅਦਾਲਤ ਨਹੀਂ ਆਇਆ। ਇਸ ਅਖਬਾਰ ਇਸ਼ਤਿਹਾਰ ਰਾਹੀਂ ਮੁਤਵਫੀ ਦੇ ਵਾਰਸਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਕਤ ਇੰਤਕਾਲ ਮਨਜ਼ੂਰ ਕਰਨ ਸੰਬੰਧੀ ਕਿਸੇ ਵੀ ਧਿਰ ਨੂੰ ਕੋਈ ਇਤਰਾਜ਼ ਹੈ ਤਾਂ ਉਹ ਮਿਤੀ 07.08.2025 ਤੱਕ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜ਼ਰ ਹੋ ਕੇ ਪੇਸ਼ ਕਰ ਸਕਦੇ ਹਨ। ਮਿਆਦ ਗੁਜ਼ਰਨੇ ਬਾਅਦ ਇਤਰਾਜ਼ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਧਿਰਾਂ-
1. ਬਲਦੀਪ ਸਿੰਘ ਪੁੱਤਰ ਕਰਨੈਲ ਸਿੰਘ ਪੁੱਤਰ ਜੋਗਿੰਦਰ ਸਿੰਘ, 2. ਕਿਰਨਦੀਪ ਕੌਰ ਪੁੱਤਰੀ ਕਰਨੈਲ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਕਿਆ ਪਿੰਡ ਅਗਵਾੜ ਪੋਨਾ, ਤਹਿਸੀਲ ਜਗਰਾਉਂ।

ਇਹ ਅਖਬਾਰ ਇਸ਼ਤਿਹਾਰ ਅੱਜ ਮੇਰੇ ਹਸਤਾਖਰਾਂ ਹੇਠ ਅਦਾਲਤੀ ਮੋਹਰ ਸਮੇਤ ਜਾਰੀ ਕੀਤਾ ਗਿਆ।

ਸਹਾਇਕ ਕੁਲੈਕਟਰ ਦਰਜਾ-1- ਕਮ- ਉਪ ਮੰਡਲ ਮੈਜਿਸਟਰੇਟ, ਜਗਰਾਉਂ।
ਨੰਬਰ : 1555 ਮਿਤੀ : 28/7/25


# ਮੋਦੀ ਦੀ ਪ੍ਰਧਾਨਗੀ ਹੇਠ ਚਾਰ ਮਲਟੀਟ੍ਰੈਕਿੰਗ ਪ੍ਰੋਜੈਕਟਾਂ ਨੂੰ ਪ੍ਰਵਾਨਗੀ


ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪ੍ਰਧਾਨਗੀ ਹੇਠ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਨੇ ਰੇਲਵੇ ਮੰਤਰਾਲੇ ਦੇ ਕੁੱਲ 11,169 ਕਰੋੜ ਰੁਪਏ (ਲਗਭਗ) ਦੀ ਲਾਗਤ ਵਾਲੇ ਚਾਰ ਪ੍ਰੋਜੈਕਟਾਂ ਨੂੰ ਪ੍ਰਵਾਨਗੀ ਦੇ ਦਿੱਤੀ। ਇਨ੍ਹਾਂ ਪ੍ਰੋਜੈਕਟਾਂ ਵਿੱਚ ਇਟਾਰਸੀ - ਨਾਗਪੁਰ ਚੌਥੀ ਲਾਈਨ, ਔਰੰਗਾਬਾਦ (ਛਤਰਪਤੀ ਸੰਭਾਜੀਨਗਰ)—ਪਰਭਾਨੀ ਦੋਹਰੀਕਰਣ, ਅਲੁਆਬਾਰੀ ਰੋਡ - ਨਿਊ ਜਲਪਾਈਗੁੜੀ ਤੀਸਰੀ ਅਤੇ ਚੌਥੀ ਲਾਈਨ ਡੰਗੋਪੋਸੀ - ਜਰੋਲੀ ਤੀਜੀ ਅਤੇ ਚੌਥੀ ਲਾਈਨ ਵਧੀ ਹੋਈ ਲਾਈਨ ਸਮਰੱਥਾ ਗਤੀਸ਼ੀਲਤਾ ਨੂੰ ਮਹੱਤਵਪੂਰਨ ਤੌਰ 'ਤੇ ਵਧਾਏਗੀ, ਸ਼ਾਮਲ ਹਨ। ਇਹ ਮਲਟੀ-ਟਰੈਕਿੰਗ ਪ੍ਰਸਤਾਵ ਕਾਰਜਾਂ ਨੂੰ ਸੁਚਾਰੂ ਬਣਾਉਣ ਅਤੇ ਭੀੜ ਨੂੰ ਘਟਾਉਣ ਲਈ ਤਿਆਰ ਕੀਤੇ ਗਏ ਹਨ।ਇਹ ਪ੍ਰੋਜੈਕਟ ਲੋਕਾਂ, ਵਸਤੂਆਂ ਅਤੇ ਸੇਵਾਵਾਂ ਦੀ ਆਵਾਜਾਈ ਲਈ ਨਿਰਵਿਘਨ ਸੰਪਰਕ ਪ੍ਰਦਾਨ ਕਰਨਗੇ।ਮਹਾਰਾਸ਼ਟਰ, ਮੱਧ ਪ੍ਰਦੇਸ਼, ਪੱਛਮੀ ਬੰਗਾਲ, ਬਿਹਾਰ, ਓਡੀਸ਼ਾ ਅਤੇ ਝਾਰਖੰਡ ਰਾਜਾਂ ਦੇ 13 ਜ਼ਿਲ੍ਹਿਆਂ ਨੂੰ ਕਵਰ ਕਰਨ ਵਾਲੇ ਚਾਰ ਪ੍ਰੋਜੈਕਟ ਭਾਰਤੀ ਰੇਲਵੇ ਦੇ ਮੌਜੂਦਾ ਨੈੱਟਵਰਕ ਵਿੱਚ ਲਗਭਗ 574 ਕਿਲੋਮੀਟਰ ਦਾ ਵਾਧਾ ਕਰਨਗੇ। ਇਹ ਕੋਲਾ, ਸੀਮਿੰਟ, ਕਲਿੰਕਰ, ਜਿਪਸਮ, ਫਲਾਈ ਐਸ਼, ਕੰਟੇਨਰ, ਖੇਤੀਬਾੜੀ ਉਪਜ ਅਤੇ ਪੈਟਰੋਲੀਅਮ ਉਤਪਾਦਾਂ ਆਦਿ ਵਰਗੀਆਂ ਵਸਤੂਆਂ ਦੀ ਢੋਆ-ਢੁਆਈ ਲਈ ਜ਼ਰੂਰੀ ਰਸਤੇ ਹਨ।


## ਨੋਟਿਸ

ਦੀ ਹਮੀਰੀ ਖੇੜਾ ਬਹੁਮੰਤਵੀ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸੇਵਾ ਸਭਾ ਲਿਮ., ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿੱਚ ਸੇਲਜ਼ਮੈਨ -ਕਮ-ਕੈਸ਼ੀਅਰ ਦੀ ਖਾਲੀ ਅਸਾਮੀ ਡੀ. ਸੀ. ਰੇਟਾਂ 'ਤੇ ਭਰਨ ਸੰਬੰਧੀ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ। ਇਸ ਸੰਬੰਧੀ ਸਭਾ ਦੇ ਦਾਇਰਾ ਕਾਰੋਬਾਰ ਵਿੱਚੋਂ ਕੋਈ ਵੀ ਨਿਵਾਸੀ ਸਭਾ ਦੇ ਦਫ਼ਤਰ ਪਿੰਡ ਹਮੀਰੀ ਖੇੜਾ ਐਟ ਲੁਹਾਰਾ ਜਲੰਧਰ ਵਿੱਚ ਮਿਤੀ 13.08.2025 ਦਿਨ ਬੁੱਧਵਾਰ ਸਮਾਂ ਸ਼ਾਮ 05:00 ਵਜੇ ਤੱਕ ਭਰਤੀ ਸੰਬੰਧੀ ਬੇਨਤੀ ਪੱਤਰ ਸਮੇਤ ਵਿੱਦਿਅਕ ਯੋਗਤਾ ਸੰਬੰਧੀ ਸਰਟੀਫਿਕੇਟ ਦੀ ਸਵੈ ਪ੍ਰਮਾਣਿਤ ਫੋਟੋ ਕਾਪੀ ਪ੍ਰਧਾਨ ਸਭਾ ਪਾਸ ਜਮ੍ਹਾਂ ਕਰਵਾ ਸਕਦਾ ਹੈ। ਸੇਲਜ਼ਮੈਨ-ਕਮ-ਕੈਸ਼ੀਅਰ ਦੀ ਚੋਣ ਅਤੇ ਭਰਤੀ ਸੰਬੰਧੀ ਮਿਤੀ 13.08.2025 ਤੋਂ ਬਾਅਦ ਆਈਆਂ ਬੇਨਤੀਆਂ ਵਿੱਚੋਂ ਕੋਈ ਬੇਨਤੀ ਪੱਤਰ ਨੂੰ ਨਹੀਂ ਵਿਚਾਰਿਆ ਜਾਵੇਗਾ। ਸੇਲਜ਼ਮੈਨ-ਕਮ-ਕੈਸ਼ੀਅਰ ਦੀ ਖਾਲੀ ਅਸਾਮੀ ਲਈ ਉਮੀਦਵਾਰ ਦੀ ਚੋਣ ਅਤੇ ਭਰਤੀ ਸਭਾ ਦੇ ਦਫ਼ਤਰ ਪਿੰਡ ਹਮੀਰੀ ਖੇੜਾ ਐਟ ਲੁਹਾਰਾ ਜਲੰਧਰ ਵਿਖੇ ਮਿਤੀ 14.08.2025, ਦਿਨ ਵੀਰਵਾਰ, ਸਮਾਂ ਸਵੇਰੇ 10:00 ਵਜੇ ਆਈਆਂ ਪ੍ਰਤੀ ਬੇਨਤੀਆਂ ਵਿੱਚੋਂ ਪੱਤਰ ਮੀਮੋ ਨੰ: ਰਸਸ/ਰਿਣ-2/ਸੀ.ਈ.ਏ.3/167 ਮਿਤੀ 21.06.2025 ਵਿੱਚ ਲਿਖੀਆਂ ਹਦਾਇਤਾਂ ਅਤੇ ਸਭਾ ਦੀਆਂ ਸ਼ਰਤਾਂ ਅਨੁਸਾਰ ਅਤੇ ਇੰਟਰਵਿਊ ਉਪਰੰਤ ਕੀਤੀ ਜਾਵੇਗੀ।

ਵੱਲੋਂ : ਸਭਾ ਦੀ ਪ੍ਰਬੰਧਕ ਕਮੇਟੀ


# ਸਰਕਾਰ ਨੇ ਆਮ ਆਦਮੀ ਕਲੀਨਿਕਾਂ 'ਚ ਐਂਟੀ ਰੇਬੀਜ਼ ਵੈਕਸੀਨ ਉਪਲੱਬਧ ਕਰਵਾਈ : ਰਮਨ ਬਹਿਲ



ਗੁਰਦਾਸਪੁਰ, (ਜਨਕ ਮਹਾਜਨ)-ਜਾਨਵਰਾਂ ਦੇ ਕੱਟਣ ਕਾਰਨ ਹੋਣ ਵਾਲੀ ਬਿਮਾਰੀ 'ਰੈਬੀਜ਼' ਤੋਂ ਬਚਾਅ ਲਈ ਪੰਜਾਬ ਸਰਕਾਰ ਨੇ ਆਮ ਆਦਮੀ ਕਲੀਨਿਕਾਂ ਵਿੱਚ ਐਂਟੀ-ਰੈਬੀਜ਼ ਵੈਕਸੀਨ ਦੀ ਨਵੀਂ ਪਹਿਲਕਦਮੀ ਸ਼ੁਰੂ ਕੀਤੀ ਹੈ। ਇਸ ਜਨਤਕ ਸਿਹਤ ਪਹਿਲਕਦਮ2 ੀ ਦਾ ਉਦੇਸ਼ ਰੈਬੀਜ਼ ਦੇ ਫੈਲਣ ਨੂੰ ਰੋਕਣਾ ਤੇ ਸਾਰੇ ਜਾਨਵਰਾਂ ਦੇ ਕੱਟਣ ਵਾਲੇ ਪੀੜਤਾਂ ਨੂੰ ਸਮੇਂ ਸਿਰ ਦੇਖਭਾਲ ਪ੍ਰਦਾਨ ਕਰਨਾ ਹੈ। ਰਮਨ ਬਹਿਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਹੁਣ ਆਮ ਆਦਮੀ ਕਲੀਨਿਕਾਂ ਵਿੱਚ ਰੈਬੀਜ਼ ਤੋਂ ਬਚਾਅ ਲਈ ਐਂਟੀ-ਰੇਬੀਜ਼ ਵੈਕਸੀਨ ਦੀ ਸਹੂਲਤ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਹੁਣ ਮਰੀਜ਼ਾਂ ਨੂੰ ਆਮ ਆਦਮੀ ਕਲੀਨਿਕਾਂ ਦੇ ਸਟਾਫ਼ ਦੁਆਰਾ ਰੈਬੀਜ਼ ਵਿਰੋਧੀ ਟੀਕਾਕਰਨ ਸ਼ਡਿਊਲ ਨੂੰ ਪੂਰਾ ਕਰਨ ਦੇ ਜੀਵਨ-ਰੱਖਿਅਕ ਮਹੱਤਵ ਬਾਰੇ ਜਾਗਰੂਕ ਕੀਤਾ ਜਾਵੇਗਾ। ਚੇਅਰਮੈਨ ਨੇ ਦੱਸਿਆ ਕਿ ਜਾਨਵਰ ਦੇ ਕੱਟਣ ਦੇ ਪਹਿਲੇ ਦਿਨ, ਤੀਸਰੇ, ਸੱਤਵੇਂ ਤੇ 28ਵੇਂ ਦਿਨ ਟੀਕਾਕਰਨ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸਾਰੇ ਆਮ ਆਦਮੀ ਕਲੀਨਿਕਾਂ 'ਤੇ ਇਹ ਇਲਾਜ ਮੁਫ਼ਤ ਉਪਲਬਧ ਹੈ। ਉਨ੍ਹਾਂ ਕਿਹਾ ਕਿ ਇਹ ਯਤਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੁਆਰਾ ਸ਼ੁਰੂ ਕੀਤੇ ਗਏ ਫਲੈਗਸ਼ਿਪ ਪ੍ਰੋਗਰਾਮ ਆਮ ਆਦਮੀ ਕਲੀਨਿਕਸ ਪਹਿਲਕਦਮੀ ਤਹਿਤ ਇੱਕ ਵਿਆਪਕ ਸਿਹਤ ਸੰਭਾਲ ਸੁਧਾਰ ਦਾ ਹਿੱਸਾ ਹੈ।

# ਨਗਰ ਨਿਗਮ ਨੇ 6 ਬਿੱਘੇ 16 ਵਿਸਵੇ ਜ਼ਮੀਨ ਤੋਂ ਨਜਾਇਜ਼ ਕਬਜ਼ਾ ਛੁਡਵਾਇਆ

## ਕਬਜ਼ਾਧਾਰਕ ਕੋਲੋਂ ਜੁਰਮਾਨਾ ਵੀ ਵਸੂਲਿਆ ਜਾਵੇਗਾ-ਨਿਗਮ ਟੀਮ



ਪਟਿਆਲਾ, (ਥਿੰਦ)-ਨਗਰ ਨਿਗਮ ਪਟਿਆਲਾ ਵੱਲੋਂ ਬੀਤੇ ਦਿਨੀਂ ਇੱਕ ਵੱਡੀ ਕਾਰਵਾਈ ਕਰਦਿਆਂ 6 ਬਿੱਘੇ 16 ਵਿਸਵੇ ਸਰਕਾਰੀ ਜ਼ਮੀਨ 'ਤੇ ਕੀਤੇ ਗਏ ਨਜਾਇਜ਼ ਕਬਜ਼ੇ ਨੂੰ ਛੁਡਵਾ ਲਿਆ ਗਿਆ।ਇਹ ਜ਼ਮੀਨ ਵੀਰ ਜੀ ਦੀਆਂ ਮੜੀਆਂ ਦੇ ਪਿੱਛਲੇ ਹਿੱਸੇ 'ਚ ਸਥਿਤ ਸੀ, ਜਿਸ 'ਤੇ ਲੰਮੇ ਸਮੇਂ ਤੋਂ ਕਬਜ਼ਾਧਾਰਕ ਵੱਲੋਂ ਅਣਧਿੱਕਤ ਤੌਰ 'ਤੇ ਕਬਜ਼ਾ ਕਰਕੇ 600 ਗਜ਼ ਵਿੱਚ ਵਰਕਸ਼ਾਪ ਵੀ ਚਲਾਈ ਜਾ ਰਹੀ ਸੀ, ਜਿਸ ਨਾਲ ਨਗਰ ਨਿਗਮ ਦੀ ਅਨਮੋਲ ਜ਼ਮੀਨ ਕਈ ਸਾਲਾਂ ਤੋਂ ਅਰਥਹੀਨ ਬਣੀ ਹੋਈ ਸੀ। ਦਸ ਦੇਈਏ ਕਿ ਨਗਰ ਨਿਗਮ ਪਟਿਆਲਾ ਵੱਲੋਂ ਕਮਿਸ਼ਨਰ ਪਰਮਵੀਰ ਸਿੰਘ ਦੀ ਰਹਿਨੁਮਾਈ ਹੇਠ ਸ਼ਹਿਰ ਵਿੱਚ ਨਾਜਾਇਜ਼ ਕਬਜ਼ਿਆਂ ਖ਼ਿਲਾਫ਼ ਮੁਹਿੰਮ ਸ਼ੁਰੂ ਕੀਤੀ ਗਈ ਹੈ।ਇਹ ਕਾਰਵਾਈ ਸਕੱਤਰ ਸੁਰਜੀਤ ਸਿੰਘ ਚੀਮਾ, ਸੁਪਰਡੈਂਟ ਮਨੀਸ਼ ਪੁਰੀ, ਸੁਪਰਡੈਂਟ ਲਵਨੀਸ਼ ਗੋਇਲ ਦੀ ਅਗਵਾਈ ਹੇਠ ਨਗਰ ਨਿਗਮ ਦੇ ਅਫਸਰ ਵਿਸ਼ਾਲ ਵਰਮਾ ਅਤੇ ਪਟਵਾਰੀ ਹਰਬੰਸ ਸਿੰਘ ਤੇ ਹੋਰ ਕਲਰਕ ਤੇ ਅਧਿਕਾਰੀਆਂ ਸਮੇਤ ਪੁਲਸ ਪ੍ਰਸ਼ਾਸਨ ਵੱਲੋਂ ਨੇਪਰੇ ਚਾੜ੍ਹੀ ਗਈ। ਜਾਣਕਾਰੀ ਅਨੁਸਾਰ ਕਬਜ਼ਾਧਾਰਕ ਨੇ ਇਸ ਜਗ੍ਹਾ ਨੂੰ ਆਪਣਾ ਬਣਾਉਣ ਲਈ ਮਾਨਯੋਗ ਅਦਾਲਤ ਦਾ ਰੁੱਖ ਕੀਤਾ ਸੀ, ਪਰ ਮਾਨਯੋਗ ਅਦਾਲਤ ਵੱਲੋਂ 24 ਜੁਲਾਈ 2025 ਨੂੰ ਇਸ ਕੇਸ ਨੂੰ ਡਿਸਮਿਸ ਕਰ ਦਿੱਤਾ, ਜਿਸ ਮਗਰੋਂ ਨਗਰ ਨਿਗਮ ਨੇ ਇਸ ਕਬਜ਼ੇ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਦਿਆਂ ਜਗ੍ਹਾ ਖਾਲੀ ਕਰਨ ਦੇ ਹੁਕਮ ਜਾਰੀ ਕੀਤੇ।ਹਾਲਾਂਕਿ ਅਦਾਲਤ ਤੋਂ ਕੇਸ ਹਾਰਨ ਮਗਰੋਂ ਵੀ ਕਬਜ਼ਾਧਾਰਕ ਨੇ ਆਪਣਾ ਕਬਜ਼ਾ ਨਹੀਂ ਛੱਡਿਆ।ਨਗਰ ਨਿਗਮ ਨੇ ਕਾਨੂੰਨੀ ਕਾਰਵਾਈ ਨੂੰ ਅੱਗੇ ਵਧਾਉਂਦੇ ਹੋਏ ਬੀਤੇ ਦਿਨੀ ਮੌਕੇ 'ਤੇ ਜਾ ਕੇ ਸਿੱਧੀ ਤੌਰ 'ਤੇ ਕਾਰਵਾਈ ਕਰਦਿਆਂ ਇਲਾਕੇ ਨੂੰ ਖਾਲੀ ਕਰਵਾਇਆ।ਨਗਰ ਨਿਗਮ ਦੇ ਸੁਪਰਡੈਂਟ ਮਨੀਸ਼ ਪੁਰੀ ਤੇ ਇੰਸਪੈਕਟਰ ਵਿਸ਼ਾਲ ਵਰਮਾ ਸਾਂਝੇ ਤੌਰ ਤੇ ਦੱਸਿਆ ਕਿ ਨਾ ਸਿਰਫ਼ ਕਬਜ਼ਾ ਛੁਡਵਾਇਆ ਗਿਆ ਹੈ, ਸਗੋਂ ਨਗਰ ਨਿਗਮ ਵੱਲੋਂ ਕਬਜ਼ਾਧਾਰਕ ਤੋਂ ਉਕਤ ਜ਼ਮੀਨ ਦੇ ਨਾਜਾਇਜ਼ ਇਸਤੇਮਾਲ ਕਰਨ ਬਦਲੇ ਜੁਰਮਾਨੇ ਦੀ ਰਿਕਵਰੀ ਦੀ ਵੀ ਪ੍ਰੀਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ।


## ਉੱਤਰ ਰੇਲਵੇ

### ਖੁਲ੍ਹੀ ਨਿਵਿਦਾ ਸੂਚਨਾ

ਵ.ਮੰਡਲ ਬਿਜਲੀ ਇੰਜੀਨੀਅਰ/ਟੀ.ਆਰ.ਡੀ., ਉੱਤਰ ਰੇਲਵੇ, ਫਿਰੋਜ਼ਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਈ-ਨਿਵਿਦਾਵਾਂ ਅੰਤਮ ਮਿਤੀ 22.08.2025 ਨੂੰ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰਕ ਆਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ 22.08.2025 ਨੂੰ 15:00 ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ।

1. **ਟੈਂਡਰ ਨੰਬਰ:** 703A-ਟੀ.ਆਰ.ਡੀ.-ਫਿਰੋਜ਼ਪੁਰ-2025-26 **ਕੰਮਾਂ ਦਾ ਵੇਰਵਾ:** ਫਿਰੋਜ਼ਪੁਰ ਮੰਡਲ ਦੇ ਦੂਜੇ ਪੜਾਅ ਵਿਚ ਪ੍ਰਦੂਸ਼ਿਤ ਖੇਤਰ ਵਿਚ ਪੁਰਾਣੇ ਏ.ਸੀ.ਸੀ. ਸੰਪਰਕ ਅਤੇ ਕੈਟੇਨਰੀ ਤਾਰਾਂ ਦੇ ਸਥਾਨ ਤੇ ਨਵੇਂ ਸੰਪਰਕ ਅਤੇ ਕੈਟੇਨਰੀ ਤਾਰਾਂ ਦਾ ਪ੍ਰਾਵਧਾਨ। **ਅੰਦਾਜਨ ਲਾਗਤ (Rs.):** 72,28,452.99 **ਟੈਂਡਰ ਦੀ ਕੀਮਤ (Rs.):** ਜੀਰੋ **ਨਿਵਿਦਾ ਦੀ ਸਮਾਪਤੀ ਮਿਤੀ ਤੇ ਸਮਾਂ:** 22.08.2025 15:00 ਵਜੇ ਤਕ **ਬਿਆਨਾ ਰਾਸ਼ੀ # (Rs.):** 1,44,600/- **ਕੰਮ ਦਾ ਸਮਾਂ :** 12 ਮਹੀਨੇ **ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ:** 22.08.2025 15:00 ਵਜੇ ਦੇ ਬਾਅਦ **ਵੈਬ ਸਾਈਟ** www.ireps.gov.in

2. **ਟੈਂਡਰ ਨੰਬਰ:** 711-ਟੀ.ਆਰ.ਡੀ.-ਫਿਰੋਜ਼ਪੁਰ-2025-26 **ਕੰਮਾਂ ਦਾ ਵੇਰਵਾ:** ਫਿਰੋਜ਼ਪੁਰ ਮੰਡਲ ਦੇ SNL-ASR ਸੈਕਸ਼ਨ-III ਵਿਚ ਵਿਸ਼ਵਸਨੀਅਤਾ ਵਿਚ ਸੁਧਾਰ ਦੇ ਲਈ ਪ੍ਰਦੂਸ਼ਿਤ ਖੇਤਰਾਂ ਵਿਚ ਜੰਗ ਲਗੀ ਓਐਚਈ ਫਿਟਿੰਗਸ ਨੂੰ ਬਦਲ ਕੇ ਨਵੀ ਓਐਚਈ ਫਿਟਿੰਗਸ ਦਾ ਪ੍ਰਾਵਧਾਨ, **ਅੰਦਾਜਨ ਲਾਗਤ (Rs.):** 3,54,00,633.47 **ਟੈਂਡਰ ਦੀ ਕੀਮਤ (Rs.):** ਜੀਰੋ **ਨਿਵਿਦਾ ਦੀ ਸਮਾਪਤੀ ਮਿਤੀ ਤੇ ਸਮਾਂ:** 22.08.2025 15:00 ਵਜੇ ਤਕ **ਬਿਆਨਾ ਰਾਸ਼ੀ # (Rs.):** 3,27,000/- **ਕੰਮ ਦਾ ਸਮਾਂ :** 12 ਮਹੀਨੇ **ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ:** 22.08.2025 15:00 ਵਜੇ ਦੇ ਬਾਅਦ **ਵੈਬ ਸਾਈਟ** www.ireps.gov.in

ਕੰਮ ਦੀ ਸਮਾਨ ਨੇਚਰ (ਦੋਵੇਂ ਕੰਮਾਂ ਦੇ ਲਈ ਲਾਗੂ):
''50 ਹਟ੍ਰਜ, ਸਿੰਗਲ ਫੇਜ 25 ਕੇਵੀ ਏਸੀ ਓਐਚਈ ਦਾ ਡਿਜਾਈਨ, ਉਸਾਰੀ, ਪ੍ਰੀਖਸ਼ਣ ਅਤੇ ਕਮਿਸ਼ਨਿੰਗ''
ਸੰਧਰਭ: PR. CEE/NR ਦੇ ਪੱਤਰ ਨੰਬਰ 181-ਇਲੈਕਟ/ਟੀਆਰਡੀ/189/ ਭਾਗ II, ਮਿਤੀ 29.07.2021 ਦਾ ਓਐਚਈ ਕੰਮ ਦਾ ਲੜੀ ਨੰਬਰ 1.1).

#ਨਿਵਿਦਾਕਰਤਾ ਕਿਰਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਿਨਾ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਪੇਮੇਂਟ ਗੇਟਵੇ ਦੇ ਮਾਧਿਅਮ ਨਾਲ ਨਕਦ ਵਿਚ ਜਾਂ ਭਾਰਤ ਦੇ ਕਿਸੇ ਵੀ ਅਨੁਸੂਚਿਤ ਵਾਣਿਜਕ ਬੈਂਕ ਤੋਂ ਬੈਂਕ ਗਾਰੰਟੀ ਬਾਂਡ ਦੇ ਰੂਪ ਵਿਚ ਜਾਂ ਨਿਵਿਦਾ ਦਸਤਾਵੇਜਾਂ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਲਿਡ ਹਨ। ਬੋਲੀ ਦੀ ਵੈਧਤਾ ਅਵਧੀ ਦੇ ਬਾਅਦ 90 ਦਿਨ ਦੇ ਲਈ ਅਧੂਰੇ ਅਤੇ ਅਣਵੈਲਿਡ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸ ਦੇ ਲਈ ਠੇਕੇਦਾਰ ਦਾ ਰੇਲਵੇ ਤੇ ਕੋਈ ਦਾਅਵਾ ਨਹੀਂ ਹੋਵੇਗਾ।

ਨੰ.:703A ਅਤੇ 711-ਟੀ.ਆਰ.ਡੀ-ਫਿਰੋਜ਼ਪੁਰ-2025-26 ਮਿਤੀ: 29.07.2025 2319/2025


ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



## COURT NOTICE

Under the instruction of RBL bank Limited I hereby informed the general public that Sanjay Mahajan s/o Nanak Chand is absolute owner of Property Plot no 44-A(towards East) Total measuring 125 Sq Yards out of 250 Sq Yards, bearing Khasra no 1828 min situated at Amritsar Urban Circle no 110 AbadiTilak Nagar, Tehsil & District Amritsar. That the chain of title is complete in all respect as UpdeshKaur d/o Sujan Singh sold 250 Sq Yards of property to Nanak Chand s/o Jugal Kishore vide sale deed regd dated 28.02.1989 as doc no.15086 and same is shown as owner of 10 Marlas in the Jamabandi for the year 2005-06, 2010-11, 2015-16. Then after the death of Nanak Chand s/o Jugal Kishore his property was inherited by Sudarshan Gupta wd/o Nanak Chand, Sanjay Mahajan s/o Nanak Chand(2/3 share) and KusamMahajanwd/o Ajay Mahajan, DevanshMahajan s/o Ajay Mahajan, SayeshaMahajan, BhaveyaMahajan daughters of Ajay Mahajan (1/3 share) of which mutation no.37580 has been sanctioned by revenue authorities. Then Sudarshan Gupta w/o Nanak Chand transferred her 41.66 sq yards of property to DevanshMahajan s/o Ajay Mahajan vide transfer deed regd dated 04.10.2021 as doc no.2021-22/89/1/5406 of which mutation no.38584 has been sanctioned by revenue authorities. And also Sudarshan Gupta w/o Nanak Chand transferred her 41.66 sq yards of property to Sanjay Mahajan s/o Nanak Chand vide transfer deed regd dated 04.10.2021 as doc no.2021-22/89/1/5407 of which mutaiton no.38585 has been sanctioned by revenue authorities. Then KusamMahajan w/o Ajay Mahajan in person and as GPA of DevanshMahajan s/o Ajay Mahajan, SayeshaMahajan, BhaveyaMahajan daughters of Ajay Mahajan sold their ½ share i.e. 125 sq yards of property to GeetaArora w/o Lal Chand vide sale deed regd dated 23.12.2022 as doc no.2022-23/89/1/7265 of which mutation no.39772 has been sanctioned by revenue authorities. Now Sanjay Mahajan s/o Nanak Chand is selling his 125 sq yards of property to Surinder Pal s/o Sukhdev Raj Sharma. Sanjay Mahajan s/o Nanak Chand has lost Following Original sale deed i.e. 1. Original Sale Deed executed by UpdeshKaur d/o Sujan Singh in favour of Nanak Chand s/o Jugal Kishore vide sale deed regd dated 28.02.1989 as doc no. 15086.. Lost Information report got registered bearing no 614562/2025 dt 31.7.2025. Anybody having claim or claiming any prior rights or interest in any manner in this property or has raised loan by depositing the aforesaid sale deed to any person/bank/corporation/financial institution may approach the undersigned and may submit objection in writing 7 days from the date of this public notice. After the expiry of the period of this notice, no claim shall be entertained and such claim shall be deemed to be false, fake, frivolous, fraudulent and baseless claim and shall have no value in the eyes of law. It shall also be deemed that nobody has any objection for mortgaging the aforesaid property with RBL bank Limited ADV. VIKAS VERMA MB. 9815156302.


# ਸਾਦਿਕ ਬੈਂਕ ਘੁਟਾਲੇ ਦੇ ਮੁੱਖ ਦੋਸ਼ੀ ਅਮਿਤ ਧੀਂਗੜਾ ਨੂੰ ਮਥੁਰਾ ਤੋਂ ਕੀਤਾ ਗ੍ਰਿਫ਼ਤਾਰ



ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ, ਐਲਿਗਜੈਂਡਰ ਡਿਸੂਜ਼ਾ) ਇੰਸਪੈਕਟਰ ਨਵਦੀਪ ਸਿੰਘ ਮੁੱਖ ਅਫ਼ਸਰ ਥਾਣਾ ਸਾਦਿਕ ਦੀ ਨਿਗਰਾਨੀ ਹੇਠ ਫਰੀਦਕੋਟ ਪੁਲਸ ਵੱਲੋਂ ਬਹੁਚਰਚਿਤ ਸਾਦਿਕ ਅੰਦਰ ਸਥਿਤ ਬੈਂਕ ਅੰਦਰ ਜਮ੍ਹਾ ਰਾਸ਼ੀ ਨਾਲ ਧੋਖਾਧੜੀ ਕਰਨ ਦੇ ਮਾਮਲੇ 'ਚ ਮੁੱਖ ਦੋਸ਼ੀ ਅਮਿਤ ਧੀਂਗੜਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਫਰੀਦਕੋਟ ਪੁਲਸ ਨੂੰ ਮਿਤੀ 21.07.2025 ਨੂੰ ਸੂਚਨਾ ਮਿਲੀ ਕਿ ਸਟੇਟ ਬੈਂਕ ਆਫ ਇੰਡੀਆ ਦੀ ਸਾਦਿਕ ਵਿਖੇ ਸਥਿਤ ਬਰਾਚ ਵਿੱਚ ਬੈਕ ਬਤੌਰ ਕਲਰਕ ਤਾਇਨਾਤ ਅਮਿਤ ਧੀਗੜਾ ਨਾਂਅ ਦੇ ਵਿਅਕਤੀ ਵੱਲੋਂ ਲੋਕਾਂ ਦੇ ਖੇਤੀਬਾੜੀ ਲਿਮਟ ਖਾਤਿਆਂ ਤੇ ਐਫ.ਡੀ ਦੇ ਖਾਤਿਆਂ ਵਿੱਚ ਪੈਸਿਆਂ ਦੇ ਲੈਣ ਦੇਣ ਬਾਰੇ ਛੇੜਛਾੜ ਕਰਕੇ ਧੋਖਾਧੜੀ ਦਾ ਮਾਮਲਾ ਸਾਹਮਣੇ ਆਇਆ ਸੀ, ਜਿਸ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਥਾਣਾ ਸਾਦਿਕ ਵਿਖੇ ਬੈਂਕ ਦੇ ਡਿਪਟੀ ਮੈਨੇਜਰ ਸ਼ਸ਼ਾਕ ਸ਼ੇਖਰ ਅਰੋੜਾ ਦੇ ਬਿਆਨਾਂ ਦੇ ਅਧਾਰ 'ਤੇ ਅਮਿਤ ਧੀਂਗੜਾ ਖਿਲਾਫ਼ ਮੁਕੱਦਮਾ ਨੰਬਰ 100 ਮਿਤੀ 21.07.2025 ਅਧੀਨ ਧਾਰਾ 318 (4), 316 (2), 344 ਬੀ.ਐਨ.ਐਸ ਦਰਜ ਕਰਕੇ ਕਾਰਵਾਈ ਸ਼ੁਰੂ ਕੀਤੀ ਗਈ ਤੇ ਉਸੇ ਦਿਨ ਫਰੀਦਕੋਟ ਪੁਲਿਸ ਵੱਲੋਂ ਦੋਸ਼ੀ ਦਾ ਐਲ.ਓ.ਸੀ ਜਾਰੀ ਕਰਾਇਆ। ਮੁਕੱਦਮੇ ਦੇ ਦੋਸ਼ੀ ਅਮਿਤ ਧੀਂਗੜਾ ਦੀ ਪਤਨੀ ਰੁਪਿੰਦਰ ਕੌਰ ਦੇ ਖਾਤਿਆਂ ਅੰਦਰ ਲਗਭਗ 02 ਕਰੋੜ 30 ਲੱਖ ਰੁਪਏ ਦੇ ਕਰੀਬ ਦਾ ਲੈਣ-ਦੇਣ ਹੋਇਆ ਸੀ, ਜਿਸਦੇ ਅਧਾਰ 'ਤੇ ਕਾਰਵਾਈ ਕਰਦੇ ਹੋਏ ਦੋਸ਼ਣ ਰੁਪਿੰਦਰ ਕੌਰ ਨੂੰ 24 ਜੁਲਾਈ ਨੂੰ ਉਸ ਸਮੇਂ ਗ੍ਰਿਫਤਾਰ ਕੀਤਾ ਗਿਆ, ਜਦੋਂ ਉਹ ਵਿਦੇਸ਼ ਜਾਣ ਦੀ ਤਾਕ ਵਿੱਚ ਸੀ। ਜਿਸ ਉਪਰੰਤ ਪੁਲਸ ਟੀਮਾਂ ਵੱਲੋਂ ਕਾਰਵਾਈ ਕਰਦੇ ਹੋਏ ਇਸ ਮਾਮਲੇ ਦੇ ਮੁੱਖ ਦੋਸ਼ੀ ਅਮਿਤ ਧੀਂਗੜਾ ਨੂੰ ਉੱਤਰ ਪ੍ਰਦੇਸ਼ ਦੇ ਮਥੁਰਾ ਸ਼ਹਿਰ ਅੰਦਰ ਵਰਿੰਦਾਵਾਨ ਪਾਸੋਂ 30.07.2025 ਨੂੰ ਗ੍ਰਿਫਤਾਰ ਕੀਤਾ ਗਿਆ ਹੈ।ਜ਼ਿਕਰਯੋਗ ਹੈ ਕਿ ਉਸ ਵੱਲੋਂ ਗ੍ਰਿਫਤਾਰੀ ਤੋਂ ਬਚਣ ਲਈ ਆਪਣੇ ਆਪ ਨੂੰ ਨੁਕਸਾਨ ਪੁਚਾਉਣ ਦਾ ਡਰ ਵੀ ਦਿੱਤਾ ਗਿਆ, ਪ੍ਰੰਤੂ ਪੁਲਸ ਟੀਮਾਂ ਦੀ ਸਮਝਦਾਰੀ ਨਾਲ ਮਥੁਰਾ ਪੁਲਸ ਦੀ ਮਦਦ ਨਾਲ ਇਸ ਨੂੰ ਗ੍ਰਿਫਤਾਰ ਕੀਤਾ ਗਿਆ।ਮੁੱਢਲੀ ਜਾਂਚ ਦੌਰਾਨ ਇਹ ਸਾਹਮਣੇ ਆਇਆ ਕਿ ਦੋਸ਼ੀ ਅਮਿਤ ਧੀਂਗੜਾ ਜੋ ਪਿਛਲੇ ਕਰੀਬ 15 ਸਾਲ ਤੋਂ ਸਾਦਿਕ ਬੈਂਕ ਅੰਦਰ ਡਿਊਟੀ ਨਿਭਾਅ ਰਿਹਾ ਸੀ, ਜਿਸ ਨੇ ਬੈਂਕ ਦੇ ਖਾਤਾਧਾਰਕਾ ਨਾਲ ਕਾਫੀ ਨੇੜਤਾ ਕਾਇਮ ਕਰ ਲਈ ਸੀ, ਜਿਸ ਵਿਸ਼ਵਾਸ ਦਾ ਇਸ ਵੱਲੋਂ ਫ਼ਾਇਦਾ ਉਠਾ ਕੇ ਉਨ੍ਹਾਂ ਦੇ ਖਾਤਿਆਂ ਦੀਆਂ ਲਿਮਟਾਂ ਅਤੇ ਐਫ.ਡੀ ਵਿੱਚ ਪਏ ਪੈਸਿਆ ਨਾਲ ਛੇੜਛਾੜ ਕੀਤੀ ਗਈ ਸੀ, ਜਿਸ ਸਬੰਧੀ ਬੈਕ ਪਾਸ ਖਾਤਾਧਾਰਕਾ ਵੱਲੋਂ 186 ਦੇ ਕਰੀਬ ਦਰਖਾਸਤਾਂ ਆਈਆਂ ਹਨ ਅਤੇ ਜਿਨ੍ਹਾ ਵਿੱਚ 14 ਕਰੋੜ ਦੇ ਲਗਭਗ ਘਪਲਾ ਹੋਣ ਦਾ ਦੋਸ਼ ਲਗਾਇਆ ਗਿਆ ਹੈ।ਸਟੇਟ ਬੈਂਕ ਆਫ ਇੰਡੀਆ ਦੇ ਅਧਿਕਾਰੀਆਂ ਵੱਲੋਂ ਇਸ ਸਬੰਧੀ ਏ.ਜੀ.ਐਮ ਪ੍ਰਵੀਨ ਸੋਨੀ ਦੀ ਅਗਵਾਈ ਹੇਠ ਟੀਮ ਗਠਿਤ ਕੀਤੀ ਗਈ ਹੈ, ਜਿਨ੍ਹਾਂ ਵੱਲੋਂ ਦਿੱਤੀਆਂ ਦਰਖਾਸਤਾਂ ਉੱਪਰ ਕੰਮ ਕੀਤਾ ਜਾ ਰਿਹਾ ਹੈ ਤਾਂ ਜੁ ਧੋਖਾਧੜੀ ਦਾ ਸ਼ਿਕਾਰ ਹੋਏ ਖਾਤਾਧਾਰਕਾਂ ਨੂੰ ਉਨ੍ਹਾਂ ਦੇ ਪੈਸੇ ਵਾਪਸ ਕਰਾਏ ਜਾ ਰਹੇ ਹਨ।


## ਉੱਤਰ ਰੇਲਵੇ

### ਨਿਵਿਦਾ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ, ਉਤਰ ਰੇਲਵੇ, ਲੁਧਿਆਣਾ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਈ-ਨਿਵਿਦਾਵਾਂ ਨੰ. 2025-26-04 ਦੀ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਨਿਵਿਦਾ ਮਿਤੀ 25.08.2025 ਨੂੰ 15:00 ਵਜੇ ਤਕ ਪੇਸ਼ ਕਰ ਸਕਦੇ ਹਨ। ਇਨਾਂ ਨਿਵਿਦਾਵਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ।
ਨਿਵਿਦਾਕਰਤਾ ਨਿਵਿਦਾ ਫਾਰਮ ਦੀ ਲਾਗਤ ਅਤੇ ਬਿਆਨਾ ਰਾਸ਼ੀ ਦੇ ਭੁਗਤਾਨ ਕਰਨ ਦੇ ਲਈ ਕੇਵਲ ਆਈ.ਆਰ.ਈ.ਪੀ.ਐਸ. ਪੋਰਟਲ ਤੇ ਉਪਲਬਧ ਆਨਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਕਿੰਗ, ਡੇਬਿਟ ਕਾਰਡ ਤੇ ਕਰੈਡਿਟ ਕਾਰਡ ਨਾਲ ਭੁਗਤਾਨ ਕਰ ਸਕਦੇ ਹਨ। ਮੈਨੂੰਅਲ ਭੁਗਤਾਨ ਜਿਵੇਂ ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਜਮ੍ਹਾ ਰਸੀਦਾਂ ਤੇ ਐਫ.ਡੀ.ਆਰ. ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਟੈਂਡਰ ਸੰਖਿਆ | ਕੰਮ ਦਾ ਵੇਰਵਾ | ਅੰਦਾਜਨ ਲਾਗਤ ਲਾਗਤ (ਰੁ.) | ਟੈਂਡਰ ਦੀ ਕੀਮਤ (ਰੁ.) | ਨਿਵਿਦਾ ਸਮਾਪਤੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ (ਰੁ.) | ਕੰਮ ਦੀ ਅਵਧੀ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | ਵੈਬਸਾਈਟ |
|---|---|---|---|---|---|---|---|---|
| 2025-26-04 | ਆਰਡੀਐਸਓ ਸੰਸ਼ੋਧਨ ਪੱਤਰ ਨੰਬਰ ਆਰਡੀਐਸਓ /2022 / ਈਐਲ/ ਐਮਐਸ / 04 84, ਸੰਸ਼ੋਧਨ '0' ਮਿਤੀ 24.01.2022 ਜਾਂ ਨਵੀਨਤਮ ਦੇ ਅਨੁਸਾਰ, ਇਲੈਕਟ੍ਰਿਕ ਲੋਕੋ ਸ਼ੇਡ, ਲੁਧਿਆਣਾ ਦੇ ਡਬਲਯੂਏਜੀ-9 ਐਚ (3 ਫੇਜ) ਇੰਜਣਾਂ ਦੇ ਅੰਡਰ ਸਲੰਗ ਕੰਪ੍ਰੇਸਰ ਮਾਊਂਟਿੰਗ ਲੇਗਸ ਵਿਚ ਸੰਸ਼ੋਧਨ | 34,79,560.25/- | 0 | 25.08.2025 15:00 ਵਜੇ ਤਕ | 69,600/- | 12 ਮਹੀਨੇ | 28.08.2025 15:30 ਵਜੇ ਦੇ ਬਾਅਦ | www.ireps.gov.in |

ਨੰ.230-Elect/TRS/LDH/WC/CP Mounting Leg/OT/2025-26/04 ਤਾਰੀਕ — 31.07.2025 2344/2025



## RELIANCE Asset Reconstruction

ਕਾਰਪੋਰੇਟ ਦਫਤਰ : 11ਵੀਂ ਮੰਜ਼ਲ ਨਾਰਥ ਸਾਈਡ, ਆਰ ਟੈੱਕ ਪਾਰਕ, ਵੈਸਟਰਨ ਐਕਸਪ੍ਰੈੱਸ ਹਾਈਵੇ, ਗੋਰੇਗਾਉਂ (ਈਸਟ), ਮੁੰਬਈ-400063

ਸਕਿਉਰਡ ਐੱਸਟਸ ਦੀ ਈ-ਨਿਲਾਮੀ ਵਿਕਰੀ ਵਾਸਤੇ ਜਨਤਕ ਨੋਟਿਸ

ਰਿਲਾਇੰਸ ਐੱਸਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ (ਆਰ ਏ ਆਰ ਸੀ) ''ਆਰ ਏ ਆਰ ਸੀ 052 (ਆਈ ਬੀ ਰਿਟੇਲ) ਟਰੱਸਟ ਦੀ ਇੱਕ ਟਰੱਸਟੀ ਅਤੇ ਹੇਠਾਂ ਦਰਸਾਏ ਕਰਜ਼ਦਾਰ ਦੇ ਇੰਡੀਅਨ ਬੈਂਕ ਨਾਲ ਮਿਤੀ 28 ਸਤੰਬਰ 2018 ਨਾਲ ਹੋਏ ਹਿੱਸੇਦਾਰੀ ਦੇ ਇਕਰਾਰਨਾਮੇ ਅਨੁਸਾਰ ਜਾਇਦਾਦ ਦੀ ਹਿੱਸੇਦਾਰ ਅਤੇ ਸਕਿਉਰਡ ਕ੍ਰੈਡਿਟਰ ਹੈ। ਨਿਮਨਹਸਤਾਖਰੀ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈੱਸਟ ਐਕਟ, 2002 ਅਤੇ ਸਕਿਊਰਟੀ ਇੰਟਰੈੱਸਟ ਇਨਫੋਰਸਮੈਂਟ ਰੂਲਜ਼, 2002 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਆਮ ਜਨਤਾ ਨੂੰ ਨੋਟਿਸ ਦਿੱਤਾ ਹੈ ਕਿ ਬਕਾਏ ਦੀ ਵਸੂਲੀ ਲਈ ਹੇਠਾਂ ਦਰਸਾਈ ਜਾਇਦਾਦ ਦੀ ''ਆਨ ਲਾਈਨ ਈ-ਨਿਲਾਮੀ'' ਰਾਹੀਂ ਵਿਕਰੀ ਕੀਤੀ ਜਾਵੇਗੀ। ਜਾਇਦਾਦਾਂ ਦੀ ਵਿਕਰੀ ਸਖਤੀ ਨਾਲ ਹੇਠਾਂ ਦਰਸਾਈਆਂ ਸ਼ਰਤਾਂ ਤੋਂ ਇਲਾਵਾ ''ਜਿਵੇਂ ਹੈ ਜਿੱਥੇ ਹੈ'' ''ਜੋ ਹੈ ਜਿਵੇਂ ਹੈ'' ਅਤੇ ''ਬਿਨਾਂ ਸਹਾਰੇ'' ਦੇ ਅਧਾਰ 'ਤੇ ਕੀਤੀ ਜਾਵੇਗੀ।

| ਕਰਜ਼ਦਾਰ/ਗਰੰਟਰ ਦਾ ਨਾਂਅ |
|---|
| 1. ਮੈਸ : ਪਲਕ ਟੈਲੀਕਾਮ, (ਕਰਜ਼ਦਾਰ) ਮਕਾਨ ਨੰ. 184, ਡਬਲਯੂ ਐੱਨ ਓ 7, ਨੇੜੇ ਸਰਕਾਰੀ ਪ੍ਰਾਇਮਰੀ ਸਕੂਲ, ਭਦਰੋਇਆ ਰੋਡ, ਪਠਾਨਕੋਟ-145001 |
| 2. ਸ੍ਰੀ ਸੁਸ਼ੀਲ ਕੁਮਾਰ, (ਮਾਲਕ ਤੇ ਰਹਿਣਕਾਰ) ਮਕਾਨ ਨੰ. 266-ਬੀ, ਅੰਬੇਦਕਰ ਨਗਰ, ਭਦਰੋਇਆ ਰੋਡ, ਪਠਾਨਕੋਟ, ਪੰਜਾਬ-145001 |
| 3. ਕੋਮਲ ਕੁਮਾਰ, (ਗਰੰਟਰ), ਮਕਾਨ ਨੰ. 266-ਬੀ, ਅੰਬੇਦਕਰ ਨਗਰ, ਭਦਰੋਇਆ ਰੋਡ, ਪਠਾਨਕੋਟ, ਪੰਜਾਬ-145001 |
| ਮਿਤੀ 25.07.2025 ਨੂੰ ਬਕਾਇਆ ਰੁ. 32,92,793.85/- (ਬੱਤੀ ਲੱਖ ਬਾਨਵੇਂ ਹਜ਼ਾਰ ਸੱਤ ਸੌ ਤਰਿਆਨਵੇਂ ਰੁਪਏ ਅਤੇ ਪਚਾਸੀ ਪੈਸੇ ਕੇਵਲ) |
| ਜਾਇਦਾਦ ਰਿਲਾਇੰਸ ਦੇ ਆਰ ਸੀ ਲਿਮਟਿਡ ਦੇ ਭੌਤਿਕ ਕਬਜ਼ੇ 'ਚ ਹੈ। |

| ਅਚੱਲ ਜਾਇਦਾਦ ਦਾ ਵੇਰਵਾ | ਰਾਖਵੀਂ ਕੀਮਤ ਰੁ. 'ਚ | ਈ ਐੱਮ ਡੀ ਰਕਮ ਰੁ. 'ਚ |
|---|---|---|
| ਵਪਾਰਕ ਜਾਇਦਾਦ ਰਕਬਾ 1.60 ਮਰਲੇ, ਰਾਮ ਸ਼ਰਨਮ ਕਾਲੋਨੀ, ਡਲਹੌਜ਼ੀ ਰੋਡ, ਪਿੰਡ ਭਦਰੋਇਆ, ਹਦਬਸਤ ਨੰ. 333, ਤਹਿਸੀਲ ਪਠਾਨਕੋਟ, ਖੇਵਟ ਨੰ. 55, ਖਤੌਨੀ ਨੰ. 130, ਖਸਰਾ ਨੰ. 9 ਆਰ/28/2/8 (3-3), 28/2/9 (38-12), 28/2/10 (8-5), ਸ੍ਰੀ ਸੁਸ਼ੀਲ ਕੁਮਾਰ ਪੁੱਤਰ ਸ੍ਰੀ ਬਛਨ ਦਾਸ ਦੀ ਮਲਕੀਅਤ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਉੱਤਰ : ਗਲੀ, ਦੱਖਣ : ਮਾਲਕ, ਪੂਰਬ : ਐੱਸ ਕੇ ਸੇਠੀ, ਪੱਛਮ : ਮੇਨ ਗਲੀ | ਰੁ. 16,00,000/- (ਸੋਲਾਂ ਲੱਖ ਰੁਪਏ ਕੇਵਲ) | ਰੁ. 1,60,000/- (ਇੱਕ ਲੱਖ ਸੱਠ ਹਜ਼ਾਰ ਰੁਪਏ ਕੇਵਲ) |

ਜਾਇਦਾਦ ਦੇ ਨਿਰੀਖਣ ਦੀ ਮਿਤੀ : 13.08.2025 , ਸਵੇਰੇ 11.00 ਵਜੇ ਤੋਂ ਦੁਪਹਿਰ 12.00 ਵਜੇ ਤੱਕ
ਬੋਲੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ : 19.08.2025
ਈ-ਨਿਲਾਮੀ ਦੀ ਮਿਤੀ : 20.08.2025 ਦੁਪਹਿਰ 12.00 ਵਜੇ ਤੋਂ 1.00 ਵਜੇ ਤੱਕ (ਹਰੇਕ 5 ਮਿੰਟ ਦੇ ਵਾਧੇ ਨਾਲ)

### ਈ-ਨਿਲਾਮੀ ਵਿਕਰੀ ਦੇ ਨਿਯਮ ਅਤੇ ਸ਼ਰਤਾਂ

1. ਜਾਇਦਾਦ ਰਾਖਵੀਂ ਕੀਮਤ ਤੋਂ ਹੇਠਾਂ ਨਹੀਂ ਵੇਚੀ ਜਾਵੇਗੀ ਅਤੇ ਵਿਕਰੀ ਰਿਲਾਇੰਸ ਐੱਸਟਸ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ (ਆਰ ਏ ਆਰ ਸੀ) ਸਕਿਉਰਡ ਕ੍ਰੈਡਿਟਰ ਦੀ ਪੁਸ਼ਟੀ ਅਧੀਨ ਹੈ। ਜਾਇਦਾਦ ਦੀ ਵਿਕਰੀ ''ਜਿਵੇਂ ਹੈ ਜਿੱਥੇ ਹੈ'', ''ਜੋ ਹੈ ਜਿਵੇਂ ਹੈ'' ਬਿਨਾਂ ਸਹਾਰੇ ਦੇ ਅਧਾਰ 'ਤੇ ਹੋਵੇਗੀ।
2. ਈ-ਨਿਲਾਮੀ ਆਰ ਏ ਆਰ ਸੀ ਦੀ ਪ੍ਰਵਾਨਿਤ ਸਰਵਿਸ ਪ੍ਰੋਵਾਈਡਰ ਮੈਸ : ਅਰਕਾ ਈਮਾਰਟ ਪ੍ਰਾਈਵੇਟ ਲਿਮਟਿਡ ਰਾਹੀਂ ਕਰਵਾਈ ਜਾਵੇਗੀ ਅਤੇ ਈ-ਨਿਲਾਮੀ ਦਸਤਾਵੇਜ਼, ਜਿਸ 'ਚ ਆਨਲਾਈਨ ਬੋਲੀ ਫਾਰਮ ਤੇ ਆਮ ਨਿਯਮ ਅਤੇ ਸ਼ਰਤਾਂ ਸ਼ਾਮਲ ਹਨ, ਵੈੱਬਸਾਈਟ www.rarcl.com and https://www.Auctionbazaar.com 'ਤੇ ਉਪਲੱਬਧ ਹਨ, ਚਾਹਵਾਨ ਬੋਲੀਕਾਰ ਢੁਕਵੇਂ ਦਸਤਾਵੇਜ਼ ਡਾਊਨਲੋਡ ਕਰ ਸਕਦੇ ਹਨ।
3. ਚਾਹਵਾਨ ਬੋਲੀਕਾਰ ਦੀ ਆਈ ਡੀ 'ਚ ਹਿੱਸਾ ਲੈਣ ਲਈ ਜਾਇਜ਼ ਈਮੇਲ ਹੋਣੀ ਚਾਹੀਦੀ ਹੈ ਅਤੇ ਈ-ਨਿਲਾਮੀ ਏਜੰਸੀ ਵੱਲੋਂ ਹਿੱਸੇਦਾਰੀ ਲਈ ਦਿੱਤੀ ਆਈ ਡੀ ਅਤੇ ਪਾਸਵਰਡ ਸਿਰਫ ਉਨ੍ਹਾਂ ਦੀ ਈ-ਮੇਲ ਆਈ ਡੀ 'ਤੇ ਭੇਜੀ ਜਾਵੇਗੀ।
4. ਬੋਲੀਕਾਰ ਨੂੰ ਇੰਡੀਅਨ ਬੈਂਕਰਪਟਸੀ ਕੋਡ, 2016 ਦੇ ਸੈਕਸ਼ਨ 29 ਏ ਤਹਿਤ ਲਾਜ਼ਮੀ ਤੌਰ 'ਤੇ ਵਚਨ ਦੇਣਾ ਪਵੇਗਾ।
5. ਚਾਹਵਾਨ ਬੋਲੀਕਾਰਾਂ ਨੂੰ ਆਪਣੀ ਬੋਲੀ ਨਿਰਧਾਰਤ ਫਾਰਮ 'ਚ ਈ ਐੱਮ ਡੀ ਜਮ੍ਹਾਂ ਕਰਵਾਉਣ ਦੇ ਵੇਰਵੇ ਅਤੇ ਖੁਦ ਤਸਦੀਕਸ਼ੁਦਾ ਦਸਤਾਵੇਜ਼ (ਪੈਨ, ਆਧਾਰ ਕਾਰਡ ਆਦਿ), ਪੇਸ਼ ਕਰਨਾ ਹੋਵੇਗਾ ਅਤੇ ਇਹ ਸਭ ਕੁਝ ਰਿਲਾਇੰਸ ਐੱਸਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ (ਆਰ ਏ ਆਰ ਸੀ) ਦੇ ਅਧਿਕਾਰਤ ਅਫਸਰ ਕੋਲ 11ਵੀਂ ਮੰਜ਼ਲ, ਨਾਰਥ ਸਾਈਡ, ਆਰ ਟੈੱਕ ਪਾਰਕ ਸਾਹਮਣੇ ਵੈਸਟਰਨ ਐੱਕਸਪ੍ਰੈੱਸ ਹਾਈਵੇ, ਗੋਰੇਗਾਉਂ (ਈਸਟ) ਮੁੰਬਈ-400063 ਕੋਲ ਜਮ੍ਹਾਂ ਕਰਵਾਉਣਾ ਪਵੇਗਾ ਅਤੇ himanshu.yadav@relianceada.com ਅਤੇ Narendra.r.shukla@relianceada.com 'ਤੇ ਈਮੇਲ ਕਰਨਾ ਹੋਵੇਗਾ ਅਤੇ ਇਸ ਤੋਂ ਬਾਅਦ ਸ਼ਾਮਲ ਹੋਣ ਲਈ ਆਈ ਡੀ ਅਤੇ ਪਾਸਵਰਡ ਸਿਰਫ ਉਨ੍ਹਾਂ ਦੀ ਈਮੇਲ 'ਤੇ ਭੇਜ ਦਿੱਤਾ ਜਾਵੇਗਾ। ਬੋਲੀ ਫਾਰਮ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ 19.08.2025 ਹੈ। ਕਿਸੇ ਵੀ ਤਰ੍ਹਾਂ ਕਿਸੇ ਕਾਰਨ ਬੋਲੀ ਫਾਰਮ ਅਤੇ ਈ ਐੱਮ ਡੀ ਦੇਰੀ ਨਾਲ ਪ੍ਰਾਪਤ ਹੋਣ 'ਤੇ ਵਿਚਾਰ ਨਹੀਂ ਕੀਤੀ ਜਾਵੇਗੀ। ਈ ਐੱਮ ਡੀ ਤੋਂ ਬਿਨਾਂ ਅਤੇ ਰਾਖਵੀਂ ਕੀਮਤ ਤੋਂ ਹੇਠਾਂ ਬੋਲੀ ਸਰਸਰੀ ਤੌਰ 'ਤੇ ਰੱਦ ਕਰ ਦਿੱਤੀ ਜਾਵੇਗੀ।
6. ਬੋਲੀਕਾਰ ਦੇ ਨੈੱਟਵਰਕ 'ਚ ਖਰਾਬੀ ਕਾਰਨ ਕਿਸੇ ਦੇਰੀ/ਨਾਕਾਮੀ ਲਈ ਨਾ ਤਾਂ ਆਰ ਏ ਆਰ ਸੀ ਅਤੇ ਨਾ ਹੀ ਸਰਵਿਸ ਪ੍ਰੋਵਾਈਡਰ ਜ਼ਿੰਮੇਵਾਰ ਹੋਵੇਗਾ। ਅਜਿਹੀਆਂ ਘਟਨਾਵਾਂ ਵਾਸਤੇ ਬੋਲੀਕਾਰਾਂ ਨੂੰ ਬਦਲਵੇਂ ਪਾਵਰ ਬੈਕਅਪਸ ਆਦਿ ਵਾਸਤੇ ਲੋੜੀਂਦੇ ਪ੍ਰਬੰਧ ਕਰਨ ਲਈ ਸਲਾਹ ਦਿੱਤੀ ਜਾਂਦੀ ਹੈ।
7. ਰਕਮ ਬਿਆਨਾ ਜਮ੍ਹਾਂ (ਈ ਐੱਮ ਡੀ) ਆਰ ਟੀ ਜੀ ਐੱਸ/ਐੱਨ ਈ ਐੱਫ ਟੀ ਫੰਡ ਟਰਾਂਸਫਰ ਰਾਹੀਂ ਚਾਲੂ ਖਾਤਾ ਨੰ. 040211010000004, ਬੈਂਕ ਦਾ ਨਾਂਅ ਯੂਨੀਅਨ ਬੈਂਕ ਆਫ ਇੰਡੀਆ, ਬ੍ਰਾਂਚ ਮੁੰਬਈ ਲਾਭਕਾਰੀ ਦਾ ਨਾਂਅ : ''ਰਿਲਾਇੰਸ ਐੱਸਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ'' ਆਈ ਐੱਫ ਐੱਸ ਸੀ ਕੋਡ ਯੂ ਬੀ ਆਈ ਐੱਨ 0590070 'ਚ ਜਮ੍ਹਾਂ ਕਰਵਾਉਣੀ ਪਵੇਗੀ। ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਈ ਐੱਮ ਡੀ ਵਾਸਤੇ ਚੈੱਕ/ਡਿਮਾਂਡ ਡਰਾਫਟ ਸਵੀਕਾਰ ਨਹੀਂ ਕੀਤੇ ਜਾਣਗੇ।
8. ਵਿਕਰੀ ਦੀ ਬਕਾਇਆ ਰਕਮ ਚਾਲੂ ਖਾਤਾ ਨੰ. 6675948895, ਬੈਂਕ ਦਾ ਨਾਂਅ : ਇੰਡੀਅਨ ਬੈਂਕ, ਬਰਾਂਚ : ਸ਼ਾਂਤਾ ਕਰੂਜ਼, ਮੁੰਬਈ, ਲਾਭਪਾਤਰੀ ਦਾ ਨਾਂਅ : ਆਰ ਏ ਆਰ ਸੀ 052 (ਆਈ ਬੀ ਰਿਟੇਲ) ਟਰੱਸਟ, ਆਈ ਐੱਫ ਐੱਸ ਸੀ ਕੋਡ, ਆਈ ਡੀ ਆਈ ਬੀ 000 ਐੱਸ 010'ਚ ਆਰ ਟੀ ਜੀ ਐੱਸ/ਐੱਨ ਈ ਐੱਫ ਟੀ ਰਾਹੀਂ ਜਮ੍ਹਾਂ ਕਰਵਾਈ ਜਾਵੇਗੀ।
9. ਰਾਖਵੀਂ ਕੀਮਤ ਤੋਂ ਹੇਠਾਂ ਅਤੇ/ਜਾਂ ਈ ਐੱਮ ਡੀ ਤੋਂ ਬਿਨਾਂ ਬੋਲੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ। ਬੋਲੀਕਾਰ ਰੁਪਏ 20,000/- (ਵੀਹ ਹਜ਼ਾਰ ਰੁਪਏ ਕੇਵਲ) ਦੇ ਗੁਣਾਂਕ 'ਚ ਬੋਲੀ ਰਕਮ 'ਚ ਸੋਧ ਕਰ ਸਕਦੇ ਹਨ। ਇਕੱਲੇ ਹੀ ਬੋਲੀਕਾਰ ਹੋਣ ਦੇ ਮਾਮਲੇ 'ਚ ਬੋਲੀਕਾਰ ਨੂੰ ਘੱਟੋ-ਘੱਟ ਇੱਕ ਵਾਰ ਬੋਲੀ 'ਚ ਸੋਧ ਕਰਵਾਉਣੀ ਜ਼ਰੂਰੀ ਹੋਵੇਗੀ।
10. ਸਫਲ ਬੋਲੀਕਾਰ ਨੂੰ ਬੋਲੀ ਰਕਮ /ਵਿਕਰੀ ਕੀਮਤ (ਪਹਿਲਾਂ ਅਦਾ ਕੀਤੀ ਬਿਆਨਾ ਰਕਮ ਸ਼ਾਮਲ) ਦਾ 25 ਫੀਸਦੀ ਸਫਲ ਬੋਲੀਕਾਰ ਦੇ ਐਲਾਨ ਤੋਂ ਤੁਰੰਤ ਬਾਅਦ ਜਮ੍ਹਾਂ ਕਰਵਾਉਣਾ ਪਵੇਗਾ। ਸਫਲ ਬੋਲੀਕਾਰ ਨੂੰ ਬੋਲੀ ਰਕਮ/ਵਿਕਰੀ ਕੀਮਤ ਦਾ ਬਾਕੀ 75 ਫੀਸਦੀ ਸਫਲ ਬੋਲੀਕਾਰ ਦੇ ਐਲਾਨ ਤੋਂ 15 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣਾ ਪਵੇਗਾ।
11. ਜੇਕਰ ਸਫਲ ਬੋਲੀਕਾਰ ਉਪਰੋਕਤ ਅਨੁਸਾਰ ਵਿਕਰੀ ਕੀਮਤ ਜਮ੍ਹਾਂ ਕਰਵਾਉਣ 'ਚ ਅਸਫਲ ਰਹੇਗਾ ਤਾਂ ਬਿਨਾਂ ਕਿਸੇ ਨੋਟਿਸ ਸਾਰੇ ਡਿਪਾਜ਼ਟਸ ਈ ਐੱਮ ਡੀ ਸਮੇਤ ਜ਼ਬਤ ਕਰ ਲਏ ਜਾਣਗੇ। ਬੇਸ਼ੱਕ ਬਕਾਇਆ 75 ਫੀਸਦੀ ਦੀ ਅਦਾਇਗੀ ਲਈ ਸਿਰਫ ਅਧਿਕਾਰਤ ਅਫਸਰ ਦੀ ਮਰਜ਼ੀ ਨਾਲ ਹੋਰ ਸਮਾਂ ਦਿੱਤਾ ਜਾ ਸਕਦਾ ਹੈ।
12. ਅਸਫਲ ਬੋਲੀਕਾਰਾਂ ਦੀ ਈ ਐੱਮ ਡੀ ਰਕਮ ਬਿਨਾਂ ਵਿਆਜ ਦੇ, ਈ ਨਿਲਾਮੀ ਵਿਕਰੀ ਅਮਲ ਬੰਦ ਹੋਣ ਤੋਂ ਬਾਅਦ ਵਾਪਸ ਕਰ ਦਿੱਤੀ ਜਾਵੇਗੀ।
13. ਅਧਿਕਾਰਤ ਅਫਸਰ ਵੱਲੋਂ ਦਿੱਤੇ ਗਏ ਵੇਰਵੇ ਉਸ ਦੀ ਜਾਣਕਾਰੀ, ਵਿਸ਼ਵਾਸ ਅਤੇ ਰਿਕਾਰਡਜ਼ ਦੇ ਅਨੁਸਾਰ ਹਨ। ਅਧਿਕਾਰਤ ਅਫਸਰ ਕਿਸੇ ਭੁੱਲ, ਗਲਤ ਬਿਆਨ ਜਾਂ ਗਲਤੀ ਲਈ ਜ਼ਿੰਮੇਵਾਰੀ ਨਹੀਂ ਹੋਵੇਗਾ।
14. ਨਿਮਨਹਸਤਾਖਰੀ ਅਧਿਕਾਰਤ ਅਫਸਰ ਨੂੰ ਕਿਸੇ ਬੋਲੀ ਨੂੰ ਬਿਨਾਂ ਅਗਾਊਂ ਨੋਟਿਸ ਜਾਂ ਬਿਨਾਂ ਕੋਈ ਕਾਰਨ ਦੱਸੇ ਸਵੀਕਾਰ ਜਾਂ ਰੱਦ ਕਰਨ ਜਾਂ ਰੋਕਣ/ਮੁਲਤਵੀ ਕਰਨ/ਵਿਕਰੀ ਰੱਦ ਕਰਨ ਜਾਂ ਵਿਕਰੀ ਦੀਆਂ ਸ਼ਰਤਾਂ ਅਤੇ ਨਿਯਮਾਂ 'ਚ ਸੋਧ ਕਰਨ ਲਈ ਮੁਕੰਮਲ ਅਧਿਕਾਰ ਅਤੇ ਹੱਕ ਪ੍ਰਾਪਤ ਹੈ।
15. ਬੋਲੀਕਾਰਾਂ ਨੂੰ ਬੋਲੀ ਜਮ੍ਹਾਂ ਕਰਵਾਏ ਜਾਣ ਤੋਂ ਪਹਿਲਾਂ ਜਾਇਦਾਦ 'ਤੇ ਚਾਰਜਿਜ਼/ਭਾਰ ਸੰਬੰਧੀ ਚੰਗੀ ਤਰ੍ਹਾਂ ਪੜਤਾਲ ਕਰ ਲੈਣੀ ਚਾਹੀਦੀ ਹੈ ਅਤੇ ਜਾਇਦਾਦ ਦੇ ਟਾਈਟਲ ਅਤੇ ਕੁਆਲਿਟੀ ਸੰਬੰਧੀ ਸੰਤੁਸ਼ਟ ਕਰ ਲੈਣਾ ਚਾਹੀਦਾ ਹੈ। ਆਨ ਲਾਈਨ ਬੋਲੀ ਜਮ੍ਹਾਂ ਕਰਵਾਏ ਜਾਣ ਤੋਂ ਬਾਅਦ ਜਾਇਦਾਦ 'ਤੇ ਚਾਰਜਿਜ/ਭਾਰ ਆਦਿ ਅਤੇ ਹੋਰ ਕੋਈ ਮਸਲਾ, ਦਾਅਵਾ ਆਦਿ ਵਿਚਾਰਿਆ ਨਹੀਂ ਜਾਵੇਗਾ।
16. ਜਾਇਦਾਦ ਦੀ ਵਿਕਰੀ 'ਤੇ ਸਟੈਂਪ ਡਿਊਟੀ/ਰਜਿਸਟਰੇਸ਼ਨ ਫੀਸ ਸਮੇਤ ਕੋਈ ਬਕਾਇਆ, ਟੈਕਸ, ਚਾਰਜਿਜ਼ ਵਿਧਾਨਕ ਜਾਂ ਹੋਰ ਸਿਰਫ ਖਰੀਦਦਾਰ ਨੂੰ ਹੀ ਸਹਿਣ ਕਰਨੇ ਪੈਣਗੇ।
17. ਹੋਰ ਵੇਰਵਿਆਂ ਲਈ ਕਿਰਪਾ ਕਰਕੇ ਰਿਲਾਇੰਸ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ ਦੇ ਉਪਰੋਕਤ ਦਰਸਾਏ ਪਤੇ 'ਤੇ ਸ੍ਰੀ ਹਿਮਾਂਸ਼ੂ ਯਾਦਵ ਲੀਗਲ ਮੋਬਾਇਲ ਨੰ. 9892049543 ਅਤੇ ਸ੍ਰੀ ਨਰਿੰਦਰ ਸ਼ੁਕਲਾ ਅਸਿਸਟੈਂਟ ਵਾਈਸ ਪ੍ਰੈਜ਼ੀਡੈਂਟ ਅਤੇ ਅਧਿਕਾਰਤ ਅਫਸਰ-ਰੈਜ਼ੋਲੂਸ਼ਨ, ਮੋਬਾਇਲ ਨੰ. 9321339065 ਨਾਲ ਸੰਪਰਕ ਕੀਤਾ ਜਾਵੇ।
18. ਵਿਕਰੀ ਸਰਟੀਫਿਕੇਟ, ਵਿਕਰੀ ਅਮਲ ਦੀ ਪ੍ਰਾਪਤੀ ਅਤੇ ਸਕਿਉਰਡ ਕ੍ਰੈਡਿਟਰ ਵੱਲੋਂ ਵਿਕਰੀ ਦੀ ਪੁਸ਼ਟੀ ਤੋਂ ਬਾਅਦ ਜਾਰੀ ਕੀਤਾ ਜਾਵੇਗਾ। ਵਿਕਰੀ ਸਰਟੀਫਿਕੇਟ ਸਫਲ ਬੋਲੀਕਾਰ ਦੇ ਨਾਂਅ 'ਤੇ ਜਾਰੀ ਕੀਤਾ ਜਾਵੇਗਾ। ਵਿਕਰੀ ਸਰਟੀਫਿਕੇਟ 'ਚ ਉਸ ਵਿਅਕਤੀ, ਜਿਸ ਨੇ ਈ-ਨਿਲਾਮੀ ਦੌਰਾਨ ਬੋਲੀ ਪੇਸ਼ ਕੀਤੀ/ਹਿੱਸਾ ਲਿਆ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਦਾ ਨਾਂਅ ਤਬਦੀਲ ਕਰਨ ਲਈ ਕੋਈ ਬੇਨਤੀ ਪ੍ਰਵਾਨ ਨਹੀਂ ਕੀਤੀ ਜਾਵੇਗੀ।

ਇਹ ਨੋਟਿਸ ਕਰਜ਼ਦਾਰ/ਗਰੰਟਰਾਂ/ਰਹਿਣਕਾਰ ਲਈ ਸਰਫੇਸੀ ਐਕਟ ਅਤੇ ਇਸ ਅਧੀਨ ਬਣੇ ਨਿਯਮਾਂ ਤਹਿਤ 15 ਦਿਨਾਂ ਦਾ ਵਿਧਾਨਕ ਨੋਟਿਸ ਵੀ ਹੈ।

ਸਥਾਨ : ਪਠਾਨਕੋਟ
ਮਿਤੀ : 01.08.2025
ਅਧਿਕਾਰਤ ਅਫਸਰ
ਵਾਸਤੇ ਰਿਲਾਇੰਸ ਐੱਸਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ


# ਕਲਾਸੀਫਾਈਡ ਇਸ਼ਤਿਹਾਰ


## Change of Name

I Daljinder Kaur Chhina W/O Kewal Singh R/o H. No. 52/25, Hargobind Avenue Palah Sahib Road, Amritsar 143105 Have changed my name from Daljinder Kaur Chhina to Daljinder Kaur. All concerned may please note

I Varinder Kaur W/o Kamaljit,R/o H.No-32, Royal Enclave, Gate No.1. Opposite DAV College, PO Grain market, Jalandhar have changed my name from Varinder Bhardwaj to Varinder Kaur.

I Kamaljit S/o Brhamanand,R/o H.No-32, Royal Enclave, Gate No.1. Opposite DAV College, PO Grain market, Jalandhar have changed my name from Kamaljit Bhardwaj to Kamaljit.

I Ansh Bharadwaj S/o Kamaljit,R/o H.No-32, Royal Enclave, Gate No.1. Opposite DAV College, PO Grain market, Jalandhar have changed my name from Ansh Bhardwaj to Ansh Bharadwaj.

I KULBIR S/o Darshan Singh R/o Vill. Haripur, District Jalandhar have changed my name KuLbir to KuLbir Singh.

I, Bhola Rani W/o Swinderpal Singh R/o Qilla Kavi Santokh Singh, Noordi, Tarn Taran have changed my name from Bhola Rani to Bholla Rani.

I Pooja Takk D/o Dilbag Singh, R/o Moh. Ram Garhia Goraya, Teh. Phillaur Jalandhar Punjab India, Have changed my name from Pooja Takk to Pooja Tak (Surname as Tak). All please note.

I, Kanika Alias Diya Kapoor W/o Nitin Kapoor R/o 437, Medical Enclave, Circular Road, Amritsar-143001 have changed my name from Kanika Alias Diya Kapoor to Diya Kapoor.

I, Inderjeet S/o Ram Brish R/o H.No.32, Gali No.09 Near Lamba Pind Chowk, Shaheed Udham Singh Nagar, Jalandhar have changed my name to Inderjeet Singh. All concerned please note.

I, Shivam Shengari S/o Munish Shingari R/o H.No. 86, GM Enclave, Pathankot Bye Pass, Opposite Shrimann Hospital, Jalandhar, Punjab-144001 have changed my name from Shivam Shengari to Shivam Shingari. All concerned please note.

I, Ramesh Arora S/o Ram Nath Arora R/o H.No. 22, Diamond Avenue, Urban Estate Phase-I, Garha, Jalandhar, Punjab-144022 have changed the name of my minor daughter Hafeej Arora aged 17 years and she shall hereafter be known as Sargam Arora.

I, Usha Rani W/o Ravinder Kumar Thukral R/o 918, Urban Estate, Phase-1, Garha, Jalandhar, Punjab-144022 have changed my name from Usha Rani to Usha Thukral. All concerned please note.

I, Harwinder Singh S/o Gurdev Singh R/o VPO Abdal, Amritsar, Punjab-143502 have changed my name from Harwinder Singh to Singh is my surname and Harwinder is my given name.

I Geeta W/o Gulzar Masih R/o VPO. Heran , PO. Bopa Rai Kalan Distt Jalandhar 144630 Punjab, India have changed my name from Geeta To Geeta Rani.

I Gulzar S/o Bhula Ram R/o VPO. Heran , PO. Bopa Rai Kalan Distt Jalandhar 144630 Punjab, India have changed my name from Gulzar To Gulzar Masih .

I, Pritpal Singh s/o Late. Darshan Singh r/o H.No. 353, J.P Nagar, Jalandhar, Punjab have changed my name from Pritpal Singh to Singh Pritpal (Surname as Singh) All Please Note.

I, Anjana Rani w/o Ashok Kumar r/o Plahi, Kapurthala, Punjab, 144403 have changed my name and shall hereafter be known as Anjana Devi. All Please Note.

## Change of Name

I, Jasjit Kaur w/o Pritpal Singh r/o H.No. 353, J.P Nagar, Jalandhar, Punjab have changed my name from Jasjit Kaur to Kaur Jasjit (Surname as Kaur) All Please Note.

I, Kapur Chand s/o Karam Chand r/o VPO. Duhre, Distt. Jalandhar (PB) have changed my name from Kapur Chand to Kapoor Chand. All Please Note.

I, Paramjit w/o Manjit Singh r/o H.No.34, Basti Peer Dad, Butti Enclave, Jalandhar have changed my name from Paramjit to Paramjit Kaur. All Please Note.

I, Kamal Jeet Bhandari alias Kamal Bhandari S/o Lal Chand Bhandari R/o H.No. 304-A, Bank Enclave Phase-1, Jalandhar have changed my name from Kamal Jeet Bhandari alias Kamal Bhandari to Kamal Bhandari. All concerned note.

I, Jasbir Kaur W/o Tek Singh R/o H.No.193A, Block-A, Harsukh Estate, P.O. Jandiala Guru, Amritsar, Punjab-143115 have changed my name to Tajinder Kaur. All Please Note.

I, Gurvinder Kaur W/o Onkar Singh R/o VPO. Khurdpur, Distt. Jalandhar, Punjab have changed my name from Gurvinder Kaur to Gurwinder Kaur. All Please Note.

I, Balwinder Lal S/o Dev Raj R/o H.No. 321, Jalowal Abadi, Jalandhar-144003, Punjab have changed my name from Balwinder Lal to Balwinder Kumar. All Please Note.

I, Mamta Sharma @ Mamta W/o Jagdeep Kurl and D/o Krishan Sharma R/o VPO. Mahil Gaila, Distt. Shaheed Bhagat Singh Nagar declare that Mamta & Mamta Sharma is one and the same person.

I Harish Kumar S/o Baldev Singh Sharma R/o H.No. 208, Greater Kailash, Near C.T. Public School, Maqsudan, Jalandhar, have changed my name to given name as Harish & surname as Kumar . All please note.

## PUBLIC NOTICE

I, Sunita Wife of Late Sh. Chaman Lal, Residence of 130C, Gali No. 4, Majitha Road, Gopal Nagar, Amritsar hereby declare that we disown and disinherit my son Abhinav Thakur from my all movable and immovable properties. I shall not be liable or responsible for their any acts and deeds. The persons dealing with them shall be doing so at their own risk and cost. Concerned take Note.

I Mahesh Sharma S/o Ram Chand Sharma, R/o Nurpur, Pathankot Bye Pass, Backside Gurudwara, Jalandhar declare that my son Sandeep alias Sunny and his wife Priti both out of my control. So I disown them from all my moveable and immovable property. Anybody deal with them at their own risk and responsibility. All concerned may note.

I, Pacho Kumar S/o Vigan Prajapati R/o H.No. 26, Tagore Avenue, Basti Danishmandan, Jalandhar City, Punjab declare that my son Ashish & his wife Muskan are out of my control. I disinherit them from my movable and immovable properties. I and my family shall not be held responsible for any of their acts deeds and things.

## ਨਾਂਅ ਦੀ ਬਦਲੀ

[illegible]

## ਆਮ ਸੂਚਨਾ

[illegible]

## ਬੇਦਖ਼ਲੀ ਨੋਟਿਸ

[illegible]

## ਬੇਦਖ਼ਲੀ ਨੋਟਿਸ

[illegible]


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

1 Aug Page 8.qxd 7/31/2025 10:31 PM Page 1



## ਵਿਦਿਆਰਥੀਆਂ ਨੇ ਸਕੂਲ ਗਰਾਊਂਡ ਤੇ ਕੈਂਪਸ 'ਚ 150 ਤੋਂ ਵੱਧ ਬੂਟੇ ਲਗਾਏ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**- ਸਥਾਨਕ ਸਰਕਾਰੀ ਸਕੂਲ ਸਹਸ ਨੌਣੇਵਾਲ ਵਿੱਚ ਵਾਤਾਵਰਣ ਸੰਰੱਖਣ ਵੱਲ ਇਕ ਮਹੱਤਵਪੂਰਨ ਕਦਮ ਚੁੱਕਦਿਆਂ ਸਕੂਲ ਦੇ ਵਿਦਿਆਰਥੀਆਂ ਨੇ ਸਕੂਲ ਦੀ ਗਰਾਊਂਡ ਦੇ ਚਾਰੇ ਪਾਸੇ ਅਤੇ ਸਕੂਲ ਕੈਂਪਸ ਵਿੱਚ 150 ਤੋਂ ਵੱਧ ਬੂਟੇ ਲਗਾਏ। ਇਸ ਪੌਦਾਰੋਪਣ ਮੁਹਿੰਮ ਹੇਠ ਅੰਬ, ਟਾਹਲੀ, ਇਮਲੀ, ਆਂਵਲਾ, ਗੁਲਾਬ ਆਦਿ ਦੇ ਪੌਦੇ ਲਗਾ ਕੇ ਸਕੂਲ ਨੂੰ ਹਰਾ-ਭਰਾ ਬਣਾਉਣ ਦਾ ਸੰਦੇਸ਼ ਦਿੱਤਾ ਗਿਆ। ਇਹ ਕਾਰਜਕ੍ਰਮ ਸਕੂਲ ਇੰਚਾਰਜ ਸ੍ਰੀਮਤੀ ਮੋਨਿਕਾ ਰਤਨ ਦੀ ਅਗਵਾਈ ਹੇਠ ਕੀਤਾ ਗਿਆ। ਸਕੂਲ ਦਾ ਸਮੂਹ ਸਟਾਫ਼— ਰਾਜ ਕੁਮਾਰ, ਮੀਨਾ ਕੁਮਾਰੀ, ਗੁਰਜੀਤ ਸਿੰਘ, ਕਮਲਦੀਪ ਮਠਾਰੂ, ਸਿਪੀ ਜੀਤ, ਨਿਧੀ ਧਵਨ, ਸੁਸ਼ਮਾ ਰਾਣੀ ਆਦਿ ਨੇ ਵੀ ਵਿਦਿਆਰਥੀਆਂ ਦਾ ਹੌਸਲਾ ਵਧਾਇਆ ਅਤੇ ਪੌਦੇ ਲਗਾਉਣ ਵਿੱਚ ਭਰਪੂਰ ਯੋਗਦਾਨ ਪਾਇਆ। ਇੰਚਾਰਜ ਮੋਨਿਕਾ ਰਤਨ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਪ੍ਰਯਾਸਾਂ ਨਾਲ ਨਾ ਸਿਰਫ਼ ਵਾਤਾਵਰਣ ਸੁਧਰੇਗਾ, ਸਗੋਂ ਬੱਚਿਆਂ ਵਿੱਚ ਕੁਦਰਤ ਨਾਲ ਪਿਆਰ ਅਤੇ ਜ਼ਿੰਮੇਵਾਰੀ ਦੀ ਭਾਵਨਾ ਵੀ ਉਤਪੰਨ ਹੋਵੇਗੀ। ਉਨ੍ਹਾਂ ਨੇ ਦੱਸਿਆ ਕਿ ਹਰੇ-ਭਰੇ ਪੌਦੇ ਅਸੀਂ ਸਿਰਫ਼ ਲਗਾ ਕੇ ਨਹੀਂ ਛੱਡਦੇ, ਸਗੋਂ ਉਨ੍ਹਾਂ ਦੀ ਸੇਵਾ ਤੇ ਰੱਖਿਆ ਵੀ ਵਿਦਿਆਰਥੀਆਂ ਦੀ ਡਿਊਟੀ ਵਜੋਂ ਲਗਾਈ ਜਾਂਦੀ ਹੈ। ਇਹ ਮੁਹਿੰਮ ਪਿੰਡ ਵਿੱਚ ਵਾਤਾਵਰਣ ਸੰਰੱਖਣ ਵੱਲ ਇੱਕ ਸਕਾਰਾਤਮਕ ਪੈਗਾਮ ਦੇ ਰਹੀ ਹੈ ਤੇ ਹੋਰ ਸਕੂਲਾਂ ਲਈ ਵੀ ਪ੍ਰੇਰਣਾਦਾਇਕ ਹੈ।

## ਗ਼ਦਰੀ ਬੀਬੀ ਗੁਲਾਬ ਕੌਰ ਨੂੰ ਸਮਰਪਿਤ ਤਰਕਸ਼ੀਲ ਪਰਵਾਰਕ ਮਿਲਣੀ

**ਬੰਗਾ (ਅਵਤਾਰ ਕਲੇਰ)**- ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਗੜ੍ਹਸ਼ੰਕਰ ਵਲੋਂ ਜ਼ੋਨ ਨਵਾਂਸ਼ਹਿਰ ਦੇ ਸਹਿਯੋਗ ਨਾਲ ਮਾ. ਜਗਦੀਸ਼ ਰਾਏਪੁਰ ਡੱਬਾ ਦੀ ਅਗਵਾਈ ਵਿੱਚ ਗ਼ਦਰੀ ਬੀਬੀ ਗੁਲਾਬ ਕੌਰ ਦੀ 100ਵੀਂ ਵਰ੍ਹੇਗੰਢ ਨੂੰ ਸਮਰਪਿਤ ਤਰਕਸ਼ੀਲ ਪਰਿਵਾਰਕ ਮਿਲਣੀ ਕਰਵਾਈ ਗਈ। ਯੂਨੀਵਰਸਲ ਪਬਲਿਕ ਸਕੂਲ ਕੁੱਲੇਵਾਲ ਵਿਖੇ ਹੋਈ ਇਸ ਪਰਿਵਾਰਕ ਮਿਲਣੀ ਨੂੰ ਸੰਬੋਧਨ ਕਰਦਿਆਂ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੱਭਿਆਚਾਰਕ ਵਿਭਾਗ ਦੇ ਮੁਖੀ ਸੁਰਿੰਦਰ ਕੁੱਲੇਵਾਲ ਨੇ ਗ਼ਦਰੀ ਬੀਬੀ ਗੁਲਾਬ ਕੌਰ ਦੇ ਜੀਵਨ ਸੰਘਰਸ਼ ਸੰਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਬਲਵਿੰਦਰ ਕੌਰ ਸਲੋਹ, ਕਮਲਜੀਤ ਕੌਰ ਕੁੱਲੇਵਾਲ ਅਤੇ ਤ੍ਰਿਪਤੀ ਬੇਗ ਨੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਘਰਾਂ ਵਿੱਚ ਖੁਸ਼ੀ ਗਮੀ ਦੇ ਮੌਕਿਆਂ ਤੇ ਰੂੜੀਵਾਦੀ ਰਸਮਾਂ ਰਿਵਾਜਾਂ ਨੂੰ ਤਿਲਾਂਜਲੀ ਦੇਣ ਦੀ ਲੋੜ ਹੈ। ਸੁਖਵਿੰਦਰ ਗੋਗਾ, ਮਾ.ਰਾਜ ਕੁਮਾਰ ਗੜ੍ਹਸ਼ੰਕਰ, ਸੱਤਪਾਲ ਸਲੋਹ, ਮਾ.ਜਗਦੀਸ਼ ਅਤੇ ਮੋਹਨ ਬੀਕਾ ਨੇ ਕਿਹਾ ਕਿ ਸਾਨੂੰ ਆਪਣੇ ਪਰਿਵਾਰਾਂ 'ਚ ਸਾਂਝ ਵਧਾ ਕੇ ਪਰਿਵਾਰਕ ਸਬੰਧ ਮਜ਼ਬੂਤ ਕਰਨ ਦੀ ਲੋੜ ਹੈ ਅਤੇ ਪਰਿਵਾਰਿਕ ਮੈਂਬਰਾਂ ਵਿੱਚ ਤਰਕਸ਼ੀਲ ਵਿਚਾਰਧਾਰਾ ਦਾ ਪ੍ਰਸਾਰ ਕਰਨਾ ਚਾਹੀਦਾ ਹੈ। ਮੈਡਮ ਬਲਵੀਰ ਕੌਰ ਗੜ੍ਹਸ਼ੰਕਰ, ਰਾਜਕੁਮਾਰੀ ਲੰਗੇਰੀ, ਮਾ.ਨਰੇਸ਼ ਗੜ੍ਹਸ਼ੰਕਰ, ਬਬੀਤਾ ਰਾਣੀ, ਨਿੰਦਰ ਮਾਈਦਿੱਤਾ, ਮਾ.ਗੁਰਬਖਸ਼ ਲਾਲ ਅਤੇ ਮਾ. ਹਰਦੀਪ ਕੁਮਾਰ ਨੇ ਕਿਹਾ ਕਿ ਪਰਿਵਾਰਕ ਮਿਲਣੀਆਂ ਨਾਲ ਪਰਿਵਾਰਾਂ ਦੀ ਸਾਂਝ ਪੱਕੀ ਹੁੰਦੀ ਹੈ ਅਤੇ ਸੁਸਾਇਟੀ ਦੇ ਕੰਮ ਢੰਗਾਂ ਬਾਰੇ ਜਾਣਕਾਰੀ ਮਿਲਦੀ ਹੈ।



ਗੁਰਨਾਮ ਹਾਜੀਪੁਰ, ਸੁਖਵਿੰਦਰ ਲੰਗੇਰੀ, ਹਰਜਿੰਦਰ ਸੂੰਨੀ, ਜਸਵੀਰ ਬੇਗਮਪੁਰੀ ਨੇ ਕਿਹਾ ਕਿ ਤਰਕਸ਼ੀਲ ਸਾਹਿਤ ਵੱਧ ਤੋਂ ਵੱਧ ਪੜ੍ਹਨਾ ਚਾਹੀਦਾ ਹੈ ਕਿਤਾਬਾਂ ਨਾਲ ਜੁੜੇ ਬਿਨਾਂ ਗਿਆਨ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਬਲਵਿੰਦਰ ਕੌਰ ਸਲੋਹ, ਕਮਲਜੀਤ ਕੌਰ ਕੁੱਲੇਵਾਲ, ਬੇਟੀ ਨਵਨੀਤ ਕੌਰ ਅਤੇ ਗੁਰਨਾਮ ਹਾਜੀਪੁਰ ਵਲੋਂ ਅਗਾਂਹਵਧੂ ਕਵਿਤਾਵਾਂ ਦੀ ਪੇਸ਼ਕਾਰੀ ਕੀਤੀ ਗਈ।ਇਸ ਮੌਕੇ ਬਲਜਿੰਦਰ ਸ਼ਹਿਬਾਜ਼ ਪੁਰ, ਕੁਲਵਿੰਦਰ ਖਟਕੜ, ਪਰਮਜੀਤ ਕੌਰ ਬੀਕਾ,ਨੀਲਮ ਬੇਗਮਪੁਰ, ਬਲਵੀਰ ਕੌਰ ਬਛੌੜੀ ਅਤੇ ਗੁਰਦੇਵ ਬਛੌੜੀ ਆਦਿ ਹਾਜ਼ਰ ਸਨ। ਸਟੇਜ ਸਕੱਤਰ ਦੀ ਭੂਮਿਕਾ ਮਾਸਟਰ ਜਗਦੀਸ਼ ਰਾਏਪੁਰ ਡੱਬਾ ਨੇ ਬਾਖੂਬੀ ਨਿਭਾਈ।

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਣ ਵਿਖੇ ਪੋਕਸੋ ਐਕਟ 'ਤੇ ਵਿਦਿਆਰਥੀਆਂ ਲਈ ਜਾਗਰੂਕਤਾ ਸੈਮੀਨਾਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬੋਹਣ ਵਿਖੇ ਵਿਦਿਆਰਥੀਆਂ ਨੂੰ ਪੋਕਸੋ ਐਕਟ (ਪ੍ਰੋਟੈਕਸ਼ਨ ਆਫ ਚਿਲਡਰਨ ਫਰੋਮ ਸੈਕਸੂਅਲ ਆਫੈਂਸਿਜ਼ ਐਕਟ) ਬਾਰੇ ਜਾਣੂ ਕਰਵਾਉਣ ਲਈ ਇੱਕ ਵਿਸ਼ੇਸ਼ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਪ੍ਰਿੰਸੀਪਲ ਮਲਕੀਤ ਕੌਰ ਦੀ ਦੇਖਰੇਖ ਹੇਠ ਆਯੋਜਿਤ ਇਸ ਸੈਮੀਨਾਰ ਵਿੱਚ ਮੁੱਖ ਵਕਤਾ ਵਜੋਂ ਐਡਵੋਕੇਟ ਦੀਪਕ ਸ਼ਰਮਾ ਨੇ ਵਿਦਿਆਰਥੀਆਂ ਨੂੰ ਐਕਟ ਦੀਆਂ ਮੁੱਖ ਧਾਰਾਵਾਂ, ਉਸਦੇ ਉਦੇਸ਼, ਲਾਗੂ ਕਰਨ ਦੀ ਪ੍ਰਕਿਰਿਆ ਅਤੇ ਬੱਚਿਆਂ ਨੂੰ ਮਿਲ ਰਹੇ ਕਾਨੂੰਨੀ ਅਧਿਕਾਰਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਐਡਵੋਕੇਟ ਦੀਪਕ ਸ਼ਰਮਾ ਨੇ ਬੱਚਿਆਂ ਨੂੰ ਇਹ ਵੀ ਸਮਝਾਇਆ ਕਿ ਜੇਕਰ ਉਹ ਕਿਸੇ ਵੀ ਤਰ੍ਹਾਂ ਦੀ ਅਣਚਾਹੀ ਜਾਂ ਗ਼ਲਤ ਘਟਨਾ ਦਾ ਸ਼ਿਕਾਰ ਹੁੰਦੇ ਹਨ, ਤਾਂ ਉਹ ਕਿਵੇਂ ਨਿਰਭੈ ਹੋਕੇ ਸਹੀ ਕਦਮ ਚੁੱਕ ਸਕਦੇ ਹਨ ਅਤੇ ਕਾਨੂੰਨ ਉਨ੍ਹਾਂ ਦੀ ਕਿਵੇਂ ਰੱਖਿਆ ਕਰਦਾ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਐਡਵੋਕੇਟ ਇਸ਼ਾਨ ਕੌਸ਼ਲ, ਐਡਵੋਕੇਟ ਮੁਨੀਸ਼ ਪਟਿਆਲ, ਐਡਵੋਕੇਟ ਮੁਨੀਸ਼ ਜੋਸ਼ੀ ਅਤੇ ਚਰਨਜੀਤ ਸੈਣੀ ਵੀ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ, ਜਿਨ੍ਹਾਂ ਨੇ ਵੀ ਵਿਦਿਆਰਥੀਆਂ ਨੂੰ ਕਾਨੂੰਨੀ ਦ੍ਰਿਸ਼ਟੀਕੋਣ ਤੋਂ ਜਾਗਰੂਕ ਹੋਣ ਅਤੇ ਸਮਾਜਕ ਤੌਰ 'ਤੇ



ਸੁਰੱਖਿਅਤ ਜੀਵਨ ਜੀਉਣ ਸੰਬੰਧੀ ਉਤਸ਼ਾਹਿਤ ਕੀਤਾ। ਸਕੂਲ ਦੇ ਅਧਿਆਪਕ ਵਰਗ ਵਿੱਚੋਂ ਗਾਈਡੈਂਸ ਕਾਊਂਸਲਰ ਲੈਕਚਰਾਰ ਗੁਰਪ੍ਰੀਤ ਕੌਰ, ਲੈਕਚਰਾਰ ਮੁਨੀਸ਼ ਮੌਦਗਿਲ, ਲੈਕਚਰਾਰ ਹਰਵਿੰਦਰ ਕੌਰ, ਲੈਕਚਰਾਰ ਕੁਲਵਿੰਦਰਾ ਦੇਵੀ, ਸਾਇੰਸ ਮਿਸਟ੍ਰੈਸ ਹਰਕਮਲ ਕੌਰ ਅਤੇ ਪੀ.ਟੀ.ਆਈ. ਅਮਰਜੀਤ ਰਾਏ ਵੀ ਇਸ ਸੈਮੀਨਾਰ ਵਿੱਚ ਸ਼ਾਮਿਲ ਹੋਏ ਅਤੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ।

## ਡੀ ਵਾਈ ਐਫ ਆਈ ਨੇ ਸ਼ਹੀਦ ਉਧਮ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸ਼ਹੀਦ ਉਧਮ ਸਿੰਘ ਦਾ ਸ਼ਹੀਦੀ ਦਿਨ ਖਿਡਾਰੀਆਂ ਨੇ ਡੀ ਵਾਈ ਐਫ ਆਈ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਸੁਸ਼ੀਲ ਕੁਮਾਰ ਦੀ ਅਗਵਾਈ ਹੇਠ ਪਿੰਡ ਦੀ ਗਰਾਊਂਡ ਵਿੱਚ ਮਨਾਇਆ।ਇਸ ਮੌਕੇ ਤੇ ਬੋਲਦਿਆਂ ਸਾਥੀ ਸੁਸ਼ੀਲ ਕੁਮਾਰ ਨੇ ਸ਼ਹੀਦ ਉਧਮ ਸਿੰਘ ਦੀ ਕੁਰਬਾਨੀ ਬਾਰੇ ਦੱਸਿਆ ਕਿ ਕਿਵੇਂ ਇਸ ਸੂਰਮੇ ਨੇ ਜਲਿਆਂਵਾਲਾ ਬਾਗ ਦੇ ਸਾਕੇ ਦਾ ਬਦਲਾ 21 ਸਾਲਾਂ ਬਾਅਦ ਲੰਡਨ ਦੇ ਕੈਕਸਟਨ ਹਾਲ ਵਿੱਚ ਜਨਰਲ ਓਡਵਾਇਰ ਨੂੰ ਲੋਕਾਂ ਨਾਲ ਭਰੇ ਹਾਲ ਵਿੱਚ ਮਾਰ ਕੇ ਲਿਆ। ਅੱਜ ਲੋੜ ਹੈ ਉਧਮ ਸਿੰਘ ਦੇ ਵਿਚਾਰਾਂ ਨੂੰ ਹਰ ਨੌਜਵਾਨ ਤੱਕ ਪਹੁੰਚਾਉਣ ਦੀ।ਇਸ ਮੌਕੇ ਤੇ ਰਿਸ਼ੀ ਕੁਮਾਰ, ਭੁਪਿੰਦਰ ਸਿੰਘ, ਨਰਿੰਦਰ ਸਿੰਘ ਧਰਮਿੰਦਰ ਸਿੰਘ ਸਮੇਤ ਹੋਰ ਕਈ ਸਾਥੀ ਹਾਜ਼ਰ ਸਨ।ਡੀ ਵਾਈ ਐਫ ਆਈ ਸਾਰੇ ਦੇਸ਼ ਅੰਦਰ ਸ਼ਹੀਦ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਪ੍ਰੋਗਰਾਮ ਆਯੋਜਿਤ ਕਰ ਰਹੀ ਹੈ।

## ਜਲ ਸਪਲਾਈ ਸੈਨੀਟੇਸ਼ਨ ਵਿਭਾਗ ਦੇ ਰੈਗੂਲਰ ਕਰਮਚਾਰੀ ਅਤੇ ਇਨਲਿਸਟਮੈਂਟ ਵਾਲੇ ਕਾਮਿਆਂ ਨੂੰ ਇਨਸਾਫ ਦਿੱਤਾ ਜਾਵੇ : ਕੌਂਡਲ

**ਕਾਲਾ ਸੰਘਿਆਂ (ਮਨਜੀਤ ਮਾਨ)**— ਪੀ ਡਬਲਯੂ ਡੀ ਫੀਲਡ ਐਂਡ ਵਰਕਸ਼ਾਪ ਵਰਕਰ ਯੂਨੀਅਨ ਪੰਜਾਬ ਦੇ ਸੂਬਾ ਆਗੂ ਸੰਜੀਵ ਕੌਂਡਲ ਨੇ ਦੱਸਿਆ ਕਿ ਪੰਜਾਬ ਵਿੱਚ ਬਹੁਤ ਸਾਰੇ ਸਰਕਾਰੀ ਮਹਿਕਮੇ ਹਨ ਅਤੇ ਸਾਰੇ ਰੈਗੂਲਰ ਮੁਲਾਜ਼ਮਾਂ 'ਤੇ ਪੰਜਾਬ ਸਿਵਿਲ ਸਰਵਿਸਜ਼ ਰੂਲ ਲਾਗੂ ਹੁੰਦਾ ਹੈ ਪਰ ਪੰਜਾਬ ਵਿਚ ਇਕ ਮਹਿਕਮਾਂ ਇਸ ਤਰ੍ਹਾਂ ਦਾ ਵੀ ਹੈ ਕਿ ਜਿਸ ਵਿੱਚ ਮਹਿਕਮੇ ਦੇ ਫੀਲਡ ਕਾਮਿਆਂ ਨਾਲ ਬਹੁਤ ਜ਼ਿਆਦਾ ਧੱਕਾ ਹੁੰਦਾ ਆ ਰਿਹਾ ਹੈ। ਇਸ ਮਹਿਕਮੇ ਦਾ ਨਾਂਅ ਜਲ ਸਪਲਾਈ ਸੈਨੀਟੇਸ਼ਨ ਵਿਭਾਗ ਹੈ । ਇਸ ਮਹਿਕਮੇ ਨੂੰ ਵਰਲਡ ਬੈਂਕ ਵੱਲੋਂ ਵੀ ਬਹੁਤ ਸਹਾਇਤਾ ਮਿਲਦੀ ਆ ਰਹੀ ਹੈ ਅਤੇ ਕੇਂਦਰ ਸਰਕਾਰ ਦੇ ਸਵੱਛ ਭਾਰਤ ਮਿਸ਼ਨ ਵਿੱਚ ਜਲ ਸਪਲਾਈ ਸੈਨੀਟੇਸ਼ਨ ਵਿਭਾਗ ਮੁਹਿੰਮ ਦਾ ਬ੍ਰਾਂਡ ਅੰਬੈਸਡਰ ਵੀ ਸੀ। ਜਿਸ ਤਹਿਤ ਸਾਰੇ ਭਾਰਤ ਵਿੱਚ ਅਤੇ ਸਾਰੇ ਪੰਜਾਬ ਵਿੱਚ ਘਰੋ ਘਰੀ ਪਖਾਨਾ ਬਣਾਉਣ ਦਾ ਕੰਮ ਵੀ ਇਸ ਮਹਿਕਮੇ ਹੀ ਕੋਲ ਸੀ ਅਤੇ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਅੱਜ ਵੀ ਪੰਜਾਬ ਵਿੱਚ ਘੱਟੋ ਘੱਟ 50% ਜਲ ਘਰਾਂ ਵਿੱਚ ਪਖਾਨਿਆਂ ਦਾ ਪ੍ਰਬੰਧ ਨਹੀਂ ਹੈ ਅਤੇ ਮੁਲਾਜ਼ਮਾਂ ਨੂੰ ਪਖਾਨੇ ਲਈ ਬਾਹਰ ਜਾਣਾ ਪੈਂਦਾ ਹੈ। ਹੁਣ ਜਲ ਸਪਲਾਈ ਸੈਨੀਟੇਸ਼ਨ ਵਿਭਾਗ ਦੇ ਮੁਲਾਜ਼ਮਾਂ ਦੀ ਗੱਲ ਕੀਤੀ ਜਾਵੇ ਤਾਂ ਇਹ ਰੈਗੂਲਰ ਮੁਲਾਜ਼ਮ 24-24 ਘੰਟੇ ਡਿਊਟੀ ਕਰਦੇ ਹਨ ਅਤੇ ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ਇਨ੍ਹਾਂ ਮੁਲਾਜ਼ਮਾਂ ਨੂੰ ਕੋਈ ਵੀ



ਹਫਤਾਵਾਰੀ ਛੁੱਟੀ ਤੇ ਕੋਈ ਵੀ ਤਿਉਹਾਰੀ ਛੁੱਟੀ ਨਹੀਂ ਦਿੱਤੀ ਜਾਂਦੀ, ਕਿਉਂਕਿ 1998 ਤੋਂ ਬਾਅਦ ਇਸ ਮਹਿਕਮੇ ਵਿਚ ਕੋਈ ਵੀ ਰੈਗੂਲਰ ਭਰਤੀ ਨਹੀਂ ਕੀਤੀ ਗਈ ਅਤੇ ਜਿਸ ਕਾਰਨ ਰੈਗੂਲਰ ਸਟਾਫ ਦੇ ਲਗਾਤਾਰ ਰਿਟਾਇਰ ਹੋਣ ਕਾਰਨ ਅੱਜ ਮਹਿਕਮੇ ਕੋਲ ਸਟਾਫ ਨਹੀਂ ਹੈ। ਪੰਜਾਬ ਸਰਕਾਰ ਲੇਬਰ ਐਕਟ ਅਨੁਸਾਰ ਕਿਸੇ ਵੀ ਮੁਲਾਜ਼ਮ ਨੂੰ ਛੁੱਟੀ ਨਾ ਦੇਣਾ ਜੁਰਮ ਹੈ ਅਤੇ ਜੇਕਰ ਛੁੱਟੀ ਨਹੀਂ ਦੇ ਸਕਦੇ ਤਾਂ ਛੁੱਟੀ ਦੇ ਬਦਲੇ ਉਨ੍ਹਾਂ ਛੁੱਟੀਆਂ ਦੇ ਪੈਸੇ ਮਿਲਣੇ ਚਾਹੀਦੇ ਹੈ ਪਰ ਮਹਿਕਮਾਂ ਦੋਨੋਂ ਵਿੱਚੋਂ ਕੁਝ ਵੀ ਨਹੀਂ ਕਰ ਰਿਹਾ, ਜਿਸ ਕਾਰਨ ਇਨ੍ਹਾਂ ਰੈਗੂਲਰ ਮੁਲਾਜ਼ਮਾਂ ਦਾ ਸ਼ੋਸ਼ਣ ਹੋ ਰਿਹਾ ਹੈ। ਦੂਸਰੀ ਗੱਲ ਇਨਾਂ ਸਾਰੇ ਰੈਗੂਲਰ ਦਰਜਾ ਤਿੰਨ ਤੇ ਚਾਰ ਮੁਲਾਜ਼ਮਾਂ ਨੂੰ ਸਾਰੀ ਜ਼ਿੰਦਗੀ ਦੀ ਨੌਕਰੀ ਦੌਰਾਨ ਕੋਈ ਵੀ ਤਰੱਕੀ ਨਹੀਂ ਦਿੱਤੀ ਜਾਂਦੀ। ਇਹ ਮੁਲਾਜ਼ਮ ਜਿਸ ਪੋਸਟ 'ਤੇ ਭਰਤੀ ਹੁੰਦੇ ਹਨ ਉਸ ਪੋਸਟ 'ਤੇ ਹੀ ਰਿਟਾਇਰ ਹੋ ਜਾਂਦੇ ਹਨ। ਇਨ੍ਹਾਂ ਮੁਲਾਜ਼ਮਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ।

## ਊਧਮ ਸਿੰਘ ਦੇ ਸ਼ਹੀਦੀ ਦਿਹਾੜੇ 'ਤੇ ਬਸਪਾ ਵੱਲੋਂ ਸ਼ਰਧਾਂਜਲੀਆਂ



**ਬੰਗਾ, ਫਗਵਾੜਾ (ਅਵਤਾਰ ਕਲੇਰ, ਜਸਵਿੰਦਰ ਢੱਡਾ)** ਬਹੁਜਨ ਸਮਾਜ ਦਾ ਗੌਰਵ ਕੌਮੀ ਸ਼ਹੀਦ ਊਧਮ ਸਿੰਘ ਦੀ 85ਵੀਂ ਬਰਸੀ 'ਤੇ ਪਿੰਡ ਕਟਾਰੀਆਂ ਵਿਖੇ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ ਦੀ ਅਗਵਾਈ ਵਿੱਚ ਸਟੈਚੂ ਤੇ ਬਹੁਜਨ ਸਮਾਜ ਪਾਰਟੀ ਦੀ ਲੀਡਰਸ਼ਿਪ ਤੇ ਇਲਾਕਾ ਨਿਵਾਸੀਆਂ ਵਲੋਂ ਸ਼ਰਧਾ ਦੇ ਫੁੱਲ ਭੇਂਟ ਕੀਤੇ। ਪ੍ਰਵੀਨ ਬੰਗਾ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਬਸਪਾ ਪੰਜਾਬ ਦੇ ਕੋਆਰਡੀਨੇਟਰ ਗੁਰਨਾਮ ਚੌਧਰੀ ਬੰਗਾ ਹਲਕੇ ਦੇ ਪ੍ਰਧਾਨ ਮਾਸਟਰ ਸਤਪਾਲ ਰਟੈਂਡਾ, ਅਜੀਤ ਰਾਮ ਗੁਣਾਚੌਰ ਮਹਿੰਦਰ ਪਾਲ ਪਟਵਾਰੀ, ਕੁਲਦੀਪ ਬਹਿਰਾਮ ਪੁੱਜੇ। ਗੁਰਨਾਮ ਸਿੰਘ ਤੇ ਪ੍ਰਵੀਨ ਬੰਗਾ ਨੇ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਦੇ ਹੋਏ ਆਖਿਆ ਕਿ ਸ਼ਹੀਦ ਊਧਮ ਸਿੰਘ ਨੇ ਜ਼ਲ੍ਹਿਆਂਵਾਲੇ ਬਾਗ ਦੇ ਨਿਹੱਥੇ ਪੰਜਾਬੀਆਂ ਦੇ ਖੂਨੀ ਸਾਕੇ ਦਾ ਬਦਲਾ 20 ਸਾਲ ਬਾਅਦ ਲੰਡਨ ਵਿੱਚ ਜਨਰਲ ਡਾਇਰ ਨੂੰ ਮਾਰ ਕੇ ਲਿਆ। ਉਨ੍ਹਾਂ ਨੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਹਸਦਿਆਂ ਫਾਂਸੀ ਦਾ ਰੱਸਾ ਚੁੰਮਿਆ। ਪਰ ਦੇਸ਼ ਦੀ ਅਜਾਦੀ ਤੋਂ 78 ਸਾਲ ਬਾਅਦ ਵੀ ਸਮੇਂ ਦੀਆਂ ਸਰਕਾਰਾਂ ਨੇ ਸ਼ਹੀਦਾਂ ਨੂੰ ਬਣਦਾ ਨਾ ਸਨਮਾਨ ਦਿੱਤਾ ਤੇ ਨਾ ਹੀ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕੀਤਾ। ਬਸਪਾ ਵਲੋਂ ਸ਼ੁਰੂ ਕੀਤੀ ਪੰਜਾਬ ਸੰਭਾਲੋ ਮੁਹਿੰਮ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ ਤਾਂ ਜੋ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕੀਤਾ ਜਾ ਸਕੇ। ਇਸ ਮੌਕੇ ਸਤਪਾਲ ਰਟੈਂਡਾ, ਇੰਦਰਜੀਤ ਅਟਾਰੀ,ਧਰਮਪਾਲ ਤਲਵੰਡੀ ਪਰਕਾਸ਼ ਫਰਾਲਾ, ਮਲਕੀਤ ਮੰਢਾਲੀ, ਪਰਮਜੀਤ ਮਹਿਸਮਪੁਰ, ਪਰਮਜੀਤ ਸਿੰਘ ਦੋਸਾਂਝ, ਜਗਤਾਰ ਸਿੰਘ ਚੱਕਰਾਮੂ,ਤੀਰਥ ਕਲਸੀ, ਅਵਤਾਰ ਲਾਦੀਆਂ, ਪਰਵਿੰਦਰ ਕਲਸੀ ਪਰੇਮ ਕਲਸੀ ਤੋਂ ਇਲਾਵਾ ਇਲਾਕੇ ਤੇ ਪਿੰਡ ਵਾਸੀ ਹਾਜ਼ਰ ਸਨ।

## ਐਡਮਿਟ ਕਾਰਡ ਕੀਤੇ ਲਾਈਵ

**ਐੱਸ .ਏ.ਐੱਸ ਨਗਰ (ਗੁਰਜੀਤ ਬਿੱਲਾ)** ਦਸਵੀਂ ਅਤੇ ਬਾਰ੍ਹਵੀਂ ਅਨੁਪੂਰਕ ਪ੍ਰੀਖਿਆ ਅਗਸਤ, 2025 ਸਮੇਤ ਓਪਨ ਸਕੂਲ ਅਤੇ ਵਾਧੂ ਵਿਸ਼ੇ ਦੀ ਪ੍ਰੀਖਿਆ ਜੋ ਕਿ ਮਿਤੀ 08-08-2025 ਤੋਂ ਸ਼ੁਰੂ ਹੋ ਰਹੀ ਹੈ,ਸਬੰਧੀ ਪ੍ਰੀਖਿਆਰਥੀਆਂ ਦੇ ਐਡਮਿਟ ਕਾਰਡ ਮਿਤੀ 30-07-2025 ਨੂੰ ਬੋਰਡ ਦੀ ਵੈਬਸਾਈਟ www.pseb.ac.in 'ਤੇ ਲਾਈਵ ਕਰ ਦਿੱਤੇ ਗਏ ਹਨ। ਸਬੰਧਤ ਪ੍ਰੀਖਿਆਰਥੀ ਬੋਰਡ ਦੀ ਵੈਬਸਾਈਟ ਤੋਂ ਆਪਣਾ ਐਡਮਿਟ ਕਾਰਡ ਡਾਊਨਲੋਡ ਕਰ ਸਕਦੇ ਹਨ।

## ਪੰਜਾਬ ਭਰ 'ਚ ਸਫਲ ਟਰੈਕਟਰ ਮਾਰਚ ਲਈ ਕਿਸਾਨ, ਮਜ਼ਦੂਰ ਤੇ ਲੋਕ ਵਧਾਈ ਦੇ ਪਾਤਰ : ਰਾਣਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਇੱਥੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸਾਥੀ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਪਾਈ ਲਾਲੋ ਲੋਕ ਮੰਚ ਪੰਜਾਬ ਨੇ ਸਮੁੱਚੇ ਪੰਜਾਬੀਆਂ ਨੂੰ 30 ਜੁਲਾਈ ਪਿੰਡ ਮਹਾਲੋ ਤੋ ਚੰਡੀਗੜ੍ਹ ਰੋਡ ਨਵਾਂਸ਼ਹਿਰ ਦੇ



ਟਰੈਕਟਰ ਮਾਰਚ ਅਤੇ ਰੋਸ ਨੂੰ ਸਫਲ ਬਣਾਉਣ ਲਈ ਦਿਖਾਈ ਗਈ ਦ੍ਰਿੜਤਾ ਲਈ ਵਧਾਈ ਦਿੱਤੀ। ਉਹਨਾਂ ਕਿਹਾ ਕਿ ਪੰਜਾਬ ਦੇ ਕਿਸਾਨ, ਮਜ਼ਦੂਰ ਅਤੇ ਹੋਰ ਲੋਕ ਕਿਸੇ ਹਾਲਤ ਵਿੱਚ ਵੀ ਪਿੰਡਾਂ ਦੇ ਉਜਾੜੇ ਦੀ ਆਗਿਆ ਨਹੀਂ ਦੇਣਗੇ। ਉਹਨਾਂ ਕਿਹਾ ਕਿ ਪਿੰਡ ਖੇਤ ਰੋਜ਼ਗਾਰ ਸੱਭਿਆਚਾਰ ਅਤੇ ਆਪਣੀਆਂ ਰਵਾਇਤਾਂ ਦੀ ਖੁਦ ਰਾਖੀ ਕਰਨਗੇ। ਸਾਥੀ ਰਾਣਾ ਨੇ ਆਸ ਪ੍ਰਗਟ ਕੀਤੀ ਕਿ ਲੈਂਡ ਪੂਲਿੰਗ ਸਕੀਮ ਹਰ ਹਾਲਤ ਵਿਚ ਰੱਦ ਹੋਵੇਗੀ। ਇਸ ਮੌਕੇ ਉਹਨਾਂ ਨਾਲ ਸਾਥੀ ਬਲਦੇਵ ਸਿੰਘ ਬੱਲੀ, ਹਰਪਾਲ ਸਿੰਘ ਮੱਕੋਵਾਲ, ਹਰਦੇਵ ਸਿੰਘ ਰਾਣਾ, ਕਰਨੈਲ ਸਿੰਘ ਭੱਲਾ ਆਦਿ ਹਾਜ਼ਰ ਸਨ।

## ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ



**ਸੁਲਤਾਨਪੁਰ ਲੋਧੀ (ਹਨੀ)**- ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਵਿਚ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਨੂੰ ਸਮਰਪਤ ਸਮਾਗਮ ਦਾ ਆਯੋਜਨ ਕੀਤਾ ਗਿਆ । ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਨ ਨਾਲ ਕੀਤੀ ਗਈ, ਉਪਰੰਤ ਵਿਦਿਆਰਥੀਆਂ ਨੇ ਭਾਸ਼ਣ, ਕਵਿਤਾਵਾਂ ਅਤੇ ਦੇਸ਼ ਭਗਤੀ ਦੇ ਗੀਤਾਂ ਰਾਹੀਂ ਮਹਾਨ ਯੋਧੇ ਦੇ ਜੀਵਨ ਬਾਰੇ ਚਾਨਣਾ ਪਾਇਆ ਗਿਆ ਅਤੇ ਉਨ੍ਹਾਂ ਦੀ ਦੇਸ਼ ਲਈ ਦਿੱਤੀ ਕੁਰਬਾਨੀ ਨੂੰ ਯਾਦ ਕਰਦਿਆਂ, ਉਨ੍ਹਾਂ ਦੀ ਲਾਸਾਨੀ ਸ਼ਹਾਦਤ ਨੂੰ ਪ੍ਰਣਾਮ ਕੀਤਾ ਗਿਆ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ ਅਤੇ ਸਕੂਲ ਪ੍ਰਸ਼ਾਸ਼ਕ ਇੰਜੀਨੀਅਰ ਨਿਮਰਤਾ ਕੌਰ ਨੇ ਮਹਾਨ ਯੋਧੇ ਦੀ ਲਾਸਾਨੀ ਸ਼ਹਾਦਤ ਨੂੰ ਪ੍ਰਣਾਮ ਕੀਤਾ ਅਤੇ ਵਿਦਿਆਰਥੀਆਂ ਨੂੰ ਸ਼ਹੀਦ ਊਧਮ ਸਿੰਘ ਦੇ ਜੀਵਨ ਤੋਂ ਪ੍ਰੇਰਨਾ ਲੈਣ ਲਈ ਪ੍ਰੇਰਿਤ ਕੀਤਾ ।

## ਪ੍ਰਬੁੱਧ ਭਾਰਤ ਤੇ ਵਿਦਿਆਰਥੀ ਜੀਵਨ ਵਿਸ਼ੇ 'ਤੇ ਚਰਚਾ



**ਬੰਗਾ (ਅਵਤਾਰ ਕਲੇਰ)** ਡਾ. ਬੀ ਆਰ ਅੰਬੇਡਕਰ ਚੇਤਨਾ ਸੋਸਾਇਟੀ ਬੰਗਾ ਦੀ ਇੱਕ ਜ਼ਰੂਰੀ ਮੀਟਿੰਗ ਡਾ. ਅੰਬੇਡਕਰ ਮਿਸ਼ਨ ਕਲੱਬ ਮਜਾਰਾ ਰਾਜਾ ਸਾਹਿਬ ਦੇ ਸਹਿਯੋਗ ਨਾਲ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਡਾ. ਵੇਦ ਪ੍ਰਕਾਸ਼ ਵੱਲੋਂ ਕੀਤੀ ਗਈ। ਜਿਸ ਵਿੱਚ ਬਾਬਾ ਸਾਹਿਬ ਦੇ ਜੀਵਨ ਨੂੰ ਸਮਰਪਿਤ 24 ਅਗਸਤ ਨੂੰ ਕਰਵਾਏ ਜਾ ਰਹੇ ਭਾਰਤ ਪੱਧਰੀ ਟੈਸਟ ਦੀ ਕਿਤਾਬ ਰਿਲੀਜ਼ ਕੀਤੀ ਗਈ ਅਤੇ ਹਾਜ਼ਰ ਲੋਕਾਂ ਨੂੰ ਇਸ ਵਿੱਚ ਜ਼ਿਆਦਾ ਤੋਂ ਜ਼ਿਆਦਾ ਭਾਗ ਲੈਣ ਲਈ ਪ੍ਰੇਰਿਤ ਕੀਤਾ ਗਿਆ। ਡਾ. ਵੇਦ ਪ੍ਰਕਾਸ਼, ਡਾ. ਕਸ਼ਮੀਰ ਚੰਦ, ਮੈਨੇਜਰ ਸੁਰਿੰਦਰ ਮੋਹਨ ਨੇ ਸਾਂਝੇ ਤੌਰ 'ਤੇ ਦੱਸਿਆ ਕਿ 24 ਸਤੰਬਰ ਨੂੰ ਕਰਵਾਏ ਜਾ ਰਹੇ ਭਾਰਤ ਪੱਧਰੀ ਟੈਸਟ ਲਈ ਵੱਖ ਵੱਖ ਪਿੰਡਾਂ, ਹਲਕਿਆਂ ਦੇ ਵਿੱਚ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਇਸ ਟੈਸਟ ਵਿੱਚ ਵੱਧ ਤੋਂ ਵੱਧ ਪ੍ਰੀਖਿਆਰਥੀਆਂ ਨੂੰ ਸ਼ਾਮਿਲ ਕਰਵਾਇਆ ਜਾ ਸਕੇ। ਉਹਨਾਂ ਦੱਸਿਆ ਕਿ ਇਸ ਵਿੱਚ ਦੋ ਗੁੱਟ ਬਣਾਏ ਗਏ ਹਨ। ਪਹਿਲਾ ਗੁੱਟ ਪਹਿਲੀ ਤੋਂ ਬਾਹਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਅਤੇ ਦੂਸਰਾ ਗੁੱਟ ਬਾਹਰਵੀਂ ਤੋਂ ਉੱਪਰ 40 ਸਾਲ ਤੱਕ ਦੇ ਵਿਅਕਤੀਆਂ ਦਾ ਬਣਾਇਆ ਗਿਆ ਹੈ। ਜਿਸ ਲਈ ਇਨਾਮੀ ਰਾਸ਼ੀ ਪਹਿਲਾ ਇਨਾਮ 50,000, ਦੂਸਰਾ ਇਨਾਮ 20000 ਤੇ ਤੀਸਰਾ ਇਨਾਮ 10000 ਰੁਪਏ ਹੋਵੇਗਾ ਅਤੇ ਮੈਰਿਟ ਵਿੱਚ ਆਉਣ ਵਾਲੇ ਪਹਿਲੇ 250 ਵਿਦਿਆਰਥੀਆਂ ਨੂੰ ਹਜ਼ਾਰ ਹਜ਼ਾਰ ਰੁਪਏ ਉਤਸ਼ਾਹਿਤ ਹੌਸਲਾ ਅਫ਼ਜਾਈ ਕੀਤੀ ਜਾਵੇਗੀ। ਲੈਕ। ਬਲਿਹਾਰ ਚੰਦ ਨੇ ਪ੍ਰਬੁੱਧ ਭਾਰਤ ਅਤੇ ਵਿਦਿਆਰਥੀ ਜੀਵਨ ਵਿਸ਼ੇ 'ਤੇ ਚਰਚਾ ਕਰਦੇ ਹੋਏ ਕਿਹਾ ਕਿ ਅੱਜ ਦੇ ਵਿਦਿਆਰਥੀਆਂ ਨੂੰ ਬਾਬਾ ਸਾਹਿਬ ਦੀ ਸੋਚ ਨੂੰ ਅਪਣਾਉਣਾ ਹੋਏਗਾ ਅਤੇ ਨਵੇਂ ਭਾਰਤ ਦਾ ਆਗਾਜ਼ ਕਰਨਾ ਹੋਏਗਾ। ਇਸ ਮੌਕੇ ਡਾ. ਵੇਦ ਪ੍ਰਕਾਸ਼ ਪ੍ਰਧਾਨ, ਡਾ ਕਸ਼ਮੀਰ ਚੰਦ ਮੁੱਖ ਪ੍ਰਬੰਧਕ, ਮੈਨੇਜਰ ਸੁਰਿੰਦਰ ਮੋਹਨ, ਲੈਕ. ਬਲਿਹਾਰ ਚੰਦ, ਹਰਜਿੰਦਰ ਸਿੰਘ, ਰਾਮ ਲਾਲ ਗੁਣਾਂਚੌਰ, ਕਰਨੈਲ ਸਿੰਘ, ਗੁਰਮੇਲ ਸਿੰਘ, ਅਰਸ਼ਦੀਪ ਸਿੰਘ, ਹਰਜਿੰਦਰ ਸਿੰਘ, ਕੁਲਬੀਰ ਸਿੰਘ, ਬਲਦੇਵ ਸਿੰਘ, ਅਮਨਦੀਪ ਸਿੰਘ, ਅਸ਼ਵਿੰਦਰ ਬਸਰਾ, ਹਰਮਨ ਕੁਮਾਰ, ਹਰਮੀਤ ਸਿੰਘ, ਮੋਹਨ ਲਾਲ, ਇਕਬਾਲ ਸਿੰਘ ਆਦਿ ਹਾਜ਼ਰ ਸਨ।

## ਕਲਾ ਸਿੱਖਿਆ ਵਿਦਿਆਰਥੀਆਂ ਦੀ ਸੋਚ, ਸਵੈ-ਅਭਿਵਿਕਤੀ ਤੇ ਆਤਮ-ਵਿਸ਼ਵਾਸ ਨੂੰ ਕਰਦੀ ਹੈ ਮਜ਼ਬੂਤ : ਲਲਿਤਾ ਅਰੋੜਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਸੰਸਥਾ (SCERT) ਅਤੇ ਸਲੈਮ ਆਊਟ ਲਾਊਡ ਐਨ.ਜੀ.ਓ. ਦੇ ਸਾਂਝੇ ਉਪਰਾਲੇ ਪ੍ਰੋਜੈਕਟ ਆਵਾਜ਼ ਤਹਿਤ ਜਿਲ੍ਹੇ ਦੇ ਆਰਟ ਐਂਡ ਕਰਾਫਟ ਅਧਿਆਪਕਾਂ ਲਈ ਇੱਕ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਰੇਲਵੇ ਮੰਡੀ ਹੁਸ਼ਿਆਰਪੁਰ ਵਿੱਚ ਕੀਤਾ ਗਿਆ। ਸੈਮੀਨਾਰ ਦੌਰਾਨ ਜਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਸ੍ਰੀਮਤੀ ਲਲਿਤਾ ਅਰੋੜਾ ਵੱਲੋਂ ਅਚਨਚੇਤ ਨਿਰੀਖਣ ਕੀਤਾ ਗਿਆ। ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ, ਕਲਾ ਸਿੱਖਿਆ ਨਾ ਸਿਰਫ਼ ਵਿਦਿਆਰਥੀਆਂ ਦੀ ਰੁਚੀ ਨੂੰ ਉਭਾਰਦੀ ਹੈ, ਸਗੋਂ ਉਹਨਾਂ ਦੀ ਸੋਚਣ-ਸਮਝਣ ਦੀ ਯੋਗਤਾ, ਸਵੈ-ਅਭਿਵਿਕਤੀ ਅਤੇ ਆਤਮ ਵਿਸ਼ਵਾਸ ਨੂੰ ਵੀ ਮਜ਼ਬੂਤ ਕਰਦੀ ਹੈ। ਇਹ ਵਿਸ਼ਾ ਵਿਦਿਆਰਥੀਆਂ ਨੂੰ ਸਟ੍ਰੈਸ-ਫ੍ਰੀ ਰੱਖਣ ਅਤੇ ਰਚਨਾਤਮਕਤਾ ਵਧਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਉਹਨਾਂ ਇਹ ਵੀ ਕਿਹਾ ਕਿ ਕਲਾ ਦੇ ਅਧਿਆਪਕ ਸਕੂਲੀ ਸਿੱਖਿਆ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਹਨਾਂ ਦੀ ਭੂਮਿਕਾ ਬੇਮਿਸਾਲ ਹੈ।ਉਹਨਾਂ ਕਿਹਾ ਕੇ ਕਲਾ ਦੇ ਵਿਸ਼ੇ ਵਿੱਚ ਮਾਹਿਰ ਵਿਦਿਆਰਥੀ ਬਾਕੀ ਵਿਸ਼ੇ ਵੀ ਸੁਖਾਲੇ ਹੀ ਹੱਲ ਕੱਰ ਲੈਂਦਾ ਹੈ।ਇਸ ਮੌਕੇ ਉਨ੍ਹਾਂ ਦੇ ਨਾਲ ਰਾਜਨ ਅਰੋੜਾ (ਪ੍ਰਿੰਸੀਪਲ), ਰਜਨੀਸ਼ ਕੁਮਾਰ ਗੁਲਿਆਨੀ (ਜ਼ਿਲ੍ਹਾ ਕੋਆਰਡੀਨੇਟਰ) ਅਤੇ ਰਾਕੇਸ਼ ਫੁੱਲ (ਕੈਰੀਅਰ ਗਾਈਡੈਂਸ ਕੋਆਰਡੀਨੇਟਰ) ਹਾਜ਼ਰ ਸਨ।ਸੈਮੀਨਾਰ ਵਿੱਚ ਜ਼ਿਲ੍ਹੇ ਦੇ 74 ਆਰਟ ਐਂਡ ਕਰਾਫਟ ਅਧਿਆਪਕਾਂ ਨੇ ਤਿੰਨ ਬੈਚਾਂ ਵਿੱਚ ਭਾਗ ਲਿਆ। ਸੈਸ਼ਨਾਂ ਵਿੱਚ ਕਲਾ ਵਿਧੀਆਂ, ਵਿਦਿਆਰਥੀ ਕੇਂਦਰਤ ਅਭਿਨਵ ਤਰੀਕੇ ਅਤੇ ਰਚਨਾਤਮਕ ਪ੍ਰਦਰਸ਼ਨਾਂ 'ਤੇ ਜ਼ੋਰ ਦਿੱਤਾ ਗਿਆ।ਇਸ ਦੌਰਾਨ ਅਧਿਆਪਕਾਂ ਵਲੋਂ ਇੱਕ ਕਲਾ ਪ੍ਰਦਰਸ਼ਨੀ ਵੀ ਲਗਾਈ ਗਈ। ਆਰਟ ਮੈਂਨਟਰਾਂ ਜਤਿੰਦਰ ਸੈਣੀ, ਟਹਿਲ ਸਿੰਘ ਅਤੇ ਯੋਗੇਸ਼ਵਰ ਸਲਾਰੀਆ ਵੱਲੋਂ ਵਿਜ਼ੂਅਲ ਆਰਟਸ ਦੇ ਨਵੇਂ ਢੰਗ ਸਿਖਾਏ ਗਏ ਅਤੇ ਅਧਿਆਪਕਾਂ ਨਾਲ ਰਚਨਾਤਮਕ ਗਤੀਵਿਧੀਆਂ ਕਰਵਾਈਆਂ। ਜਤਿੰਦਰ ਸੈਣੀ ਵੱਲੋਂ ਸ੍ਰੀਮਤੀ ਲਲਿਤਾ ਅਰੋੜਾ ਨੂੰ ਆਪਣੀ ਬਣਾਈ ਵਾਟਰ ਕਲਰ ਪੇਂਟਿਗ ਵੀ ਭੇਟ ਕੀਤੀ ਗਈ। ਸਾਬਕਾ ਡਿਪਟੀ ਡੀ.ਈ.ਓ. ਅਤੇ ਉੱਘੇ ਚਿੱਤਰਕਾਰ ਦਰਸ਼ਨ ਸਿੰਘ ਨੇ ਵੀ ਸੈਮੀਨਾਰ ਵਿੱਚ ਸ਼ਿਰਕਤ ਕਰਦਿਆਂ ਕਲਾ ਅਤੇ ਸਾਹਿਤ ਸਬੰਧੀ ਨਵੀਂ ਤਕਨੀਕਾਂ 'ਤੇ ਆਪਣਾ ਵਿਸ਼ਲੇਸ਼ਣ ਸਾਂਝਾ ਕੀਤਾ।ਇਹ ਸੈਮੀਨਾਰ ਜ਼ਿਲ੍ਹੇ ਵਿੱਚ ਕਲਾ ਸਿੱਖਿਆ ਨੂੰ ਨਵੀਂ ਦਿਸ਼ਾ ਅਤੇ ਨਵੀਂ ਉਚਾਈਆਂ ਵੱਲ ਲੈ ਜਾਣ ਵਾਲਾ ਇੱਕ ਪ੍ਰਮੁੱਖ ਪਗ ਸਾਬਤ ਹੋਇਆ।



## ਜੇ ਐਸ ਐਫ ਐਚ ਖਾਲਸਾ ਸੀ. ਸੈ. ਸਕੂਲ ਵਿਖੇ ਤੀਜ ਦਾ ਤਿਉਹਾਰ ਮਨਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** - ਜੇ ਐਸ ਐਫ ਐਚ ਖਾਲਸਾ ਸੀ. ਸੈ. ਸਕੂਲ ਵਿਖੇ ਤੀਜ ਦਾ ਤਿਉਹਾਰ ਮਨਾਇਆ ਗਿਆ। ਜਿਸ ਵਿੱਚ ਵਿਦਿਆਰਥਣਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ।ਸਾਰੀਆਂ ਵਿਦਿਆਰਥਣਾਂ ਪੰਜਾਬੀ ਪਹਿਰਾਵੇ ਵਿੱਚ ਮਨਮੋਹਕ ਲੱਗ ਰਹੀਆਂ ਸਨ। ਵਿਦਿਆਰਥਣਾਂ ਨੇ ਬਹੁਤ ਜੋਸ਼ ਅਤੇ ਊਰਜਾ ਨਾਲ ਪੇਸ਼ਕਾਰੀ ਕੀਤੀ, ਪ੍ਰਦਰਸ਼ਨ ਕੀਤਾ।ਤੀਜ ਸ਼ਬਦ



ਤ੍ਰਿਤੀਆਂ ( ਭਾਵ ਚੰਦਰ ਮਾਸ ਦਾ ਤੀਜਾ ਦਿਨ) ਤੋਂ ਉਤਪੰਨ ਹੋਇਆ ਹੈ ।ਮੌਨਸੂਨ ਦੇ ਆਗਮਨ ਦਾ ਪ੍ਰਤੀਕ ਹੈ । ਵਿਦਿਆਰਥਣਾਂ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲੈਂਦੀਆਂ ਹਨ । ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਦਲਜੀਤ ਸਿੰਘ ਬੋਲਾ ਨੇ ਵਿਦਿਆਰਥਣਾਂ ਨੂੰ ਤੀਜ ਦੇ ਮਹੱਤਵ ਤੋਂ ਜਾਣੂੰ ਕਰਵਾਇਆ ਤੇ ਪ੍ਰੋਤਸਾਹਿਤ ਕੀਤਾ। ਇਸ ਜਸ਼ਨ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਆਪਣੀਆਂ ਸੱਭਿਆਚਾਰਕ ਜੜ੍ਹਾਂ ਨਾਲ ਜੁੜਨ, ਭਾਈਚਾਰਕ ਭਾਵਨਾ ਨੂੰ ਉਤਸ਼ਾਹਿਤ ਕਰਨ ਅਤੇ ਪੰਜਾਬ ਦੀਆਂ ਜੀਵੰਤ ਪਰੰਪਰਾਵਾਂ ਨੂੰ ਪ੍ਰਦਰਸ਼ਿਤ ਕਰਨਾ ਹੈ। ਵਿਦਿਆਰਥੀਆਂ ਲਈ ਇਨਾਮ ਵੰਡ ਸਮਾਰੋਹ ਵੀ ਕੀਤਾ ਗਿਆ। ਇਸ ਮੌਕੇ ਪ੍ਰੇਮ ਸਿੰਘ, ਸ੍ਰੀ ਮਨਜੀਤ ਸਿੰਘ, ਇੰਦਰਜੀਤ ਮਾਹੀ, ਰੋਹਿਤ ਚੌਹਾਨ, ਬਲਜਿੰਦਰ ਸਿੰਘ, ਸ੍ਰੀਮਤੀ ਗੁਰਦੀਪ ਕੌਰ ਭੁੱਲਰ, ਸ੍ਰੀਮਤੀ ਬਲਵੀਰ ਕੌਰ, ਸ੍ਰੀਮਤੀ ਪੂਜਾ ਸ਼ਰਮਾ, ਸ਼੍ਰੀਮਤੀ ਪੂਜਾ ਰਾਣੀ, ਮਿਸ ਕੰਚਨ ਸੋਨੀ, ਸ੍ਰੀਮਤੀ ਸੰਦੀਪ ਕੌਰ ਸ਼ਾਮਲ ਸਨ।

## ਸਕੂਲ ਦੀ ਮੈਨੇਜਮੈਂਟ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਹੋਈ

**ਬਿਲਗਾ (ਵਿਜੇ ਕੁਮਾਰ)**- ਨਗਰ ਬਿਲਗਾ ਦੇ ਨਜ਼ਦੀਕੀ ਪਿੰਡ ਖੋਖੇਵਾਲ ਦੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਦੀ ਮੈਨੇਜਮੈਂਟ ਕਮੇਟੀ ਦੀ ਚੋਣ ਸਰਪੰਚ ਅਮਰਜੀਤ ਜਨਾਗਲ ਅਤੇ ਪੰਚਾਇਤ ਮੈਂਬਰਾਨ ਬਿਸ਼ਨ ਰਾਮ, ਬੰਟੀ, ਸੁਨੀਤਾ ਅਤੇ ਬਲਜੀਤ ਕੌਰ ਅਤੇ ਸਕੂਲ ਦੇ ਵਿਦਿਆਰਥੀਆਂ ਦੇ ਮਾਤਾ-ਪਿਤਾ ਅਤੇ ਪਿੰਡ ਦੇ ਪਤਵੰਤੇ ਸੱਜਣਾਂ ਦੀ ਹਾਜ਼ਰੀ ਵਿੱਚ ਸਰਬ ਸੰਮਤੀ ਨਾਲ ਕੀਤੀ ਗਈ, ਜਿਸ ਵਿੱਚ ਚੇਅਰ ਪਰਸਨ ਬਲਿਹਾਰ ਚੰਦ,ਵਾਈਸ ਚੇਅਰਮੈਨ



ਪਰਸਨ ਬਲਵਿੰਦਰ ਕੌਰ , ਮੈਂਬਰ ਸੰਦੀਪ ਕੌਰ ,ਕਿਰਨ ਕੌਰ , ਸਰਬਜੀਤ, ਬਿਮਲਾ ਦੇਵੀ, ਕਮਲੇਸ਼ ਰਾਣੀ, ਸੂਰਜ ਭਾਨ,ਮਨੋਜ ਕੁਮਾਰ, ਜੁਗੇਰਨ ਤਾਪਨੋ, ਨਰਿੰਦਰ ਕੌਰ, ਸੋਨੂੰ,ਮਨੀਸ਼ਾ,ਸੁਨੀਤਾ, ਰਾਜਨ ਜਨਾਗਲ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਖੋਖੇਵਾਲ ਦੀ ਇੰਚਾਰਜ ਸੁਖਵਿੰਦਰ ਕੌਰ ਸਮੇਤ ਕੁੱਲ 16 ਮੈਂਬਰਾਂ ਦੀ ਕਮੇਟੀ ਸਕੂਲ ਮੈਨੇਜਮੈਂਟ ਲਈ ਸਰਬ ਸੰਮਤੀ ਨਾਲ ਚੁਣੀ ਗਈ ਹੈ। ਇਸ ਮੌਕੇ ਚੇਅਰਪਰਸਨ ਬਲਿਹਾਰ ਚੰਦ ਨੇ ਕਿਹਾ ਚੁਣੀ ਗਈ ਕਮੇਟੀ ਵਿੱਚ 4 ਮਰਦ ਅਤੇ 12ਔਰਤ ਮੈਂਬਰਾਂ ਨੂੰ ਚੁਣਿਆ ਗਿਆ ਹੈ। ਉਨ੍ਹਾਂ ਕਿਹਾ ਕਿ ਔਰਤਾਂ ਨੂੰ ਮਰਦਾਂ ਦੇ ਨਾਲੋਂ ਵੱਧ ਅਧਿਕਾਰ ਦਿੱਤੇ ਜਾਣੇ ਚਾਹੀਦੇ ਹਨ ਕਿਉਂਕਿ ਬੱਚਿਆਂ ਦੇ ਪਾਲਣ ਪੋਸ਼ਣ ਵਿਚ ਔਰਤਾਂ ਦਾ ਯੋਗਦਾਨ ਵੱਧ ਹੁੰਦਾ ਹੈ।

## ਨੇਹਾ ਦੁੱਗਲ ਇਨਰਵੀਲ੍ਹ ਕਲੱਬ ਦੇ ਪ੍ਰਧਾਨ ਬਣੇ




**ਗੁਰਾਇਆ (ਬਿੰਦਰ ਸੁੰਮਨ)**- ਇਨਰਵੀਲ ਕਲੱਬ ਗੁਰਾਇਆ ਦੇ ਸਾਲ 2025- 26 ਲਈ ਨਵੀਂ ਪ੍ਰਧਾਨ ਦੀ ਵੀ ਚੋਣ ਕੀਤੀ ਗਈ, ਜਿਸ ਦੌਰਾਨ ਪ੍ਰਧਾਨਗੀ ਦਾ ਤਾਜ ਨੇਹਾ ਦੁੱਗਲ ਦੇ ਸਿਰ ਤੇ ਸਜਿਆ ਹੈ । ਨੇਹਾ ਦੁੱਗਲ ਨੂੰ ਮਨਮੋਹਨ ਕੌਰ ਸੂਰੀ ਇਨਰਵੀਲ ਐਸੋਸੀਏਸ਼ਨ ਕੌਂਸਲ ਮੈਂਬਰ ਵੱਲੋਂ ਕਾਲਰ ਲਗਾ ਕੇ ਪ੍ਰਧਾਨਗੀ ਸੌਂਪੀ ਗਈ। ਉਹਨਾਂ ਦੀ ਨਵੀਂ ਟੀਮ ਦਾ ਵੀ ਗਠਨ ਕੀਤਾ ਗਿਆ, ਜਿਸ ਵਿੱਚ ਉਨ੍ਹਾਂ ਨਾਲ ਰਜਿੰਦਰ ਕੁਮਾਰੀ ਨੂੰ ਵਾਇਸ ਪ੍ਰਧਾਨ, ਹੇਮਾ ਕਾਲੀਆਂ ਨੂੰ ਸਕੱਤਰ, ਕਿਰਨ ਸ਼ੁਕਲਾ ਨੂੰ ਖਜ਼ਾਨਚੀ, ਆਈ.ਐੱਸ.ਓ ਰਜਿੰਦਰ ਕੌਰ, ਐਡੀਟਰ ਜੋਤੀ ਅੰਬਾ ਨੂੰ ਵੀ ਪਿਨ ਲਗਾਏ ਗਏ। ਇਸ ਮੌਕੇ ਗੁਰਾਇਆ ਦੇ ਕੌਂਸਲਰ ਪ੍ਰੋਫੈਸਰ ਰਿਸ਼ੂ ਨੂੰ ਵੀ ਇਨਰਵੀਲ ਕਲੱਬ ਗੁਰਾਇਆ ਦਾ ਮੈਂਬਰ ਬਣਾਇਆ ਗਿਆ। ਕਲੱਬ ਮੈਂਬਰਾਂ ਵੱਲੋਂ ਤੀਆਂ ਦਾ ਤਿਉਹਾਰ ਵੀ ਮਨਾਇਆ ਗਿਆ ਜਿਸ ਵਿੱਚ ਕਲੱਬ ਮੈਂਬਰਾਂ ਨੇ ਗਿੱਧਾ ਅਤੇ ਬੋਲੀਆਂ ਪਾ ਕੇ ਇਸ ਤਿਉਹਾਰ ਨੂੰ ਮਨਾਇਆ।

## ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਦਾਨੀ ਸੱਜਣ ਵੱਲੋਂ ਮੋਟਰ ਸਾਈਕਲ ਭੇਟ

**ਐੱਸ.ਏ.ਐੱਸ. ਨਗਰ (ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਵਿੱਚ ਸਥਿੱਤ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਕਾਰ ਸੇਵਾ ਲਈ ਦਾਨੀ ਸੱਜਣ ਵੱਲੋਂ ਬਜ਼ਾਜ਼ ਪਲੇਟੀਨਾ ਮੋਟਰ ਸਾਈਕਲ ਭੇਂਟ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਦਾਨੀ ਸੱਜਣ ਇਸ ਬਜ਼ਾਜ਼ ਪਲੇਟੀਨਾ ਮੋਟਰ ਸਾਈਕਲ ਗੁਰਦੁਆਰਾ ਸਾਹਿਬ ਜੀ ਵਿਖੇ ਨਿਸ਼ਾਨ ਸਾਹਿਬ ਜੀ ਦੇ ਬਿਲਕੁੱਲ ਨੇੜੇ ਖੜ੍ਹਾ ਕਰਕੇ ਪ੍ਰਬੰਧਕ ਕਮੇਟੀ ਨੂੰ ਚਾਬੀਆਂ ਸੌਂਪ ਕੇ ਚਲਾ ਗਿਆ। ਉਨ੍ਹਾਂ ਦੱਸਿਆ ਕਿ ਇਸ ਮੋਟਰ ਸਾਈਕਲ ਦੇ ਸਾਰੇ ਕਾਗਜ਼ਾਤ, ਬੀਮਾ ਆਦਿ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਦੇ ਨਾਮ ਤੇ ਹੈ । ਕਾਗਜ਼ਾਂ ਦੇ ਮੁਤਾਬਿਕ ਮੋਟਰ ਸਾਈਕਲ ਦੀ ਕੀਮਤ 92,500 ਰੁਪਏ ਹੈ। ਦਾਨੀ ਸੱਜਣ ਵੱਲੋਂ ਮੋਟਰ ਸਾਈਕਲ ਤੇ ਲੱਗਣ ਵਾਲਾ ਸਾਰਾ ਸਮਾਨ ਵੀ ਲਗਵਾ ਕੇ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪ੍ਰਬੰਧਕ ਕਮੇਟੀ ਅਤੇ ਸੇਵਾਦਾਰਾਂ ਵੱਲੋਂ ਇਕੱਠੇ ਹੋ ਕੇ ਕੜਾਹ ਪ੍ਰਸ਼ਾਦਿ ਦੀ ਦੇਗ ਸਜਾ ਕੇ ਅਰਦਾਸੀਆ ਸਿੰਘ ਤੋਂ ਦਾਨੀ ਸੱਜਣ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਵਾ ਦਿੱਤੀ ਗਈ ਹੈ ।



ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਇਸ ਮੌਕੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਗੁਪਤ ਅਤੇ ਪ੍ਰਤੱਖ ਦਾਨੀ ਸੱਜਣਾਂ ਵੱਲੋਂ ਸਮੇਂ ਸਮੇਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਸਵਾਰਾ ਸਾਹਿਬ ਲਈ 3 ਏਅਰ ਕੰਡੀਸ਼ਨਡ ਬੱਸ, ਕਵਾਲਿਸ, ਸਕਾਰਪਿਓ, ਮਹਿੰਦਰਾ ਮਰਾਜੋ, 3 ਮਾਰੂਤੀ ਈਕੋ, ਮਾਰੂਤੀ ਵਰਸਾ ਗੱਡੀਆਂ ਭੇਂਟ ਕੀਤੀਆਂ ਗਈਆਂ ਹਨ। ਕਾਰ ਸੇਵਾ ਵਾਸਤੇ ਗੱਡੀਆਂ ਟਾਟਾ 207, ਟਾਟਾ 709, 2 ਮਹਿੰਦਰਾ ਅਰਜਨ ਟਰੈਕਟਰ, 3 ਸਵਰਾਜ ਟਰੈਕਟਰ, 1 ਫੋਰਡ ਟਰੈਕਟਰ, 1 ਜੋਨ ਡੀਅਰ 5210, ਮਹਿੰਦਰਾ ਪਿੱਕ ਅੱਪ, ਮਹਿੰਦਰਾ ਯੂਟੀਲੀਟੀ, ਮਹਿੰਦਰਾ ਕੈਂਪਰ, ਮਹਿੰਦਰ ਮਿਨੀ ਟਰੱਕ 3200, ਮੈਕਸ ਪਿਕਅੱਪ, ਟਾਟਾ ਐੱਲ ਪੀ. ਟਰੱਕ, ਅਸ਼ੋਕਾ ਲੈ ਲੈਂਡ ਟਰੱਕ ਅਤੇ ਬੇਅੰਤ ਮਾਇਆ, ਸੋਨਾ ਆਦਿ ਭੇਂਟ ਕੀਤਾ ਜਾ ਚੁੱਕਾ ਹੈ ।

## ਊਧਮ ਸਿੰਘ ਦੇ ਸ਼ਹੀਦੀ ਦਿਨ ਨੂੰ ਸਮਰਪਿਤ ਸਮਾਗਮ ਭੂੰਗਾ ਵਿਖੇ ਕਰਵਾਇਆ

**ਅੱਡਾਂ ਸਰਾਂ (ਜਸਵੀਰ ਕਾਜਲ)** ਪੰਜਾਬ ਦੇ ਅਣਖੀਲੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਨ ਤੇ ਸ਼ਹੀਦ ਭਗਤ ਸਿੰਘ ਕ੍ਰਾਤੀਕਾਰੀ ਸੁਸਾਇਟੀ ਦੋਆਬਾ ਵੱਲੋ ਭੂੰਗਾ ਵਿਖੇ ਸ਼ਰਧਾਜਲੀ ਸਮਾਰੋਹ ਕਰਵਾਇਆ ਗਿਆ। ਜਿਸ ਵਿੱਚ ਵੱਖ ਵੱਖ ਐਫ.ਪੀ.ਓ. ਅਤੇ ਸੁਸਾਇਟੀ ਅਹੁਦੇਦਾਰਾਂ ਨੇ ਭਾਗ ਲਿਆ।




ਰਵਿੰਦਰ ਸਿੰਘ ਕਾਹਲੋਂ ਪ੍ਰਧਾਨ ਸ਼ਹੀਦ ਭਗਤ ਸਿੰਘ ਕ੍ਰਾਂਤੀਕਾਰੀ ਸੁਸਾਇਟੀ ਨੇ ਕਿਹਾ ਕਿ ਸਾਨੂੰ ਸ਼ਹੀਦ ਊਧਮ ਸਿੰਘ ਦੇ ਅਣਖੀਲੇ ਜੀਵਨ ਤੋਂ ਪ੍ਰੇਰਨਾ ਲੈ ਕੇ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ ਅਤੇ ਬਰਾਬਰਤਾ ਵਾਲੇ ਸਮਾਜ ਦੀ ਸਿਰਜਣਾ ਲਈ ਅੱਗੇ ਆਉਣਾ ਚਾਹੀਦਾ ਹੈ ਇਹੀ ਸਾਡੇ ਸ਼ਹੀਦਾ ਲਈ ਸੱਚੀ ਸ਼ਰਧਾਂਜਲੀ ਹੋਵੇਗੀ। ਪੱਪੀ ਬਹਿਲ ਬੋਰਡ ਆਫ ਡਾਇਰੈਕਟਰ ਸ਼ਿਵਾਲਿਕ ਐਫ.ਪੀ.ਓ. ਨੇ ਕਿਹਾ ਕਿ ਮਹਿੰਗੇ ਮੁੱਲ ਦੀ ਅਜ਼ਾਦੀ ਨੂੰ ਬਚਾਉਣ ਲਈ ਨੌਜ਼ਵਾਨਾਂ ਨੂੰ ਨਸ਼ਿਆਂ ਅਤੇ ਸਮਾਜਿਕ ਬੁਰਾਈਆਂ ਦਾ ਤਿਆਗ ਕਰਨਾ ਚਾਹੀਦਾ ਹੈ। ਪਰਮਜੀਤ ਸਿੰਘ ਬੋਰਡ ਆਫ ਡਾਇਰੈਕਟਰ ਸ਼ਿਵਾਲਿਕ ਐਫ.ਪੀ.ਓ. ਨੇ ਕਿਹਾ ਕਿ ਜੋ ਕੌਮਾਂ ਆਪਣੇ ਸ਼ਹੀਦਾ ਨੂੰ ਭੁੱਲ ਜਾਂਦੀਆਂ ਹਨ ਉਹ ਜਿਆਦਾ ਦੇਰ ਤੱਕ ਜਿਊਂਦੀਆਂ ਨਹੀ ਰਹਿੰਦੀਆ। ਇਸ ਲਈ ਸਾਨੂੰ ਸ਼ਹੀਦਾਂ ਦੇ ਨਕਸ਼ੇ ਕਦਮਾਂ 'ਤੇ ਚੱਲਣਾ ਚਾਹੀਦਾ ਹੈ। ਇਸ ਤੋਂ ਇਲਾਵਾ ਨਰੇਸ਼ ਕੁਮਾਰ ਬੋਰਡ ਆਫ ਡਾਇਰੈਕਟਰ ਸ਼ਿਵਾਲਿਕ ਐਫ.ਪੀ.ਓ., ਰਾਜ ਦੇਵੀ ਪ੍ਰਧਾਨ ਵਿਲੇਜ ਡਿਵੈਲਪਮੈਟ ਸੁਸਾਇਟੀ ਸਹਿਜੋਵਾਲ ਅਤੇ ਸੰਤੋਖ ਕੌਰ ਕਾਹਲੋ ਬੋਰਡ ਆਫ ਡਾਇਰੈਕਟਰ ਅਮ੍ਰਿਤ ਧਾਰਾ ਐਫ.ਪੀ.ਓ. ਆਦਿ ਨੇ ਵੀ ਸੰਬੋਧਨ ਕੀਤਾ। ਸਮਾਜ ਸੇਵਾ ਦੇ ਖੇਤਰ ਵਿੱਚ ਵਧੀਆ ਕਾਰਗੁਜਾਰੀ ਕਰਨ ਵਾਲੀਆਂ ਸ਼ਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਪਰਨੀਤ ਕੌਰ ਸੀ.ਈ.ਓ.ਸ਼ਿਵਾਲਿਕ ਐਫ.ਪੀ.ਓ., ਨਵਦੀਪ ਕੌਰ ਸੀ.ਈ.ਓ. ਹਰਿਆਲੀ ਐਫ.ਪੀ.ਓ., ਸੁਮਨਾ ਦੇਵੀ ਸੀ.ਈ.ਓ.ਕੰਡੀ ਐਫ.ਪੀ.ਓ., ਅਵਨੀਤ ਕੌਰ,ਵਿਕਾਸ ਸ਼ਰਮਾ ਬੋਰਡ ਮੈਂਬਰ ਅੰਮ੍ਰਿਤ ਧਾਰਾ ਐਫ.ਪੀ.ਓ., ਜੋਗਿੰਦਰ ਸਿੰਘ ਖਾਲਸਾ ਅਮ੍ਰਿਤ ਧਾਰਾ ਐਫ.ਪੀ.ਓ., ਜਸਦੀਪ ਸਿੰਘ, ਬਲਵੀਰ ਸਿੰਘ, ਸੁੱਖਚਰਨਪਾਲ ਸਿੰਘ, ਦਮਨਪ੍ਰੀਤ ਕੌਰ, ਆਦਿ ਹਾਜ਼ਰ ਸਨ।

## ਸ਼ਹੀਦ ਊਧਮ ਸਿੰਘ ਦੇ ਜੀਵਨ ਤੋਂ ਅਜੋਕੀ ਪੀੜ੍ਹੀ ਲਵੇ ਸਬਕ : ਕੋਰੋਟਾਣੀਆ

**ਫਗਵਾੜਾ (ਜਸਵਿੰਦਰ ਢੱਡਾ)** ਸਰਬ ਨੌਜਵਾਨ ਸਭਾ (ਰਜਿ:) ਫਗਵਾੜਾ ਅਤੇ ਸਰਬ ਨੌਜਵਾਨ ਵੈਲਫੇਅਰ ਸੁਸਾਇਟੀ ਵਲੋਂ ਮਹਾਨ ਕ੍ਰਾਂਤੀਕਾਰੀ ਸ਼ਹੀਦ ਊਧਮ ਸਿੰਘ ਸੁਨਾਮ ਦਾ ਸ਼ਹੀਦੀ ਦਿਹਾੜਾ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ 'ਚ ਸੰਸਥਾ ਦੇ ਵੋਕੇਸ਼ਨਲ ਸੈਂਟਰ ਸਕੀਮ ਨੰਬਰ ਤਿੰਨ ਹੁਸ਼ਿਆਰਪੁਰ ਰੋਡ ਫਗਵਾੜਾ ਵਿਖੇ ਮਨਾਇਆ ਗਿਆ । ਇਸ ਮੌਕੇ ਮੁੱਖ ਮਹਿਮਾਨ ਵਜੋਂ ਸਮਾਜ ਸੇਵਕ ਮਦਨ ਲਾਲ ਕੋਰੋਟਾਨੀਆ ਸ਼ਾਮਲ ਹੋਏ । ਉਹਨਾ ਨੇ ਸ਼ਹੀਦ ਦੀ ਤਸਵੀਰ ਤੇ ਫੁੱਲਮਾਲਾ ਭੇਂਟ ਕਰਨ ਉਪਰੰਤ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦ ਊਧਮ ਸਿੰਘ ਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਆਪਣੇ ਜੀਵਨ ਦਾ ਬਲਿਦਾਨ ਦਿੱਤਾ । ਉਹਨਾ ਨੇ ਜਲਿਆਂਵਾਲਾ ਬਾਗ ਦੇ ਦੁੱਖਦਾਈ ਕਤਲੇਆਮ ਦਾ ਇੰਗਲੈਂਡ ਧਰਤੀ ਤੇ ਜਾ ਕੇ ਬਦਲਾ ਲਿਆ । ਸਿਰਫ਼ 40 ਸਾਲ ਦੀ ਉਮਰ 'ਚ ਉਹਨਾਂ ਨੇ ਵੱਡਾ ਕੰਮ ਕੀਤਾ ਅਤੇ ਨੌਜਵਾਨਾਂ ਲਈ ਆਦਰਸ਼ ਬਣੇ । ਦੇਸ਼ ਵਾਸੀ ਉਹਨਾ ਦੀ ਕੁਰਬਾਨੀ ਨੂੰ ਕਦੇ ਵੀ ਭੁਲਾ ਨਹੀਂ ਸਕਦੇ । ਉਹਨਾਂ ਅਜੋਕੀ ਨੌਜਵਾਨ ਪੀੜ੍ਹੀ ਨੂੰ ਸ਼ਹੀਦ ਊਧਮ ਸਿੰਘ ਦੇ ਜੀਵਨ ਤੋਂ ਸੇਧ ਲੈਣ ਅਤੇ ਦੇਸ਼ ਕੌਮ ਦੀ ਸੇਵਾ ਕਰਨ ਦੀ ਪੁਰਜੋਰ ਅਪੀਲ ਕੀਤੀ । ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਚੱਲੇ ਸੰਘਰਸ਼ ਦੌਰਾਨ ਸ਼ਹੀਦ ਊਧਮ ਸਿੰਘ ਦਾ ਯੋਗਦਾਨ ਵੱਡਾ ਹੈ ਅਤੇ ਸਦਾ ਯਾਦ ਰੱਖਣ ਵਾਲਾ ਹੈ । ਇਸ ਸਮੇਂ ਹੋਰਨਾਂ ਤੋਂ ਇਲਾਵਾ ਡਾ.ਵਿਜੇ ਕੁਮਾਰ ਜਨਰਲ ਸਕੱਤਰ, ਨਰਿੰਦਰ ਸੈਣੀ, ਮੈਨੇਜਰ ਜਗਜੀਤ ਸੇਠ, ਗੁਲਸ਼ਨ ਕਪੂਰ, ਰਾਕੇਸ਼ ਕੋਛੜ, ਵਿੱਕੀ ਸਿੰਘ, ਆਰ.ਪੀ. ਸ਼ਰਮਾ, ਮੈਡਮ ਤਨੂ, ਮੈਡਮ ਗੁਰਜੀਤ ਕੌਰ, ਮੈਡਮ ਲਕਸ਼ਮੀ, ਮੈਡਮ ਸਪਨਾ ਸ਼ਾਰਦਾ, ਮੈਡਮ ਆਸ਼ੂ ਬੱਗਾ ਤੋਂ ਇਲਾਵਾ ਸੈਂਟਰ ਦੀਆਂ ਸਿੱਖਿਆਰਥਣਾਂ ਦੀਪਿਕਾ, ਕਾਜਲ, ਮੋਨਿਕਾ, ਵੰਸ਼ਿਕਾ, ਭਾਰਤੀ, ਮਨੀਸ਼ਾ, ਅੰਜਲੀ, ਸਾਧਨਾ, ਰਜ਼ੀਆ, ਨਵਜੋਤ, ਖੁਸ਼ੀ, ਪ੍ਰਭਜੋਤ, ਪੂਜਾ ਆਦਿ ਹਾਜ਼ਰ ਸਨ ।



## ਇਨੋਸੈਂਟ ਹਾਰਟਸ ਦੇ ਛੋਟੇ ਬੱਚਿਆਂ ਵੱਲੋਂ ਸੱਭਿਆਚਾਰਕ ਪ੍ਰੋਗਰਾਮ

**ਜਲੰਧਰ (ਸ਼ੈਲੀ ਐਲਬਰਟ)**:- ਇੰਨੋਸੈਂਟ ਹਾਰਟਸ ਦੇ ਪ੍ਰੀ-ਪ੍ਰਾਇਮਰੀ ਸਕੂਲ ਗ੍ਰੀਨ ਮਾਡਲ ਟਾਊਨ ਅਤੇ ਲੋਹਾਰਾਂ ਸ਼ਾਖਾਵਾਂ ਨੇ ਸੈਸ਼ਨ 2025-26 ਲਈ ਆਪਣੇ ਸੱਭਿਆਚਾਰਕ ਸਮਾਗਮ 'ਵਿਵੇਸ਼ੀਅਸ ਵਾਈਬ੍ਰੇਂਸ' ਨੂੰ ਬਹੁਤ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ। 'ਧਰਤੀ ਬਚਾਓ - ਇੱਕ ਸੋਚ ਹੈ ਜਾਗੀ' ਥੀਮ ਦੇ ਨਾਲ



ਇਕਸਾਰ, ਇਹ ਸਮਾਗਮ 'ਵਰਲਡ ਨੇਚਰ ਕੰਜਰਵੇਸ਼ਨ ਡੇ' ਦੇ ਮੌਕੇ 'ਤੇ ਆਯੋਜਿਤ ਕੀਤਾ ਗਿਆ ਸੀ, ਜਿਸਦਾ ਉਦੇਸ਼ ਨੌਜਵਾਨ ਸਿਖਿਆਰਥੀਆਂ ਵਿੱਚ ਰਚਨਾਤਮਕਤਾ ਨੂੰ ਉਤਸ਼ਾਹਿਤ ਕਰਦੇ ਹੋਏ ਵਾਤਾਵਰਣ ਸੰਭਾਲ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਸਮਾਗਮ ਦੀ ਸ਼ੁਰੂਆਤ ਇੱਕ ਨਿੱਘੇ ਸਵਾਗਤ ਭਾਸ਼ਣ ਨਾਲ ਹੋਈ, ਜਿਸਨੇ ਦਿਨ ਲਈ ਇੱਕ ਉਤਸ਼ਾਹੀ ਸੁਰ ਸਥਾਪਤ ਕੀਤੀ। ਛੋਟੇ ਬੱਚਿਆਂ ਦੇ ਜੀਵੰਤ ਪ੍ਰਦਰਸ਼ਨ ਨੂੰ ਦੇਖਣ ਲਈ ਮਾਣਮੱਤੇ ਮਾਪੇ ਅਤੇ ਮਹਿਮਾਨ ਇਕੱਠੇ ਹੋਏ, ਜਿਸ ਨਾਲ ਸਥਾਨ ਉਤਸ਼ਾਹ ਨਾਲ ਗੂੰਜ ਉੱਠਿਆ।ਪ੍ਰੋਗਰਾਮ ਨੂੰ ਪਤਵੰਤਿਆਂ ਨੇ ਮਾਣਮੱਤੇ ਢੰਗ ਨਾਲ ਪੇਸ਼ ਕੀਤਾ: ਡਾ. ਪਲਕ ਗੁਪਤਾ ਬੌਰੀ ਡਾਇਰੈਕਟਰ ਸੀਐਸਆਰ, ਸ਼੍ਰੀਮਤੀ ਗੁਰਵਿੰਦਰ ਕੌਰ ਅਕਾਦਮਿਕ ਮੁਖੀ ਅਤੇ ਪ੍ਰਿੰਸੀਪਲ ਕੋਆਰਡੀਨੇਟਰ, ਸ਼੍ਰੀਮਤੀ ਹਰਲੀਨ ਗੁਲਰੀਆ (ਪ੍ਰਾਇਮਰੀ ਅਤੇ ਮਿਡਲ ਵਿੰਗ ਇੰਚਾਰਜ), ਸੰਬੰਧਤ ਸਕੂਲਾਂ ਦੇ ਪ੍ਰਿੰਸੀਪਲ ਰਾਜੀਵ ਪਾਲੀਵਾਲ, ਗ੍ਰੀਨ ਮਾਡਲ ਟਾਊਨ, ਸ਼੍ਰੀਮਤੀ ਸ਼ਾਲੂ ਸਹਿਗਲ, ਲੋਹਾਰਾਂ ਦੀ ਉਤਸ਼ਾਹਜਨਕ ਮੌਜੂਦਗੀ ਨੇ ਇਸ ਮੌਕੇ ਦੀ ਭਾਵਨਾ ਨੂੰ ਉੱਚਾ ਚੁੱਕਿਆ। । ਵਿਵੇਸ਼ੀਅਸ ਵਾਈਬ੍ਰੇਂਸ ਨੇ ਦਰਸ਼ਕਾਂ ਨੂੰ ਸਾਡੇ ਵਾਤਾਵਰਣ ਦੇ ਪਾਲਣ-ਪੋਸ਼ਣ ਅਤੇ ਸੰਭਾਲ ਦੀ ਮਹੱਤਤਾ ਬਾਰੇ ਇੱਕ ਸ਼ਕਤੀਸ਼ਾਲੀ ਸੰਦੇਸ਼ ਨਾਲ ਪ੍ਰੇਰਿਤ ਕੀਤਾ ।

## ਧੰਨ-ਧੰਨ ਬਾਬਾ ਬੁੱਢਾ ਸਾਹਿਬ ਗ੍ਰੰਥੀ ਸਭਾ ਪੰਜਾਬ ਦੇ ਸੇਵਾਦਾਰ ਸਨਮਾਨਤ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦਾ ਪ੍ਰਚਾਰ ਕਰਨ, ਗ੍ਰੰਥੀ ਤੇ ਪਾਠੀ ਸਿੰਘਾਂ ਦੇ ਮਾਣ ਸਤਿਕਾਰ ਨੂੰ ਬਰਕਰਾਰ ਰੱਖਣ ਦੇ ਮੰਤਵ ਨਾਲ ਗਠਿਤ ਕੀਤੀ ਗਈ। ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਗ੍ਰੰਥੀ ਸਭਾ ਪੰਜਾਬ ਦੇ ਨਵ ਨਿਯੁਕਤ ਸਰਪ੍ਰਸਤ ਸਾਬਕਾ ਸਰਪੰਚ ਸ਼ਾਮ ਸਿੰਘ ਮੂਨਕਾ, ਪ੍ਰਧਾਨ ਜਥੇਦਾਰ ਪਰਮਜੀਤ ਸਿੰਘ ਖਾਲਸਾ ਤੇ ਹੋਰਨਾ ਮੈਂਬਰਾਂ ਨੂੰ ਪਿੰਡ ਮੂਨਕ ਖੁਰਦ ਵਿਖੇ ਸਨਮਾਨਿਤ ਕੀਤਾ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵੱਲੋਂ ਪ੍ਰਧਾਨ ਕੁਲਦੀਪ ਸਿੰਘ ਮੂਨਕਾ ਦੀ ਅਗਵਾਈ ਵਿੱਚ ਸਨਮਾਨਿਤ ਕਰਨ ਸਮੇਂ ਸੰਬੋਧਨ ਕਰਦੇ ਹੋਏ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਕੁਲਦੀਪ ਸਿੰਘ, ਸਾਬਕਾ ਸਰਪੰਚ ਹਰਬੰਸ ਸਿੰਘ ਮੂਨਕਾਂ, ਸੇਵਾਦਾਰ ਦਵਿੰਦਰ ਸਿੰਘ ਲਾਡੀ, ਬੀਬੀ ਹਰਵਿੰਦਰ ਕੌਰ,ਸਰਬਜੀਤ ਸਿੰਘ ਮੋਮੀ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਮੂਨਕ ਖੁਰਦ, ਜਥੇਦਾਰ ਦਵਿੰਦਰ ਸਿੰਘ ਮੂਨਕਾ ਮੁੱਖ ਸੇਵਾਦਾਰ ਸਰਬੱਤ ਦਾ ਭਲਾ ਸੇਵਾ ਸੋਸਾਇਟੀ, ਜਥੇਦਾਰ ਤਰਲੋਚਨ ਸਿੰਘ ਪ੍ਰਧਾਨ ਗੁਰਦੁਆਰਾ ਕਮੇਟੀ ਮੂਨਕ ਕਲਾਂ, ਜਥੇਦਾਰ ਤਰਲੋਚਨ ਸਿੰਘ ਰਾਹੀ, ਬਾਬਾ ਸਰਵਣ ਸਿੰਘ ਮੂਨਕ ਕਲਾਂ ,ਬਾਬਾ ਚਰਨਜੀਤ ਸਿੰਘ ਲੱਕੀ ਮੂਨਕਾਂ, ਭਾਈ ਪ੍ਰਭਜੋਤ ਸਿੰਘ ਮੂਨਕਾ, ਲੰਬੜਦਾਰ ਬਲਵੀਰ ਸਿੰਘ ਮੂਨਕ ਕਲਾਂ, ਸਰਦਾਰ ਮੋਹਨ ਸਿੰਘ ਮੂਨਕਾ, ਸੁਰਜੀਤ ਸਿੰਘ ਕਾਲਾ ਸਮਾਜ ਸੇਵਕ ਮੂਨਕ ਖੁਰਦ, ਇੰਸਪੈਕਟਰ ਕੁਲਦੀਪ ਸਿੰਘ, ਰਾਜਾ ਸਿੰਘ ਸਾਬਕਾ ਪੰਚ, ਸੁਰਿੰਦਰ ਸਿੰਘ ਸੈਣੀ ਨੇ ਕਿਹਾ ਕਿ ਇਹ ਸਮੇਂ ਦੀ ਮੁੱਖ ਲੋੜ ਸੀ ਕਿ ਗ੍ਰੰਥੀ ਸਿੰਘਾਂ ਦੀ ਕੋਈ ਜਥੇਬੰਦੀ ਬਣੇ ਅਤੇ ਸਮੂਹ ਪਾਠੀ ਤੇ ਗ੍ਰੰਥੀ ਸਿੰਘਾਂ ਵੱਲੋਂ ਇਕੱਤਰ ਹੋ ਕੇ ਗਠਿਤ ਕੀਤੀ ਗਈ ਇਹ ਸਭਾ ਇੱਕ ਸ਼ਲਾਘਾ ਯੋਗ ਉਪਰਾਲਾ ਹੈ।

1 Aug Page 9.qxd 7/31/2025 10:38 PM Page 1



# ਮੁੱਖ ਮੰਤਰੀ ਨੇ ਜੰਗਲਾਤ ਵਿਭਾਗ ਦੇ ਠੇਕੇ ਵਾਲੇ 942 ਮੁਲਾਜ਼ਮਾਂ ਨੂੰ ਸੇਵਾਵਾਂ ਪੱਕੀਆਂ ਕਰਨ ਦੇ ਨਿਯੁਕਤੀ ਪੱਤਰ ਸੌਂਪੇ

ਚੰਡੀਗੜ੍ਹ (ਗੁਰਜੀਤ ਬਿੱਲਾ)- ਜੰਗਲਾਤ ਵਿਭਾਗ ਦੇ ਠੇਕੇ ਦੇ ਆਧਾਰ ਉੱਤੇ ਕੰਮ ਕਰ ਰਹੇ 942 ਮੁਲਾਜ਼ਮਾਂ ਨੂੰ ਵੱਡੀ ਰਾਹਤ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਸੇਵਾ ਕਰ ਰਹੇ ਇਨ੍ਹਾਂ ਮੁਲਾਜ਼ਮਾਂ ਦੀਆਂ ਸੇਵਾਵਾਂ ਪੱਕੀਆਂ ਕਰਨ ਦੇ ਨਿਯੁਕਤੀ ਪੱਤਰ ਸੌਂਪ ਕੇ ਅੱਜ ਵੱਡਾ ਤੋਹਫ਼ਾ ਦਿੱਤਾ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਅੱਜ ਉਨ੍ਹਾਂ ਨੂੰ ਇਹ ਐਲਾਨ ਕਰਦਿਆਂ ਬੇਹੱਦ ਖ਼ੁਸ਼ੀ ਹੋ ਰਹੀ ਹੈ ਕਿ ਸੂਬਾ ਸਰਕਾਰ ਨੇ ਸਾਰੇ ਕਾਨੂੰਨੀ ਤੇ ਪ੍ਰਸ਼ਾਸਕੀ ਅੜਿੱਕੇ ਦੂਰ ਕਰਦਿਆਂ ਇਨ੍ਹਾਂ ਮੁਲਾਜ਼ਮਾਂ ਦੀਆਂ ਸੇਵਾਵਾਂ ਪੱਕੀਆਂ ਕਰ ਕੇ ਇਨ੍ਹਾਂ ਨਾਲ ਲੱਗਿਆ ਕੰਟਰੈਕਟ ਦਾ ਸ਼ਬਦ ਹਟਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਪਣੀ ਜ਼ਿੰਦਗੀ ਦੇ ਬੇਸ਼ਕੀਮਤੀ ਸਾਲ ਸਰਕਾਰ ਦੀ ਸੇਵਾ ਵਿੱਚ ਦੇਣ ਵਾਲੇ ਇਨ੍ਹਾਂ ਮੁਲਾਜ਼ਮਾਂ ਦੇ ਨਾਮ ਨਾਲ ਤੋਂ ਕੰਟਰੈਕਟ ਸ਼ਬਦ ਹਮੇਸ਼ਾ ਲਈ ਕੱਢਿਆ ਜਾਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਦਾ ਮੰਤਵ ਮੁਲਾਜ਼ਮਾਂ ਦਾ ਭਵਿੱਖ ਸੁਰੱਖਿਅਤ ਕਰਨਾ ਹੈ ਅਤੇ ਸੂਬਾ ਸਰਕਾਰ ਦੀਆਂ ਅਣਥੱਕ ਕੋਸ਼ਿਸ਼ਾਂ ਨਾਲ ਹੀ ਅੱਜ ਦਾ ਇਹ ਮੁਬਾਰਕ ਦਿਹਾੜਾ ਆਇਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ




ਨੇ ਆਪਣੇ ਸ਼ਾਸਨਕਾਲ ਦੇ ਅਖ਼ੀਰ ਵਿੱਚ ਕੁੱਝ ਰਿਆਇਤਾਂ ਦੇ ਕੇ ਲੋਕਾਂ ਨੂੰ ਬੇਵਕੂਫ਼ ਬਣਾਇਆ ਪਰ ਸਾਡੀ ਸਰਕਾਰ ਨੇ ਪਹਿਲੇ ਦਿਨ ਤੋਂ ਹੀ ਲੋਕਾਂ ਦੀਆਂ ਮੁਸੀਬਤਾਂ ਘਟਾਉਣ ਵੱਲ ਧਿਆਨ ਦਿੱਤਾ ਹੈ। ਮੁੱਖ ਮੰਤਰੀ ਨੇ ਵਿਅੰਗ ਕਸਦਿਆਂ ਕਿਹਾ ਕਿ ਜਿਹੜੇ ਲੋਕ ਪੰਜਾਬ ਦੇ ਵਾਰਿਸ ਹੋਣ ਦਾ ਦਾਅਵਾ ਕਰਦੇ ਸਨ ਉਹ ਪੰਜਾਬੀ ਭਾਸ਼ਾ ਵਿੱਚ ਇਕ ਵੀ ਸ਼ਬਦ ਨਹੀਂ ਲਿਖ ਸਕਦੇ ਕਿਉਂਕਿ ਕਾਨਵੈਂਟ ਦੇ ਪੜ੍ਹੇ ਇਹ ਆਗੂ ਸੂਬੇ ਅਤੇ ਇਸ ਦੇ ਲੋਕਾਂ ਨਾਲੋਂ ਪੂਰੀ ਤਰ੍ਹਾਂ ਟੁੱਟੇ ਹੋਏ ਹਨ। ਵਿਰੋਧੀ ਧਿਰ ਉੱਤੇ ਤਿੱਖਾ ਹਮਲਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਲੋਕਾਂ ਨੇ ਆਮ ਆਦਮੀ ਨੂੰ ਨਜ਼ਰਅੰਦਾਜ਼ ਕਰ ਕੇ ਸਿਰਫ਼ ਆਪਣੇ ਪਰਿਵਾਰਾਂ ਲਈ ਪੰਜਾਬੀਆਂ ਦਾ ਪੈਸਾ ਲੁੱਟਿਆ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲੀ ਦਫ਼ਾ ਸੂਬੇ ਅਤੇ ਲੋਕਾਂ ਦੀ ਭਲਾਈ ਲਈ ਨੀਤੀਆਂ ਘੜੀਆਂ ਜਾ ਰਹੀਆਂ ਹਨ ਅਤੇ ਇਹ ਆਪਣੇ ਆਪ ਵਿੱਚ ਇਕ ਇਤਿਹਾਸ ਹੈ। 'ਯੁੱਧ ਨਸ਼ਿਆਂ ਵਿਰੁੱਧ' ਬਾਰੇ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਇਹ ਮੁਹਿੰਮ ਵਧੀਆ ਨਤੀਜੇ ਦੇ ਰਹੀ ਹੈ। ਮੁੱਖ ਮੰਤਰੀ ਨੇ ਨਾਭਾ ਜੇਲ੍ਹ ਵਿੱਚ ਬੰਦ ਨਸ਼ਿਆਂ ਦੇ ਸਮੁੱਚੇ ਕਾਰੋਬਾਰ ਦੇ ਮੁੱਖ ਸਰਗਨਾ ਦੇ ਮਨੁੱਖੀ ਅਧਿਕਾਰਾਂ ਬਾਰੇ ਚਿੰਤਾ ਜ਼ਾਹਰ ਕਰਨ ਲਈ ਕੈਪਟਨ ਅਮਰਿੰਦਰ ਸਿੰਘ ਉੱਤੇ ਨਿਸ਼ਾਨਾ ਸਾਧਦਿਆਂ ਪੁੱਛਿਆ ਕਿ ਉਨ੍ਹਾਂ ਪੰਜਾਬ ਦੇ ਲੋਕਾਂ ਬਾਰੇ ਅਜਿਹੀ ਚਿੰਤਾ ਕਿਉਂ ਨਹੀਂ ਦਿਖਾਈ।

ਇਕ ਹੋਰ ਭਲਾਈ ਯੋਜਨਾ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਦੱਸਿਆ ਕਿ ਦੇਸ਼ ਵਿੱਚ ਪਹਿਲੀ ਵਾਰ ਕਿਸੇ ਸੂਬੇ ਵੱਲੋਂ ਸ਼ੁਰੂ ਕੀਤੀ ਜਾਣ ਵਾਲੀ 'ਮੁੱਖ ਮੰਤਰੀ ਸਿਹਤ ਯੋਜਨਾ' ਨਾਲ ਪੰਜਾਬ ਦੇ ਹਰੇਕ ਪਰਿਵਾਰ ਨੂੰ 10 ਲੱਖ ਰੁਪਏ ਤੱਕ ਨਗਦੀ ਰਹਿਤ ਇਲਾਜ ਦੀ ਸਹੂਲਤ ਮਿਲੇਗੀ।

# ਪਲੇਸਮੈਂਟ ਟੀਮ ਨੇ ਡਾਇਰੈਕਟਰ ਨੂੰ ਸਲਾਨਾ ਪਲੇਸਮੈਂਟ ਸੰਖੇਪ ਸੌਂਪਿਆ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)- ਦੋਆਬਾ ਗਰੁੱਪ ਆਫ਼ ਕਾਲਜਿਜ਼ (ਡੀ ਜੀ ਸੀ) ਦੀ ਪਲੇਸਮੈਂਟ ਟੀਮ ਨੇ 29 ਜੁਲਾਈ ਨੂੰ ਕਾਲਜ ਕੈਂਪਸ ਵਿੱਚ



ਆਯੋਜਿਤ ਇੱਕ ਰਸਮੀ ਸੌਂਪਣ ਸਮਾਰੋਹ ਵਿੱਚ ਡਾਇਰੈਕਟਰ, ਡਾ. ਰਾਜੇਸ਼ਵਰ ਸਿੰਘ ਨੂੰ ਸਾਲਾਨਾ ਪਲੇਸਮੈਂਟ ਸੰਖੇਪ ਮਾਣ ਨਾਲ ਪੇਸ਼ ਕੀਤਾ। ਇਹ ਰਿਪੋਰਟ ਸਾਰੀਆਂ ਧਾਰਾਵਾਂ ਵਿੱਚ ਵਿਦਿਆਰਥੀਆਂ ਲਈ ਕੈਰੀਅਰ ਦੇ ਮੌਕਿਆਂ ਨੂੰ ਵਧਾਉਣ ਵਿੱਚ ਸੰਸਥਾ ਦੇ ਨਿਰੰਤਰ ਕਦਮਾਂ ਨੂੰ ਦਰਸਾਉਂਦੀ ਹੈ। ਇਹ ਵਿਆਪਕ ਦਸਤਾਵੇਜ਼ ਪਲੇਸਮੈਂਟ ਅੰਕੜਿਆਂ, ਮੁੱਖ ਭਰਤੀ ਭਾਈਵਾਲੀ, ਉਦਯੋਗ ਦੇ ਰੁਝਾਨਾਂ, ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਅਤੇ ਉਦਯੋਗ-ਅਕਾਦਮਿਕ ਸ਼ਮੂਲੀਅਤ ਨੂੰ ਮਜ਼ਬੂਤ ਕਰਨ ਲਈ ਵਿਭਾਗ ਦੁਆਰਾ ਕੀਤੀਆਂ ਗਈਆਂ ਰਣਨੀਤਕ ਪਹਿਲਕਦਮੀਆਂ ਨੂੰ ਉਜਾਗਰ ਕਰਦਾ ਹੈ। ਇਸ ਮੌਕੇ ਬੋਲਦਿਆਂ, ਦੋਆਬਾ ਗਰੁੱਪ ਆਫ਼ ਕਾਲਜਿਜ਼ ਦੇ ਡਾਇਰੈਕਟਰ ਡਾ. ਰਾਜੇਸ਼ਵਰ ਸਿੰਘ ਨੇ ਪਲੇਸਮੈਂਟ ਟੀਮ ਦੇ ਪੇਸ਼ੇਵਰਤਾ ਅਤੇ ਰੁਜ਼ਗਾਰਯੋਗਤਾ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਦੇ ਅਣਥੱਕ ਯਤਨਾਂ ਦੀ ਸ਼ਲਾਘਾ ਕੀਤੀ। ਸਿਖਲਾਈ ਅਤੇ ਪਲੇਸਮੈਂਟ ਦੀ ਮੁਖੀ, ਸ਼੍ਰੀਮਤੀ ਅੰਕਿਤਾ ਅਗਨੀਹੋਤਰੀ ਨੇ ਫੈਕਲਟੀ, ਵਿਦਿਆਰਥੀਆਂ ਅਤੇ ਭਰਤੀ ਕਰਨ ਵਾਲਿਆਂ ਦੇ ਸਹਿਯੋਗੀ ਯਤਨਾਂ ਦੀ ਸ਼ਲਾਘਾ ਕੀਤੀ। ਇਸ ਸਾਲ, ਡੀ ਜੀ ਸੀ ਨੇ ਕੋਰ ਇੰਜੀਨੀਅਰਿੰਗ, ਆਈਟੀ, ਕੰਪਿਊਟਰ ਸਾਇੰਸ ,ਮੈਨੇਜਮੈਂਟ ਅਤੇ ਕਾਮਰਸ ਸੈਕਟਰਾਂ ਵਿੱਚ ਰਿਕਾਰਡ ਤੋੜ ਪਲੇਸਮੈਂਟ ਦੇਖੇ, 10 ਤੋਂ ਵੱਧ ਕੰਪਨੀਆਂ ਕੈਂਪਸ ਦਾ ਦੌਰਾ ਕਰ ਰਹੀਆਂ ਸਨ ਅਤੇ ਯੋਗ ਉਮੀਦਵਾਰਾਂ ਨੂੰ ਮੁਨਾਫ਼ੇ ਵਾਲੇ ਨੌਕਰੀ ਪੈਕੇਜ ਦੀ ਪੇਸ਼ਕਸ਼ ਕਰ ਰਹੀਆਂ ਸਨ। ਕੁੱਲ 11 ਵਿਦਿਆਰਥੀਆਂ ਨੂੰ ਵੱਖ-ਵੱਖ ਕੰਪਨੀਆਂ ਦੁਆਰਾ ਵੱਖ-ਵੱਖ ਅਹੁਦਿਆਂ 'ਤੇ ਚੁਣਿਆ ਗਿਆ ।

# ਮਹਿਤਪੁਰ ਵਿਖੇ ਜ਼ੋਨਲ ਖੇਡਾਂ ਦਾ ਦੂਜਾ ਦਿਨ ਸ਼ਾਨਦਾਰ ਰਿਹਾ



ਮਹਿਤਪੁਰ (ਰਾਜਾ)- ਪੀ.ਐੱਮ. ਸ਼੍ਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਹਿਤਪੁਰ ਵਿਖੇ ਜ਼ੋਨਲ ਖੇਡਾਂ ਦਾ ਦੂਜਾ ਦਿਨ ਵੀ ਸ਼ਾਨਦਾਰ ਰਿਹਾ। ਜ਼ੋਨ ਨੰਬਰ 12 ਦੇ ਵੱਖ- ਵੱਖ ਸਕੂਲਾਂ ਤੋਂ ਆਏ ਹੋਏ ਵਿਦਿਆਰਥੀਆਂ ਦੇ ਖੇਡਾਂ ਦੇ ਮੁਕਾਬਲੇ ਹੋਏ। ਇਸ ਮੌਕੇ ਆਮ ਆਦਮੀ ਪਾਰਟੀ ਵੱਲੋਂ ਹਲਕਾ ਇੰਚਾਰਜ ਸ੍ਰੀ ਪਰਮਿੰਦਰ ਸਿੰਘ ਪਿੰਦਰ ਪੰਡੋਰੀ ਵੱਲੋਂ ਉਨ੍ਹਾਂ ਦੇ ਪੀ.ਏ. ਪਰਬਤਪਾਲ ਸਿੰਘ, ਆਮ ਆਦਮੀ ਪਾਰਟੀ ਦੇ ਮਹਿਤਪੁਰ ਬਲਾਕ ਪ੍ਰਧਾਨ ਦੀਪਕ ਸੂਦ, ਆਮ ਆਦਮੀ ਪਾਰਟੀ ਦੇ ਮਹਿਲਾ ਵਿੰਗ ਦੇ ਆਗੂ ਬਬਲੀ ਭਾਟੀਆ, ਸੁਰਜੀਤ ਸਿੰਘ ਮਾਨ, ਦਲਜੀਤ ਸਿੰਘ, ਇਲਾਕੇ ਦੇ ਉੱਘੇ ਸਮਾਜ ਸੇਵੀ ਸੁਭਾਸ਼ ਕੱਕੜ ਅਤੇ ਅਵਿਨਾਸ਼ ਕੱਕੜ, ਰਿਟਾਇਰਡ ਪ੍ਰਿੰਸੀਪਲ ਹਰਜੀਤ ਸਿੰਘ ਖਾਸ ਤੌਰ ਉਤੇ ਸ਼ਿਰਕਤ ਕਰਨ ਪੁੱਜੇ। ਉਨ੍ਹਾਂ ਨੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ। ਸਕੂਲ ਇੰਚਾਰਜ ਸ੍ਰੀ ਨਰੇਸ਼ ਕੁਮਾਰ ਨੇ ਆਏ ਹੋਏ ਪਤਵੰਤਿਆਂ ਦਾ ਸਵਾਗਤ ਕੀਤਾ। ਇਸ ਮੌਕੇ ਸਮੂਹ ਸਕੂਲ ਸਟਾਫ਼ ਹਾਜ਼ਰ ਰਿਹਾ।

# ਜ਼ੋਨਲ ਖੇਡਾਂ 'ਚ ਸਰਹਾਲ ਮੁੰਡੀਆਂ ਦੇ ਵਿਦਿਆਰਥੀਆਂ ਨੇ ਖੇਡ ਮੁਕਾਬਲੇ ਜਿੱਤੇ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜਿਲਾ ਸਿੱਖਿਆ ਅਫਸਰ ਸਕੈਂਡਰੀ ਸਿੱਖਿਆ ਲਲਿਤਾ ਅਰੋੜਾ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਲੈਕਚਰਰ ਜਗਜੀਤ ਸਿੰਘ ਦੀ ਅਗਵਾਈ ਵਿੱਚ ਪੂਰੇ ਜਿਲੇ ਅੰਦਰ ਜੋਨਲ ਖੇਡਾਂ ਦਾ ਆਗਾਜ ਵੱਡੇ ਪੱਧਰ ਤੇ ਹੋ ਚੁੱਕਾ ਹੈ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਕੂਲੀ ਜੋਨਲ ਖੇਡਾਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਰਹਾਲਾ ਮੁੰਡੀਆਂ ਦੇ ਵਿਦਿਆਰਥੀਆਂ ਨੇ ਹਰਿਆਣਾ ਜੋਨ ਵਿੱਚ ਆਪਣੇ ਕੋਚ ਲੈਕਚਰਾਰ ਸਰਬਜੀਤ ਸਿੰਘ ਅਤੇ ਪੀ ਟੀ ਆਈ ਗੁਰਦੇਵ ਕੌਰ ਦੀ ਅਗਵਾਈ ਵਿੱਚ ਵੱਖ-ਵੱਖ ਖੇਡ ਮੁਕਾਬਲੇ ਜਿੱਤ ਕੇ ਸਕੂਲ ਅਤੇ ਇਲਾਕੇ ਦੀ ਬੱਲੇ ਬੱਲੇ ਕਰਵਾਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਅਮਨਦੀਪ ਸ਼ਰਮਾ ਨੇ ਦੱਸਿਆ ਕਿ ਇਨਾਂ ਮੁਕਾਬਲਿਆਂ ਵਿੱਚ ਸਕੂਲ ਦੀਆਂ ਲੜਕੀਆਂ ਨੇ ਹੈਂਡਬਾਲ ਦੇ ਤਿੰਨੋਂ ਗਰੁੱਪਾਂ ਵਿੱਚ ਅੰਡਰ 14, ਅੰਡਰ 17 ਅਤੇ ਅੰਡਰ 19 ਵਿੱਚ



ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਅਤੇ ਆਪਣੇ ਅਧਿਆਪਕਾਂ ਦਾ ਨਾਂ ਰੌਸ਼ਨ ਕੀਤਾ। ਉੱਥੇ ਸਕੂਲ ਦੇ ਲੜਕਿਆਂ ਨੇ ਵੀ ਹੈਂਡਬਾਲ ਦੇ ਅੰਡਰ 19 ਵਿੱਚ ਪਹਿਲਾ ਸਥਾਨ , ਅੰਡਰ 17 ਅਤੇ ਅੰਡਰ 14 ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਬੈਡਮਿੰਟਨ ਵਿੱਚ ਲੜਕੀਆਂ ਅਤੇ ਲੜਕਿਆਂ ਦੇ ਅੰਡਰ 17 ਗਰੁੱਪ 'ਚ ਦੂਜਾ ਅਤੇ ਅੰਡਰ 14 ਗਰੁੱਪ ਵਿੱਚ ਤੀਸਰਾ ਸਥਾਨ ਹਾਸਿਲ ਕੀਤਾ ਟੇਬਲ ਟੈਨਿਸ ਅੰਡਰ 14 ਅਤੇ ਅੰਡਰ 17 ਲੜਕੀਆਂ ਦੇ ਗਰੁੱਪ ਵਿੱਚ ਪਹਿਲਾਂ ਹੀ ਜ਼ਿਲ੍ਹਾ ਪੱਧਰ ਤੇ ਪਹੁੰਚ ਚੁੱਕੀਆਂ ਹਨ। ਸਕੂਲ ਪ੍ਰਿੰਸੀਪਲ ਵੱਲੋਂ ਇਸ ਵੱਡੀ ਸਫਲਤਾ ਦਾ ਸਿਹਰਾ ਜਿੱਥੇ ਸਮੂਹ ਸਟਾਫ ਮੈਂਬਰਾਂ ਦੇ ਸਹਿਯੋਗ ਅਤੇ ਬੱਚਿਆਂ ਦੀ ਮਿਹਨਤ ਨੂੰ ਦਿੱਤਾ ਉੱਥੇ ਸਕੂਲ ਦੇ ਖੇਡ ਅਧਿਆਪਕਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਸਕੂਲ ਦੀ ਇਸ ਸਫਲਤਾ ਤੇ ਸਮੂਹ ਨਾਲ ਜੁੜੇ ਹੋਏ ਅਨੇਕਾਂ ਪ੍ਰਵਾਸੀ ਭਾਰਤੀਆਂ ਵੱਲੋਂ ਅਤੇ ਵਿਸ਼ੇਸ਼ ਕਰਕੇ ਕਰਮਜੀਤ ਸਿੰਘ ਸ਼ਾਹੀ ਵੱਲੋਂ, ਪਿੰਡ ਦੇ ਸਰਪੰਚ ਸਰਦਾਰ ਸੁਖਵਿੰਦਰ ਸਿੰਘ ਅਤੇ ਸਮੂਹ ਗ੍ਰਾਮ ਪੰਚਾਇਤ ਵੱਲੋਂ, ਪਿੰਡ ਦੇ ਅਨੇਕਾਂ ਪਤਵੰਤੇ ਸੱਜਣਾਂ ਵੱਲੋਂ ਅਤੇ ਵਿਸ਼ੇਸ਼ ਕਰਕੇ ਵਿਦਿਆਰਥੀਆਂ ਦੇ ਮਾਪਿਆਂ ਵੱਲੋਂ ਵੀ ਇਸ ਸਫਲਤਾ ਤੇ ਸਮੂਹ ਸਕੂਲ ਨੂੰ ਵਧਾਈ ਦਿੱਤੀ। ਇਸ ਮੌਕੇ ਸਮੂਹ ਸਕੂਲ ਸਟਾਫ ਮੈਂਬਰ ਮੈਡਮ ਰਜਨੀ ਅਰੋੜਾ, ਮੈਡਮ ਅਨੀਤਾ ਕੁਮਾਰੀ , ਮੈਡਮ ਬਿਮਲਾ ਦੇਵੀ, ਮੈਡਮ ਪ੍ਰੀਆ, ਮੈਡਮ ਮਨਜੀਤ ਕੌਰ, ਕੰਪਿਊਟਰ ਅਧਿਆਪਕ ਨਰੇਸ਼ ਕੁਮਾਰ, ਪਰਮਿੰਦਰ ਕੁਮਾਰ, ਅਮਨਦੀਪ ਸਿੰਘ, ਕੈਪਟਨ ਸੁਖਵਿੰਦਰ ਸਿੰਘ, ਕਮਲਜੀਤ ਸਿੰਘ, ਕਸ਼ਮੀਰ ਸਿੰਘ, ਹਰਜਿੰਦਰ ਅਤੇ ਸੁਨੀਲ ਵੀ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਆਯੂਸ਼ ਕੈਂਪ ਦਾ ਉਦਘਾਟਨ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)- ਜ਼ਿਲ੍ਹਾ ਆਯੁਰਵੇਦਿਕ ਅਤੇ ਯੂਨਾਨੀ ਵਿਭਾਗ ਵੱਲੋਂ ਬਲਾਕ ਨਵਾਂਸ਼ਹਿਰ ਵਿਖੇ ਸ਼੍ਰੀ ਗੁਰੂ ਰਵਿਦਾਸ ਮੰਦਰ ਨਵਾਂਸ਼ਹਿਰ ਵਿੱਚ ਆਯੂਸ਼ ਕੈਂਪ ਲਗਾਇਆ ਗਿਆ,



ਜਿਸ ਦਾ ਉਦਘਾਟਨ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕੀਤਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਆਯੂਸ਼ ਵਿਭਾਗ ਭਾਰਤ ਸਰਕਾਰ, ਸਿਹਤ ਵਿਭਾਗ ਪੰਜਾਬ, ਨਿਰਦੇਸ਼ਕ ਆਯੁਰਵੇਦ ਪੰਜਾਬ ਅਤੇ ਨਿਰਦੇਸ਼ਕ ਹੋਮਿਓਪੈਥੀ ਪੰਜਾਬ ਦੇ ਹੁਕਮਾਂ ਅਨੁਸਾਰ ਰਾਜ ਦੇ ਹਰ ਜ਼ਿਲ੍ਹੇ ਵਿੱਚ 15 ਮੁਫ਼ਤ ਆਯੁਸ਼ ਕੈਂਪ ਲਗਾਏ ਜਾਣਗੇ।ਜਿਸ ਤਹਿਤ ਸ਼ਹੀਦ ਭਗਤ ਸਿੰਘ ਨਗਰ ਵਿਖੇ ਵੀ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਕੈਂਪ ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਲੱਗਣਗੇ ਅਤੇ ਲੋਕਾਂ ਨੂੰ ਇਸ ਦਾ ਪੂਰਾ ਲਾਭ ਲੈਣਾ ਚਾਹੀਦਾ ਹੈ।ਉਨ੍ਹਾਂ ਦੱਸਿਆ ਕਿ ਇਸ ਮੌਕੇ ਉਤੇ ਮਾਹਿਰ ਆਯੁਰਵੇਦਿਕ ਅਤੇ ਹੋਮਿਓਪੈਥਿਕ ਡਾਕਟਰਾਂ ਵੱਲੋਂ ਕੁੱਲ 573 ਮਰੀਜ਼ਾਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਇਨ੍ਹਾਂ ਵਿਚ ਕੈਂਪ ਦੌਰਾਨ 315 ਲੋਕਾਂ ਨੇ ਆਯੁਰਵੈਦਿਕ ਸੇਵਾਵਾਂ ਦਾ ਲਾਭ ਲਿਆ ਅਤੇ 258 ਲੋਕਾਂ ਨੇ ਹੋਮਿਓਪੈਥਿਕ ਸੇਵਾਵਾਂ ਦਾ ਲਾਭ ਉਠਾਇਆ। ਇਸ ਮੌਕੇ ਤੇ ਜ਼ਿਲ੍ਹਾ ਆਯੁਰਵੇਦਿਕ ਅਤੇ ਯੂਨਾਨੀ ਅਧਿਕਾਰੀ ਡਾ. ਸਰਬਜੀਤ ਕੌਰ ਨੇ ਦੱਸਿਆ ਕਿ ਦੱਸਿਆ ਕਿ 1 ਅਗਸਤ ਨੂੰ ਕਮਿਊਨਿਟੀ ਹਾਲ ਪਿੰਡ ਲੰਗੜੋਆ, 4 ਅਗਸਤ ਨੂੰ ਗੁਰਦੁਆਰਾ ਸ੍ਰੀ ਸਿੰਘ ਸਭਾ ਪਿੰਡ ਸਿਕੰਦਰਪੁਰ, 6 ਅਗਸਤ ਨੂੰ ਡੇਰਾ ਬਾਬਾ ਸਰਵਣਦਾਸ ਜੀ ਪਿੰਡ ਕਮਾਮ ਅਤੇ 7 ਅਗਸਤ ਨੂੰ ਦਾਣਾ ਮੰਡੀ ਰਾਹੋਂ ਵਿਚ ਇਹ ਕੈਂਪ ਆਯੋਜਿਤ ਕੀਤੇ ਜਾਣਗੇ ਜਿੱਥੇ ਆਯੁਰਵੇਦਿਕ ਅਤੇ ਹੋਮਿਓਪੈਥਿਕ ਡਾਕਟਰਾਂ ਵੱਲੋਂ ਮਰੀਜ਼ਾਂ ਦੀ ਜਾਂਚ ਕੀਤੀ ਜਾਵੇਗੀ ਅਤੇ ਉਨ੍ਹਾਂ ਨੂੰ ਮੁਫ਼ਤ ਆਯੁਰਵੇਦਿਕ ਤੇ ਹੋਮਿਓਪੈਥਿਕ ਦਵਾਈਆਂ ਦਿੱਤੀਆਂ ਜਾਣਗੀਆਂ।

# ਲੈਂਡ ਪੂਲਿੰਗ ਨੀਤੀ ਕਿਸਾਨਾਂ ਦੇ ਹੱਕਾਂ ਦੇ ਖਿਲਾਫ : ਸੰਧੂ

ਡੇਰਾਬੱਸੀ (ਵਿਨੈ ਕੁਮਾਰ ਜੈਨ)- ਪੰਜਾਬ ਇਨਫੋਟੈਕ ਦੇ ਸਾਬਕਾ ਚੇਅਰਮੈਨ ਅਤੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਐੱਸ.ਐੱਮ.ਐੱਸ. ਸੰਧੂ ਨੇ ਡੇਰਾਬੱਸੀ ਵਿਧਾਨ ਸਭਾ ਹਲਕੇ ਦੇ ਪਿੰਡ ਜੋਲਾ ਕਲਾ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਪਿੰਡ ਵਾਸੀਆਂ ਨਾਲ ਸਿੱਧਾ ਸੰਵਾਦ ਕੀਤਾ



ਅਤੇ ਹਲਕੇ ਦੀਆਂ ਸਿਆਸੀ ਤੇ ਪ੍ਰਸ਼ਾਸਨਿਕ ਗਤੀਵਿਧੀਆਂ ਤੇ ਚਰਚਾ ਕੀਤੀ। ਉਨ੍ਹਾਂ ਦੇ ਇਸ ਦੌਰੇ ਨੂੰ 2027 ਵਿੱਚ ਹੋਣ ਵਾਲੇ ਵਿਧਾਨ ਸਭਾ ਚੋਣਾਂ ਨਾਲ ਜੋੜ ਕੇ ਵੀ ਦੇਖਿਆ ਜਾ ਰਿਹਾ ਹੈ।ਇਸ ਮੌਕੇ ਤੇ ਸੰਧੂ ਨੇ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ 'ਤੇ ਤਿੱਖਾ ਹਮਲਾ ਕਰਦੇ ਹੋਏ ਇਸ ਨੂੰ ਕਿਸਾਨਾਂ ਦੇ ਹੱਕਾਂ ਦੇ ਖਿਲਾਫ ਦੱਸਿਆ। ਸੰਧੂ ਨੇ ਇਹ ਵੀ ਕਿਹਾ ਕਿ ਪੰਜਾਬ ਖੇਤੀ ਪ੍ਰਧਾਨ ਰਾਜ ਹੈ ਅਤੇ ਇੱਥੇ ਇਸ ਪੱਧਰ ਦੇ ਅਰਬਨਾਈਜੇਸ਼ਨ ਦੀ ਲੋੜ ਨਹੀਂ ਹੈ। ਉਨ੍ਹਾਂ ਨੇ ਸਰਕਾਰ ਦੀ ਨੀਤੀ ਨੂੰ ਕਿਸਾਨ ਵਿਰੋਧੀ ਦੱਸਦਿਆਂ ਕਿਹਾ ਕਿ ਭਾਜਪਾ ਇਸ ਯੋਜਨਾ ਦਾ ਪੂਰਾ ਵਿਰੋਧ ਕਰੇਗੀ। ਇਸ ਮੌਕੇ ਸਾਬਕਾ ਸਰਪੰਚ ਸਤੀਸ਼ ਕੁਮਾਰ ਟੋਨੀ, ਲਾਭ ਸਿੰਘ ਜੋਲਾ, ਮਿਥਵਿ ਲਾਲੜੂ, ਦੀਪ ਚੰਦ ਬਤਰਾਣਾ, ਰਿੰਕੂ ਮਲਿਕਪੁਰ, ਨਸੀਬ ਸਿੰਘ ਫੌਜੀ, ਪੰਡਿਤ ਜੀ ਆਦਿ ਹਾਜ਼ਰ ਸਨ।

# ਮਸਤਾਨ ਗਰੇਵਾਲ ਨੇ ਸਕੂਲ ਨੂੰ 51 ਹਜ਼ਾਰ ਦਾ ਚੈੱਕ ਭੇਟ ਕੀਤਾ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਆਸ਼ਾਦੀਪ ਵੈਲਫੇਅਰ ਸੋਸਾਇਟੀ ਦੀ ਕਾਰਜਕਾਰੀ ਕਮੇਟੀ ਦੇ ਮੈਂਬਰ ਮਸਤਾਨ ਸਿੰਘ ਗਰੇਵਾਲ ਨੇ ਜੇ.ਐਸ.ਐਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾਂ ਵਿਖੇ ਸਪੈਸ਼ਲ ਬੱਚਿਆਂ ਨਾਲ ਆਪਣਾ ਜਨਮ ਦਿਨ ਮਨਾਇਆ। ਸਕੂਲ ਪਹੁੰਚਣ 'ਤੇ ਸਕੂਲ ਦੇ ਵਿਦਿਆਰਥੀਆਂ ਨੇ ਮਸਤਾਨ ਸਿੰਘ ਗਰੇਵਾਲ ਦਾ ਸਵਾਗਤ ਇਕ ਗ੍ਰੀਟਿੰਗ ਕਾਰਡ ਅਤੇ ਬੂਟਾ ਦੇ ਕੇ ਕੀਤਾ। ਇਸ ਮੌਕੇ ਸੁਸਾਇਟੀ ਦੇ ਮੁਖੀ ਹਰਬੰਸ ਸਿੰਘ ਨੇ ਵੀ ਮਸਤਾਨ ਸਿੰਘ ਗਰੇਵਾਲ ਨੂੰ ਵਧਾਈ ਦਿੱਤੀ ਅਤੇ ਦੱਸਿਆ ਕਿ ਸਕੂਲ ਦੀ ਇਮਾਰਤ ਦੀ ਉਸਾਰੀ ਉਨ੍ਹਾਂ ਦੀ ਨਿਗਰਾਨੀ ਹੇਠ ਪੂਰੀ ਹੋਈ ਹੈ ਅਤੇ ਉਹ ਸਕੂਲ ਦੀ ਤਕਨੀਕੀ ਕਮੇਟੀ ਦੇ ਚੇਅਰਮੈਨ ਵੀ ਹਨ। ਇਸ ਮੌਕੇ ਮਸਤਾਨ ਸਿੰਘ ਗਰੇਵਾਲ ਨੇ ਸਕੂਲ ਨੂੰ 51 ਹਜ਼ਾਰ ਰੁਪਏ ਦਾ ਚੈੱਕ ਭੇਟ ਕੀਤਾ ਅਤੇ ਸਕੂਲ ਦੇ ਵਿਦਿਆਰਥੀਆਂ, ਕਮੇਟੀ ਮੈਂਬਰਾਂ, ਸਟਾਫ਼ ਅਤੇ ਡਿਪਲੋਮਾ ਵਿਦਿਆਰਥੀਆਂ ਲਈ ਲੰਗਰ ਦਾ ਪ੍ਰਬੰਧ ਵੀ ਕੀਤਾ। ਇਸ ਮੌਕੇ ਸਕੱਤਰ ਕਰਨਲ ਗੁਰਮੀਤ ਸਿੰਘ, ਰਾਮ ਆਸਰਾ, ਮਲਕੀਤ ਸਿੰਘ ਮਹੇੜੂ, ਹਰੀਸ਼ ਠਾਕੁਰ, ਹਰਮੇਸ਼ ਤਲਵਾੜ, ਕੋਰਸ ਕੋਆਰਡੀਨੇਟਰ ਬਰਿੰਦਰ ਕੁਮਾਰ, ਵਾਈਸ ਪ੍ਰਿੰਸੀਪਲ ਇੰਦੂ ਬਾਲਾ, ਪ੍ਰਿੰਸੀਪਲ ਸ਼ੈਲੀ ਸ਼ਰਮਾ ਵੀ ਮੌਜੂਦ ਸਨ।

# ਗੁਰਾਇਆ ਜ਼ੋਨ ਨੰਬਰ 9 ਦੋ ਦੇ ਲੜਕੀਆਂ ਦੇ ਮੁਕਾਬਲੇ ਸੰਪਨ

ਗੁਰਾਇਆ (ਬਿੰਦਰ ਸੁੰਮਨ) ਗੁਰਾਇਆ ਜ਼ੋਨ 9 ਸਿੱਖਿਆ ਬਲਾਕ ਦੋ ਦੇ ਲੜਕੀਆਂ ਦੇ ਮੁਕਾਬਲੇ ਸ੍ਰੀ ਦਸਮੇਸ਼ ਕਾਨਵੈਂਟ ਸਕੂਲ ਅੱਟੀ 'ਚ ਸੰਪਨ ਹੋ ਗਏ। ਇਨ੍ਹਾਂ ਮੁਕਾਬਲਿਆਂ ਦਾ ਉਦਘਾਟਨ ਬਲਾਕ ਪ੍ਰਧਾਨ ਪ੍ਰਿੰਸੀਪਲ ਸਤਵਿੰਦਰਪਾਲ ਸਿੰਘ, ਮੇਜ਼ਬਾਨ ਸਕੂਲ ਐਮ.ਡੀ ਸੁਖਦੀਪ ਸਿੰਘ, ਸਕੱਤਰ ਬਲਦੇਵ ਸਿੰਘ ਨੇ ਸਾਂਝੇ ਤੌਰ 'ਤੇ ਰੀਬਨ ਕੱਟ ਕੇ ਕੀਤਾ। ਕਰਵਾਏ ਗਏ ਮੁਕਾਬਲਿਆਂ 'ਚ ਕਬੱਡੀ ਨੈਸ਼ਨਲ ਸਟਾਇਲ 14 ਸਾਲ ਵਰਗ 'ਚ ਫਾਈਵ ਐੱਚ ਪੰਜਾਬ ਅਕੈਡਮੀ ਬੜਾ ਪਿੰਡ ਪਹਿਲੇ, ਜੇ.ਐੱਸ.ਐੱਫ.ਐੱਚ. ਖਾਲਸਾ ਸਕੂਲ ਅੱਟਾ ਦੂਜੇ ਅਤੇ ਸਰਕਾਰੀ ਹਾਈ ਸਕੂਲ ਢੰਡਵਾਲ ਤੀਸਰੇ ਸਥਾਨ 'ਤੇ ਰਹੇ। ਕਬੱਡੀ 17 ਸਾਲ ਵਰਗ 'ਚ ਸ.ਸ.ਸ.ਸ. ਸਕੂਲ ਗੜ੍ਹੀ ਮਹਾਂ ਸਿੰਘ ਪਹਿਲੇ ਜਦਕਿ ਸਰਕਾਰੀ ਹਾਈ ਸਕੂਲ ਢੰਡਵਾਲ ਦੂਸਰੇ ਸਥਾਨ 'ਤੇ ਰਹੇ । ਨੈਸ਼ਨਲ ਸਟਾਇਲ 19 ਸਾਲ ਵਰਗ 'ਚ ਸ.ਸ.ਸ.ਸ. ਸਕੂਲ ਗੜ੍ਹੀ ਮਹਾਂ ਸਿੰਘ ਪਹਿਲੇ ਅਤੇ ਖਾਲਸਾ ਸਕੂਲ ਅੱਟਾ ਦੂਸਰੇ ਸਥਾਨ 'ਤੇ ਰਹੇ। ਰੱਸਾਕਸ਼ੀ ਦੇ ਮੁਕਾਬਲਿਆਂ 'ਚ 14 ਅਤੇ 17 ਸਾਲ ਵਰਗ 'ਚ ਸ੍ਰੀ ਦਸਮੇਸ਼ ਕਾਨਵੈਂਟ ਹਾਈ ਸਕੂਲ ਅੱਟੀ ਪਹਿਲੇ ਸਥਾਨ 'ਤੇ ਫਾਈਵ ਐੱਚ ਅਕੈਡਮੀ ਦੂਸਰੇ ਸਥਾਨ 'ਤੇ ਅਤੇ ਸ.ਸ.ਸ.ਸ. ਗੁਰਾਇਆ ਦੀਆਂ ਟੀਮਾਂ ਤੀਸਰੇ ਸਥਾਨ 'ਤੇ ਰਹੀਆਂ। 19 ਸਾਲ ਵਰਗ 'ਚ ਸ.ਸ.ਸ.ਸ. ਕੰਨਿਆ ਬੜਾ ਪਿੰਡ ਪਹਿਲੇ ਅਤੇ ਖਾਲਸਾ ਸਕੂਲ ਅੱਟਾ ਦੂਸਰੇ ਸਥਾਨ 'ਤੇ ਰਹੇ। ਖੋ-ਖੋ 14 ਸਾਲ ਵਰਗ 'ਚ ਸਰਕਾਰੀ ਹਾਈ ਸਕੂਲ ਅੱਪਰਾ ਪਹਿਲੇ, ਪੰਜਾਬ ਅਕੈਡਮੀ ਕਾਨਵੈਂਟ ਹਾਈ ਸਕੂਲ ਬੜਾ ਪਿੰਡ ਦੂਸਰੇ ਅਤੇ ਖਾਲਸਾ ਸਕੂਲ ਅੱਟਾ ਤੀਸਰੇ ਸਥਾਨ 'ਤੇ ਰਹੇ। 17 ਸਾਲ ਵਰਗ 'ਚ ਸ.ਸ.ਸ.ਸ ਵਿਰਕ ਪਹਿਲੇ ਸਥਾਨ 'ਤੇ ਜਦਕਿ ਸਰਕਾਰੀ ਹਾਈ ਸਕੂਲ ਪੱਦੀ ਜਾਗੀਰ ਦੂਸਰੇ ਸਥਾਨ 'ਤੇ ਅਤੇ ਫਾਈਵ ਐੱਚ ਅਕੈਡਮੀ ਤੀਸਰੇ ਸਥਾਨ 'ਤੇ ਰਹੇ । ਖੋ-ਖੋ 19 ਵਰਗ 'ਚ ਜੇ.ਐੱਸ.ਐੱਫ.ਐੱਚ ਖਾਲਸਾ ਸਕੂਲ ਅੱਟਾ ਪਹਿਲੇ ਅਤੇ ਸ.ਸ.ਸ.ਸ. ਚੱਕ ਦੇਸ ਰਾਜ ਦੂਸਰੇ



ਸਥਾਨ 'ਤੇ ਰਹੇ। ਕਬੱਡੀ ਸਰਕਲ ਸਟਾਇਲ 'ਚ 14 ਸਾਲ ਵਰਗ 'ਚ ਸ.ਸ.ਸ.ਸ ਚੱਕ ਦੇਸ ਰਾਜ ਪਹਿਲੇ ਜਦਕਿ ਪੰਜਾਬ ਅਕੈਡਮੀ ਕਾਨਵੈਂਟ ਹਾਈ ਸਕੂਲ ਦੂਸਰੇ ਸਥਾਨ 'ਤੇ ਰਹੇ। ਇਸ ਖੇਡ ਦੇ 17 ਸਾਲ ਵਰਗ 'ਚ ਪੰਜਾਬ ਅਕੈਡਮੀ ਕਾਨਵੈਂਟ ਹਾਈ ਸਕੂਲ ਬੜਾ ਪਿੰਡ ਪਹਿਲੇ ਅਤੇ ਸ.ਸ.ਸ.ਸ ਚੱਕ ਦੇਸ ਰਾਜ ਦੂਸਰੇ ਸਥਾਨ 'ਤੇ ਰਹੇ। ਵਾਲੀਬਾਲ ਦੇ ਮੁਕਾਬਲਿਆਂ 'ਚ 14, 17 ਅਤੇ 19 ਸਾਲ ਵਰਗ 'ਚ ਸ.ਸ.ਸ.ਸ ਮਨਸੂਰਪੁਰ ਪਹਿਲੇ ਜਦਕਿ 14 ਸਾਲ ਵਰਗ 'ਚ ਮੇਜ਼ਵਾਨ ਸਕੂਲ ਦੂਸਰੇ, 17 ਸਾਲ ਵਰਗ 'ਚ ਸ.ਸ.ਸ.ਸ ਵਿਰਕ ਦੂਸਰੇ ਅਤੇ 19 ਸਾਲ ਵਰਗ 'ਚ ਖਾਲਸਾ ਸਕੂਲ ਅੱਟਾ ਦੂਸਰੇ ਸਥਾਨ 'ਤੇ ਰਹੇ। ਹੈਂਡਬਾਲ ਦੇ ਮੁਕਾਬਲਿਆਂ 'ਚ ਸਰਕਾਰੀ ਕੰਨਿਆ ਸ.ਸ.ਸ. ਦੁਸਾਂਝ ਕਲਾਂ ਦੀ ਟੀਮ 14 ਅਤੇ 17 ਸਾਲ ਵਰਗ 'ਚ ਪਹਿਲੇ ਸਥਾਨ 'ਤੇ ਜਦਕਿ 14 ਸਾਲ ਵਰਗ 'ਚ ਸ.ਸ.ਸ.ਸ. ਚੱਕ ਦੇਸ ਰਾਜ ਦੂਸਰੇ ਸਥਾਨ ਤੇ ਅਤੇ 17 ਸਾਲ ਵਰਗ 'ਚ ਮੇਜ਼ਬਾਨ ਸਕੂਲ ਦੀ ਟੀਮ ਦੂਸਰੇ ਸਥਾਨ 'ਤੇ ਰਹੀ। ਬੈਡਮਿੰਟਨ 14 ਸਾਲ ਵਰਗ 'ਚ ਸਰਕਾਰੀ ਹਾਈ ਸਕੂਲ ਅੱਪਰਾ, ਖਾਲਸਾ ਸਕੂਲ ਅੱਟਾ ਦੂਸਰੇ ਸਥਾਨ ਅਤੇ ਸਰਕਾਰੀ ਹਾਈ ਸਕੂਲ ਢੰਡਵਾਲ ਤੀਸਰੇ ਸਥਾਨ 'ਤੇ ਰਹੇ। ਬੈਡਮਿੰਟਨ 17 ਸਾਲ ਵਰਗ 'ਚ ਜੇ.ਐੱਸ.ਐੱਫ.ਐੱਚ. ਖਾਲਸਾ ਸਕੂਲ ਅੱਟਾ ਪਹਿਲੇ, ਸ.ਸ.ਸ.ਸ. ਮਨਸੂਰਪੁਰ ਦੂਸਰੇ ਅਤੇ ਸਰਕਾਰੀ ਹਾਈ ਸਕੂਲ ਢੰਡਵਾਲ ਤੀਸਰੇ ਸਥਾਨ 'ਤੇ ਰਹੇ। 19 ਸਾਲ 'ਚ ਖਾਲਸਾ ਸਕੂਲ ਅੱਟਾ ਪਹਿਲੇ ਅਤੇ ਸ.ਸ.ਸ.ਸ. ਮਨਸੂਰਪੁਰ ਦੂਸਰੇ ਸਥਾਨ 'ਤੇ ਰਹੇ। ਇਸ ਮੌਕੇ ਪ੍ਰਿੰਸੀਪਲ ਸੁਭਾਸ਼ ਚੰਦਰ, ਸੁਰਿੰਦਰਪਾਲ, ਪ੍ਰਿੰਸੀਪਲ ਬਲਜਿੰਦਰ ਕੁਮਾਰ, ਵਾਈਸ ਪ੍ਰਿੰਸੀਪਲ ਸੰਦੀਪ ਕੌਰ, ਦਲਜੀਤ ਕੌਰ, ਪਰਮਿੰਦਰ ਕੌਰ, ਡੀ.ਪੀ.ਈ ਗੁਰਬਖ਼ਸ਼ ਕੌਰ, ਸੋਮ ਨਾਥ, ਸਕੱਤਰ ਬਲਦੇਵ ਸਿੰਘ, ਬਲਜੀਤ ਕੌਰ, ਕਮਲਜੀਤ ਕੌਰ, ਹਸਨ ਖਾਨ, ਸੀਤਾ ਰਾਣੀ, ਕੁਲਵਿੰਦਰ ਕੌਰ, ਗੁਰਮੀਤ ਕੌਰ, ਰੇਨੁਕਾ, ਨਵਦੀਪ ਕੌਰ, ਅਖਿਲ ਸ਼ਰਮਾ, ਬਲਵਿੰਦਰ ਕੁਮਾਰ, ਸੁਖਵਿੰਦਰ ਸਿੰਘ ਖਾਲਸਾ, ਰਵਿੰਦਰਜੀਤ ਕੌਰ, ਰਵੀ ਕੁਮਾਰ, ਅਖਿਲ ਸ਼ਰਮਾ, ਹਰਜੀਤ ਸਿੰਘ, ਸ਼ਰਨਜੀਤ ਸਿੰਘ, ਸੁਖਵਿੰਦਰ ਸਿੰਘ, ਤਰਸੇਮ ਲਾਲ, ਅਸ਼ੋਕ ਕੁਮਾਰ ਅਤੇ ਵੱਖ-ਵੱਖ ਸਕੂਲਾਂ ਦੇ ਖੇਡ ਖਿਡਾਰੀ ਹਾਜ਼ਰ ਸਨ।

# ਲੈਂਡ ਪੂਲਿੰਗ ਪਾਲਿਸੀ ਪੰਜਾਬ ਦੀ ਵਿਰਾਸਤ 'ਤੇ ਸਿੱਧਾ ਹਮਲਾ : ਵਡਾਲਾ

ਮਹਿਤਪੁਰ (ਰਾਜਾ)- ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀਆਂ ਜ਼ਮੀਨਾਂ ਦੇ ਸੰਬੰਧ ਵਿੱਚ ਲਿਆਂਦੀ ਜਾ ਰਹੀ ਲੈਂਡ ਪੂਲਿੰਗ ਪਾਲਿਸੀ ਨੇ ਇਹ ਸਪਸ਼ਟ ਕਰ ਦਿੱਤਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਦੀਆਂ ਭਾਵਨਾਵਾਂ ਦੀ ਕੋਈ ਪ੍ਰਵਾਹ ਨਹੀਂ ਕਰਦੀ। ਸਰਕਾਰ ਨੇ ਪਿੰਡਾਂ ਵਿੱਚ ਰਹਿੰਦੇ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਆਪਣੇ ਸਿਆਸੀ ਹਿੱਤਾਂ ਅਤੇ ਲਾਲਚ ਦੀ ਪੂਰਤੀ ਵਾਸਤੇ ਮਾਲੀਆ ਸਮਝ ਰੱਖਿਆ ਹੈ।



ਜੱਥੇਦਾਰ ਵਡਾਲਾ ਨੇ ਆਖਿਆ ਕਿ ਪੰਜਾਬ ਦੀ ਉਪਜਾਊ ਅਤੇ ਜ਼ਰਖ਼ੇਜ਼ ਜਮੀਨ ਉੱਪਰ ਖੇਤੀ ਕਰਕੇ ਪੰਜਾਬ ਦੇ ਕਿਸਾਨਾਂ ਨੇ ਦੇਸ਼ ਦੀ ਤਰੱਕੀ ਵਿੱਚ ਵੱਡਾ ਯੋਗਦਾਨ ਪਾਇਆ ਅਤੇ ਦੇਸ਼ ਨੂੰ ਅੰਨ ਦਾ ਉਤਪਾਦਨ ਕਰਕੇ ਆਤਮ ਨਿਰਭਰ ਵੀ ਕੀਤਾ। ਕਿਸਾਨੀ ਦਾ ਧੰਦਾ ਕਿਸਾਨ ਪਰਿਵਾਰਾਂ ਲਈ ਰੋਜ਼ੀ ਰੋਟੀ ਦਾ ਬਹੁਤ ਵੱਡਾ ਸਾਧਨ ਵੀ ਬਣਿਆ ਅਤੇ ਇਸ ਨਾਲ ਸਵੈ ਰੁਜ਼ਗਾਰ ਵੀ ਪ੍ਰਾਪਤ ਹੋ ਸਕਿਆ। ਕਿਸਾਨ ਅੰਦੋਲਨ ਤੋਂ ਬਾਅਦ ਖੇਤੀਬਾੜੀ ਦੇ ਖੇਤਰ ਵਿੱਚ ਅਜੇ ਵੀ ਕਈ ਤਰ੍ਹਾਂ ਦੀਆਂ ਚੁਣੌਤੀਆਂ ਬਣੀਆਂ ਹੋਈਆਂ ਹਨ। ਪੰਜਾਬ ਸਰਕਾਰ ਹਜ਼ਾਰਾਂ ਹੀ ਕਿਸਾਨ ਪਰਿਵਾਰਾਂ ਨੂੰ ਉਜਾੜਨ ਦੇ ਰਾਹ ਤੁਰ ਪਈ। ਇਸ ਫੈਂਸਲੇ ਨਾਲ ਪਿੰਡਾਂ 'ਚ ਰਹਿਣ ਵਾਲੇ ਕਿਸਾਨ ਪਰਿਵਾਰਾਂ ਅਤੇ ਮਿਹਨਤੀ ਮਜ਼ਦੂਰ ਪਰਿਵਾਰਾਂ ਦੀ ਹੋਂਦ ਨੂੰ ਖਤਰਾ ਬਣ ਗਿਆ ਹੈ। ਪੰਜਾਬ ਦੀ ਉਪਜਾਊ ਜ਼ਮੀਨ ਨੂੰ ਮਾਲੀਆ ਇਕੱਠਾ ਕਰਨ ਦਾ ਇੱਕ ਸਰੋਤ ਬਣਾ ਕੇ ਤੇ, ਖੇਤੀ ਹੇਠ ਜ਼ਮੀਨ ਨੂੰ ਘਟਾ ਕੇ ਫਸਲਾਂ ਦੀ ਪੈਦਾਵਾਰ ਤੇ ਸਿੱਧਾ ਅਸਰ ਪਾਉਣਾ,ਪੰਜਾਬ ਸਰਕਾਰ ਦੀ ਲੋਕ ਮਾਰੂ ਤੇ ਕਿਸਾਨ ਉਜਾੜੂ ਨੀਤੀ ਦਾ ਪਰਦਾਫਾਸ਼ ਕਰਦੀ ਹੈ।। ਪੰਜਾਬ ਸਰਕਾਰ ਨੂੰ ਅਗਰ ਮਾਲੀਏ ਦੀ ਲੋੜ ਹੈ ਤੇ ਉਹਨਾਂ ਨੂੰ ਕਿਸਾਨਾਂ ਦੀ ਉਪਜਾਊ ਜ਼ਮੀਨ ਨੂੰ ਬਿਨਾਂ ਲੋੜ ਉਜਾੜਨਾ ਨਹੀਂ ਚਾਹੀਦਾ ਅਤੇ ਇਸ ਮਾਲੀਏ ਨੂੰ ਜਤਾਉਣ ਵਾਸਤੇ ਹੋਰ ਸਾਧਨ ਲੱਭਣੇ ਚਾਹੀਦੇ ਹਨ।

# ਜਦੋਂ ਡੁਲ੍ਹਦਾ ਖ਼ੂਨ ਸ਼ਹੀਦਾਂ ਦਾ ਤਕਦੀਰ ਬਦਲਦੀ ਕੌਮਾਂ ਦੀ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) 13 ਅਪ੍ਰੈਲ 1919 ਨੂੰ ਜਲ੍ਹਿਆਂਵਾਲਾ ਬਾਗ ਵਿੱਚ ਹਜ਼ਾਰਾਂ ਨਿਹੱਥੇ, ਬੇਕਸੂਰ ਅਤੇ ਦੇਸ਼ ਭਗਤ ਲੋਕਾਂ 'ਤੇ ਗੋਲੀ ਚਲਾਉਣ ਦਾ ਹੁਕਮ




ਦੇਣ ਵਾਲੇ ਮਾਈਕਲ ਓ'ਡਵਾਇਰ ਨੂੰ ਲੰਦਨ ਦੇ ਕੈਕਸਟਨ ਹਾਲ ਵਿੱਚ ਭਰੀ ਸਭਾ ਵਿੱਚ ਹਿੱਕ ਵਿੱਚ ਗੋਲੀ ਮਾਰਨ ਵਾਲੇ ਮਹਾਨ ਸੂਰਮੇ ਊਧਮ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਵਾਤਾਵਰਣ ਸੰਭਾਲ ਸੁਸਾਇਟੀ ਵੱਲੋਂ ਉਨ੍ਹਾਂ ਦੀ ਯਾਦ ਵਿੱਚ ਬੂਟੇ ਲਗਾ ਕੇ ਸ਼ਰਧਾਂਜਲੀ ਦਿੱਤੀ ਗਈ। ਸੁਸਾਇਟੀ ਦੇ ਪ੍ਰਧਾਨ ਜਸਵੰਤ ਸਿੰਘ ਭੱਟੀ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਉਰਫ਼ ਰਾਮ ਮੁਹੰਮਦ ਸਿੰਘ ਆਜ਼ਾਦ ਨੇ ਜਲਿਆਂਵਾਲਾ ਬਾਗ ਦੇ ਸਾਕੇ ਦਾ ਬਦਲਾ 21 ਸਾਲ ਬਾਅਦ 13 ਮਾਰਚ 1940 ਨੂੰ ਲਿਆ। ਉਨ੍ਹਾਂ ਵੱਲੋਂ ਆਪਣੀ ਗ੍ਰਿਫ਼ਤਾਰੀ ਦੇਣ ਤੋਂ ਬਾਅਦ ਅੰਗਰੇਜ਼ ਸਰਕਾਰ ਨੇ ਮੁਕੱਦਮਾ ਚਲਾ ਕੇ 31 ਜੁਲਾਈ 1940 ਨੂੰ ਲੰਡਨ ਦੀ ਪੈਂਟਨਵਿਲੇ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ। ਉਨ੍ਹਾਂ ਦੇ ਆਖ਼ਰੀ ਸ਼ਬਦ ਸਨ: ਮੈਂ ਭਾਰਤ ਦੀ ਆਜ਼ਾਦੀ ਲਈ ਕੁਰਬਾਨੀ ਦਿੰਦਾ ਹਾਂ। ਉਹਨਾਂ ਦੀ ਕੁਰਬਾਨੀ ਦੇਸ਼ ਦੀ ਆਜ਼ਾਦੀ ਲਈ ਬਹੁਤ ਲਾਸਾਨੀ ਹੈ। ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ। ਦੇਸ਼ਵਾਸੀਆਂ ਨੂੰ ਉਨ੍ਹਾਂ ਦੀ ਬਹਾਦਰੀ ਅਤੇ ਸ਼ਹਾਦਤ ਦੇ ਕਿੱਸੇ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਦੱਸਣੇ ਚਾਹੀਦੇ ਹਨ ਤਾਂ ਜੋ ਉਨ੍ਹਾਂ ਵਿੱਚ ਦੇਸ਼ ਭਗਤੀ ਅਤੇ ਸ਼ਹੀਦਾਂ ਪ੍ਰਤੀ ਸ਼ਰਧਾ ਦੀ ਭਾਵਨਾ ਪੈਦਾ ਹੋਵੇ। ਸੁਸਾਇਟੀ ਮੈਂਬਰਾਂ ਵੱਲੋਂ ਸਲੋਹ ਰੋਡ ਸੂਏ ਦੇ ਕੰਢੇ ਸਥਿਤ ਮਿਉਂਸਪਲ ਪਾਰਕ ਵਿਖੇ ਵੱਖ-ਵੱਖ ਕਿਸਮਾਂ ਦੇ 11 ਬੂਟੇ ਲਗਾਏ ਗਏ। ਇਸ ਨੇਕ ਕਾਰਜ ਨੂੰ ਪੂਰਾ ਕਰਨ ਲਈ ਸੁਸਾਇਟੀ ਦੇ ਪ੍ਰਧਾਨ ਜਸਵੰਤ ਸਿੰਘ ਭੱਟੀ, ਕੁਲਦੀਪ ਕੁਮਾਰ, ਅਰੁਣ ਬਾਲੀ, ਪਰਮਜੀਤ ਕਰੜਾ,ਸਤਪਾਲ ਸ਼ਰਮਾਂ, ਸੁਰਿੰਦਰ ਪਾਲ, ਰੇਸ਼ਮ ਸਿੰਘ ਅਤੇ ਧਰਮਪਾਲ ਬਾਲੀ ਹਾਜ਼ਰ ਸਨ।

# ਆਦਮਵਾਲ ਨੇੜੇ ਸਾਵਣ ਮਹੀਨੇ 'ਚ ਮਾਤਾ ਚਿੰਤਪੂਰਨੀ ਮੇਲੇ ਦੌਰਾਨ 50ਵਾਂ ਭੰਡਾਰਾ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਸਾਵਣ ਮਹੀਨੇ ਦੇ ਪਵਿੱਤਰ ਅਵਸਰ 'ਤੇ ਜੈ ਮਾਤਾ ਛਿੰਨਮਸਤਿਕਾ ਪ੍ਰਚਾਰ ਮੰਡਲੀ ਵੱਲੋਂ ਆਦਮਵਾਲ ਨੇੜੇ ਮਾਤਾ ਚਿੰਤਪੂਰਨੀ ਦੇ ਮੇਲੇ ਵਿਚ



50ਵਾਂ ਭੰਡਾਰਾ ਵੱਡੇ ਸ਼ਰਧਾ ਭਾਵ ਨਾਲ ਆਯੋਜਿਤ ਕੀਤਾ ਗਿਆ। ਇਹ ਭੰਡਾਰਾ ਭਗਤੀ, ਸੇਵਾ ਅਤੇ ਸਮਰਪਣ ਦੀ ਮਿਸਾਲ ਬਣਿਆ। ਭੰਡਾਰੇ ਵਿੱਚ ਮਾਤਾ ਦੇ ਕਈ ਭਗਤਾਂ ਨੇ ਹਿੱਸਾ ਲਿਆ ਅਤੇ ਪ੍ਰਸਾਦ ਸ਼ਰਧਾ ਨਾਲ ਛਕਿਆ। ਇਸ ਮੌਕੇ ਮੰਡਲੀ ਦੇ ਸਰਗਰਮ ਮੈਂਬਰ ਰਾਜਨ ਅਰੋੜਾ, ਕੇਵਲ ਕ੍ਰਿਸ਼ਨ ਬਾਵਾ, ਸੀਤਾਰਾਮ, ਅਮਿਤ ਕੋਛੜ, ਅਜੈ ਕੁਮਾਰ, ਰਾਕੇਸ਼ ਕੁਮਾਰ ਅਤੇ ਰਿੰਕੂ ਬੰਸਲ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਸਾਰਿਆਂ ਨੇ ਮਿਲ ਕੇ ਭੰਡਾਰੇ ਦੀ ਵਿਵਸਥਾ ਸਾਂਭੀ ਅਤੇ ਭਗਤਾਂ ਦੀ ਖੁਸ਼ੀ-ਖੁਸ਼ੀ ਸੇਵਾ ਕੀਤੀ। ਜੈ ਮਾਤਾ ਛਿੰਨਮਸਤਿਕਾ ਪ੍ਰਚਾਰ ਮੰਡਲੀ ਪਿਛਲੇ ਕਈ ਸਾਲਾਂ ਤੋਂ ਧਾਰਮਿਕ ਤੇ ਸੇਵਾਵੀ ਕੰਮਾਂ ਵਿੱਚ ਸਿਰਮੌਰ ਰਹੀ ਹੈ। ਇਹ 50ਵਾਂ ਭੰਡਾਰਾ ਉਨ੍ਹਾਂ ਦੇ ਲਗਾਤਾਰ ਯਤਨਾਂ ਦਾ ਨਤੀਜਾ ਹੈ, ਜੋ ਨੌਜਵਾਨ ਪੀੜ੍ਹੀ ਲਈ ਪ੍ਰੇਰਣਾ ਬਣੇਗਾ।

# ਮਾਰਕਿਟ ਕਮੇਟੀਆਂ ਦੇ ਚੇਅਰਮੈਨਾਂ ਨੇ ਬਰਸਟ ਨਾਲ ਕੀਤੀ ਮੁਲਾਕਾਤ

ਮੋਹਾਲੀ (ਗੁਰਜੀਤ ਬਿੱਲਾ)- ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨਾਲ ਸੂਬੇ ਦੀਆਂ ਵੱਖ-ਵੱਖ ਮਾਰਕਿਟ ਕਮੇਟੀਆਂ ਦੇ ਚੇਅਰਮੈਨਾਂ ਵੱਲੋਂ ਮੰਡੀ ਬੋਰਡ ਦੇ ਮੁੱਖ ਦਫ਼ਤਰ



ਵਿਖੇ ਮੁਲਾਕਾਤ ਕੀਤੀ ਗਈ। ਇਸ ਦੌਰਾਨ ਮਾਰਕਿਟ ਕਮੇਟੀਆਂ ਦੇ ਚੇਅਰਮੈਨਾਂ ਵੱਲੋਂ ਕਮੇਟੀਆਂ ਦੇ ਮੁੱਦਿਆਂ ਅਤੇ ਸਮੱਸਿਆਵਾਂ ਤੋਂ ਬਰਸਟ ਨੂੰ ਜਾਣੂ ਕਰਵਾਇਆ ਗਿਆ, ਜਿਨ੍ਹਾਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ। ਚੇਅਰਮੈਨ, ਮੰਡੀ ਬੋਰਡ ਨੇ ਸਾਰੇ ਮੁੱਦਿਆਂ ਨੂੰ ਧਿਆਨ ਨਾਲ ਸੁਣਿਆ ਅਤੇ ਭਰੋਸਾ ਦਿਵਾਇਆ ਕਿ ਇਨ੍ਹਾਂ 'ਤੇ ਜਲਦ ਹੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਕਿਹਾ ਕਿ ਮੰਡੀ ਬੋਰਡ, ਮਾਰਕਿਟ ਕਮੇਟੀਆਂ ਦੇ ਸੁਚਾਰੂ ਢੰਗ ਨਾਲ ਕੰਮਕਾਜ ਅਤੇ ਕਿਸਾਨ ਭਾਈਚਾਰੇ ਦੇ ਹਿੱਤਾ ਦੀ ਰਾਖੀ ਲਈ ਵਚਨਬੱਧ ਹੈ। ਮੰਡੀਆਂ ਵਿੱਚ ਕਿਸਾਨਾਂ, ਆੜ੍ਹਤੀਆਂ, ਮਜ਼ਦੂਰਾਂ ਨੂੰ ਕਿਸੇ ਕਿਸਮ ਦੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮਾਰਕੀਟ ਕਮੇਟੀਆਂ ਦੇ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ ਅਤੇ ਮੁਲਾਜਮਾਂ ਨੂੰ ਕਿਸੇ ਕਿਸਮ ਦੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਅਮਨਦੀਪ ਸਿੰਘ ਪੰਡੋਰੀ ਚੇਅਰਮੈਨ ਮਾਰਕਿਟ ਕਮੇਟੀ ਕੋਟ ਈਸੇ ਖਾਂ, ਗੁਰਤਾਰ ਸਿੰਘ ਕਮਾਲਕੇ ਚੇਅਰਮੈਨ ਮਾਰਕਿਟ ਕਮੇਟੀ ਧਰਮਕੋਟ, ਸੁਖਬੀਰ ਸਿੰਘ ਮੰਦਰ ਚੇਅਰਮੈਨ ਮਾਰਕਿਟ ਕਮੇਟੀ ਫਤਿਹਗੜ੍ਹ ਪੰਜਤੂਰ, ਐਡਵੋਕੇਟ ਗੁਰਪ੍ਰੀਤ ਕੰਬੋਜ ਪ੍ਰਧਾਨ ਨਗਰ ਪੰਚਾਇਤ ਫਤਿਹਗੜ੍ਹ ਪੰਜਤੂਰ, ਜਸਵੰਤ ਰਾਉਵਾਲ ਸਰਪੰਚ ਰਾਉਵਾਲ ਮੌਜੂਦ ਰਹੇ।

# ਖੇਡ ਮੁਕਾਬਲਿਆਂ 'ਚ ਉਧੋਵਾਲ ਦੀਆਂ ਖਿਡਾਰਨਾਂ ਦਾ ਪ੍ਰਦਰਸ਼ਨ ਰਿਹਾ ਸ਼ਾਨਦਾਰ

ਮਹਿਤਪੁਰ (ਰਾਜਾ)- ਪੀ ਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੰਨਿਆ ਮਹਿਤਪੁਰ ਵਿਖੇ ਸੰਪੰਨ ਹੋਏ ਜੋਨ ਨੰਬਰ 12, ਨਕੋਦਰ ਦੇ ਖੇਡ ਮੁਕਾਬਲਿਆਂ ਵਿੱਚ ਉਧੋਵਾਲ ਸਕੂਲ ਦੀਆਂ ਖਿਡਾਰਨਾਂ ਦਾ ਪ੍ਰਦਰਸ਼ਨ ਵਧੀਆ ਰਿਹਾ। ਸਕੂਲ ਦੀਆਂ ਬੈਡਮਿੰਟਨ ਦੀਆਂ ਟੀਮਾਂ ਨੇ ਇਹਨਾਂ



ਮੁਕਾਬਲਿਆਂ ਦੌਰਾਨ ਆਪਣੀ ਵਧੀਆ ਖੇਡ ਦਾ ਪ੍ਰਦਰਸ਼ਨ ਕੀਤਾ । ਸਕੂਲ ਦੀਆਂ ਦੋ ਟੀਮਾਂ ਉਮਰ ਵਰਗ 14 ਸਾਲ ਤੋਂ ਘੱਟ ਅਤੇ ਉਮਰ ਵਰਗ 17 ਸਾਲ ਤੋਂ ਘੱਟ ਵਿੱਚ ਵੱਖ-ਵੱਖ ਟੀਮਾਂ ਦਰਮਿਆਨ ਹੋਏ ਮੁਕਾਬਲਿਆਂ ਦੌਰਾਨ ਦੂਸਰੇ ਸਥਾਨ ਤੇ ਰਹੀਆਂ । ਸਕੂਲ ਦੀ ਖਿਡਾਰਨ ਮਨਪ੍ਰੀਤ ਕੌਰ ਨੇ ਆਪਣੀ ਵਧੀਆ ਖੇਡ ਨਾਲ ਸਾਰੇ ਦਰਸ਼ਕਾਂ ਦੀ ਵਾਹ ਵਾਹ ਲੁੱਟੀ ਅਤੇ ਜੋਨ ਦੀ ਤਰਫੋਂ ਜਿਲਾ ਪੱਧਰ ਤੇ ਖੇਡਣ ਲਈ ਆਪਣਾ ਸਥਾਨ ਪੱਕਾ ਕੀਤਾ।ਸਕੂਲ ਦੀ ਖਿਡਾਰਨ ਗੁਰ ਸਿਮਰਨ ਕੌਰ ਨੇ ਆਪਣੀ ਜੁਝਾਰੂ ਖੇਡ ਦਾ ਵਧੀਆ ਪ੍ਰਦਰਸ਼ਨ ਕੀਤਾ।ਸਕੂਲ ਮੁਖੀ ਅਮਰਜੀਤ ਨੇ ਵਿਦਿਆਰਥੀਆਂ ਦੀ ਇਸ ਸਫਲਤਾ ਲਈ ਜਿੱਥੇ ਖਿਡਾਰੀਆਂ ਵੱਲੋਂ ਕੀਤੀ ਸਖਤ ਮਿਹਨਤ ਅਤੇ ਉਹਨਾਂ ਨੂੰ ਗਾਈਡ ਕਰਨ ਵਾਲੇ ਅਧਿਆਪਕਾ ਸ੍ਰੀਮਤੀ ਹਨੀਸ਼ ਰਾਣੀ ਅੰਗਰੇਜ਼ੀ ਮਿਸਟਰੈਸ ਅਤੇ ਸ੍ਰੀਮਤੀ ਕਮਲਜੀਤ ਕੌਰ ਸਾਇੰਸ ਮਿਸਟਰੈਸ ਨੂੰ ਦਿੱਤਾਅਤੇ ਵਿਦਿਆਰਥੀਆਂ ਨੂੰ ਆਉਣ ਵਾਲੇ ਸਮੇਂ ਵਿੱਚ ਹੋਰ ਸਖਤ ਮਿਹਨਤ ਕਰਕੇ ਇਸ ਤੋਂ ਵੀ ਬਿਹਤਰ ਨਤੀਜੇ ਪ੍ਰਾਪਤ ਕਰਨ ਦੀ ਪ੍ਰੇਰਨਾ ਦਿੱਤੀ ।ਇਨਾ ਮੁਕਾਬਲਿਆਂ ਦੌਰਾਨ ਸ੍ਰੀ ਅਮਰਜੀਤ ਵੱਲੋਂ ਬਤੌਰ ਕਨਵੀਨਰ ਕਬੱਡੀ ਨੈਸ਼ਨਲ ਸਟਾਈਲ ਅਤੇ ਸਤਨਾਮ ਸਿੰਘ ਮੈਥ ਮਾਸਟਰ ਵੱਲੋਂ ਬਤੌਰ ਰੈਫਰੀ ਆਪਣੀ ਡਿਊਟੀ ਵਧੀਆ ਢੰਗ ਨਾਲ ਨਿਭਾਈ ਗਈ ।



# ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ : ਗੋਲਡੀ ਧੰਜੂ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)- ਸੁਲਤਾਨਪੁਰ ਲੋਧੀ ਸ਼ਹਿਰ ਦੇ ਸ਼ਹੀਦ ਸ੍ਰ. ਊਧਮ ਸਿੰਘ ਚੌਂਕ ਵਿਖੇ, ਦੇਸ਼ ਦੇ ਮਹਾਨ ਸ਼ਹੀਦ ਸ੍ਰ. ਊਧਮ ਸਿੰਘ ਜੀ ਦੇ 85ਵੇਂ ਸ਼ਹੀਦੀ ਦਿਵਸ ਮੌਕੇ ਸੁਲਤਾਨਪੁਰ ਲੋਧੀ ਵਿਖੇ ਕਾਂਗਰਸ ਪਾਰਟੀ ਦੇ ਯੂਥ ਆਗੂ ਦੀ ਅਗਵਾਈ ਹੇਠ ਕਾਂਗਰਸੀ ਆਗੂਆਂ ਅਤੇ ਵਰਕਰਾਂ ਵਲੋਂ ਸ੍ਰ. ਊਧਮ ਸਿੰਘ ਦੇ ਬੁਤ ਨੂੰ ਹਾਰ ਪਾ ਕੇ ਸ਼ਰਧਾਂਜਲੀ ਭੇਂਟ ਕੀਤੀ। ਇਸ ਉਪਰੰਤ ਗੋਲਡੀ ਧੰਜੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਸਾਰੇ ਸ਼ਹੀਦ-ਏ-ਆਜ਼ਮ, ਸ ਊਧਮ ਸਿੰਘ ਜੀ ਦੀ ਜੰਗ-ਏ-ਅਜ਼ਾਦੀ ਲਈ ਦਿੱਤੀ ਕੁਰਬਾਨੀ ਅਤੇ ਦੇਸ਼ ਦੇ ਸਵੈਮਾਣ ਨੂੰ ਬਹਾਲ ਕਰਨ ਲਈ ਕੀਤੇ ਸੰਘਰਸ਼ ਨੂੰ ਕੋਟਿ ਕੋਟਿ ਪ੍ਰਣਾਮ ਕਰਦੇ ਹਾਂ। ਸ਼ਹੀਦ ਕੌਮ ਦਾ ਅਨਮੋਲ ਸਰਮਾਇਆ ਅਤੇ ਮਾਰਗਦਰਸ਼ੀ ਹੁੰਦੇ ਹਨ। ਇਸ ਮੌਕੇ ਕੁਲਦੀਪ ਸਿੰਘ ਡਿਪਟੀ, ਜਗਜੀਤ ਸੋਨੂੰ, ਤਰਲੋਚਨ ਸਿੰਘ, ਕੁਲਦੀਪ ਸਿੰਘ, ਪਵਨਦੀਪ ਸਿੰਘ ਅਤੇ ਸੋਨੂੰ ਅਟਵਾਲ ਆਦਿ ਯੂਥ ਆਗੂ ਹਾਜ਼ਰ ਸਨ।

# ਲੈਂਡ ਪੂਲਿੰਗ ਪਾਲਸੀ ਖਿਲਾਫ ਸੰਯੁਕਤ ਕਿਸਾਨ ਮੋਰਚੇ ਵੱਲੋਂ ਟਰੈਕਟਰ ਮਾਰਚ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)- ਲੈਂਡ ਪੂਲਿੰਗ ਪਾਲਸੀ ਖਿਲਾਫ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਵੱਖ-ਵੱਖ ਕਿਸਾਨ, ਮਜ਼ਦੂਰ, ਜਥੇਬੰਦੀਆਂ ਵੱਲੋਂ ਸੁਲਤਾਨਪੁਰ ਲੋਧੀ ਵਿਖੇ ਵਿਸ਼ਾਲ ਰੋਸ ਟਰੈਕਟਰ ਮਾਰਚ ਕੱਢਿਆ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਇਲਾਕੇ ਭਰ ਤੋਂ ਪੀੜਤ ਕਿਸਾਨ ਅਤੇ ਇਲਾਕੇ ਦੇ ਹੋਰ ਕਿਸਾਨ ਵਿਸ਼ੇਸ਼ ਤੌਰ ਤੇ ਟਰੈਕਟਰਾਂ ਸਮੇਤ ਸ਼ਾਮਿਲ ਹੋਏ। ਰੋਸ ਮਾਰਚ ਤੇ ਟਰੈਕਟਰ ਮਾਰਚ ਅੱਲਾਦਾਦ ਚੱਕ ਤੋਂ ਆਰੰਭ ਹੋ ਕੇ ਪੁੱਡਾ ਕਲੋਨੀ, ਮਾਛੀ ਜੋਆ, ਗੁਰਦੁਆਰਾ ਬੇਰ ਸਾਹਿਬ, ਲੋਹੀਆ ਚੁੰਗੀ,




ਰੂਰਲ ਬਸਤੀ ਸੁਲਤਾਨਪੁਰ ਲੋਧੀ, ਸ਼ਹੀਦ ਊਧਮ ਸਿੰਘ ਚੌਂਕ ਤੋਂ ਹੁੰਦਾ ਹੋਇਆ ਵਾਪਸ ਅੱਲਾਦਾਦ ਚੱਕ ਵਿਖੇ ਸੰਪਨ ਹੋਇਆ। ਟਰੈਕਟਰ ਮਾਰਚ ਦੀ ਆਰੰਭਤਾ ਤੋਂ ਪਹਿਲਾਂ ਵਿਸ਼ਾਲ ਰੋਸ ਰੈਲੀ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਸੰਯੁਕਤ ਕਿਸਾਨ ਮੋਰਚਾ ਅਤੇ ਹੋਰ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਤੇ ਪੀੜਤ ਕਿਸਾਨਾਂ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਕਿਸਾਨ ਆਪਣੀ ਇੱਕ ਇੰਚ ਵੀ ਜਮੀਨ ਇਸ ਲੈਂਡ ਪੂਲਿੰਗ ਪਾਲਸੀ ਵਿੱਚ ਨਹੀਂ ਦੇਣਗੇ ਅਤੇ ਸਰਕਾਰ ਇਸ ਸਕੀਮ ਨੂੰ ਵਾਪਸ ਲਵੇ। ਆਗੂਆਂ ਨੇ ਕਿਹਾ ਕਿ ਨੋਟੀਫਿਕੇਸ਼ਨ ਹੋਣ ਨਾਲ ਕਿਸਾਨ ਜ਼ਮੀਨਾਂ ਤੇ ਨਾ ਕੋਈ ਕਰਜ਼ਾ ,ਗਹਿਣੇ ,ਵੇਚ ਅਤੇ ਸੀ ਐਲ ਯੂ ਕਰਵਾ ਸਕਦਾ ਹੈ। ਕਿਸਾਨਾਂ ਨੂੰ ਸਿਰਫ 50 ਹਜ਼ਾਰ ਰੁਪਏ ਠੇਕਾ ਮਿਲਣਾ ਉਹ ਵੀ ਪਤਾ ਨਹੀਂ ਸਰਕਾਰ ਕਿਵੇਂ ਦੇਵੇਗੀ। ਟਰੈਕਟਰ ਮਾਰਚ ਤੋਂ ਪਹਿਲਾਂ ਰੋਸ ਰੈਲੀ ਨੂੰ ਸੰਬੋਧਨ ਕਰਨ ਵਾਲਿਆਂ ਵਿੱਚ ਐਡਵੋਕੇਟ ਰਜਿੰਦਰ ਸਿੰਘ ਰਾਣਾ ਸੰਯੁਕਤ ਕਿਸਾਨ ਮੋਰਚਾ, ਮੁਕੰਦ ਸਿੰਘ ਸੂਬਾਈ ਆਗੂ ਆਲ ਇੰਡੀਆ ਕਿਸਾਨ ਸਭਾ, ਧਰਮਿੰਦਰ ਸਿੰਘ ਭਾਰਤੀ ਕਿਸਾਨ ਯੂਨੀਅਨ ਡਕੌਂਦਾ, ਹਰਵੰਤ ਸਿੰਘ ਵੜੈਚ ਪ੍ਰਧਾਨ, ਮਾਸਟਰ ਚਰਨ ਸਿੰਘ ਸਰਪ੍ਰਸਤ ਆਲ ਇੰਡੀਆ ਕਿਸਾਨ ਸਭਾ, ਲਖਵਿੰਦਰ ਸਿੰਘ ਅਦਾਲਤ ਚੱਕ, ਸੁਖਦੇਵ ਸਿੰਘ ਜੱਜ, ਗੁਰਦਿਆਲ ਸਿੰਘ ਬੂਹ ਕਿਰਤੀ ਕਿਸਾਨ ਯੂਨੀਅਨ, ਬਲਦੇਵ ਸਿੰਘ ਪੰਜਾਬ ਕਿਸਾਨ ਸਭਾ, ਫ਼ਕੀਰ ਮੁਹੰਮਦ ਪੈਨਸ਼ਨਰਜ਼ ਯੂਨੀਅਨ, ਜਸਵਿੰਦਰ ਸਿੰਘ ਟਿੱਬਾ, ਸਰਵਨ ਸਿੰਘ ਕਰਮਜੀਤ ਪੁਰ, ਨਿਰਮਲ ਸਿੰਘ ਪੇਂਡੂ ਮਜ਼ਦੂਰ ਯੂਨੀਅਨ, ਬਲਦੇਵ ਸਿੰਘ ਮਿਸਤਰੀ ਮਜ਼ਦੂਰ ਯੂਨੀਅਨ, ਸੁਖਦੇਵ ਸਿੰਘ, ਗੁਰਦੇਵ ਸਿੰਘ ਲਵਲੀ, ਅਜੀਤ ਸਿੰਘ ਅੌਜਲਾ, ਸੂਰਤ ਸਿੰਘ ਸਾਬਕਾ ਸਰਪੰਚ ਅਮਰਕੋਟ ਆਦਿ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਗੁਰਤੇਜ ਸਿੰਘ ਵੜੈਚ ਮੋਠਾਂਵਾਲਾ, ਰਵਿੰਦਰ ਸਿੰਘ ਰਵੀ ਅਮਰਕੋਟ, ਸੁਖਦੇਵ ਸਿੰਘ, ਜਗਜੀਤ ਸਿੰਘ ਪੰਡੋਰੀ, ਬਲਵਿੰਦਰ ਸਿੰਘ ਬੱਗਾ ਸਾਬਕਾ ਸਰਪੰਚ, ਰੇਸ਼ਮ ਸਿੰਘ ਨੰਬਰਦਾਰ ਬਿਧੀਪੁਰ, ਜਗਜੀਤ ਸਿੰਘ ਬਿਧੀਪੁਰ, ਪਰਮਜੀਤ ਸਿੰਘ ਸਰਾਏ ਜੱਟਾਂ, ਜੱਗਾ ਸਿੰਘ ਸਾਬਕਾ ਸਰਪੰਚ ਫੌਜੀ ਕਲੋਨੀ, ਬਲਵਿੰਦਰ ਸਿੰਘ ਆਦਿ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਹਾਜ਼ਰ ਸਨ।

# ਐੱਲ ਪੀ ਯੂ ਦੇ ਵਿਦਿਆਰਥੀਆਂ ਨੇ ਰਾਸ਼ਟਰੀ ਐਮ ਐਸ ਐਮ ਈ ਇਨੋਵੇਸ਼ਨ ਗ੍ਰਾਂਟ ਜਿੱਤੀ

ਜਲੰਧਰ (ਸ਼ੈਲੀ ਐਲਬਰਟ) ਤਕਨਾਲੋਜੀ ਨਾਲ ਭਾਰਤ ਦੀਆਂ ਸਭ ਤੋਂ ਵੱਧ ਦਬਾਅ ਵਾਲੀਆਂ ਪੇਂਡੂ ਚੁਣੌਤੀਆਂ ਵਿੱਚੋਂ ਇੱਕ ਨੂੰ ਹੱਲ ਕਰਦੇ ਹੋਏ, ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐਲਪੀਯੂ) ਦੇ ਵਿਦਿਆਰਥੀਆਂ ਦੀ ਇੱਕ ਟੀਮ ਨੇ ਇੱਕ ਕਿਸਾਨ-ਕੇਂਦ੍ਰਿਤ ਮੋਬਾਈਲ ਐਪਲੀਕੇਸ਼ਨ ਕਿਸਾਨ ਕਨੈਕਟ ਵਿਕਸਤ ਕੀਤੀ ਹੈ, ਜਿਸਨੇ ਹੁਣ ਐਮਐਸਐਮਈ ਚੈਂਪੀਅਨਜ਼ ਇਨੋਵੇਸ਼ਨ ਸਕੀਮ ਦੇ ਤਹਿਤ ਇੱਕ ਪ੍ਰਮੁੱਖ ਰਾਸ਼ਟਰੀ ਮੁਕਾਬਲਾ, ਐਮਐਸਐਮਈ ਆਈਡੀਆ ਹੈਕਾਥੌਨ 4.0 ਵਿੱਚ ਚੋਟੀ ਦਾ ਸਨਮਾਨ ਪ੍ਰਾਪਤ ਕੀਤਾ ਹੈ।ਦੇਸ਼ ਭਰ ਦੇ ਨੌਜਵਾਨ ਉੱਦਮੀਆਂ ਦੁਆਰਾ ਪੇਸ਼ ਕੀਤੇ ਗਏ ਹਜ਼ਾਰਾਂ ਨਵੀਨਤਾਕਾਰੀ ਪ੍ਰਸਤਾਵਾਂ ਵਿੱਚੋਂ ਚੁਣੇ ਗਏ, ਕਿਸਾਨ ਕਨੈਕਟ ਨੂੰ ਬੀਜ ਫੰਡਿੰਗ, ਰਾਸ਼ਟਰੀ-ਪੱਧਰੀ ਸਲਾਹਕਾਰ ਅਤੇ ਇਨਕਿਊਬੇਸ਼ਨ ਸਹਾਇਤਾ ਦੇ ਨਾਲ ਐਮਐਸਐਮਈ ਇਨੋਵੇਸ਼ਨ ਗ੍ਰਾਂਟ ਨਾਲ ਸਨਮਾਨਿਤ ਕੀਤਾ ਗਿਆ।ਐਮਐਸਐਮਈ ਇਨੋਵੇਟਿਵ ਸਕੀਮ-ਇਨਕਿਊਬੇਸ਼ਨ ਕੰਪੋਨੈਂਟ ਦੇ ਤਹਿਤ ਲਾਂਚ ਕੀਤਾ ਗਿਆ।



ਹੈਕਾਥੌਨ ਦਾ ਉਦੇਸ਼ ਨੌਜਵਾਨਾਂ ਦੀ ਅਗਵਾਈ ਹੇਠ ਰਚਨਾਤਮਕਤਾ ਨੂੰ ਖੇਤੀਬਾੜੀ, ਨਿਰਮਾਣ ਅਤੇ ਸੇਵਾਵਾਂ ਵਰਗੇ ਖੇਤਰਾਂ ਵਿੱਚ ਅਸਲ-ਸੰਸਾਰ ਚੁਣੌਤੀਆਂ ਨੂੰ ਹੱਲ ਕਰਨ ਵਾਲੇ ਹੱਲਾਂ ਵਿੱਚ ਬਦਲਣਾ ਹੈ। ਕਿਸਾਨ ਕਨੈਕਟ ਵਿਕਾਸ ਭਾਰਤ 02047 ਅਤੇ ਆਤਮਨਿਰਭਰ ਭਾਰਤ ਦੇ ਵੱਡੇ ਮਿਸ਼ਨ ਨਾਲ ਜੁੜੇ ਸਭ ਤੋਂ ਵੱਧ ਵਾਅਦਾ ਕਰਨ ਵਾਲੇ ਪ੍ਰੋਜੈਕਟਾਂ ਵਿੱਚੋਂ ਇੱਕ ਵਜੋਂ ਉਭਰਿਆ।ਬ੍ਰਾਹਮਣ ਮਿਸ਼ਰਾ, ਵਸੁੰਧਰਾ ਕੁਮਾਰੀ, ਫੈਜ਼ ਅਹਿਮਦ, ਕੌਸ਼ਿਕ ਰਾਜ ਅਤੇ ਵੈਭਵ ਕੁਲਸ਼੍ਰੇਸ਼ਠ ਦੀ ਟੀਮ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਪਹਿਲ ਤਕਨੀਕੀ ਤਰੱਕੀ ਤੋਂ ਕਿਤੇ ਵੱਧ ਹੈ। ਸਾਡਾ ਟੀਚਾ ਪਹਿਲਾਂ ਪੇਂਡੂ ਕਿਸਾਨਾਂ ਨਾਲ ਜ਼ਮੀਨੀ ਪੱਧਰ 'ਤੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਸਮਝਣਾ ਹੈ ਅਤੇ ਫਿਰ ਹੌਲੀ-ਹੌਲੀ ਉਨ੍ਹਾਂ ਨੂੰ ਇੱਕ ਡਿਜੀਟਲ ਹੱਲ ਵੱਲ ਲੈ ਜਾਣਾ ਹੈ ।ਵਿਦਿਆਰਥੀਆਂ ਦੀ ਪ੍ਰਾਪਤੀ ਦੀ ਸ਼ਲਾਘਾ ਕਰਦੇ ਹੋਏ, ਡਾ. ਅਸ਼ੋਕ ਕੁਮਾਰ ਮਿੱਤਲ, ਐਮਪੀ (ਰਾਜ ਸਭਾ) ਅਤੇ ਐਲਪੀਯੂ ਦੇ ਫਾਉਂਡਰ ਚਾਂਸਲਰ ਨੇ ਕਿਹਾ, ਐਲਪੀਯੂ ਦਾ ਦ੍ਰਿੜ ਵਿਸ਼ਵਾਸ ਹੈ ਕਿ ਨਵੀਨਤਾ ਦਾ ਇੱਕ ਉਦੇਸ਼ ਹੋਣਾ ਚਾਹੀਦਾ ਹੈ ਜੋ ਸਮਾਜ ਦੀ ਜ਼ਰੂਰਤ ਨੂੰ ਪੂਰਾ ਕਰਦਾ ਹੈ ਅਤੇ ਇਸਨੂੰ ਅੱਗੇ ਵਧਣ ਵਿੱਚ ਮਦਦ ਕਰਦਾ ਹੈ।

# ਡੀ ਐੱਚ ਐੱਲ ਐਕਸਪ੍ਰੈੱਸ ਨੇ 'ਰਾਖੀ ਐਕਸਪ੍ਰੈਸ' ਮੁਹਿੰਮ ਅੰਤਰਰਾਸ਼ਟਰੀ ਸ਼ਿਪਮੈਂਟਾਂ 'ਤੇ ਛੋਟ ਦੀ ਪੇਸ਼ਕਸ਼ ਕੀਤੀ

ਜਲੰਧਰ (ਸੋਢੀ)- ਡੀ ਐੱਚ ਐੱਲ ਐਕਸਪ੍ਰੈਸ, ਅੰਤਰਰਾਸ਼ਟਰੀ ਐਕਸਪ੍ਰੈਸ ਲੌਜਿਸਟਿਕਸ ਵਿੱਚ ਵਿਸ਼ਵ ਦਾ ਆਗੂ, ਨੇ ਆਪਣੇ ਸਾਲਾਨਾ ਤਿਉਹਾਰਕ ਦਾਅਵੇ 'ਰਾਖੀ ਐਕਸਪ੍ਰੈੱਸ' ਦੀ ਸ਼ੁਰੂਆਤ ਕੀਤੀ ਹੈ । ਇਸ ਯੋਜਨਾ ਨੇ ਆਕਰਸ਼ਕ ਛੋਟ ਦੀ ਪੇਸ਼ਕਸ਼ ਕੀਤੀ ਹੈ, ਜਿਸ ਵਿੱਚ ਅੰਤਰਰਾਸ਼ਟਰੀ ਰਾਖੀ ਅਤੇ ਉਪਹਾਰਾਂ ਦੀ ਸ਼ਿਪਮੈਂਟ 'ਤੇ ਸਿੱਧੀ ਫੀਸ 3,099 ਰੁਪਏ ਤੋਂ ਸ਼ੁਰੂ ਹੁੰਦੀ ਹੈ। ਇਹ ਪੇਸ਼ਕਸ਼ ਡੀ ਐੱਚ ਐੱਲ ਦੇ 700 ਤੋਂ ਵੱਧ ਰਿਟੇਲ ਆਊਟਲੈਟਸ ਦੇ ਮਜ਼ਬੂਤ ਨੈੱਟਵਰਕ ਤੇ ਅਤੇ ਇਸ ਦੀ ਅਧਿਕਾਰਤ ਵੈੱਬਸਾਈਟ ਤੇ 9 ਅਗਸਤ 2025 ਤੱਕ ਵੈਧ ਹੈ। ਸਟੋਰ ਵਿੱਚ ਇਸ ਪੇਸ਼ਕਸ਼ ਦਾ ਲਾਭ ਲੈਣ ਲਈ ਗਾਹਕਾਂ ਨੂੰ ਸ਼ਿਪਮੈਂਟ ਬੁੱਕ ਕਰਦੇ ਸਮੇਂ ਪ੍ਰੋਮੋ ਕੋਡ ਰਾਖੀ ਗਿਫਟਸ ਦੀ ਵਰਤੋਂ ਕਰਨੀ ਹੈ। ਇਸ ਪਹਿਲ ਬਾਰੇ ਟਿੱਪਣੀ ਕਰਦਿਆਂ ਡੀ ਐੱਚ ਐੱਲ ਐਕਸਪ੍ਰੈਸ ਇੰਡੀਆ ਦੇ ਵਪਾਰਕ ਉਪ-ਪ੍ਰਧਾਨ ਸੰਦੀਪ ਜੁਨੇਜਾ ਨੇ ਕਿਹਾ, 'ਡੀ ਐੱਚ ਐੱਲ ਵਿੱਚ, ਵਪਾਰ ਅਤੇ ਲੋਕਾਂ ਨੂੰ ਜੋੜਨਾ ਹੀ ਉਹ ਕੰਮ ਹੈ ਜੋ ਅਸੀਂ ਸਭ ਤੋਂ ਵਧੀਆ ਕਰਦੇ ਹਾਂ।

## 9 ਮਹੀਨੇ ਬੀਤ ਜਾਣ 'ਤੇ ਵੀ ਰਾਸ਼ਨ ਨਹੀਂ ਦਿੱਤਾ ਗਿਆ : ਹਰਪਾਲ ਸੋਨੂੰ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਪ੍ਰਦੇਸ ਕਾਂਗਰਸ ਕਮੇਟੀ ਓ.ਬੀ.ਸੀ. ਵਿੰਗ ਦੇ ਵਾਈਸ ਚੇਅਰਮੈਨ ਅਤੇ ਸੰਗਰੂਰ ਤੋਂ ਮੁੱਖ ਬੁਲਾਰੇ ਹਰਪਾਲ ਸੋਨੂੰ ਨੇ ਪੰਜਾਬ ਸਰਕਾਰ 'ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 9 ਮਹੀਨੇ ਪਹਿਲਾਂ ਜਿਹੜੇ ਲੋਕਾਂ ਦੇ ਨਵੇਂ ਰਾਸ਼ਨ ਕਾਰਡ ਬਣਾਏ ਗਏ ਸੀ, ਉਹਨਾਂ ਨੂੰ ਅਜੇ ਤੱਕ ਵੀ ਰਾਸ਼ਨ ਨਹੀਂ ਦਿੱਤਾ ਜਾ ਰਿਹਾ। ਜਿਸ ਕਾਰਨ ਇਹ ਸਾਰੇ ਲੋੜਵੰਦ ਪਰਵਾਰ ਬਹੁਤ ਪ੍ਰੇਸਾਨ ਹਨ ਅਤੇ ਇਹਨਾਂ ਵਿੱਚ ਸਰਕਾਰ ਪ੍ਰਤੀ ਭਾਰੀ ਰੋਸ ਹੈ। ਸੋਨੂੰ ਨੇ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਅਗਰ ਤੁਸੀਂ ਗਰੀਬ ਲੋਕਾਂ ਨੂੰ ਅਨਾਜ ਦੇਣਾ ਹੀ ਨਹੀਂ ਤਾਂ ਫੇਰ ਇਹਨਾਂ ਦੇ ਰਾਸ਼ਨ ਕਾਰਡ ਬਣਾਉਣ ਦੇ ਡਰਾਮੇ ਕਿਉਂ ਕੀਤੇ ਗਏ। ਉਹਨਾਂ ਕਿਹਾ ਕਿ ਅਸਲ ਵਿੱਚ ਮੌਜੂਦਾ ਸਰਕਾਰ ਸਿਰਫ ਇਸ਼ਤਿਹਾਰੀ ਸਰਕਾਰ ਬਣ ਕੇ ਰਹਿ ਗਈ ਹੈ, ਸਰਕਾਰ ਨੂੰ ਲੋਕਾਂ ਦੇ ਦੁੱਖ ਤਕਲੀਫਾਂ ਨਾਲ ਕੋਈ ਸਰੋਕਾਰ ਨਹੀਂ, ਜਿਸ ਕਾਰਨ ਆਮ ਲੋਕਾਂ ਦਾ ਇਸ ਬਦਲਾਅ ਵਾਲੀ ਸਰਕਾਰ ਤੋਂ ਮੋਹ ਭੰਗ ਹੋ ਚੁੱਕਿਆ ਹੈ।

## ਅਸ਼ਨੂਰ ਤੇ ਪਰਵਿੰਦਰ ਨੂੰ ਸ਼ਤਰੰਜ ਤੇ ਫੁੱਟਬਾਲ ਮੁਕਾਬਲੇ ਲਈ ਚੁਣਿਆ



**ਚੀਮਾ ਮੰਡੀ (ਰਵਿੰਦਰ ਚੀਮਾ)**-ਕਲਗੀਧਰ ਟਰੱਸਟ ਬੜੂ ਸਾਹਿਬ ਅਧੀਨ ਚੱਲ ਰਹੀ ਅਕਾਲ ਅਕੈਡਮੀ, ਚੀਮਾ ਸਾਹਿਬ (ਅੰਗਰੇਜ਼ੀ ਮਾਧਿਅਮ) ਦੀ ਪ੍ਰਤਿਭਾਵਾਨ ਵਿਦਿਆਰਥਣ ਅਸ਼ਨੂਰ ਕੌਰ ਨੇ ਐਸ.ਯੂ.ਐਸ. ਸਤੌਜ ਵਿਖੇ ਆਯੋਜਿਤ ਇੰਟਰ-ਜ਼ੋਨ ਸ਼ਤਰੰਜ ਮੁਕਾਬਲੇ ਵਿੱਚ ਆਪਣੇ ਧੀਰਜ, ਚਤੁਰਾਈ ਅਤੇ ਰਣਨੀਤਕ ਸੋਚ ਨਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੁਕਾਬਲੇ ਵਿੱਚ ਇਲਾਕੇ ਦੇ ਵੱਖ-ਵੱਖ ਸਕੂਲਾਂ ਤੋਂ ਆਏ ਨੌਜਵਾਨ ਖਿਡਾਰੀਆਂ ਨੇ ਭਰਪੂਰ ਉਤਸ਼ਾਹ ਨਾਲ ਭਾਗ ਲਿਆ। ਅਸ਼ਨੂਰ ਨੇ ਆਪਣੇ ਤਿੱਖੇ ਚਲਾਕੀ ਭਰੇ ਖੇਡ ਰੂਪਾਂਤਰ, ਸੰਤੁਲਿਤ ਸੋਚ ਅਤੇ ਖੇਡ ਪ੍ਰਤੀ ਸਮਰਪਣ ਨਾਲ ਜੱਜਾਂ ਅਤੇ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ, ਜਿਸ ਕਾਰਨ ਉਨ੍ਹਾਂ ਦੀ ਚੋਣ ਜ਼ਿਲ੍ਹਾ ਪੱਧਰੀ ਮੁਕਾਬਲੇ ਲਈ ਕੀਤੀ ਗਈ। ਇਸ ਤੋਂ ਇਲਾਵਾ ਅਕਾਲ ਅਕੈਡਮੀ, ਚੀਮਾ ਸਾਹਿਬ ਦਾ ਵਿਦਿਆਰਥੀ ਪਰਵਿੰਦਰ ਸਿੰਘ ਨੂੰ ਇੰਟਰ-ਜ਼ੋਨ ਫੁੱਟਬਾਲ ਮੁਕਾਬਲੇ ਲਈ ਚੁਣਿਆ ਗਿਆ। ਪਰਵਿੰਦਰ ਸਿੰਘ ਨੇ ਆਪਣੀ ਬੇਮਿਸਾਲ ਖੇਡ ਕੌਸ਼ਲਤਾ ਨਾਲ ਇੰਟਰ-ਜ਼ੋਨ ਫੁੱਟਬਾਲ ਮੁਕਾਬਲੇ ਦੌਰਾਨ ਪ੍ਰਭਾਵਸ਼ਾਲੀ ਪ੍ਰਦਰਸ਼ਨ ਕਰਦੇ ਹੋਏ ਜ਼ਿਲ੍ਹਾ ਪੱਧਰ 'ਤੇ ਚੋਣ ਪ੍ਰਾਪਤ ਕੀਤੀ। ਇਹ ਮੁਕਾਬਲਾ ਗਵਰਨਮੈਂਟ ਸੀਨੀਅਰ ਸੈਕੰਡਰੀ ਸਕੂਲ ਜਖੇਪਾਲ ਵਿਖੇ ਆਯੋਜਿਤ ਕੀਤਾ ਗਿਆ ਸੀ, ਜਿਸ ਵਿੱਚ ਇਲਾਕੇ ਦੇ ਵੱਖ-ਵੱਖ ਸਕੂਲਾਂ ਤੋਂ ਆਏ ਨੌਜਵਾਨ ਖਿਡਾਰੀਆਂ ਨੇ ਭਾਗ ਲਿਆ। ਪਰਵਿੰਦਰ ਸਿੰਘ ਦੀ ਫੁਰਤੀ, ਸਹਿਯੋਗੀ ਭਾਵਨਾ ਅਤੇ ਖੇਡ ਪ੍ਰਤੀ ਸਮਰਪਣ ਨੇ ਸਾਰਿਆਂ ਦਾ ਮਨ ਮੋਹ ਲਿਆ ਅਤੇ ਉਨ੍ਹਾਂ ਨੂੰ ਜ਼ਿਲ੍ਹਾ ਪੱਧਰੀ ਟੀਮ ਵਿੱਚ ਸ਼ਾਮਲ ਹੋਣ ਯੋਗ ਬਣਾਇਆ। ਇਸ ਵਿੱਚ ਸਕੂਲ ਪ੍ਰਬੰਧਕਾਂ ਅਤੇ ਕੋਚਿੰਗ ਸਟਾਫ ਨੇ ਉਨ੍ਹਾਂ ਨੂੰ ਇਸ ਉਪਲਬਧੀ ਲਈ ਤਹਿ ਦਿਲੋਂ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਦੀ ਹੋਰ ਤਰੱਕੀ ਲਈ ਸ਼ੁੱਭਕਾਮਨਾਵਾਂ ਪ੍ਰਗਟਾਈਆਂ।ਇਸ ਸੰਬੰਧੀ ਅਕਾਲ ਅਕੈਡਮੀ ਚੀਮਾ ਸਾਹਿਬ (ਅੰਗਰੇਜ਼ੀ ਮਾਧਿਅਮ) ਪ੍ਰਿੰਸੀਪਲ ਨੀਨਾ ਸ਼ਰਮਾ ਨੇ ਅਕੈਡਮੀ ਪ੍ਰਬੰਧਕਾਂ, ਕੋਚ ਤੇ ਵਿਦਿਆਰਥੀਆਂ ਨੂੰ ਇਸ ਕਾਮਯਾਬੀ ਲਈ ਵਧਾਈਆਂ ਦਿੱਤੀਆਂ ਅਤੇ ਉਨ੍ਹਾਂ ਦੇ ਭਵਿੱਖ ਵਿਚ ਹੋਰ ਉੱਚੀਆਂ ਉਡਾਨਾਂ ਲਈ ਸ਼ੁੱਭਕਾਮਨਾਵਾਂ ਭੇਟ ਕੀਤੀਆਂ।

## ਵਿਦਿਆਰਥੀਆਂ ਨੂੰ ਡਿਪਲੋਮਾ ਕੋਰਸਾਂ 'ਚ ਦਾਖ਼ਲਾ ਲੈਣ ਲਈ ਕੀਤਾ ਪ੍ਰੇਰਿਤ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐੱਸ.ਪੀ.ਸੀ.ਐੱਲ) ਦੇ ਰਿਟਾਇਰਡ ਇੰਜੀਨੀਅਰ ਅਫ਼ਸਰਜ਼ ਵੈਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਮੋਗਾ ਦੀ ਮਹੀਨਾਵਾਰ ਮੀਟਿੰਗ ਵਿਚ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਸੇਵਾਮੁਕਤ ਪ੍ਰੋ. ਬਲਵਿੰਦਰ ਸਿੰਘ ਨੇ ਮੋਗਾ ਜ਼ਿਲ੍ਹੇ ਦੇ ਇੱਕੋ ਇੱਕ ਸਰਕਾਰੀ ਬਹੁਤਕਨੀਕੀ ਕਾਲਜ, ਗੁਰੂ ਤੇਗ ਬਹਾਦਰਗੜ੍ਹ ਵਿਚ ਚੱਲ ਰਹੇ ਵੱਖ ਵੱਖ ਇੰਜੀਨੀਅਰਿੰਗ ਡਿਪਲੋਮਾ ਕੋਰਸਾਂ ਸਿਵਲ, ਇਲੈਕਟ੍ਰੀਕਲ, ਮਕੈਨੀਕਲ, ਕੈਮੀਕਲ, ਇਲੈਕਟ੍ਰਾਨਿਕਸ ਐਂਡ ਕਮਿਊਨੀਕੇਸ਼ਨ ਅਤੇ ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਲਈ ਦਾਖਲੇ ਦੀ ਯੋਗਤਾ, ਕੋਰਸਾਂ ਦੇ ਅਰਸੇ, ਫੀਸ ਮੁਆਫ਼ੀ ਤੇ ਵਜ਼ੀਫ਼ਾ ਸਕੀਮਾਂ ਅਤੇ ਕੋਰਸਾਂ ਦੇ ਸਕੋਪ ਬਾਰੇ ਦੱਸਿਆ।ਇਸ ਮੀਟਿੰਗ ਵਿੱਚ ਵਧੇਰੇ ਕਰਕੇ ਇੰਜੀਨੀਅਰ ਇਸੇ ਪੌਲੀਟੈਕਨਿਕ ਕਾਲਜ ਤੋਂ ਇਲੈਕਟ੍ਰੀਕਲ ਇੰਜੀਨੀਅਰਿੰਗ ਦਾ ਡਿਪਲੋਮਾ ਕਰ ਕੇ ਐਸ.ਡੀ.ਓ, ਐਕਸੀਅਨ ਦੇ ਅਹੁਦਿਆਂ ਤੱਕ ਪਹੁੰਚਣ ਵਾਲੇ ਪੁਰਾਣੇ ਵਿਦਿਆਰਥੀ ਹਨ। ਇਸ ਮੌਕੇ ਕਾਲਜ ਵਿੱਚ ਚੱਲ ਰਹੇ ਕੋਰਸਾਂ ਦੀ ਜਾਣਕਾਰੀ ਦੇਣ ਵਾਲਾ ਪੈਂਫਲਿਟ ਵੀ ਜਾਰੀ ਕੀਤਾ ਗਿਆ। ਇਸ ਕਾਲਜ ਦੇ 1966-69 ਬੈਚ ਦੇ ਵਿਦਿਆਰਥੀ ਇੰਜੀਨੀਅਰ ਤਰਸੇਮ ਲਾਲ ਸ਼ਰਮਾ ਨੇ ਕਿਹਾ ਕਿ ਇਹ ਕਾਲਜ ਮਾਲਵਾ ਬੈਲਟ ਦੀ ਕਿਸਮਤ ਬਦਲਣ ਵਾਲਾ ਕਾਲਜ ਹੈ। ਇੰਜੀਨੀਅਰ ਸਵਰਨ ਸਿੰਘ ਖੋਸਾ ਨੇ ਕਿਹਾ ਕਿ ਤਕਨੀਕੀ ਸਿੱਖਿਆ ਸਮੇਂ ਦੀ ਲੋੜ ਹੈ ਅਤੇ ਡਿਪਲੋਮਾ ਕੋਰਸ ਰੁਜ਼ਗਾਰਮੁਖੀ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਡਿਪਲੋਮਾ ਕੋਰਸਾਂ ਵਿੱਚ ਦਾਖ਼ਲਾ ਲੈ ਕੇ ਹੁਨਰਮੰਦ ਬਣਨ ਲਈ ਪ੍ਰੇਰਿਆ। ਇਸ ਮੌਕੇ ਇੰਜੀਨੀਅਰ ਰਮੇਸ਼ ਸ਼ਰਮਾ, ਓ.ਪੀ ਰਾਏ, ਝਿਲਮਲ ਦਾਸ, ਬੀ ਐਸ ਸਮਰਾ, ਪਿਆਰਾ ਲਾਲ ਸ਼ਰਮਾ, ਵਿਜੇ ਕੁਮਾਰ ਧਵਨ, ਹਰਪ੍ਰੀਤ ਸਿੰਘ ਸੰਧੂ, ਬਖਸ਼ੀਸ਼ ਸਿੰਘ ਆਦਿ ਹਾਜ਼ਰ ਸਨ।

## ਕਿਸਾਨਾਂ ਨੂੰ ਧੱਕੇ ਨਾਲ ਆਪਣੀ ਜ਼ਮੀਨ ਦੇਣ ਲਈ ਮਜਬੂਰ ਕੀਤਾ ਜਾ ਰਿਹਾ : ਐਡਵੋਕੇਟ ਜੱਸ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪੰਜਾਬ ਸਰਕਾਰ ਵੱਲੋਂ ਲੈਂਡ ਪੂਲਿੰਗ ਪਾਲਿਸੀ ਤਹਿਤ ਲੁਧਿਆਣਾ ਤੇ ਜਗਰਾਉਂ ਏਰੀਏ ਦੇ ਪਿੰਡਾਂ ਦੀ ਤਕਰੀਬਨ 65000 ਏਕੜ ਜ਼ਮੀਨ ਪੰਜਾਬ ਸਰਕਾਰ ਵੱਲੋਂ ਇਕਵਾਇਰ ਕੀਤੀ ਜਾ ਰਹੀ ਹੈ ਤੇ ਕਿਸਾਨਾਂ ਨੂੰ ਧੱਕੇ ਨਾਲ ਆਪਣੀ ਜ਼ਮੀਨ ਦੇਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਰਾਮਪੁਰਾ ਫੂਲ ਦੇ ਸੀਨੀਅਰ ਕਾਂਗਰਸੀ ਆਗੂ ਤੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਜਸਵਿੰਦਰ ਸਿੰਘ ਜੱਸ ਨੇ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਕਿਸਾਨਾਂ ਦੇ ਨਾਲ ਖੜ੍ਹੀ ਹੈ ਤੇ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀ ਜ਼ਮੀਨ 'ਤੇ ਧੱਕੇ ਨਾਲ ਕਬਜ਼ਾ ਨਹੀਂ ਕਰਨ ਦਿੱਤਾ ਜਾਵੇਗਾ। ਜੇਕਰ ਕਿਸਾਨਾਂ ਕੋਲੋਂ ਉਨ੍ਹਾਂ ਦੀ ਜ਼ਮੀਨ ਹੀ ਖੋਹ ਲਈ ਗਈ ਤਾਂ ਕਿਸਾਨ ਆਰਥਿਕ ਤੌਰ 'ਤੇ ਬਿਲਕੁਲ ਬਰਬਾਦ ਹੋ ਜਾਣਗੇ। ਉਨ੍ਹਾਂ ਕਿਹਾ ਕਿ ਏਨੀ ਉਪਜਾਊ ਜ਼ਮੀਨ ਨੂੰ ਸਰਕਾਰ ਕੌਡੀਆਂ ਦੇ ਭਾਅ ਖਰੀਦ ਰਹੀ ਹੈ। ਜੱਸ ਬੱਜੋਆਣਾ ਨੇ ਕਿਹਾ ਕਿ ਕਾਂਗਰਸ ਪਾਰਟੀ ਇਹਨਾਂ ਕਿਸਾਨਾਂ ਨਾਲ ਡਟ ਕੇ ਖੜ੍ਹੀ ਹੈ ਤੇ ਹਰ ਸੰਘਰਸ਼ ਕਰਨ ਲਈ ਤਿਆਰ ਹੈ। ਪੰਜਾਬ ਸਰਕਾਰ ਨੂੰ ਕਿਸਾਨਾਂ ਦੀ ਇਕ ਇੰਚ ਜ਼ਮੀਨ 'ਤੇ ਵੀ ਕਬਜ਼ਾ ਨਹੀਂ ਕਰਨ ਦਿੱਤਾ ਜਾਵੇਗਾ।

## ਡਾ. ਤਪਿੰਦਰਜੋਤ ਨੇ ਸਿਵਲ ਸਰਜਨ ਵਜੋਂ ਸੰਭਾਲਿਆ ਚਾਰਜ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਡਾ. ਤਪਿੰਦਰਜੋਤ ਵੱਲੋਂ ਬਤੌਰ ਸਿਵਲ ਸਰਜਨ ਵਜੋਂ ਆਪਣਾ ਚਾਰਜ ਸੰਭਾਲ ਲਿਆ ਹੈ।ਇਸ ਤੋਂ ਪਹਿਲਾ ਡਾ. ਤਪਿੰਦਰਜੋਤ ਬਤੌਰ ਸੀਨੀਅਰ ਮੈਡੀਕਲ ਅਫ਼ਸਰ ਸਿਵਲ ਹਸਪਤਾਲ ਬਰਨਾਲਾ ਵਿਖੇ ਤਾਇਨਾਤ ਸਨ।ਡਾ. ਤਪਿੰਦਰਜੋਤ ਨੇ ਕਿਹਾ ਕਿ ਸਿਹਤ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸਾਰੀਆਂ ਸਿਹਤ ਸਹੂਲਤਾਂ, ਸੇਵਾਵਾਂ ਮੈਡੀਕਲ ਸਟਾਫ਼ ਤੇ ਪੈਰਾ ਮੈਡੀਕਲ ਸਟਾਫ ਦੇ ਸਹਿਯੋਗ ਨਾਲ ਗਰਾਸ ਰੂਟ ਲੈਵਲ ਤੱਕ ਪੁਚਾਈਆਂ ਜਾਣਗੀਆਂ।ਉਨ੍ਹਾਂ ਇਹ ਵੀ ਕਿਹਾ ਕਿ ਗਰਭਵਤੀ ਔਰਤਾਂ ਨੂੰ ਦਿੱਤੀਆਂ ਜਾਣ ਵਾਲੀਆਂ ਜੱਚਾ-ਬੱਚਾ ਸਿਹਤ ਸੇਵਾਵਾਂ ਨੂੰ ਹੋਰ ਉੱਚਾ ਚੁੱਕਣ ਦੇ ਯੋਗ ਉਪਰਾਲੇ ਕੀਤੇ ਜਾਣਗੇ।ਸਿਵਲ ਸਰਜਨ ਨੇ ਕਿਹਾ ਕਿ ਪੇਂਡੂ ਖੇਤਰ 'ਚ ਬਲਾਕ ਐਕਸਟੈਂਨਸ਼ਨ ਐਜੂਕੇਟਰ ਰਾਹੀਂ ਜਾਗਰੂਕਤਾ ਮੁਹਿੰਮ ਚਲਾ ਕੇ ਹਰ ਵਰਗ ਨੂੰ ਬਿਮਾਰੀਆਂ ਪ੍ਰਤੀ ਤੇ ਉਨ੍ਹਾਂ ਦੇ ਇਲਾਜ ਬਾਰੇ ਜਾਗਰੂਕ ਕੀਤਾ ਜਾਵੇਗਾ।ਇਸ ਦੌਰਾਨ ਉਨ੍ਹਾਂ ਆਯੁਸ਼ਮਾਨ ਅਰੋਗਿਆ ਕੇਂਦਰਾਂ ਵਿਖੇ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਸਬੰਧੀ ਆਮ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਲਈ ਅਧਿਕਾਰੀਆਂ ਨੂੰ ਲੋੜੀਂਦੇ ਆਦੇਸ਼ ਦਿੱਤੇ।ਇਸ ਦੌਰਾਨ ਉਨ੍ਹਾਂ ਸਮੂਹ ਅਧਿਕਾਰੀਆਂ ਤੇ ਕ੍ਰਮਚਾਰੀਆਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਉਹ ਆਪਣੀ ਡਿਊਟੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣ ਤੇ ਸਮੇਂ ਦੀ ਪਾਬੰਦਗੀ ਨੂੰ ਯਕੀਨੀ ਬਣਾਉਣ।

## 'ਮੈਨੂੰ ਮਾਣ ਹੈ ਅਕਾਲੀ ਹੋਣ ਦਾ' ਸਟਿੱਕਰ ਜਾਰੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਤੇ ਪੰਜਾਬੀਆਂ ਦੀ ਆਪਣੀ ਪੰਥਕ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਨਿਆਰੇ ਤੇ ਸ਼ਾਨਾਮੱਤੇ ਇਤਿਹਾਸ ਅਤੇ ਵਿਰਸੇ 'ਤੇ ਹਰ ਪੰਜਾਬੀ ਮਾਣ ਕਰਦਾ ਆਇਆ ਹੈ, ਕਰਦਾ ਹੈ ਤੇ ਹਮੇਸ਼ਾ ਕਰਦਾ ਰਹੇਗਾ, ਜਿਸ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 'ਮੈਨੂੰ ਮਾਣ ਹੈ ਅਕਾਲੀ ਹੋਣ ਦਾ' ਸਟਿੱਕਰ ਗੱਡੀ 'ਤੇ ਲਾ ਕੇ ਜਾਰੀ ਕੀਤਾ ਹੈ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਸ੍ਰੀ ਮੁਕਤਸਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਜਗਜੀਤ ਸਿੰਘ ਹਨੀ ਫੱਤਣਵਾਲਾ ਨੇ ਕੀਤਾ। ਹਨੀ ਫੱਤਣਵਾਲਾ ਨੇ ਕਿਹਾ ਕਿ ਹੁਣ ਸ੍ਰੀ ਮੁਕਤਸਰ ਸਾਹਿਬ ਹਲਕੇ 'ਚ ਪਿੰਡਾਂ ਤੇ ਸ਼ਹਿਰ ਦੇ ਲੋਕਾਂ ਵਿੱਚ ਆਪਣੀਆਂ ਗੱਡੀਆਂ 'ਤੇ 'ਸਾਨੂੰ ਮਾਣ ਅਕਾਲੀ ਹੋਣ ਦਾ' ਸਟਿੱਕਰ ਲਾਉਣ ਦੀ ਹੋੜ ਲੱਗੀ ਹੋਈ ਹੈ ਤੇ ਇਸ ਮੁਹਿੰਮ ਦੀ ਉਡੀਕ ਸ੍ਰੀ ਮੁਕਤਸਰ ਸਾਹਿਬ ਦੇ ਲੋਕ ਬੇਸਬਰੀ ਨਾਲ ਕਰ ਰਹੇ ਹਨ। ਇਸ ਮੌਕੇ ਹਨੀ ਫੱਤਣਵਾਲਾ ਨੇ ਕਿਹਾ ਕਿ ਮੌਜੂਦਾ ਸਰਕਾਰਾਂ ਤੋਂ ਮੁਲਾਜ਼ਮ, ਕਿਸਾਨ, ਮਜ਼ਦੂਰ, ਵਪਾਰੀ, ਦੁਕਾਨਦਾਰ ਤੇ ਹੋਰ ਵਰਗ ਦੇ ਲੋਕ ਪ੍ਰੇਸ਼ਾਨ ਹੋ ਚੁੱਕੇ ਹਨ ਤੇ ਸਿਆਸਤ ਦੇ ਬਾਬਾ ਬੋਹੜ ਸਵ: ਪ੍ਰਕਾਸ਼ ਸਿੰਘ ਬਾਦਲ ਦੇ ਕੀਤੇ ਕੰਮਾਂ ਨੂੰ ਯਾਦ ਕਰਦੇ ਹਨ ਤੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ 'ਚ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਉਤਾਵਲੇ ਹਨ।

## ਅਣਪਛਾਤੇ ਬਜ਼ੁਰਗ ਦੀ ਲਾਸ਼ ਮਿਲੀ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ,ਜਗਦੀਸ਼ ਰਾਏ)**-ਸਥਾਨਕ ਪੁਲਸ ਨੂੰ ਬੱਸ ਸਟੈਂਡ ਨੇੜੇ ਇੱਕ ਅਣਪਛਾਤੇ ਬਜ਼ੁਰਗ ਦੀ ਲਾਸ਼ ਮਿਲੀ ਹੈ। ਥਾਣਾ ਮੁਖੀ ਇੰਸਪੈਕਟਰ ਹਰਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਬੱਸ ਸਟੈਂਡ ਨੇੜੇ ਇੱਕ ਲਾਸ਼ ਪਈ ਹੈ। ਪੁਲਸ ਟੀਮ ਨੇ ਜਦੋਂ ਮੌਕੇ 'ਤੇ ਜਾ ਕੇ ਦੇਖਿਆ ਤਾਂ ਇੱਕ ਬਜ਼ੁਰਗ ਮ੍ਰਿਤਕ ਪਿਆ ਸੀ ਜਿਸ ਦੀ ਪਹਿਚਾਣ ਨਾ ਹੋ ਸਕੀ। ਉਸ ਦੇ ਪਰਨਾ ਬੰਨ੍ਹਿਆ ਹੋਇਆ ਸੀ ਅਤੇ ਗੁਲਾਬੀ ਰੰਗ ਦੀ ਕਮੀਜ਼ ਤੇ ਸਲੇਟੀ ਰੰਗ ਦੀ ਪੈਂਟ ਪਹਿਨੀ ਹੋਈ ਸੀ ਜੋ ਕਿ 55-60 ਸਾਲ ਦੀ ਉਮਰ ਦਾ ਲੱਗ ਰਿਹਾ ਸੀ। ਪੁਲਸ ਵਲੋਂ ਮ੍ਰਿਤਕ ਬਜ਼ੁਰਗ ਦੀ ਲਾਸ਼ ਨੂੰ ਸ਼ਨਾਖਤ ਲਈ ਸਮਰਾਲਾ ਮੋਰਚਰੀ ਵਿਚ ਰਖਵਾ ਦਿੱਤਾ ਗਿਆ ਹੈ।

# ਲੈਂਡ ਪੂਲਿੰਗ ਨੀਤੀ ਖਿਲਾਫ ਕਿਸਾਨ ਜਥੇਬੰਦੀਆਂ ਵੱਲੋਂ ਟਰੈਕਟਰ ਮਾਰਚ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ 'ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੁਆਰਾ ਕਿਸਾਨਾਂ ਦੀ ਜ਼ਮੀਨ ਹੜੱਪਣ ਲਈ ਲਿਆਂਦੀ ਲੈਂਡ ਪੂਲਿੰਗ ਨੀਤੀ ਰੱਦ ਕਰਾਉਣ ਲਈ ਮੋਰਚੇ ਵਿੱਚ ਸ਼ਾਮਲ ਜ਼ਿਲ੍ਹਾ ਬਠਿੰਡਾ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਪਿੰਡ ਜੋਧਪੁਰ ਰੁਮਾਣਾ ਤੋਂ ਲੈ ਕੇ ਨਰੂਆਣਾ ਤੇ ਪੱਤੀ ਝੁੱਟੀ ਕਾ ਬਠਿੰਡਾ ਵਿੱਚੋਂ ਦੀ ਹੋ ਕੇ ਡੀ ਸੀ ਦਫਤਰ ਬਠਿੰਡਾ ਤੱਕ ਟਰੈਕਟਰ ਮਾਰਚ ਕੀਤਾ ਗਿਆ।ਟਰੈਕਟਰ ਮਾਰਚ ਸ਼ੁਰੂ ਕਰਨ ਤੋਂ ਪਹਿਲਾਂ ਜੋਧਪੁਰ ਰੁਮਾਣਾ ਵਿਖੇ ਕਿਸਾਨਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਬੀਕੇਯੂ ਉਗਰਾਹਾਂ ਦੇ ਸੂਬਾ ਸਕੱਤਰ ਸ਼ਿੰਗਾਰਾ ਸਿੰਘ ਮਾਨ, ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਜਨਰਲ ਸਕੱਤਰ ਬਲਕਰਨ ਸਿੰਘ ਬਰਾੜ, ਬੀਕੇਯੂ ਡਕੌਂਦਾ (ਬੁਰਜ ਗਿੱਲ) ਦੇ ਸੂਬਾ ਮੀਤ ਪ੍ਰਧਾਨ ਬਲਦੇਵ ਸਿੰਘ ਭਾਈ ਰੂਪਾ, ਬੀਕੇਯੂ ਮਾਨਸਾ ਦੇ ਸੂਬਾ ਜਨਰਲ ਸਕੱਤਰ ਬੇਅੰਤ ਸਿੰਘ ਮਹਿਮਾ ਸਰਜਾ, ਬੀਕੇਯੂ ਡਕੌਂਦਾ (ਧਨੇਰ) ਦੇ ਜ਼ਿਲ੍ਹਾ ਪ੍ਰਧਾਨ ਹਰਵਿੰਦਰ ਸਿੰਘ ਕੋਟਲੀ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸਵਰਨ ਸਿੰਘ ਪੂਹਲੀ, ਬੀਕੇਯੂ ਲੱਖੋਵਾਲ ਦੇ ਸੂਬਾ ਸਕੱਤਰ ਸਰੂਪ ਸਿੰਘ ਸਿੱਧੂ, ਜਮਹੂਰੀ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਖਮੰਦਰ ਸਿੰਘ ਧਾਲੀਵਾਲ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਆਗੂ ਮੱਖਣ ਸਿੰਘ ਗੁਰੂਸਰ ਨੇ ਬੋਲਦਿਆਂ ਦੋਸ਼ ਲਾਇਆ ਕਿ ਪੰਜਾਬ ਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਆਪਣੇ ਆਕਾ ਕੇਜਰੀਵਾਲ ਜੁੰਡਲੀ ਦੇ ਇਸ਼ਾਰਿਆਂ 'ਤੇ ਚੱਲ ਕੇ ਪੰਜਾਬ ਵਿੱਚ ਲੈਂਡ ਪੂਲਿੰਗ ਨੀਤੀ ਲਾਗੂ ਕਰ ਰਿਹਾ ਹੈ, ਜਿਸ ਰਾਹੀਂ ਉਸ ਦਾ ਕੇਵਲ ਇੱਕੋ ਇੱਕ ਏਜੰਡਾ ਦਿੱਲੀ ਦੇ ਵੱਡੇ ਬਿਲਡਰਾਂ ਨੂੰ ਕਿਸਾਨਾਂ ਦੀ ਜ਼ਮੀਨ ਮੁਫ਼ਤ ਵਿੱਚ ਦੇ ਕੇ ਆਪਣੀ ਪਾਰਟੀ ਲਈ ਪੈਸਾ ਇਕੱਠਾ ਕਰਨਾ ਹੈ। ਇਸ ਪਾਲਿਸੀ ਰਾਹੀਂ ਜਿੱਥੇ ਉਹ ਕਿਸਾਨਾਂ ਦੀ ਜ਼ਮੀਨ ਨਾ ਕੇਵਲ ਮੁਫਤ ਵਿੱਚ ਹੜੱਪਣਾ ਚਾਹੁੰਦੇ ਹਨ, ਸਗੋਂ ਕਿਸਾਨਾਂ ਤੋਂ ਹੀ ਪੈਸਾ ਲੈ ਕੇ ਕਲੋਨੀਆਂ ਵਿਕਸਤ ਕਰਨ ਦੀ ਗੱਲ ਕਰ ਰਹੇ ਹਨ।ਭਗਵੰਤ ਮਾਨ ਝੂਠ ਮਾਰ ਕੇ ਕਿਸਾਨਾਂ ਨੂੰ ਸਬਜ਼ਬਾਗ ਵਿਖਾ ਰਿਹਾ ਹੈ, ਪ੍ਰੰਤੂ ਪੰਜਾਬ ਦੇ ਚੇਤਨ ਕਿਸਾਨ ਉਸ ਦੀਆਂ ਇਨ੍ਹਾਂ ਚਾਲਾਂ ਨੂੰ ਭਲੀ ਭਾਂਤ ਸਮਝ ਚੁੱਕੇ ਹਨ ਤੇ ਕਿਸਾਨਾਂ ਨੇ ਵੱਡੇ ਇਕੱਠ ਕਰਕੇ ਆਪੋ ਆਪਣੇ ਪਿੰਡਾਂ ਵਿੱਚ ਗ੍ਰਾਮ ਸਭਾ ਦੇ ਮਤੇ ਪੁਆ ਕੇ ਜ਼ਮੀਨ ਦੇਣ ਤੋਂ ਇਨਕਾਰ ਕਰ ਦਿੱਤਾ ਹੈ।ਕਿਸਾਨ ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਧੱਕੇ ਨਾਲ ਜ਼ਮੀਨ ਉੱਪਰ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਲੋਕ ਰੋਹ ਦਾ ਸਾਹਮਣਾ ਕਰਨਾ ਪਵੇਗਾ ਤੇ ਸਰਕਾਰ ਨੂੰ ਇਸ ਧੱਕੇਸ਼ਾਹੀ ਦੇ ਗੰਭੀਰ ਸਿੱਟੇ ਭੁਗਤਣੇ ਪੈਣਗੇ। ਇਸ ਟਰੈਕਟਰ ਮਾਰਚ ਵਿੱਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਵੀ ਸ਼ਾਮਲ ਹੋਏ।ਇਸ ਮੁਜ਼ਾਹਰੇ ਨੂੰ ਹੋਰਨਾਂ ਤੋਂ ਇਲਾਵਾ ਜਸਵੀਰ ਸਿੰਘ ਆਕਲੀਆ, ਰਾਜਮਹਿੰਦਰ ਸਿੰਘ ਕੋਟਭਾਰਾ, ਜਗਸੀਰ ਸਿੰਘ ਝੁੰਬਾ, ਬਲਵਿੰਦਰ ਸਿੰਘ ਗੰਗਾ, ਬਲਤੇਜ ਸਿੰਘ ਪੂਹਲੀ, ਸੁਖਵਿੰਦਰ ਸਿੰਘ ਮੁਹੱਲਾ ਝੁੱਟੀਕਾ, ਜਗਦੇਵ ਸਿੰਘ ਜੋਗੇਵਾਲਾ, ਦਰਸ਼ਨ ਸਿੰਘ ਫੂੱਲੋ ਮਿੱਠੀ, ਦਾਰਾ ਸਿੰਘ ਮਈਸਰਖਾਨਾ, ਕਰਮ ਸਿੰਘ ਭਾਈ ਰੂਪਾ ਜਗਸੀਰ ਸਿੰਘ ਨਰੂਆਣਾ, ਬੰਤਾ ਸਿੰਘ ਪਥਰਾਲਾ, ਸੁਰਜੀਤ ਸਿੰਘ ਤਲਵੰਡੀ ਤੇ ਬੀਕੇਯੂ ਸਿੱਧੂਪੁਰ ਦੇ ਆਗੂਆਂ ਨੇ ਸੰਬੋਧਨ ਕੀਤਾ।

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** : ਲੈਂਡ ਪੂਲਿੰਗ ਪਾਲਿਸੀ ਖਿਲਾਫ ਟਰੈਕਟਰ ਮਾਰਚ ਵਿੱਚ ਸ਼ਾਮਲ ਹੋਣ ਲਈ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਜਗਰਾਜ ਸਿੰਘ ਹਰਦਾਸਪੁਰਾ ਦੀ ਅਗਵਾਈ ਵਿੱਚ ਜਥਾ ਮਹਿਲ ਕਲਾਂ ਤੋਂ ਰਵਾਨਾ ਹੋਇਆ। ਇਸ ਸਮੇਂ ਨਾਨਕ ਸਿੰਘ ਅਮਲਾ ਸਿੰਘ ਵਾਲਾ, ਸਤਨਾਮ ਸਿੰਘ ਮੂੰਮ, ਭਿੰਦਰ ਸਿੰਘ ਮੂੰਮ, ਅਮਨਦੀਪ ਸਿੰਘ ਰਾਏਸਰ, ਸੱਤਪਾਲ ਸਿੰਘ ਸਹਿਜੜਾ ਜੱਗਾ ਸਿੰਘ ਮਹਿਲ ਕਲਾਂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਲੈਂਡ ਪੂਲਿੰਗ ਪਾਲਿਸੀ ਰਾਹੀਂ 65533 ਏਕੜ ਜ਼ਮੀਨ ਹਾਸਲ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ। ਆਗੂਆਂ ਕਿਹਾ ਕਿ ਇਹ ਲੈਂਡ ਪੂਲਿੰਗ ਪਾਲਿਸੀ ਪਿੰਡਾਂ ਦੇ ਲੋਕਾਂ ਦੀ ਰਜ਼ਾਮੰਦੀ ਹਾਸਲ ਕਰਨ ਤੋਂ ਬਿਨਾਂ ਹੀ ਕਾਰਪੋਰੇਟ ਘਰਾਣਿਆਂ ਨੂੰ ਅੰਨ੍ਹੇ ਮੁਨਾਫੇ ਬਖਸ਼ਣ ਲਈ ਲਿਆਂਦੀ ਗਈ ਹੈ। ਇਸ ਲਈ ਇਸ ਲੋਕ ਵਿਰੋਧੀ ਲੈਂਡ ਪੂਲਿੰਗ ਪਾਲਿਸੀ ਖਿਲਾਫ ਸਭ ਤਬਕਿਆਂ ਨੂੰ ਇੱਕਜੁੱਟ ਹੋਕੇ ਸਾਂਝਾ ਸੰਘਰਸ਼ ਉਸਾਰਨ ਵੱਲ ਅੱਗੇ ਵਧਣਾ ਚਾਹੀਦਾ ਹੈ। ਆਗੂਆਂ ਨੇ ਗਦਰੀ ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ ਨੂੰ ਸਮਰਪਤ 12 ਅਗਸਤ ਨੂੰ ਦਾਣਾ ਮੰਡੀ ਮਹਿਲ ਕਲਾਂ ਵਿਖੇ ਸ਼ਹੀਦ ਕਿਰਨਜੀਤ ਕੌਰ ਮਹਿਲ ਕਲਾਂ ਦੇ 28ਵੇਂ ਬਰਸੀ ਸਮਾਗਮ ਦੀਆਂ ਤਿਆਰੀਆਂ ਵਿੱਚ ਜੁਟ ਜਾਣ ਦੀ ਅਪੀਲ ਕੀਤੀ।

**ਮਾਨਸਾ (ਆਤਮਾ ਸਿੰਘ ਪਮਾਰ)** : ਸੰਯੁਕਤ ਮੋਰਚਾ ਜ਼ਿਲ੍ਹਾ ਮਾਨਸਾ ਦੀ ਅਗਵਾਈ ਹੇਠ ਪਿੰਡ ਠੂਠਿਆਂਵਾਲੀ ਦਾਣਾ ਮੰਡੀ 'ਚ ਕਿਸਾਨ ਆਪੋ ਆਪਣੇ ਟਰੈਕਟਰਾਂ ਸਮੇਤ ਵੱਡੀ ਗਿਣਤੀ 'ਚ ਇਕੱਤਰ ਹੋਏ। ਇਸ ਸਮੇਂ ਵੱਖ ਵੱਖ ਬੁਲਾਰਿਆਂ ਸਰਕਾਰ ਦੀ ਲੈਂਡ ਪੂਲਿੰਗ ਸਕੀਮ ਦੀ ਚੀਰਫਾੜ ਕਰਦਿਆਂ ਇਸ ਦੇ ਪੈਣ ਵਾਲੇ ਦੁਰਪ੍ਰਭਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ।ਸਰਕਾਰ ਦੀ ਇਸ ਕਿਸਾਨ, ਮਜ਼ਦੂਰ, ਦੁਕਾਨਦਾਰ ਅਤੇ ਲੋਕ ਵਿਰੋਧੀ ਨੀਤੀ ਦੀ ਸਖ਼ਤ ਨਿਖੇਧੀ ਕੀਤੀ ਗਈ ਅਤੇ ਇਸ ਨੂੰ ਤੁਰੰਤ ਵਾਪਸ ਲੈਣ ਦੀ ਸਰਕਾਰ ਤੋਂ ਮੰਗ ਵੀ ਕੀਤੀ ਗਈ। ਠੂਠਿਆਂਵਾਲੀ ਦੀ ਅਨਾਜ ਮੰਡੀ ਤੋਂ ਝੰਡਾ ਅਤੇ ਟਰੈਕਟਰ ਮਾਰਚ ਸ਼ੁਰੂ ਕੀਤਾ ਗਿਆ।ਇਹ ਝੰਡਾ ਤੇ ਵਹੀਕਲ ਮਾਰਚ ਕਿਸਾਨੀ ਵੱਲੋਂ ਪੰਜਾਬ ਸਰਕਾਰ ਦੀ ਬਦਨੀਤੀ ਖਿਲਾਫ਼ ਇੱਕ ਤਰ੍ਹਾਂ ਨਾਲ ਸੰਘਰਸ਼ੀ ਐਲਾਨ ਹੀ ਸੀ। ਇਸ ਸਮੇਂ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਰੁਲਦੂ ਸਿੰਘ ਮਾਨਸਾ, ਰਾਮ ਸਿੰਘ ਭੈਣੀਬਾਘਾ, ਨਿਰਮਲ ਸਿੰਘ ਝੰਡੂਕੇ, ਪਰਮਜੀਤ ਸਿੰਘ ਗਾਗੋਵਾਲ, ਭਜਨ ਸਿੰਘ ਘੁੰਮਣ, ਕ੍ਰਿਸ਼ਨ ਚੌਹਾਨ, ਡਾ.ਧੰਨਾ ਮੱਲ ਗੋਇਲ, ਅਮਰੀਕ ਸਿੰਘ ਫਫੜੇ ਅਤੇ ਨਰਿੰਦਰ ਕੌਰ ਬੁਰਜ ਹਮੀਰਾ ਨੇ ਸਾਂਝੇ ਤੌਰ 'ਤੇ ਕਿਹਾ ਕਿ ਲੈਂਡ ਪੂਲਿੰਗ ਨੀਤੀ ਵਿਕਾਸ ਦੇ ਨਾਂ 'ਤੇ ਕਿਸਾਨਾਂ ਮਜ਼ਦੂਰਾਂ ਅਤੇ ਆਮ ਲੋਕਾਂ ਦੇ ਵਿਨਾਸ਼ ਦਾ ਰਾਹ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਲੋਕਾਂ ਦੀ ਭਲਾਈ ਕਰਨ ਦੀ ਬਜਾਏ ਆਪਣੀ ਰਾਜਨੀਤਕ ਸ਼ਕਤੀ ਨੂੰ ਕਾਰਪੋਰੇਟ ਘਰਾਣਿਆਂ ਦੇ ਪੱਖ ਵਿੱਚ ਭੁਗਤਾ ਕੇ ਪ੍ਰਾਪਰਟੀ ਡੀਲਰ ਦੀ ਭੂਮਿਕਾ ਨਿਭਾਉਣ ਦਾ ਕੰਮ ਕਰ ਰਹੇ ਹਨ, ਜਿਸ ਨੂੰ ਪੰਜਾਬ ਦੀ ਜਨਤਾ ਤੇ ਕਿਸਾਨ ਹਰਗਿਜ਼ ਬਰਦਾਸਤ ਨਹੀਂ ਕਰਨਗੇ। ਇਹ ਟਰੈਕਟਰ ਮਾਰਚ ਠੂਠਿਆਂਵਾਲੀ ਤੋਂ ਮਾਨਸਾ ਕੈਂਚੀਆਂ ਤੇ ਮਾਨਸਾ ਸ਼ਹਿਰ ਦੇ ਬਜ਼ਾਰਾਂ 'ਚੋਂ ਹੁੰਦਾ ਹੋਇਆ ਡਿਪਟੀ ਕਮਿਸ਼ਨਰ ਮਾਨਸਾ ਦੇ ਦਫ਼ਤਰ ਕੋਲ ਪ੍ਰਬੰਧਕੀ ਕੰਪਲੈਕਸ ਕੋਲ ਜਾ ਕੇ ਸਮਾਪਤ ਹੋਇਆ।

## ਬੱਚੇ ਦੀ ਸੱਪ ਦੇ ਡੰਗਣ ਕਾਰਨ ਮੌਤ

**ਖੰਨਾ (ਸੁਖਵਿੰਦਰ ਸਿੰਘ ਭਾਦਲਾ)**-ਖੰਨਾ ਦੇ ਨੇੜਲੇ ਪਿੰਡ ਰਹੌਣੋ ਖੁਰਦ ਵਿਖੇ ਛੋਟੇ ਬੱਚੇ ਨੂੰ ਸੱਪ ਦੇ ਕੱਟਣ ਕਾਰਨ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ।ਮ੍ਰਿਤਕ ਬੱਚੇ ਮਨਦੀਪ ਸਿੰਘ ਉਮਰ 9 ਸਾਲ ਜਿਹੜਾ ਕਿ ਪਿੰਡ ਰਹੌਣੋ ਖੁਰਦ ਦੇ ਪ੍ਰਾਇਮਰੀ ਸਕੂਲ ਵਿੱਚ ਪੜ੍ਹਦਾ ਸੀ।ਉਸ ਦੇ ਪਿਤਾ ਕੁਲਦੀਪ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਮੇਰਾ ਬੱਚਾ ਮਨਦੀਪ ਸਿੰਘ ਹੱਸਦਾ ਖੇਡਦਾ ਰੋਟੀ ਖਾ ਕੇ ਸੁੱਤਾ ਸੀ। ਉਸ ਤੋਂ ਬਾਅਦ ਰਾਤ ਨੂੰ 11 ਵਜੇ ਦੇ ਕਰੀਬ ਮੇਰੇ ਬੱਚੇ ਨੇ ਆਪਣੇ ਪੇਟ ਵਿੱਚ ਦਰਦ ਹੋਣ ਦੀ ਸ਼ਿਕਾਇਤ ਕੀਤੀ।ਅਸੀਂ ਤੁਰੰਤ ਇਸ ਨੂੰ ਨੇੜਲੇ ਪਿੰਡ ਦੇ ਡਾਕਟਰ ਤੋਂ ਦਵਾਈ ਦਵਾਈ ਗਈ। ਪਰ ਮੇਰੇ ਬੱਚੇ ਦੀ ਸਿਹਤ ਹੋਰ ਵੀ ਜ਼ਿਆਦਾ ਖਰਾਬ ਹੁੰਦੀ ਗਈ।ਉਸ ਤੋਂ ਬਾਅਦ ਬੱਚੇ ਨੂੰ ਖੰਨਾ ਦੇ ਇੱਕ ਨਿੱਜੀ ਹਸਪਤਾਲ ਲੈ ਗਏ।ਜਿੱਥੇ ਡਾਕਟਰਾਂ ਨੇ ਮੇਰੇ ਬੱਚੇ ਦੀ ਹਾਲਤ ਖਰਾਬ ਹੋਣ ਕਾਰਨ ਉਸ ਨੂੰ ਕਿਸੇ ਹੋਰ ਹਸਪਤਾਲ ਵਿਖੇ ਲਿਜਾਣ ਦੀ ਸਲਾਹ ਦਿੱਤੀ।ਉਦੋਂ ਹੀ ਅਸੀਂ ਆਪਣੇ ਬੱਚੇ ਨੂੰ ਖੰਨਾ ਦੇ ਸਿਵਲ ਹਸਪਤਾਲ ਵਿਖੇ ਇਲਾਜ ਲਈ ਲਿਆਂਦਾ।ਜਿੱਥੇ ਡਾਕਟਰਾਂ ਵੱਲੋਂ ਚੰਗੀ ਤਰ੍ਹਾਂ ਜਾਂਚ ਪੜਤਾਲ ਕਰਨ ਤੋਂ ਬਾਅਦ ਦੇਖਿਆ ਕਿ ਉਸ ਦੀ ਪੈਰ ਦੀ ਅੱਡੀ ਉੱਪਰ ਸੱਪ ਨੇ ਕੱਟਿਆ ਸੀ।ਉਸ ਤੋਂ ਬਾਅਦ ਡਿਊਟੀ 'ਤੇ ਤੈਨਾਤ ਡਾਕਟਰ ਵੱਲੋਂ ਮੇਰੇ ਬੱਚੇ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

## ਸਟੇਟ ਮੀਡੀਆ ਕਲੱਬ ਪੱਤਰਕਾਰਾਂ ਦੀ ਮਦਦ ਲਈ ਹਮੇਸ਼ਾ ਤਿਆਰ : ਪ੍ਰਧਾਨ ਟੰਡਨ



**ਦੋਰਾਹਾ (ਹਰਮਿੰਦਰ ਸੇਠ)**-ਸਥਾਨਕ ਸਰਕਟ ਹਾਊਸ ਵਿਖੇ ਸਟੇਟ ਮੀਡੀਆ ਕਲੱਬ ਦੀ ਸਲਾਨਾ ਮੀਟਿੰਗ ਚੇਅਰਮੈਨ ਅਰੁਣ ਸਰੀਨ ਅਤੇ ਪ੍ਰਧਾਨ ਜਤਿੰਦਰ ਟੰਡਨ ਦੀ ਪ੍ਰਧਾਨਗੀ ਹੇਠ ਹੋਈ। ਇਹ ਕਲੱਬ ਪੰਜਾਬ ਸੂਬੇ ਦਾ ਇੱਕ ਪੱਤਰਕਾਰਾਂ ਦਾ ਵੱਡਾ ਕਲੱਬ ਹੈ ਜਿਸ ਵਿੱਚ ਹੁਣ ਤੱਕ 1400 ਦੇ ਕਰੀਬ ਪੱਤਰਕਾਰ ਆਨਲਾਈਨ ਤੇ ਆਫਲਾਈਨ 1000 ਦੇ ਕਰੀਬ ਪੱਤਰਕਾਰ ਜੁੜ ਚੁੱਕੇ ਹਨ। ਅੱਜ ਦੀ ਮੀਟਿੰਗ ਵਿੱਚ 350 ਤੋਂ ਵੱਧ ਪੱਤਰਕਾਰ ਹਾਜ਼ਰ ਹੋਏ। ਸਟੇਟ ਮੀਡੀਆ ਕਲੱਬ ਵਲੋਂ ਹੁਣ ਤੱਕ ਬਹੁਤ ਸਾਰੇ ਪੱਤਰਕਾਰਾਂ ਦੀ ਵਿੱਤੀ, ਪਰਵਾਰਕ ਅਤੇ ਮੈਡੀਕਲ ਸਹਾਇਤਾ ਬਿਨਾਂ ਕਿਸੇ ਰਾਜਨੀਤਿਕ ਲੋਕਾਂ ਦੀ ਮਦਦ ਤੋਂ, ਬਿਨਾਂ ਕਿਸੇ ਸਰਕਾਰੀ ਫੰਡ ਤੋਂ ਸਿਰਫ ਆਪਸੀ ਪੱਤਰਕਾਰ ਭਾਈਚਾਰੇ ਵਲੋਂ ਕੀਤੀ ਗਈ ਹੈ। ਪ੍ਰਧਾਨ ਜਤਿੰਦਰ ਟੰਡਨ ਨੇ ਕਿਹਾ ਕਿ ਪੱਤਰਕਾਰ ਭਾਈਚਾਰੇ ਲਈ ਸਟੇਟ ਮੀਡੀਆ ਕਲੱਬ ਦਿਨ ਰਾਤ ਹਮੇਸ਼ਾ ਤਿਆਰ ਰਹਿੰਦਾ ਹੈ। ਉਹਨਾਂ ਦੱਸਿਆ ਕਿ ਅਸੀਂ 2019 ਤੋਂ ਪੂਰੇ ਪੰਜਾਬ ਦੇ ਪੱਤਰਕਾਰਾਂ ਨੂੰ ਇਕ ਛੱਤ ਹੇਠਾਂ ਇੱਕਠੇ ਕਰ ਰਹੇ ਹਾਂ ਜਿਸ ਵਿੱਚ ਹੁਣ ਤੱਕ ਅਸੀਂ 1000 ਆਫਲਾਈਨ ਤੇ 1400 ਆਨਲਾਈਨ ਜੋੜ ਚੁੱਕੇ ਹਾਂ। ਇਸ ਮੌਕੇ ਸੀਨੀਅਰ ਪੱਤਰਕਾਰ ਲਾਲ ਸਿੰਘ ਮਾਂਗਟ ਨੂੰ ਪੁਲਸ ਜ਼ਿਲ੍ਹਾ ਖੰਨਾ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਅੱਜ ਇਸ ਮੀਟਿੰਗ ਵਿਚ ਸਟੇਟ ਮੀਡੀਆ ਕਲੱਬ ਦੀ ਲੀਗਲ ਟੀਮ ਵਲੋਂ ਐਡੀਸ਼ਨਲ ਐਡਵੋਕੇਟ ਜਨਰਲ ਮਧੁਰ ਸ਼ਰਮਾ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਲੀਗਲ ਟੀਮ ਦੇ ਐਡਵੋਕੇਟ ਪੁਨੀਤ ਸਰੀਨ, ਦੀਪਕ ਬੇਰੀ, ਮੰਨਣ ਬੇਰੀ, ਸੰਜੀਵ ਮਿੰਕਾ, ਕੁਨਾਲ ਵੋਹਰਾ ਆਦਿ ਮੌਜੂਦ ਰਹੇ। ਅੱਜ ਦੀ ਮੀਟਿੰਗ ਵਿੱਚ ਕੋਰ ਕਮੇਟੀ ਵਲੋਂ ਆਏ ਪੱਤਰਕਾਰਾਂ ਨੂੰ ਆਈ ਡੀ ਕਾਰਡ ਅਤੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ। ਇਸ ਮੌਕੇ ਪ੍ਰਧਾਨ ਜਤਿੰਦਰ ਟੰਡਨ, ਚੇਅਰਮੈਨ ਅਰੁਣ ਸਰੀਨ, ਵਾਈਸ ਚੇਅਰਮੈਨ ਪੰਕਜ ਮਦਾਨ, ਵਾਈਸ ਪ੍ਰਧਾਨ ਨਰੇਸ਼ ਕਪੂਰ, ਜਨਰਲ ਸਕੱਤਰ ਨਿਤਿਨ ਗਰਗ, ਸਟੇਟ ਵਾਈਸ ਪ੍ਰਧਾਨ ਸਰਬਜੀਤ ਬੱਬੀ, ਜੁਆਇੰਟ ਸਕੱਤਰ ਸੁਸ਼ੀਲ ਮੁਚਾਨ, ਵਾਈਸ ਪ੍ਰਧਾਨ ਹਰਜੀਤ ਸਿੰਘ ਖਾਲਸਾ, ਕੈਸ਼ੀਅਰ ਮਨਦੀਪ ਮਹਿਰਾ, ਨੀਰਜ ਕੁਮਾਰ, ਅਮਰੀਕ ਸਿੰਘ, ਆਦਿ ਹਾਜ਼ਰ ਹੋਏ।

## ਗਾਰਡਨ ਵੈਲੀ ਸਕੂਲ 'ਚ ਨਿਵੇਸ਼ ਸਮਾਰੋਹ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ-ਕੁਹਾੜਾ ਮਾਰਗ 'ਤੇ ਸਥਿਤ ਗਾਰਡਨ ਵੈਲੀ ਇੰਟਰਨੈਸ਼ਨਲ ਸਕੂਲ ਵਿਖੇ ਇੱਕ ਨਿਵੇਸ਼ ਸਮਾਰੋਹ ਕਰਵਾਇਆ ਗਿਆ ਜਿਸ ਵਿਚ ਵਿਦਿਆਰਥੀ ਲੀਡਰਸ਼ਿਪ ਟੀਮ ਨੂੰ ਸਨਮਾਨਤ ਕੀਤਾ ਗਿਆ। ਸਮਾਰੋਹ ਦੀ ਪ੍ਰਧਾਨਗੀ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਅਤੇ ਹੈੱਡਮਿਸਟ੍ਰੈਸ ਹਰਜੀਤ ਕੌਰ ਨੇ ਕੀਤੀ। ਸਮਾਰੋਹ ਵਿਚ ਮਾਸਟਰ ਗੁਰਦੇਵ ਸਿੰਘ ਨੂੰ 'ਹੈੱਡ ਬੁਆਏ' ਅਤੇ ਮਿਸ ਨਵਜੋਤ ਕੌਰ ਨੂੰ 'ਹੈੱਡ ਗਰਲ' ਦੀ ਜ਼ਿੰਮੇਵਾਰੀ ਸੌਂਪੀ ਗਈ ਅਤੇ ਸੀਜਪਾਲ ਸਿੰਘ ਨੂੰ 'ਵਾਈਸ ਹੈੱਡ ਬੁਆਏ' ਅਤੇ ਵਤਨਪ੍ਰੀਤ ਕੌਰ ਨੂੰ 'ਵਾਈਸ ਹੈੱਡ ਗਰਲ' ਚੁਣਿਆ ਗਿਆ। ਸਕੂਲ ਦੀ ਸੁਚਾਰੂ ਵਿਵਸਥਾ ਨੂੰ ਯਕੀਨੀ ਬਣਾਉਣ ਲਈ ਵੱਖ-ਵੱਖ ਕਮੇਟੀਆਂ ਦਾ ਗਠਨ ਵੀ ਕੀਤਾ ਜਿਸ ਵਿਚ ਹਾਊਸ ਕਪਤਾਨ, ਵਾਈਸ ਹਾਊਸ ਕਪਤਾਨ, ਨੋਟਿਸ ਬੋਰਡ ਇੰਚਾਰਜ ਅਤੇ ਸਫ਼ਾਈ ਕਮੇਟੀ ਸ਼ਾਮਲ ਹਨ। ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਸਾਡੇ ਵਿਦਿਆਰਥੀਆਂ ਵਿਚ ਲੀਡਰਸ਼ਿਪ ਦੀ ਭਾਵਨਾ ਜਗਾਉਣਾ ਅਤੇ ਉਨ੍ਹਾਂ ਨੂੰ ਜ਼ਿੰਮੇਵਾਰ ਨਾਗਰਿਕ ਬਣਾਉਣਾ ਸਾਡਾ ਮੁੱਖ ਉਦੇਸ਼ ਹੈ। ਹੈੱਡਮਿਸਟ੍ਰੈਸ ਹਰਜੀਤ ਕੌਰ ਨੇ ਨਵੀਂ ਲੀਡਰਸ਼ਿਪ ਟੀਮ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਟੀਮ ਵਰਕ ਤੇ ਸਮਰਪਣ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ।

## ਲੈਂਡ ਪੂਲਿੰਗ ਨੀਤੀ ਵਿਰੁੱਧ ਟਰੈਕਟਰ ਮਾਰਚ 'ਚ ਆਲ ਇੰਡੀਆ ਕਿਸਾਨ ਸਭਾ ਨੇ ਕੀਤੀ ਸ਼ਮੂਲੀਅਤ



**ਦੋਰਾਹਾ (ਹਰਮਿੰਦਰ ਸੇਠ)**-ਸੰਯੁਕਤ ਕਿਸਾਨ ਮੋਰਚੇ ਦੀ ਕਾਲ ਉੱਤੇ ਲੈਂਡ ਪੂਲਿੰਗ ਦੀ ਮਾਰ ਹੇਠ ਆਏ ਪਿੰਡਾਂ 'ਚ ਟਰੈਕਟਰ ਮਾਰਚ ਕੀਤਾ ਗਿਆ। ਜਿਸ ਵਿਚ ਆਲ ਇੰਡੀਆ ਕਿਸਾਨ ਸਭਾ ਪੰਜਾਬ ਕਾਰਜਕਾਰੀ ਪ੍ਰਧਾਨ ਮਹਾਂਬੀਰ ਸਿੰਘ ਗਿੱਲ, ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਜਸਵੀਰ ਝੱਜ, ਜਨਰਲ ਸਕੱਤਰ ਚਮਕੌਰ ਸਿੰਘ ਬਰਮੀ ਅਤੇ ਤਕਨੀਕੀ ਸਲਾਹਕਾਰ ਡਾ. ਗੁਲਜਾਰ ਸਿੰਘ ਪੰਧੇਰ ਦੀ ਅਗਵਾਈ 'ਚ ਭਰਪੂਰ ਸਿੰਘ ਸਵੱਦੀ, ਕੇਵਲ ਸਿੰਘ ਬਨਵੈਤ ਸਿੰਘ, ਜਸਮੇਲ ਸਿੰਘ ਜੱਸਾ, ਮਨਜੀਤ ਸਿੰਘ ਮਨਸੂਰਾ, ਹਰਦਿਆਲ ਸਿੰਘ ਘੁਮਾਣ, ਬਲਦੇਵ ਸਿੰਘ ਦੁੱਗਰੀ, ਹਰਿੰਦਰ ਸਿੰਘ ਬੁਆਨੀ, ਸੁਖਦੇਵ ਸਿੰਘ ਹਿੱਸੋਵਾਲ, ਦਲਜੀਤ ਸਿੰਘ, ਜਸਵਿੰਦਰ ਸਿੰਘ, ਹਰਨੇਕ ਸਿੰਘ, ਜਸਪ੍ਰੀਤ ਸਿੰਘ ਜੱਸਾ ਬਿਲਗਾ, ਗੁਰਪ੍ਰੀਤ ਸਿੰਘ ਬਿਲਗਾ, ਬਲਵੀਰ ਸਿੰਘ ਚੌਕੀ ਕਰਮਜੀਤ ਸਿੰਘ ਮਨਸੂਰਾ, ਜਸਵਿੰਦਰ ਰਾਣਾ, ਸੁੱਚਾ ਸਿੰਘ ਲੱਲਤੋਂ, ਹਰਦੇਵ ਸਿੰਘ ਆਦਿ ਨੇ ਹਿੱਸਾ ਲੈਂਦੇ ਹਾਜ਼ਰੀਨ ਨੇ ਲੋਕਾਂ ਨੂੰ ਜਾਗਰੂਕ ਕੀਤਾ ਕਿ ਇਹ ਲੈਂਡ ਪੂਲਿੰਗ ਦੀ ਨੀਤੀ ਕਿਸਾਨੀ ਲਈ ਤਾਂ ਘਾਤਕ ਹੈ ਹੀ, ਇਸ ਦੇ ਨਾਲ ਨਾਲ ਸਮੂਹ ਸਥਾਨਕ ਵਸ਼ਿੰਦਿਆਂ ਲਈ ਵਿਨਾਸ਼ ਦਾ ਕਾਰਨ ਬਣੇਗੀ। ਕਿਸਾਨੀ ਦੇ ਕਿੱਤੇ ਦੇ ਨਾਲ ਨਾਲ ਸਹਾਇਕ ਧੰਦੇ ਕਰਨ ਵਾਲੇ ਵੀ ਵਿਹਲੇ ਹੋ ਜਾਣਗੇ। ਜ਼ਰਖੇਜ਼ ਜ਼ਮੀਨ ਖਤਮ ਹੋਣ ਨਾਲ ਅਨਾਜ ਸਮੱਸਿਆ ਪੈਦਾ ਹੋਵੇਗੀ। ਜਿਸ ਕਰਕੇ ਸਰਕਾਰ ਨੂੰ ਇਹ ਵਿਨਾਸ਼ਕਾਰੀ ਲੈਂਡ ਪੂਲਿੰਗ ਨੀਤੀ ਵਾਪਿਸ ਲੈਣੀ ਹੀ ਪਵੇਗੀ।

## ਕੋਆਪਰੇਟਿਵ ਸੁਸਾਇਟੀਆਂ ਦਾ ਪਿੰਡਾਂ ਦੇ ਵਿਕਾਸ 'ਚ ਅਹਿਮ ਰੋਲ : ਕਾਕਾ ਬਰਾੜ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਿੰਡ ਜੱਸੇਆਣਾ ਦੀ ਕੋਆਪਰੇਟਿਵ ਬਹੁਮੰਤਵੀ ਸੇਵਾ ਸੁਸਾਇਟੀ ਦੀ ਚੋਣ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦੀ ਹਾਜ਼ਰੀ ਵਿੱਚ ਸਰਬਸੰਮਤੀ ਨਾਲ ਹੋਈ। ਜਿਸ ਵਿੱਚ ਬਲਵਿੰਦਰ ਸਿੰਘ ਜੱਸੇਆਣਾ ਨੂੰ ਪ੍ਰਧਾਨ, ਇਕਬਾਲ ਸਿੰਘ ਲੰਡੇ ਰੋਡੇ ਨੂੰ ਮੀਤ ਪ੍ਰਧਾਨ ਤੇ ਹਰਜਿੰਦਰ ਸਿੰਘ ਕ੍ਰਿਪਾਲਕੇ ਨੂੰ ਸੀਨੀਅਰ ਮੀਤ ਪ੍ਰਧਾਨ ਬਣਾਇਆ ਗਿਆ। ਇਸ ਮੌਕੇ ਮਾਰਕਿਟ ਕਮੇਟੀ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਸੁਰਜੀਤ ਸਿੰਘ ਸੰਧੂ ਅਤੇ ਸਰਪੰਚ ਅਰਸ ਬਰਾੜ ਜੱਸੇਆਣਾ ਹਾਜ਼ਰ ਸਨ। ਇਸ ਮੌਕੇ ਵਿਧਾਇਕ ਕਾਕਾ ਬਰਾੜ ਨੇ ਆਖਿਆ ਕਿ ਆਮ ਆਦਮੀ ਪਾਰਟੀ ਪਿੰਡਾਂ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਕੋਆਪਰੇਟਿਵ ਸੁਸਾਇਟੀਆਂ ਪਿੰਡਾਂ ਦੇ ਵਿਕਾਸ ਵਿੱਚ ਅਹਿਮ ਰੋਲ ਅਦਾ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ। ਮਾਰਕਿਟ ਕਮੇਟੀ ਦੇ ਚੇਅਰਮੈਨ ਸੁਰਜੀਤ ਸਿੰਘ ਸੰਧੂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਨਵੇਂ ਚੁਣੇ ਗਏ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਵਧਾਈ ਦਿੱਤੀ। ਸਰਪੰਚ ਅਰਸ ਜੱਸੇਆਣਾ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦੁਆਇਆ ਕਿ ਨਵੀਂ ਚੁਣੀ ਗਈ ਟੀਮ ਪੂਰੀ ਮਿਹਨਤ, ਇਮਾਨਦਾਰੀ ਅਤੇ ਤਨਦੇਹੀ ਨਾਲ ਆਪਣੀ ਜ਼ਿੰਮੇਵਾਰੀ ਨਿਭਾਵੇਗੀ। ਇਸ ਮੌਕੇ ਨਵੇਂ ਚੁਣੇ ਗਏ ਸੁਸਾਇਟੀ ਮੈਂਬਰ ਸੁਖਪਾਲ ਸਿੰਘ, ਸਰਨਜੀਤ ਕੌਰ, ਬਲਜਿੰਦਰ ਸਿੰਘ, ਗੁਰਬਚਨ ਸਿੰਘ, ਕਰਮਜੀਤ ਕੌਰ, ਗੁਰਮੀਤ ਸਿੰਘ, ਮੱਖਣ ਸਿੰਘ, ਨਛੱਤਰ ਸਿੰਘ ਆਦਿ ਚੁਣੇ ਗਏ। ਇਸ ਦੌਰਾਨ ਨਵੇਂ ਬਣੇ ਪ੍ਰਧਾਨ ਬਲਵਿੰਦਰ ਸਿੰਘ, ਮੀਤ ਪ੍ਰਧਾਨ ਇਕਬਾਲ ਸਿੰਘ ਅਤੇ ਹਰਜਿੰਦਰ ਸਿੰਘ ਨੇ ਜਿੱਥੇ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਦਾ ਧੰਨਵਾਦ ਕੀਤਾ ਉੱਥੇ ਆਪਣੀ ਡਿਊਟੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਣ ਦਾ ਭਰੋਸਾ ਦੁਆਇਆ। ਇਸ ਮੌਕੇ ਪੰਚਾਇਤ ਮੈਂਬਰ ਜਗਤਾਰ ਸਿੰਘ, ਪੰਚ ਹਰਵਿੰਦਰ ਸਿੰਘ, ਪੰਜ ਇਕਬਾਲ ਸਿੰਘ, ਪੰਚ ਕੁਲਵੰਤ ਸਿੰਘ, ਗੁਰਪ੍ਰੀਤ ਸਿੰਘ ਲੰਡੇ ਰੋਡੇ, ਬਲਰਾਜ ਸਿੰਘ ਰਾਜਾ ਸਰਪੰਚ, ਬਲਜੀਤ ਸਿੰਘ ਕ੍ਰਿਪਾਲਕੇ, ਬਿਸ਼ਨ ਸਿੰਘ, ਸਰਬਜੀਤ ਸਿੰਘ ਖਾਲਸਾ, ਕੇਵਲ ਸਿੰਘ, ਸਰੂਪ ਸਿੰਘ, ਤਰਸੇਮ ਸਿੰਘ ਆਦਿ ਹਾਜ਼ਰ ਸਨ।

## ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਵੱਲੋਂ ਤੀਆਂ ਭਲਕੇ

**ਸੰਗਰੂਰ (ਪ੍ਰਵੀਨ ਸਿੰਘ)**-ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਦੇ ਮੁੱਖ ਦਫ਼ਤਰ ਬਨਾਸਰ ਬਾਗ ਵਿਖੇ ਸੰਸਥਾ ਦੀਆਂ ਔਰਤ ਮੈਂਬਰਾਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਵਣ ਦੇ ਮਹੀਨੇ ਤੇ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਤੇ ਉਤਸ਼ਾਹ ਦੇ ਨਾਲ 02 ਅਗਸਤ ਨੂੰ ਸਾਮ 04:00 ਵਜੇ ਮਨਾਇਆ ਜਾ ਰਿਹਾ ਹੈ।

ਸੰਸਥਾ ਦੇ ਮੀਤ ਪ੍ਰਧਾਨ ਮੈਡਮ ਸੁਮਨ ਜਖ਼ਮੀ ਨੇ ਦਿੰਦਿਆਂ ਦੱਸਿਆ ਕਿ ਇਹ ਤਿਉਹਾਰ ਜਿਸ ਵਿੱਚ ਗਿੱਧਾ, ਬੋਲੀਆਂ, ਪੰਜਾਬੀ ਸੱਭਿਆਚਾਰਕ ਸਮਾਗਮ ਗੀਤ ਸੰਗੀਤ ਦਾ ਆਯੋਜਨ ਵੀ ਕੀਤਾ ਜਾਵੇਗਾ ਤੇ ਨਾਲ ਹੀ ਔਰਤ ਮੈਂਬਰਾਂ ਦੇ ਮਨੋਰੰਜਨ ਲਈ ਇਨਡੋਰ ਖੇਡਾਂ ਖਿਡਾਈਆਂ ਜਾਣਗੀਆਂ ਅਤੇ ਸੀਨੀਅਰ ਔਰਤ ਮੈਂਬਰਾਂ ਨੂੰ ਸਨਮਾਨਤ ਤੇ ਜੇਤੂ ਔਰਤਾਂ ਨੂੰ ਇਨਾਮ ਵੀ ਵੰਡੇ ਜਾਣਗੇ।ਸਮਾਗਮ ਸੰਸਥਾ ਦੇ ਪ੍ਰਧਾਨ ਡਾ. ਨਰਵਿੰਦਰ ਸਿੰਘ ਕੌਸ਼ਲ, ਚੇਅਰਮੈਨ ਇੰਜ: ਪ੍ਰਵੀਨ ਬਾਂਸਲ ਦੀ ਦੇਖ-ਰੇਖ ਵਿੱਚ ਹੋਵੇਗਾ।

## ਹੋਲੀ ਹਾਰਟ ਪਬਲਿਕ ਸਕੂਲ ਦੇ ਖਿਡਾਰੀਆਂ ਦਾ ਕਬੱਡੀ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ



**ਬਰੇਟਾ (ਰੀਤਵਾਲ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਦੁਆਰਾ ਪੰਜਾਬ ਸਿੱਖਿਆ ਵਿਭਾਗ ਦੀਆਂ ਜ਼ੋਨ ਪੱਧਰੀ ਖੇਡਾਂ ਚੱਲ ਰਹੀਆਂ ਹਨ।ਇਸੇ ਲੜੀ ਤਹਿਤ ਬਰੇਟਾ ਜ਼ੋਨ ਦੀਆਂ ਖੇਡਾਂ ਸਰਕਾਰੀ ਸੀ.ਸੈ.ਸਕੂਲ ਦਾਤੇਵਾਸ ਵਿਖੇ ਹੋਈਆਂ।ਇਸ ਵਿੱਚ ਭਾਗ ਲੈਂਦਿਆਂ ਹੋਲੀ ਹਾਰਟ ਪਬਲਿਕ ਸੀ.ਸੈ.ਸਕੂਲ ਕਿਸ਼ਨਗੜ੍ਹ ਦੇ ਖਿਡਾਰੀਆਂ ਨੇ ਕਬੱਡੀ ਦੀ ਖੇਡ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਅੰਡਰ 14 (ਲੜਕੇ) ਪਹਿਲਾ ਸਥਾਨ, ਅੰਡਰ 17 (ਲੜਕੇ) ਪਹਿਲਾ ਸਥਾਨ, ਅੰਡਰ 19 (ਲੜਕੇ) ਪਹਿਲਾ ਸਥਾਨ, ਨੈਸ਼ਨਲ ਸਟਾਇਲ ਕਬੱਡੀ ਅੰਡਰ 14 (ਲੜਕੇ) ਪਹਿਲਾ ਸਥਾਨ ਅਤੇ ਸਰਕਲ ਸਟਾਇਲ ਕਬੱਡੀ ਅੰਡਰ 17 (ਲੜਕੇ) ਪਹਿਲਾ ਸਥਾਨ, ਅੰਡਰ 14 (ਲੜਕੇ) ਦੂਸਰਾ ਸਥਾਨ ਪ੍ਰਾਪਤ ਕੀਤਾ।ਇਸੇ ਤਰ੍ਹਾਂ ਕਬੱਡੀ ਵਿੱਚ 5 ਗੋਲਡ ਮੈਡਲ ਅਤੇ 1 ਸਿਲਵਰ ਮੈਡਲ ਪ੍ਰਾਪਤ ਕਰਕੇ ਹਰ ਉਮਰ ਵਰਗ ਵਿੱਚ ਹੋਲੀ ਹਾਰਟ ਪਬਲਿਕ ਸੀ. ਸੈ. ਸਕੂਲ ਕਿਸ਼ਨਗੜ੍ਹ ਦੇ ਖਿਡਾਰੀਆਂ ਨੇ ਆਪਣੀ ਲੀਡਰਸ਼ਿਪ ਅਤੇ ਮਿਹਨਤ ਦਾ ਲੋਹਾ ਮਨਵਾਇਆ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਰਣਜੀਤ ਕੌਰ ਅਤੇ ਸਟਾਫ ਵੱਲੋਂ ਖਿਡਾਰੀਆਂ ਨੂੰ ਅਤੇ ਉਨ੍ਹਾਂ ਦੇ ਮਿਹਨਤੀ ਕੋਚ ਲਖਵਿੰਦਰ ਸਿੰਘ ਨੂੰ ਵਧਾਈ ਦਿੱਤੀ।

## ਔਰਤ ਪਾਸੋਂ ਪਰਸ ਖੋਹਣ ਵਾਲੇ ਲੁਟੇਰਿਆਂ 'ਚੋਂ ਇੱਕ ਕਾਬੂ

**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬਲ)**-ਵਰੁਣ ਸ਼ਰਮਾ ਸੀਨੀਅਰ ਕਪਤਾਨ ਪੁਲਸ ਪਟਿਆਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫਤਿਹ ਸਿੰਘ ਬਰਾੜ, ਪੀ.ਪੀ.ਐਸ ਡੀ.ਐਸ.ਪੀ ਸਮਾਣਾ ਨੇ ਪ੍ਰੈਸ ਨੋਟ ਜਾਰੀ ਕਰਦੇ ਹੋਏ ਦੱਸਿਆ ਕਿ 27 ਜੁਲਾਈ ਨੂੰ ਬਰਬਿਆਨ ਦਰਸ਼ਨੀ ਕੌਰ ਪਤਨੀ ਕ੍ਰਿਸ਼ਨ ਵਾਸੀ ਪਿੰਡ ਮਰਦਾਹੇੜੀ ਥਾਣਾ ਸਦਰ ਸਮਾਣਾ ਜ਼ਿਲ੍ਹਾ ਪਟਿਆਲਾ ਵੱਲੋਂ ਥਾਣਾ ਸਿਟੀ ਸਮਾਣਾ ਦਰਜ ਰਜਿਸਟਰ ਕਰਵਾਇਆ ਸੀ ਕਿ 27 ਜੁਲਾਈ ਨੂੰ ਮੁਦੈਲਾ ਦਰਸ਼ਨੀ ਕੌਰ ਕਰੀਬ 06:00 ਸ਼ਾਮ ਆਪਣੇ ਕੰਮਕਾਰ ਤੋਂ ਵਾਪਸ ਆਉਂਦੇ ਸਮੇਂ ਜਦੋਂ ਉਹ ਅਗਰਸੈਨ ਚੌਕ ਸਮਾਣਾ ਤੋਂ ਚੀਕਾ ਰੋਡ ਵੱਲ ਪੈਦਲ ਜਾ ਰਹੀ ਸੀ ਤਾਂ ਤਿੰਨ ਮੋਟਰਸਾਈਕਲ ਸਵਾਰਾਂ ਨੇ ਉਸ ਦਾ ਪਰਸ ਝਪਟ ਮਾਰ ਕੇ ਖੋਹ ਲਿਆ ਸੀ।ਮੁਦੈਲਾ ਦੇ ਪਰਸ ਵਿੱਚ ਇੱਕ ਕੀਪੈਡ ਵਾਲਾ ਮੋਬਾਇਲ ਫੋਨ ਅਤੇ ਕਰੀਬ 2000 ਰੁਪਏ ਸਨ।ਜੋ ਇਹ ਤਿੰਨੇ ਮੋਟਰਸਾਈਕਲ ਸਵਾਰ ਖੋਹ ਕਰਕੇ ਚੀਕਾ ਸਾਈਡ ਵੱਲ ਭੱਜ ਗਏ।

ਦੌਰਾਨੇ ਤਫਤੀਸ਼ 29 ਜੁਲਾਈ ਨੂੰ ਮੁਕੱਦਮਾ ਉਕਤ ਦੇ ਦੋਸ਼ੀ ਮੋਨੂੰ ਪੁੱਤਰ ਰਮੇਸ਼ ਵਾਸੀ ਨੇੜੇ ਸ਼ਨੀਦੇਵ ਮੰਦਰ ਮੋਤੀਆ ਬਜ਼ਾਰ ਸਮਾਣਾ ਨੂੰ ਗ੍ਰਿਫਤਾਰ ਕਰਕੇ ਵਾਰਦਾਤ ਵਿੱਚ ਵਰਤਿਆ ਮੋਟਰ ਸਾਈਕਲ ਮਾਰਕਾ ਸਪਲੈਂਡਰ ਰੰਗ ਕਾਲਾ ਨੂੰ ਪੁਲਸ ਨੇ ਬ੍ਰਾਮਦ ਕਰਕੇ ਕਬਜ਼ੇ ਵਿੱਚ ਲਿਆ ਗਿਆ। ਦੋਸ਼ੀ ਮੋਨੂੰ ਉਕਤ ਦੀ ਪੁੱਛਗਿੱਛ ਦੇ ਅਧਾਰ 'ਤੇ ਉਸ ਦੇ ਦੋਸਤ ਲਵਲੀ ਪੁੱਤਰ ਮਹਿੰਦਰ ਵਾਸੀ ਨੇੜੇ ਸ਼ਨੀਦੇਵ ਮੰਦਰ ਮੋਤੀਆ ਬਜ਼ਾਰ ਸਮਾਣਾ ਅਤੇ ਕਰਨ ਉਰਫ ਕਾਲੂ ਪੁੱਤਰ ਰਾਕੇਸ਼ ਵਾਸੀ ਨੀਲਗੜ੍ਹ ਮੁਹੱਲਾ ਸਮਾਣਾ ਵੀ ਵਾਰਦਾਤ ਸਮੇਂ ਉਸ ਦੇ ਨਾਲ ਸੀ, ਜਿਨ੍ਹਾਂ ਦੀ ਗ੍ਰਿਫਤਾਰੀ ਬਾਕੀ ਹੈ। ਦੋਸ਼ੀ ਮੋਨੂੰ ਨੇ ਮੰਨਿਆ ਕਿ ਉਹਨਾਂ ਵੱਲੋਂ ਇਸ ਵਾਰਦਾਤ ਵਿੱਚ ਵਰਤਿਆ ਗਿਆ ਮੋਟਰਸਾਈਕਲ ਵੀ ਉਹਨਾਂ 27 ਜੁਲਾਈ ਨੂੰ ਕਾਲੀ ਮਾਤਾ ਮੰਦਰ ਪਟਿਆਲਾ ਦੇ ਸਾਹਮਣੇ ਬਣੇ ਪਾਰਕ ਤੋਂ ਚੋਰੀ ਕੀਤਾ ਸੀ। ਮੁਕੱਦਮਾ ਦੇ ਦੋਸ਼ੀ ਮੋਨੂੰ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ 2 ਦਿਨਾ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ।

## ਬੀ ਐੱਫ਼ ਜੀ ਆਈ 'ਚ ਸਿੱਖਿਅਕਾਂ ਨੂੰ ਸਸ਼ਕਤ ਬਣਾਉਣ ਲਈ ਫੈਕਲਟੀ ਓਰੀਐਂਟੇਸ਼ਨ ਪ੍ਰੋਗਰਾਮ ਕਰਾਇਆ

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਬਿਜ਼ਨੈੱਸ ਸਟੱਡੀਜ਼ ਵਿਭਾਗ ਨੇ ਪੰਜ ਦਿਨਾਂ ਫੈਕਲਟੀ ਓਰੀਐਂਟੇਸ਼ਨ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਬਿਜ਼ਨੈੱਸ ਸਟੱਡੀਜ਼ ਵਿਭਾਗ ਦੇ ਫੈਕਲਟੀ ਮੈਂਬਰ ਸਿਮਰਨਜੀਤ ਸਿੰਘ ਤੇ ਦਿਵਾਕਰ ਦੀ ਅਗਵਾਈ ਵਿੱਚ ਇੱਕ ਨਿੱਘੇ ਸਵਾਗਤੀ ਸੈਸ਼ਨ ਨਾਲ ਹੋਈ। ਉਨ੍ਹਾਂ ਭਾਗੀਦਾਰਾਂ ਨੂੰ ਸੰਸਥਾ ਦੇ ਦ੍ਰਿਸ਼ਟੀਕੋਣ, ਮਿਸ਼ਨ ਤੇ ਪ੍ਰਮੁੱਖ ਮੁੱਲਾਂ ਨਾਲ ਜਾਣੂ ਕਰਾਇਆ। ਬੀ.ਐਫ.ਜੀ.ਆਈ. ਸੰਗਠਨਾਤਮਕ ਢਾਂਚੇ ਤੇ ਮੁੱਖ ਵਿਭਾਗਾਂ ਦੀ ਸੰਖੇਪ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਇਲਾਵਾ ਨਵੇਂ ਫੈਕਲਟੀ ਮੈਂਬਰਾਂ 'ਚ ਸਬੰਧਾਂ ਨੂੰ ਉਤਸ਼ਾਹਤ ਕਰਨ ਲਈ ਇੱਕ ਦਿਲਚਸਪ ਗਤੀਵਿਧੀ ਵੀ ਕਰਾਈ ਗਈ।ਦੂਜੇ ਦਿਨ ਫੈਕਲਟੀ ਮੈਂਬਰ ਸ਼੍ਰੀਮਤੀ ਪਵਨੀਤ ਤੇ ਡਾ. ਸੋਨੀਆ ਨੇ ਹਾਜ਼ਰੀਨ ਨੂੰ ਅਕਾਦਮਿਕ ਕੈਲੰਡਰ, ਸਮਾਂ-ਸਾਰਣੀ ਯੋਜਨਾਬੰਦੀ ਤੇ ਪਾਠ ਯੋਜਨਾ ਪ੍ਰੋਟੋਕੋਲ ਰਾਹੀਂ ਮਾਰਗਦਰਸ਼ਨ ਕੀਤਾ।ਤੀਜੇ ਦਿਨ ਦੀ ਅਗਵਾਈ ਬਿਜ਼ਨਸ ਸਟੱਡੀਜ਼ ਵਿਭਾਗ ਤੋਂ ਫੈਕਲਟੀ ਮੈਂਬਰ ਸ਼੍ਰੀਮਤੀ ਭਾਵਨਾ ਖੰਨਾ ਨੇ ਕੀਤੀ।ਉਨ੍ਹਾਂ ਅਕਾਦਮਿਕ ਤੇ ਸਲਾਹ ਦੇਣ ਵਾਲੀਆਂ ਜ਼ਿੰਮੇਵਾਰੀਆਂ 'ਤੇ ਕੇਂਦ੍ਰਿਤ ਜਾਣਕਾਰੀ ਸਾਂਝੀ ਕੀਤੀ।ਚੌਥੇ ਦਿਨ ਫੈਕਲਟੀ ਮੈਂਬਰ ਸ਼੍ਰੀਮਤੀ ਨੈਨਪ੍ਰੀਤ ਕੌਰ ਤੇ ਸ਼੍ਰੀਮਤੀ ਪ੍ਰਿਯੰਕਾ ਅਰੋੜਾ ਨੇ ਡਿਜ਼ੀਟਲ ਟੂਲ ਤੇ ਰਿਸਰਚ ਓਰੀਐਂਟੇਸ਼ਨ ਸੈਸ਼ਨ ਦੌਰਾਨ ਅਕਾਦਮਿਕ ਤਾਲਮੇਲ ਲਈ ਐਡੂਮਾਰਸ਼ਲ ਈਆਰਪੀ ਤੇ ਮਾਈਕ੍ਰੋਸਾਫਟ ਟੀਮਜ਼ ਵਰਗੇ ਪਲੇਟਫਾਰਮਾਂ ਦਾ ਪ੍ਰਦਰਸ਼ਨ ਕੀਤਾ।

ਪੰਜਵੇਂ ਦਿਨ ਫੈਕਲਟੀ ਮੈਂਬਰ ਸ਼੍ਰੀ ਸਿਮਰਨਜੀਤ ਸਿੰਘ ਨੇ ਆਧੁਨਿਕ ਸਿੱਖਿਆ ਵਿੱਚ ਏ.ਆਈ. ਸਾਧਨਾਂ ਦੀ ਵਰਤੋਂ 'ਤੇ ਕੇਂਦਰਤ ਜਾਣਕਾਰੀ ਦਿੱਤੀ ਤੇ ਫੈਕਲਟੀ ਨੂੰ ਕਲਾਸਰੂਮ ਵਿੱਚ ਬਿਹਤਰ ਉਤਪਾਦਕਤਾ ਤੇ ਨਵੀਨਤਾ ਲਈ ਇਨ੍ਹਾਂ ਸਾਧਨਾਂ ਨੂੰ ਅਪਣਾਉਣ ਲਈ ਉਤਸ਼ਾਹਤ ਕੀਤਾ।ਸਕੂਲ ਆਫ਼ ਬਿਜ਼ਨਸ ਸਟੱਡੀਜ਼ ਦੇ ਮੁਖੀ, ਡਾ. ਸਚਿਨ ਦੇਵ ਤੇ ਡੀਨ (ਮੈਨੇਜਮੈਂਟ ਸਟੱਡੀਜ਼) ਡਾ. ਨੀਤੂ ਸਿੰਘ ਦੇ ਪ੍ਰੇਰਨਾਦਾਇਕ ਸ਼ਬਦਾਂ ਨਾਲ ਇੱਕ ਸਕਾਰਾਤਮਕ ਨੋਟ 'ਤੇ ਇਹ ਪੰਜ ਦਿਨਾਂ ਫੈਕਲਟੀ ਓਰੀਐਂਟੇਸ਼ਨ ਪ੍ਰੋਗਰਾਮ ਸਫਲਤਾਪੂਰਵਕ ਸਮਾਪਤ ਹੋ ਗਿਆ।

## ਜੈਨੇਸਿਸ ਡੈਂਟਲ ਕਾਲਜ ਵੱਲੋਂ ਸਕੂਲ 'ਚ ਡੈਂਟਲ ਚੈੱਕਅੱਪ ਕੈਂਪ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਕੈਂਟ ਵਿਖੇ ਸਥਿਤ ਐੱਮ ਐੱਲ ਐੱਮ ਸਕੂਲ ਵਿਖੇ ਜੈਨੇਸਿਸ ਡੈਂਟਲ ਕਾਲਜ ਵੱਲੋਂ ਇਕ ਦਿਨਾ ਡੈਂਟਲ ਚੈੱਕਅਪ ਕੈਂਪ ਲਗਾਇਆ ਗਿਆ।ਇਸ ਮੌਕੇ ਕਾਲਜ ਵੱਲੋਂ ਡਾ. ਸੁਕਿਰਤ ਕੌਰ, ਡਾ. ਸਾਖਸ਼ੀ ਤੇ ਡਾ. ਸਮਰ ਨੇ ਸਕੂਲ ਦੇ ਬੱਚਿਆਂ ਦੇ ਦੰਦਾਂ ਦੀ ਮੁਫ਼ਤ ਜਾਂਚ ਕੀਤੀ ਤੇ ਉਨ੍ਹਾਂ ਨੂੰ ਮੂੰਹ ਦੀ ਸਿਹਤ ਸਬੰਧੀ ਜ਼ਰੂਰੀ ਜਾਣਕਾਰੀਆਂ ਵੀ ਦਿੱਤੀਆਂ।ਸਕੂਲ ਦੀ ਪ੍ਰਿੰਸੀਪਲ ਨਵੀਤਾ ਸ਼ਰਮਾ ਨੇ ਇਸ ਪਹਲ ਦੀ ਸਰਾਹਣਾ ਕਰਦਿਆਂ ਕਿਹਾ ਕਿ ਅਜਿਹੇ ਕੈਂਪ ਬੱਚਿਆਂ ਵਿਚ ਦੰਦਾਂ ਦੀ ਸਿਹਤ ਨੂੰ ਲੈ ਕੇ ਜਾਗਰੂਕਤਾ ਵਧਾਉਂਦੇ ਹਨ, ਉੱਥੇ ਹੀ, ਜੈਨੇਸਿਸ ਡੈਂਟਲ ਕਾਲਜ ਦੇ ਪ੍ਰੋਫੈਸਰ ਲਲਿਤ ਮੋਹਨ ਗੋਇਲ ਨੇ ਦੱਸਿਆ ਕਿ ਕਾਲਜ ਦਾ ਮਕਸਦ ਪੇਂਡੂ ਤੇ ਸ਼ਹਿਰੀ ਖੇਤਰਾਂ ਵਿੱਚ ਬੱਚਿਆਂ ਨੂੰ ਵਧੀਆ ਡੈਂਟਲ ਕੇਅਰ ਮੁਹੱਈਆ ਕਰਵਾਉਣਾ ਹੈ।ਕਾਰਜਕ੍ਰਮ ਦੀ ਸਫਲਤਾ ਵਿੱਚ ਸਕੂਲ ਸਟਾਫ ਸ਼ਵੇਤਾ ਅਰੋੜਾ, ਵਿਨੈ ਸਿੰਘਲ, ਵਿਸ਼ਾਲ ਸਿੰਘਲ, ਵਿਜੇ ਗੁਪਤਾ, ਬ੍ਰਿਜਮੋਹਨ, ਢੀਂਗਰਾ ਤੇ ਕਾਲਜ ਦੇ ਪੀਆਰਓ ਰਣਜੀਤ ਸਿੰਘ ਤੇ ਮਨਜੀਤ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ।

## ਵਿਧਾਇਕ ਵੱਲੋਂ ਸਿਵਲ ਹਸਪਤਾਲ਼ ਵਿਖੇ ਬਾਲ ਰੋਗ ਕਾਰਡੀਅਕ ਮਸ਼ੀਨ ਦਾ ਉਦਘਾਟਨ

### ਮਸ਼ੀਨ ਬੱਚਿਆਂ 'ਚ ਦਿਲ ਦੀ ਬਿਮਾਰੀ ਦੇ ਸ਼ੱਕੀ ਲੱਛਣਾਂ ਦੀ ਜਾਂਚ 'ਚ ਹੋਵੇਗੀ ਸਹਾਈ : ਭੁੱਲਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਜ਼ਿਲ੍ਹਾ ਫ਼ਿਰੋਜ਼ਪੁਰ ਦੇ ਨਿਵਾਸੀਆਂ ਨੂੰ ਵਧੀਆ ਤੇ ਮਿਆਰੀ ਸਿਹਤ ਸਹੂਲਤਾਂ ਦੇਣ ਦੇ ਵਾਅਦੇ ਹੇਠ ਅੱਜ ਇਕ ਹੋਰ ਕ੍ਰਾਂਤੀਕਾਰੀ ਕਦਮ ਚੁੱਕਦਿਆਂ ਸਿਵਲ ਹਸਪਤਾਲ ਫ਼ਿਰੋਜ਼ਪੁਰ ਵਿਖੇ ਬਾਲ ਰੋਗ ਕਾਰਡੀਅਕ ਮਸ਼ੀਨ ਦਾ ਉਦਘਾਟਨ ਹਲਕਾ ਫ਼ਿਰੋਜ਼ਪੁਰ ਸ਼ਹਿਰੀ ਦੇ ਵਿਧਾਇਕ ਰਣਬੀਰ ਸਿੰਘ ਭੁੱਲਰ ਵੱਲੋਂ ਕੀਤਾ ਗਿਆ।ਇਸ ਮੌਕੇ ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਚਾਈਲਡ ਹਾਰਟ ਫਾਊਂਡੇਸ਼ਨ ਸੰਸਥਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਬੱਚਿਆਂ ਵਿੱਚ ਜਮਾਂਦਰੂ ਦਿਲ ਦੀਆਂ ਬਿਮਾਰੀਆਂ ਦੀ ਜਾਂਚ ਕਰਵਾਉਣ ਲਈ ਪਹਿਲਾਂ ਮੈਡੀਕਲ ਕਾਲਜ ਫ਼ਰੀਦਕੋਟ ਜਾਣਾ ਪੈਂਦਾ ਸੀ ਜਾਂ ਨਿੱਜੀ ਹਸਪਤਾਲਾਂ ਵਿਚ ਮੋਟੀ ਰਕਮ ਖ਼ਰਚ ਕਰਕੇ ਜਾਂਚ ਕਰਵਾਉਣੀ ਪੈਂਦੀ ਸੀ।ਹੁਣ ਫ਼ਿਰੋਜ਼ਪੁਰ ਦੇ ਵਸਨੀਕਾਂ ਨੂੰ ਬੱਚਿਆਂ ਦੇ ਦਿਲ ਦੀ ਬਿਮਾਰੀ ਦੀ ਜਾਂਚ ਲਈ ਸਿਵਲ ਹਸਪਤਾਲ ਫ਼ਿਰੋਜ਼ਪੁਰ ਵਿਖੇ ਹੀ ਬਿਲਕੁੱਲ ਮੁੱਫਤ ਸਿਹਤ ਸਹੂਲਤ ਉਪਲੱਬਧ ਹੋਵੇਗੀ।ਸਿਵਲ ਸਰਜਨ ਫ਼ਿਰੋਜ਼ਪੁਰ ਡਾ. ਰਾਜਵਿੰਦਰ ਕੌਰ ਤੇ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਮੀਨਾਕਸ਼ੀ ਅਬਰੋਲ ਨੇ ਦੱਸਿਆ ਕਿ ਗ਼ੈਰ-ਸਰਕਾਰੀ ਸੰਸਥਾ ਚਾਈਲਡ ਹਾਰਟ ਫਾਊਂਡੇਸ਼ਨ ਵੱਲੋਂ ਸਿਵਲ ਹਸਪਤਾਲ ਵਿਖੇ ਬਾਲ ਰੋਗ ਕਾਰਡੀਅਕ ਸੈਂਟਰ ਦੀ ਅਤਿ ਆਧੁਨਿਕ ਕਾਰਡੀਅਕ ਮਸ਼ੀਨ ਲਗਾਈ ਗਈ ਹੈ।

ਇਹ ਆਧੁਨਿਕ ਮਸ਼ੀਨ ਬੱਚਿਆਂ ਵਿੱਚ ਦਿਲ ਦੀ ਬਿਮਾਰੀ ਦੇ ਸ਼ੱਕੀ ਲੱਛਣਾਂ ਦੀ ਜਾਂਚ ਕਰਨ ਵਿੱਚ ਬਹੁਤ ਸਹਾਈ ਹੋਵੇਗੀ।ਚਾਈਲਡ ਹਾਰਟ ਫਾਊਂਡੇਸ਼ਨ ਦੇ ਚੀਫ਼ ਓਪਰੇਟਿੰਗ ਅਫ਼ਸਰ ਸੁਨੀਤਾ ਹਰਕਰ ਸ਼ਾਲਾ ਨੇ ਦੱਸਿਆ ਕਿ ਇਹ ਅਤਿ ਆਧੁਨਿਕ ਮਸ਼ੀਨ ਡੀਜੀਐੱਮ (ਐੱਚਆਰ) ਮਿਸਟਰ ਫ਼ਰਡੀਨੈਂਡ ਵੱਲੋਂ ਮਾਲੀ ਸਹਿਯੋਗ ਨਾਲ ਲਗਾਈ ਗਈ ਹੈ।ਉਨ੍ਹਾਂ ਦੀ ਫਾਊਂਡੇਸ਼ਨ ਦਾ ਮਕਸਦ ਬੱਚਿਆਂ ਨਾਲ ਜੁੜੇ ਰੋਗਾਂ ਤੇ ਮੌਤ ਦਰ ਨੂੰ ਘਟਾਉਣ ਅਤੇ ਇਸ ਤਰ੍ਹਾਂ ਬਾਲ ਮੌਤ ਦਰ (ਆਈਐੱਮਆਰ) ਨੂੰ ਬਿਹਤਰ ਬਣਾਉਣ ਦੇ ਉਦੇਸ਼ ਨਾਲ ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਬੱਚਿਆਂ ਨੂੰ ਸਮੇਂ ਸਿਰ ਜਾਂਚ ਕਰਕੇ ਇਲਾਜ ਪ੍ਰਦਾਨ ਕਰਨਾ ਹੈ।ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਸੁਸ਼ਮਾ ਠੱਕਰ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਗੁਰਮੇਜ ਰਾਮ, ਪੀਏ ਹਿਮਾਂਸ਼ੂ ਠੱਕਰ, ਗੁਰਭੇਜ ਸਿੰਘ, ਸਕੂਲ ਹੈੱਲਥ ਨੋਡਲ ਅਫਸਰ ਡਾ. ਹਰਪ੍ਰੀਤ ਕੌਰ, ਬੱਚਿਆਂ ਦੇ ਰੋਗਾਂ ਦੇ ਮਾਹਿਰ ਡਾ. ਇਸ਼ਾ, ਡਾ. ਹਰਪ੍ਰੀਤ ਤੇ ਡਾ. ਸ਼ਾਇਨਾ, ਡਾ. ਪੰਕਜ ਗੁਪਤਾ, ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਸੰਜੀਵ ਸ਼ਰਮਾ, ਡਿਪਟੀ ਮਾਸ ਮੀਡੀਆ ਅਫ਼ਸਰ ਨੇਹਾ ਭੰਡਾਰੀ, ਸੁਪਰਡੈਂਟ ਪਰਮਵੀਰ ਮੋਗਾ, ਪੀਏ ਟੂ ਸਿਵਲ ਸਰਜਨ ਵਿਕਾਸ ਕਾਲੜਾ, ਸਿਹਤ ਇੰਸਪੈਕਟਰ ਅਮਰਜੀਤ ਤੇ ਚਾਈਲਡ ਹਾਰਟ ਫਾਊਂਡੇਸ਼ਨ ਦੇ ਪ੍ਰੋਜੈਕਟ ਕੋਆਰਡੀਨੇਟਰ ਸੁਰਿੰਦਰ ਕੁਮਾਰ ਹਾਜ਼ਰ ਸਨ।

## ਸ਼ਹੀਦਾਂ ਦੀਆਂ ਕੁਰਬਾਨੀਆਂ ਸਦਕਾ ਅਸੀਂ ਅੱਜ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ : ਗੌਰਵ ਸੰਧੂ



**ਪਟਿਆਲਾ/ਦੇਵੀਗੜ੍ਹ (ਰਾਜਿੰਦਰ ਸਿੰਘ ਥਿੰਦ)**-ਸ਼ਹੀਦ ਊਧਮ ਸਿੰਘ, ਭਗਤ ਸਿੰਘ, ਰਾਜਗੁਰੂ, ਕਰਤਾਰ ਸਿੰਘ ਸਰਾਭਾ ਵਰਗੇ ਦੇਸ਼ ਭਗਤ ਸੂਰਬੀਰਾਂ ਵੱਲੋਂ ਦੇਸ਼, ਕੌਮ ਲਈ ਦਿੱਤੀਆਂ ਕੁਰਬਾਨੀਆਂ ਸਦਕਾ ਅਸੀਂ ਅੱਜ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ। ਜੋ ਕੌਮਾਂ ਆਪਣੇ ਸ਼ਹੀਦਾਂ ਨੂੰ ਯਾਦ ਕਰਦੀਆਂ ਹਨ, ਉਹ ਸਦਾ ਚੜ੍ਹਦੀ ਕਲਾ ਵਿੱਚ ਰਹਿੰਦੀਆਂ ਹਨ। ਇਸ ਦਾ ਪ੍ਰਗਟਾਵਾ ਕਿਸਾਨ ਸੈੱਲ ਦੇ ਪ੍ਰਧਾਨ ਤੇ ਕਾਂਗਰਸ ਆਗੂ ਗੌਰਵ ਸੰਧੂ ਵੱਲੋਂ ਸ਼ਹੀਦ ਊਧਮ ਸਿੰਘ ਦੇ 85ਵੇਂ ਸ਼ਹੀਦੀ ਸਮਾਗਮ ਸਬੰਧੀ ਸਨੌਰ ਰੋਡ ਵਿਖੇ ਸ਼ਹੀਦ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੀਤਾ। ਗੌਰਵ ਸੰਧੂ ਨੇ ਸ਼ਹੀਦ ਊਧਮ ਸਿੰਘ ਵੱਲੋਂ ਦੇਸ਼ ਕੌਮ ਲਈ ਦਿੱਤੀ ਕੁਰਬਾਨੀ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਨੂੰ ਪ੍ਰਣਾਮ ਕੀਤਾ। ਇਸ ਮੌਕੇ ਹਨੀ ਜਾਫਰਪੁਰ, ਦਲਜੀਤ ਚਹਿਲ, ਐੱਮ ਸੀ ਨਿੱਪੀ ਵਿਰਕ, ਮਲਕੀਤ ਗਾਂਧੀ, ਚਮਕੌਰ ਗਾਂਧੀ, ਚਰਨਜੀਤ ਕੌਰ, ਗੁਰਸੇਵਕ ਸਿੰਘ, ਕੁਲਦੀਪ ਜਾਫਰਪੁਰ, ਸਾਮੋ ਦੇਵੀ, ਗੁਰਮੇਲ ਸਿੰਘ ਸਮੇਤ ਹੋਰ ਕਈ ਆਗੂ ਇਸ ਮੌਕੇ ਹਾਜ਼ਰ।

1-Aug-page-11-2025.qxd 7/31/2025 10:23 PM Page 1




# ਡਿਪਟੀ ਕਮਿਸ਼ਨਰ ਨੇ ਆਜ਼ਾਦੀ ਦਿਵਸ ਮਨਾਉਣ ਸੰਬੰਧੀ ਅਧਿਕਾਰੀਆਂ ਨਾਲ ਕੀਤੀ ਮੀਟਿੰਗ

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਗਮ ਨੂੰ ਸਫ਼ਲਤਾ ਪੂਰਵਕ ਕਰਵਾਉਣ ਲਈ ਕੀਤੀਆਂ ਜਾਣ ਵਾਲੀਆਂ ਤਿਆਰੀਆਂ ਸਬੰਧੀ ਪਲੇਠੀ ਮੀਟਿੰਗ ਕਰਦੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਕਤ ਪ੍ਰੋਗਰਾਮ ਸਾਡਾ ਰਾਸ਼ਟਰੀ ਤਿਉਹਾਰ ਹੈ ਅਤੇ ਇਸ ਨੂੰ ਸ਼ਾਨਦਾਰ ਢੰਗ ਨਾਲ ਕਰਵਾਉਣ ਲਈ ਪ੍ਰਬੰਧ ਕੀਤੇ ਜਾਣ। ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿੱਚ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨਾਲ ਆਜ਼ਾਦੀ ਦਿਵਸ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਕੀਤੀ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਮਾਗਮ ਵਿੱਚ ਭਾਗ ਲੈਣ ਵਾਲੇ ਬੱਚਿਆਂ ਲਈ ਪਾਣੀ, ਮੈਡੀਕਲ ਸੁਵਿਧਾਵਾਂ ਦਾ ਪੂਰਾ ਪ੍ਰਬੰਧ ਕੀਤਾ ਜਾਵੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸਮਾਗਮ ਦੀ ਫੁੱਲ ਡਰੈਸ ਰਿਹਰਸਲ 13 ਅਗਸਤ ਨੂੰ ਹੋਵੇਗੀ ਅਤੇ ਇਸ ਤੋਂ ਪਹਿਲਾਂ ਸਕੂਲਾਂ ਤੇ ਸਟੇਡੀਅਮ ਵਿਚ ਲਗਾਤਾਰ ਅਭਿਆਸ ਕੀਤਾ ਜਾਵੇ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ । ਉਨ੍ਹਾਂ ਦੱਸਿਆ ਕਿ ਆਜ਼ਾਦੀ ਦਿਵਸ ਦੇ ਸਮਾਗਮ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਉਤਸ਼ਾਹਿਤ ਕੀਤਾ ਜਾਵੇ ਅਤੇ ਉਹ ਅਜ਼ਾਦੀ ਦਿਵਸ ਸਬੰਧੀ ਕੋਰੀਓਗ੍ਰਾਫੀ ਅਤੇ ਸੱਭਿਆਚਾਰਕ ਪ੍ਰੋਗਰਾਮ ਹੀ ਪੇਸ਼ ਕਰਨ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਰੋਹਿਤ ਗੁਪਤਾ, ਵਧੀਕ ਮੁੱਖ ਪ੍ਰਸ਼ਾਸਕ ਏ.ਡੀ.ਏ, ਮੈਡਮ ਇਨਾਇਤ, ਮੈਡਮ ਪ੍ਰਿਯੂਸ਼ਾ ਸਹਾਇਕ ਕਮਿਸ਼ਨਰ ਅੰਡਰ ਟਰੇਨਿੰਗ, ਏ.ਡੀ.ਸੀ.ਪੀ ਮੈਡਮ ਪਰਮਿੰਦਰ ਕੌਰ, ਜ਼ਿਲ੍ਹਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਫਸਰ ਪੱਲਵ ਸ਼ੇਸਠਾ, ਜਿਲਾ ਵਿਕਾਸ ਤੇ ਪੰਚਾਇਤ ਅਫਸਰ ਸੰਦੀਪ ਮਲਹੋਤਰਾ, ਸਕੱਤਰ ਰੈਡ ਕਰਾਸ ਸੁਸਾਇਟੀ ਸੈਮਸਨ ਮਸੀਹ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।



# ਟਰੈਵਲ ਏਜੰਟ ਦੇ ਘਰ 'ਤੇ ਚੱਲੀਆਂ ਗੋਲੀਆਂ, ਇਲਾਕੇ 'ਚ ਸਹਿਮ ਦਾ ਮਾਹੌਲ

ਗੁਰਦਾਸਪੁਰ (ਜਨਕ ਮਹਾਜਨ)- ਥਾਣਾ ਕਾਹਨੂੰਵਾਨ ਅਧੀਨ ਪੈਂਦੇ ਪਿੰਡ ਸਠਿਆਲੀ ਦੇ ਟਰੈਵਲ ਏਜੰਟ ਦੇ ਘਰ 'ਤੇ ਰਾਤ ਤਕਰੀਬਨ 11 ਵਜੇ ਦੇ ਕਰੀਬ ਤਿੰਨ ਵਿਅਕਤੀਆਂ ਨੇ ਫਾਇਰਿੰਗ ਕੀਤੀ। ਗੋਲੀ ਚਲਾਉਣ ਵਾਲੇ ਅਣਪਛਾਤਿਆਂ ਦਾ ਪਿੱਛਾ ਕਰਨ ਵਾਲੇ ਨੌਜਵਾਨਾਂ ਨੇ ਦਾਅਵਾ ਕੀਤਾ ਕਿ ਹਮਲਾਵਰਾਂ ਨੇ ਉਨ੍ਹਾਂ 'ਤੇ ਵੀ ਦਵਾਈ ਫਾਇਰਿੰਗ ਕੀਤੀ। ਪੁਲਸ ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ। ਪਰਵਾਰਕ ਮੈਂਬਰਾਂ ਨੇ ਗੱਲਬਾਤ ਦੌਰਾਨ ਦੱਸਿਆ ਕਿ ਰਾਤ 11 ਵਜੇ ਦੇ ਕਰੀਬ ਕੁਝ ਅਣਪਛਾਤੇ ਵਿਅਕਤੀਆਂ ਨੇ ਸਾਡੇ ਘਰ 'ਤੇ ਗੋਲੀਬਾਰੀ ਕੀਤੀ ਅਤੇ ਜਦੋਂ ਅਸੀਂ ਪੁਲਸ ਨੂੰ ਸੂਚਿਤ ਕੀਤਾ ਤਾਂ ਹਮਲਾਵਰ ਭੱਜ ਚੁੱਕੇ ਸਨ। ਉਨ੍ਹਾਂ ਕਿਹਾ ਹਮਲਾਵਰਾਂ ਦਾ ਸਾਡੇ ਮੁੰਡਿਆਂ ਨੇ ਤਕਰੀਬਨ ਪੰਜ ਤੋਂ ਛੇ ਕਿਲੋਮੀਟਰ ਤੱਕ ਪਿੱਛਾ ਕੀਤਾ ਪਰ ਹਨੇਰੇ ਦਾ ਫਾਇਦਾ ਉਠਾ ਕੇ ਉਹ ਬਚ ਨਿਕਲੇ। ਉਨ੍ਹਾਂ ਦੱਸਿਆ ਕਿ ਹਮਲਾਵਰ ਤਿੰਨ ਜਾਣੇ ਅਤੇ ਇੱਕ ਉਨ੍ਹਾਂ ਕੋਲ ਮੋਟਰਸਾਈਕਲ ਸੀ। ਉਨ੍ਹਾਂ ਆਪਣੇ ਮੂੰਹ ਕੱਪੜੇ ਨਾਲ ਬੰਨ੍ਹੇ ਹੋਏ ਸਨ, ਜਿਸ ਕਰਕੇ ਪਹਿਚਾਣ ਨਹੀਂ ਹੋ ਸਕੀ। ਇਸ ਘਟਨਾ ਨੂੰ ਲੈ ਕੇ ਇਲਾਕੇ ਅੰਦਰ ਸਹਿਮ ਦਾ ਮਾਹੌਲ ਪਾਇਆ ਜਾ ਰਿਹਾ ਹੈ। ਮੌਕੇ 'ਤੇ ਪਹੁੰਚੇ ਪੁਲਸ ਪ੍ਰਸ਼ਾਸਨ ਨੇ ਪਰਵਾਰ ਨੂੰ ਵਿਸ਼ਵਾਸ ਦਵਾਇਆ ਕਿ ਦੋਸ਼ੀ ਜਲਦ ਤੋਂ ਜਲਦ ਫੜੇ ਜਾਣਗੇ। ਘਰ 'ਤੇ ਫਾਇਰਿੰਗ ਦੌਰਾਨ ਚੱਲੀਆਂ ਦੋ ਗੋਲੀਆਂ ਦੇ ਡਿੱਗੇ ਕਾਰਤੂਸ ਪੁਲਸ ਨੇ ਆਪਣੇ ਕਬਜ਼ੇ ਵਿਚ ਲੈ ਲਏ ਹਨ।



# ਪੰਜਾਬ ਸਰਕਾਰ ਨੇ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਲਈ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ : ਸ਼ੈਰੀ ਕਲਸੀ

ਬਟਾਲਾ ( ਡਾਕਟਰ ਮਲਵਿੰਦਰ ਸਿੰਘ ) ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਖਿਡਾਰੀਆਂ ਨੂੰ ਖੇਡਣ ਦਾ ਸ਼ਾਨਦਾਰ ਪਲੇਟਫਾਰਮ ਮੁਹੱਈਆ ਕਰਵਾਇਆ ਹੈ ਅਤੇ ਪੰਜਾਬ ਵਿੱਚ ਮੁੜ ਖੇਡ ਸੱਭਿਆਚਾਰ ਪ੍ਰਫੁੱਲਤ ਹੋਇਆ ਹੈ। ਇਹ ਪ੍ਰਗਟਾਵਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਵਰਲਡ ਪੁਲਸ ਗੇਮਾਂ, ਐਲਬਾਮਾ, ਯੂ.ਐਸ.ਏ 2025 ਦੇ ਗੋਲਡ ਮੈਡਲ ਜੇਤੂ ਖਿਡਾਰੀਆਂ ਨੂੰ ਸਨਮਾਨਤ ਮੌਕੇ ਕਹੇ।ਵਿਧਾਇਕ ਸ਼ੈਰੀ ਕਲਸੀ ਨੇ ਗੋਲਡ ਮੈਡਲ ਜੇਤੂ ਐਥਲੈਟਿਕਸ ਖਿਡਾਰਨ ਸਰਬਜੀਤ ਕੌਰ ਅਤੇ ਖਿਡਾਰੀ ਜਸਪਿੰਦਰ ਸਿੰਘ ਬਾਜਵਾ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਖਿਡਾਰੀਆਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਵਲੋਂ ਖਾਸ ਉਪਰਾਲੇ ਕੀਤੇ ਗਏ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਨੌਜਵਾਨਾਂ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਕਰਕੇ ਖੇਡਾਂ ਨਾਲ ਜੋੜਿਆ ਜਾ ਰਿਹਾ ਹੈ। ਖਿਡਾਰੀਆਂ ਨੂੰ ਕਰੋੜਾਂ ਰੁਪਏ ਦੇ ਨਗਦ ਇਨਾਮ ਦੇਣ ਤੋਂ ਇਲਾਵਾ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ ਗਈਆਂ ਹਨ।ਇਸ ਮੌਕੇ ਐਥਲੈਟਿਕਸ ਖਿਡਾਰਨ ਸਰਬਜੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਨੇ ਵਰਲਡ ਪੁਲਿਸ ਗੇਮਾਂ, ਐਲਬਾਮਾ, ਯੂ.ਐਸ.ਏ 2025 ਵਿੱਚ 5 ਗੋਲਡ ਮੈਡਲ ਜਿੱਤੇ ਹਨ। ਇਸੇ ਤਰਾਂ 2025 ਵਿੱਚ ਚੰਡੀਗੜ੍ਹ ਵਿਖੇ ਇੰਡੀਅਨ ਓਪਨਐਥਲੈਟਿਕਸ ਰਿਲੇਅ ਕਾਰਨੀਵਲ ਵਿੱਚ ਤੀਸਰਾ ਸਥਾਨ ਹਾਸਲ ਕੀਤਾ। ਇਸੇ ਤਰਾਂ ਸਾਲ 2022 ਵਿੱਚ ਨੀਦਰਲੈਂਡ ਅਤੇ ਆਸਟੇਰੀਆ ਵਿਖੇ ਹੋਈਆਂ ਐਥਲੈਟਿਕਸ ਖੇਡਾਂ ਵਿੱਚ ਗੋਲਡ ਅਤੇ ਸਿਲਵਰ ਮੈਡਲ ਜਿੱਤੇ ਹਨ।ਐਥਲੈਟਿਕਸ ਖਿਡਾਰੀ ਜਸਪਿੰਦਰ ਸਿੰਘ ਨੇ ਦੱਸਿਆ ਕਿ ਵਲੋਂ ਵਰਲਡ ਪੁਲਸ ਗੇਮਾਂ, ਐਲਬਾਮਾ, ਯੂ.ਐਸ.ਏ 2025 ਵਿੱਚ 2 ਗੋਲਡ ਮੈਡਲ, 1 ਸਿਲਵਰ ਅਤੇ 2 ਕਾਂਸੀ ਦੇ ਤਗਮੇ ਜਿੱਤੇ ਹਨ। ਸਾਲ 2025 ਵਿੱਚ ਬੰਗਲੌਰ ਵਿਖੇ ਇੰਡੀਅਨ ਓਪਨ ਐਥਲੈਟਿਕਸ ਰਿਲੇਅ ਕਾਰਨੀਵਲ ਵਿੱਚ ਗੋਲਡ ਜਿੱਤਿਆ ਹੈ।



# ਟਰੱਕ ਦਾ ਟਾਇਰ ਫਟਣ ਨਾਲ ਦੋ ਵਿਅਕਤੀਆਂ ਦੀ ਮੌਤ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਜਲੰਧਰ ਨੈਸ਼ਨਲ ਹਾਈਵੇ ਉਪਰ ਤੇਲ ਨਾਲ ਭਰੇ ਟਰੱਕ ਦਾ ਟਾਇਰ ਫਟਣ ਨਾਲ ਬੇਕਾਬੂ ਹੋਏ ਟਰੱਕ ਨੇ ਦੂਜੀ ਸਾਈਡ ਜਾ ਰਹੀ ਕਾਰ ਨਾਲ ਟਕਰਾਉਣ ਤੋਂ ਬਾਅਦ ਕਾਰ ਸਵਾਰ ਦੋ ਵਿਅਕਤੀਆਂ ਦੀ ਅੱਗ ਲੱਗਣ ਕਾਰਨ ਹੋਈ ਮੌਤ ਹੋ ਗਈ। ਇਸ ਸੰਬੰਧੀ ਚਸ਼ਮਦੀਦ ਅਵਤਾਰ ਸਿੰਘ ਟੱਕਰ ਵਾਸੀ ਜਾਣੀਆਂ ਨੇ ਦੱਸਿਆ ਕਿ ਇਕ ਪੈਟਰੋਲ ਨਾਲ ਭਰਿਆ ਹੋਇਆ ਟੈਂਕਰ ਜੋ ਜਲੰਧਰ ਵਾਲੀ ਸਾਈਡ ਤੋਂ ਅੰਮ੍ਰਿਤਸਰ ਵੱਲ ਆ ਰਿਹਾ ਸੀ ਤੇ ਟੈਂਕਰ ਦਾ ਹਾਈਵੇ 'ਤੇ ਟਾਇਰ ਫਟਣ ਨਾਲ ਬੇਕਾਬੂ ਹੋ ਕੇ ਦੂਜੀ ਸਾਈਡ ਤੋਂ ਆ ਰਹੀ ਕਾਰ ਨਾਲ ਜ਼ਬਰਦਸਤ ਟੱਕਰ ਹੋਈ ਅਤੇ ਕਾਰ ਟਕਰਾਅ ਕੇ ਰੇਲਿੰਗ ਤੋੜੀ ਗਈ। ਟਕਰਾਅ ਤੋਂ ਬਾਅਦ ਦੋਵਾਂ ਗੱਡੀਆਂ ਨੂੰ ਅੱਗ ਲੱਗ ਗਈ, ਜਿਸ ਨਾਲ ਕਾਰ ਸਵਾਰ ਦੋ ਵਿਅਕਤੀਆਂ ਦੀ ਅੱਗ ਲੱਗਣ ਕਾਰਨ ਮੌਤ ਹੋ ਗਈ। ਕਾਰ ਵਿੱਚ ਬੈਠੇ ਬਾਡੀ ਨੂੰ ਕੱਢਣ ਲਈ ਹਰ ਕੋਈ ਕੋਸ਼ਿਸ਼ ਕਰ ਰਿਹਾ ਸੀ। ਫਿਰ ਅਵਤਾਰ ਟੱਕਰ ਅਤੇ ਹੋਰਨਾਂ ਨੇ ਅੱਗੇ ਆ ਕੇ ਸਾਂਝੀ ਕਾਰਵਾਈ ਕੀਤੀ। ਅੱਗ ਬੁਝਾਉਣ ਵਾਲੀਆਂ ਗੱਡੀਆਂ ਮੌਕੇ ਉੱਪਰ ਪੁੱਜਣ ਦੇ ਬਾਵਜੂਦ ਅਗਨੀ ਕਰਮੀ ਤੇਲ ਨਾਲ ਭਰੇ ਟੈਂਕ ਕੋਲ ਜਾਣ ਤੋਂ ਡਰ ਰਹੇ ਸਨ, ਫਿਰ ਮੌਕੇ ਸਿੰਘ ਜੋ ਕਿ ਪੰਜਾਬ ਪੁਲਸ ਵਿੱਚ ਤਾਇਨਾਤ ਹਨ, ਆਪਣੀ ਜਾਨ ਦੀ ਪ੍ਰਵਾਹ ਨਾ ਕਰਦੇ ਹੋਏ ਉਹਨਾ ਅੱਗੇ ਆ ਕੇ ਅੱਗ ਬੁਝਾਉਣ ਵਿੱਚ ਮੁਢਲੀ ਭੂਮਿਕਾ ਨਿਭਾਈ। ਡੀ ਐਸ ਪੀ ਜੰਡਿਆਲਾ ਨੇ ਦੱਸਿਆ ਕਿ ਅਸੀਂ ਮੌਕੇ 'ਤੇ ਪਹੁੰਚੇ ਹਾਂ ਅਤੇ ਹੁੰਦਲ ਪੈਟਰੋਲ ਪੰਪ ਜੰਡਿਆਲਾ ਦਾ ਟਰੱਕ ਹੈ ਜੋ ਕਿ ਜਲੰਧਰ ਤੋਂ ਤੇਲ ਭਰ ਕੇ ਆ ਰਿਹਾ ਸੀ। ਫਿਲਹਾਲ ਦੋ ਕਾਰ ਸਵਾਰਾਂ ਦੀ ਮੌਤ ਹੋਈ ਹੈ, ਟਰੱਕ ਡਰਾਈਵਰ ਮੌਕੇ ਤੋਂ ਫਰਾਰ ਹੈ।ਇਸ ਸਾਰੇ ਘਟਨਾਕ੍ਰਮ ਵਿੱਚ ਆਰਮੀ ਨੇ ਆਪਣੀਆਂ ਕਰੇਨਾਂ ਤੇ ਜੇ ਸੀ ਬੀ ਵਾਲੀਆਂ ਮਸ਼ੀਨ ਨਾਲ ਅਹਿਮ ਰੋਲ ਅਦਾ ਕੀਤਾ।

# ਲੈਂਡ ਪੂਲਿੰਗ ਪਾਲਸੀ ਨੂੰ ਕਿਸੇ ਸੂਰਤ 'ਚ ਵੀ ਲਾਗੂ ਨਹੀਂ ਹੋਣ ਦਿੱਤਾ ਜਾਵੇਗਾ : ਕਿਸਾਨ ਆਗੂ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਦੀ ਇਕ ਅਹਿਮ ਮੀਟਿੰਗ ਜਥੇਬੰਦੀ ਦੇ ਸੂਬਾ ਮੀਤ ਪ੍ਰਧਾਨ ਕੁਲਦੀਪ ਸਿੰਘ ਕੰਬੋਜ ਦੀ ਪ੍ਰਧਾਨਗੀ ਹੇਠ ਫਤਿਹਾਬਾਦ ਵਿਖੇ ਹੋਈ।ਇਸ ਮੌਕੇ ਜਥੇਬੰਦੀ ਦੇ ਆਗੂਆਂ ਨੇ ਇਸ ਮੀਟਿੰਗ ਵਿਚ ਸ਼ਮੂਲੀਅਤ ਕੀਤੀ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਸੂਬੇ ਦੀ ਆਪ ਸਰਕਾਰ ਵਲੋਂ ਜਿਹੜੀ ਲੈਂਡ ਪੂਲਿੰਗ ਪਾਲਸੀ ਲਿਆਂਦੀ ਗਈ ਹੈ, ਉਸ ਦੀ ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਸਖਤ ਸ਼ਬਦਾਂ ਵਿਚ ਵਿਰੋਧਤਾ ਕਰਦੀ ਹੈ।ਆਗੂਆਂ ਕਿਹਾ ਕਿ ਸਰਕਾਰ ਨੇ ਇਸ ਪਾਲਸੀ ਦਾ ਜੋ ਨੋਟੀਫਿਕੇਸ਼ਨ ਜਾਰੀ ਕੀਤਾ ਹੈ, ਉਸ ਨੂੰ ਤੁਰੰਤ ਵਾਪਸ ਲਵੇ। ਜੇਕਰ ਸਰਕਾਰ ਨੇ ਇਹ ਨੋਟੀਫਿਕੇਸ਼ਨ ਵਾਪਸ ਨਾ ਲਿਆ ਤਾਂ ਜਥੇਬੰਦੀ ਵਲੋਂ ਸੂਬਾ ਭਰ ਇਸ ਨੀਤੀ ਖਿਲਾਫ ਵੱਡਾ ਘੋਲ ਵਿਢਿਆ ਜਾਵੇਗਾ।ਇਹ ਨੀਤੀ ਜੋ ਕਿ ਲੋਕ ਤੇ ਕਿਸਾਨ ਵਿਰੋਧੀ ਹੈ ਇਸ ਨੂੰ ਕਿਸੇ ਸੂਰਤ ਵਿਚ ਲਾਗੂ ਨਹੀ ਹੋਣ ਦਿੱਤਾ ਜਾਵੇਗਾ।ਇਸ ਮੌਕੇ ਚਰਨਜੀਤ ਸਿੰਘ ਦਿਉਲ, ਲਖਵਿੰਦਰ ਸਿੰਘ ਕਾਨੂੰਗੋ, ਤਜਿੰਦਰ ਸਿੰਘ ਪ੍ਰਿੰਸ, ਗੁਰਭੇਜ ਸਿੰਘ ਭੇਜੀ, ਗਿਆਨ ਸਿੰਘ ਦਿਉਲ, ਬਿੱਟੂ ਦਿਉਲ, ਅਸ਼ੋਕ ਮਹਾਸ਼ਾ, ਦਵਿੰਦਰ ਸਿੰਘ ਕਾਕਾ ਸਾਬਕਾ ਪੰਚ, ਜਸਬੀਰ ਸਿੰਘ, ਜੰਗਲੀ ਮਹਾਸ਼ਾ ਆਦਿ ਹਾਜ਼ਰ ਸਨ।



# ਸੌਲਡ ਵੇਸਟ ਮੈਨੇਜਮੈਂਟ ਪਲਾਂਟ 'ਤੇ ਤਸੱਲੀ ਪ੍ਰਗਟ

ਬੁਤਾਲਾ ( ਨਿਰਮਲ ਸਿੰਘ ਸੰਘਾ)- ਸੌਲਡ ਵੇਸਟ ਮੈਨੇਜਮੈਂਟ ਪਲਾਂਟ ਬੁਤਾਲਾ ਦੇਖਣ ਲਈ ਸਵੱਛ ਭਾਰਤ ਮਿਸ਼ਨ ਵੱਲੋਂ ਵਿਭੂਤੀ ਸ਼ਰਮਾ (ਕਮਿਉਨਿਟੀ ਡਿਵੈਲਪਮੈਂਟ ਸਪੈਸ਼ਲਿਸਟ), ਸੁਖਵਿੰਦਰ ਪਾਲ ਜੇ ਈ, ਸੰਦੀਪ ਸਿੰਘ (ਮੋਟੀਵੇਟਰ) ਆਪਣੀ ਟੀਮ ਸਮੇਤ ਪਹੁੰਚੇ। ਉਹਨਾਂ ਨੇ ਪ੍ਰੋਜੈਕਟ ਦੀ ਚੈਕਿੰਗ ਕੀਤੀ। ਹੁਣ ਤੱਕ ਹੋ ਚੁੱਕੇ ਕੰਮ 'ਤੇ ਤਸੱਲੀ ਪ੍ਰਗਟ ਕਰਦਿਆਂ ਉਨ੍ਹਾਂ ਗ੍ਰਾਮ ਪੰਚਾਇਤ ਬੁਤਾਲਾ ਵੱਲੋਂ ਸੁਹਿਰਦ ਸੱਜਣਾਂ ਦੇ ਵਡਮੁੱਲੇ ਸਹਿਯੋਗ ਨਾਲ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਅਤੇ ਪਲਾਂਟ ਤੇ ਕੰਮ ਕਰਦੇ ਵਰਕਰਾਂ ਲਈ ਸੇਫਟੀ ਜੈਕਟ, ਬੂਟ ਅਤੇ ਦਸਤਾਨੇ ਵੀ ਦਿੱਤੇ। ਉਹਨਾਂ ਨੇ ਕਿਹਾ ਕਿ ਬਹੁਤ ਸਾਰੇ ਪਿੰਡਾਂ ਵਿਚ ਸਰਕਾਰ ਵੱਲੋਂ ਸੌਲਡ ਵੇਸਟ ਮੈਨੇਜਮੈਂਟ ਪਲਾਂਟ ਸ਼ੁਰੂ ਕੀਤੇ ਗਏ ਪਰ ਕੰਮ ਔਖਾ ਹੋਣ ਕਰਕੇ ਇਹ ਬੰਦ ਹੋ ਗਏ । ਉਨ੍ਹਾਂ ਬੁਤਾਲੇ ਦਾ ਪ੍ਰੋਜੈਕਟ ਦੇਖ ਕੇ ਕਿਹਾ ਕਿ ਜੇਕਰ ਇਸੇ ਨਿਹਚੇ ਨਾਲ ਮਿਹਨਤ ਕਰਦੇ ਰਹੇ ਤਾਂ ਇਸ ਨੂੰ ਪੰਜਾਬ ਦਾ ਵਧੀਆ ਪ੍ਰੋਜੈਕਟ ਬਣਨ 'ਚ ਦੇਰ ਨਹੀਂ ਲੱਗੇਗੀ। ਉਹਨਾਂ ਨੇ ਅਤੇ ਸਮੁੱਚੀ ਟੀਮ ਨੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਸਰਪੰਚ ਸੁਖਵਿੰਦਰ ਸਿੰਘ ਅਤੇ ਗ੍ਰਾਮ ਪੰਚਾਇਤ ਬੁਤਾਲਾ ਹਾਜ਼ਰ ਸੀ।



# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਤਲਬੀਰ ਸਿੰਘ ਗਿੱਲ ਵੱਲੋਂ ਵੱਖ-ਵੱਖ ਪਿੰਡਾਂ 'ਚ ਮੀਟਿੰਗਾਂ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ 'ਚ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਅੱਜ ਸਾਰਥਕ ਸਿੱਟੇ ਸਾਹਮਣੇ ਆ ਰਹੇ ਹਨ। ਇਹ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਹਲਕਾ ਮਜੀਠਾ ਦੇ ਪਿੰਡ ਦੁਧਾਲਾ, ਮਾਂਗਾ ਸਰਾਏ, ਚਾਟੀਵਿੰਡ ਲੇਹਲ ਅਤੇ ਭੋਏ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਰੱਖੀਆਂ ਗਈਆਂ ਜਾਗਰੂਕਤਾ ਰੈਲੀਆਂ ਨੂੰ ਸੰਬੋਧਨ ਕਰਨ ਉਪਰੰਤ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦਿਆਂ ਕੀਤਾ।ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਇਸ ਮੁਹਿੰਮ ਨੂੰ ਲੋਕਾਂ ਦਾ ਭਰਵਾਂ ਸਮਰਥਨ ਮਿਲ ਰਿਹਾ ਹੈ ਤੇ ਲੋਕ ਆਪ ਮੁਹਾਰੇ ਨਸ਼ਿਆਂ ਖਿਲਾਫ ਕੱਢੀਆਂ ਜਾ ਰਹੀਆਂ ਜਾਗਰੂਕਤਾ ਰੈਲੀਆਂ 'ਚ ਵਧ-ਚੜ੍ਹ ਕੇ ਹਿੱਸਾ ਲੈ ਰਹੇ ਹਨ ਤੇ ਨਸ਼ੇ ਨੂੰ ਜੜ੍ਹੋਂ ਖਤਮ ਕਰਨ ਲਈ ਪ੍ਰਸ਼ਾਸਨ ਦਾ ਸਾਥ ਦੇ ਰਹੇ ਹਨ।ਇਸ ਮੌਕੇ ਅਮਨਦੀਪ ਸਿੰਘ ਮੰਨਣ ਬੀ ਡੀ ਪੀ ਓ, ਸਿੱਖਿਆ ਕੋਆਰਡੀਨੇਟਰ ਪਰਮਿੰਦਰ ਸਿੰਘ ਉੱਪਲ, ਸਰਪੰਚ ਰਾਜ ਕੁਮਾਰ ਲੁੱਧੜ, ਸ਼ਿਵਰਾਜ ਸਿੰਘ ਭੀਲੋਵਾਲ, ਮਨਪ੍ਰੀਤ ਸਿੰਘ ਰੰਧਾਵਾ ਵਰਿਆਮ ਨੰਗਲ, ਜਰਨੈਲ ਸਿੰਘ ਗਿੱਲ ਦੁਧਾਲਾ, ਪਰਲੋਕ ਸਿੰਘ ਦੁਧਾਲਾ, ਸਰਬਜੀਤ ਸਿੰਘ ਹਾਂਸ, ਤਰਸੇਮ ਸਿੰਘ ਚਾਚੋਵਾਲੀ, ਮਨਪ੍ਰੀਤ ਸਿੰਘ ਰੰਧਾਵਾ, ਸਰਪੰਚ ਜਤਿੰਦਰ ਸਿੰਘ ਤਲਵੰਡੀ, ਤਰਵਿੰਦਰ ਸਿੰਘ ਸਾਧਪੁਰ, ਬਲਾਕ ਪ੍ਰਧਾਨ ਮਨਜਿੰਦਰ ਸਿੰਘ ਮਾਗਾਸਰਾਏ ਤੇ ਕੁਲਦੀਪ ਸਿੰਘ ਤਲਵੰਡੀ ਦਸੋਧਾ ਆਦਿ ਹਾਜ਼ਰ ਸਨ।




# ਜ਼ਿਲ੍ਹਾ ਯੂਥ ਅਫਸਰ ਜਸਲੀਨ ਕੌਰ ਦੀ ਅਗਵਾਈ ਹੇਠ ਵਿਸ਼ੇਸ਼ ਵਰਕਸ਼ਾਪ

ਪੱਟੀ (ਬਲਦੇਵ ਸਿੰਘ ਸੰਧੂ)-ਮਾਈ ਯੁਵਾ ਭਾਰਤ ਸਰਕਾਰ ਦੇ ਜ਼ਿਲ੍ਹਾ ਯੂਥ ਅਫਸਰ ਮੈਡਮ ਜਸਲੀਨ ਕੌਰ ਦੀ ਅਗਵਾਈ ਹੇਠ ਆਈ ਟੀ ਭਗਵਾਨਪੁਰਾ ਅਲਗੋ ਕੋਠੀ ਵਿਖੇ ਸਰਕਾਰੀ ਸਕੀਮਾਂ ਦੀ ਜਾਣਕਾਰੀ ਦੇਣ ਲਈ ਵਿਸ਼ੇਸ਼ ਵਰਕਸ਼ਾਪ ਲਗਾਈ ਗਈ। ਇਸ ਮੌਕੇ ਆਈ ਟੀ ਕਾਲਜ ਦੇ ਚੇਅਰਮੈਨ ਇੰਦਰਜੀਤ ਸਿੰਘ ਸੰਧੂ ਵੱਲੋਂ ਉਹਨਾਂ ਦਾ ਸਵਾਗਤ ਕੀਤਾ ਗਿਆ।ਵਰਕਸ਼ਾਪ ਦੌਰਾਨ ਰਿਸੋਰਸ ਪਰਸਨ ਵਜੋਂ ਸਿਵਲ ਹਸਪਤਾਲ ਤਰਨ ਤਾਰਨ ਤੋਂ ਜ਼ਿਲ੍ਹਾ ਕੋਆਰਡੀਨੇਟਰ ਵਰੁਣ ਸੂਦ ਨੇ ਆਯੂਸ਼ਮਾਨ ਭਾਰਤ ਸਕੀਮ ਸਬੰਧੀ ਜਾਣਕਾਰੀ ਦਿੱਤੀ ਅਤੇ ਬਾਬਾ ਦਾਰਾ ਮੱਲ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਸੰਦੀਪ ਮਸੀਹ ਨੇ ਸਵੱਛ ਭਾਰਤ ਅਭਿਆਨ ਦੀ ਜਾਣਕਾਰੀ ਸਾਂਝੀ ਕੀਤੀ।ਇਸ ਮੌਕੇ ਮੈਡਮ ਰਜਨੀਸ਼ ਬਾਲਾ ਨੇ ਜਲ ਜੀਵਨ ਮਿਸ਼ਨ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਜ਼ਿਲ੍ਹਾ ਯੂਥ ਅਫਸਰ ਤਰਨ ਤਾਰਨ ਜਸਲੀਨ ਕੌਰ ਨੇ ਸਰਕਾਰ ਦੀਆਂ ਵੱਖ ਵੱਖ ਸਕੀਮਾਂ ਸਬੰਧੀ ਜਾਣਕਾਰੀ ਸਾਂਝੀ ਕੀਤੀ ਅਤੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਸਰਕਾਰ ਦੀਆਂ ਸਰਕਾਰੀ ਸਕੀਮਾਂ ਦਾ ਲਾਭ ਲਿਆ ਜਾਵੇ ਅਤੇ ਕਿਸੇ ਵੀ ਤਰ੍ਹਾਂ ਦੀ ਜੇਕਰ ਕਿਸੇ ਨੂੰ ਕੋਈ ਮੁਸ਼ਕਲ ਪਰੇਸ਼ਾਨੀ ਆਉਂਦੀ ਹੈ ਤਾਂ ਸਬੰਧਤ ਵਿਭਾਗ ਨਾਲ ਤਾਲਮੇਲ ਕੀਤਾ ਜਾਵੇ। ਅੰਤ ਵਿੱਚ ਜਸਲੀਨ ਕੌਰ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਵੀ ਕੀਤਾ। ਪ੍ਰੋਗਰਾਮ ਦਾ ਸਮਾਪਨ ਜ਼ਿਲ੍ਹਾ ਯੁਵਾ ਅਧਿਕਾਰੀ ਮੈਡਮ ਜਸਲੀਨ ਕੌਰ ਅਤੇ ਹੋਰ ਮਹਿਮਾਨਾਂ ਅਤੇ ਪਤਵੰਤਿਆਂ ਦੁਆਰਾ ਇੱਕ ਪੇਡ ਮਾਂ ਕੇ ਨਾਮ ਮੁਹਿੰਮ ਤਹਿਤ ਕਾਲਜ ਵਿੱਚ ਪੌਦੇ ਲਗਾ ਕੇ ਕੀਤਾ ਗਿਆ।



# ਮੇਰਾ ਯੁਵਾ ਭਾਰਤ ਗੁਰਦਾਸਪੁਰ ਵੱਲੋਂ ਫਲੈਗਸ਼ਿਪ ਵਰਕਸ਼ਾਪ

ਬਟਾਲਾ ( ਡਾਕਟਰ ਮਲਵਿੰਦਰ ਸਿੰਘ )-ਮੇਰਾ ਯੁਵਾ ਭਾਰਤ ਗੁਰਦਾਸਪੁਰ ਵੱਲੋਂ ਜ਼ਿਲ੍ਹਾ ਸਿਖਲਾਈ ਸੰਸਥਾ ਵਿਚ ਫਲੈਗਸ਼ਿਪ ਵਰਕਸ਼ਾਪ ਪ੍ਰੋਗਰਾਮ ਮਨਾਇਆ ਗਿਆ, ਜਿਸ ਵਿਚ ਵੱਖ-ਵੱਖ ਸਕੀਮਾਂ ਬਾਰੇ ਬੱਚਿਆਂ ਨੂੰ ਜਾਣਕਾਰੀ ਦਿੱਤੀ ਗਈ। ਇਸ ਮੌਕੇ ਵਾਤਾਵਰਣ ਨੂੰ ਹਰਾ ਭਰਾ ਰੱਖਣ ਲਈ ਪੌਦੇ ਵੀ ਲਗਾਏ ਗਏ। ਇਸ ਮੌਕੇ ਹਰ ਘਰ ਜਲ ਮਿਸ਼ਨ ਹੁਨਰ ਤੇ ਡਿਜੀਟਲ ਇੰਡੀਆ ਬਾਰੇ ਦੱਸਿਆ ਗਿਆ।ਇਸ ਪ੍ਰੋਗਰਾਮ ਵਿਚ ਜ਼ਿਲਾ ਯੂਥ ਅਫਸਰ ਮੈਡਮ ਸੰਦੀਪ ਕੌਰ ਨੇ ਪ੍ਰੋਗਰਾਮ ਬਾਰੇ ਜਾਣਕਾਰੀ ਦਿੱਤੀ। ਕਨਵਰਜੀਤ ਰੱਤਰਾ ਐੱਸ ਡੀ ਓ ਵਾਟਰ ਸਪਲਾਈ ਐਂਡ ਸੈਨੀਟੇਸ਼ਨ ਨੇ ਵਿਭਾਗ ਨਾਲ ਸਬੰਧਤ ਸਕੀਮਾਂ ਬਾਰੇ ਜਾਣੂ ਕਰਵਾਇਆ। ਇਸ ਮੌਕੇ ਸਪੋਰਟਸ ਕੋਆਰਡੀਨੇਟਰ ਅਨੀਤਾ ਪੁਰੀ ਨੇ ਵੱਖ-ਵੱਖ ਸਕਿੱਲਸ ਬਾਰੇ ਗੱਲ ਕੀਤੀ। ਟਰੈਫਿਕ ਪੁਲਸ ਅਮਨਦੀਪ ਸਿੰਘ ਨੇ ਟਰੈਫਿਕ ਦੇ ਨਵੇਂ ਢੰਗਾਂ ਤੇ ਡਿਜੀਟਲ ਢੰਗਾਂ ਤੋਂ ਜਾਣੂ ਕਰਵਾਇਆ। ਇਸ ਮੌਕੇ ਕਾਲਜ ਦੇ ਲੈਕਚਰਾਰ ਨਰੇਸ਼ ਮਹਿਤਾ, ਮੈਡਮ ਤਰੁਣ ਪ੍ਰੀਤ ਕੌਰ, ਮੈਡਮ ਵੰਦਨਾ, ਮੈਡਮ ਮਨਪ੍ਰੀਤ ਸ਼ਾਮਿਲ ਸਨ।



# ਨੌਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀ ਅੱਜ ਤੋਂ ਪੜ੍ਹਨਗੇ ਨਸ਼ਾ ਵਿਰੋਧੀ ਜਾਗਰੂਕਤਾ ਪਾਠਕ੍ਰਮ : ਸ਼ੈਰੀ ਕਲਸੀ

ਬਟਾਲਾ (ਤਰਲੋਕ ਬੱਗਾ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪੰਜਾਬ 'ਚੋਂ ਨਸ਼ਿਆਂ ਦੀ ਜੜ੍ਹ ਪੁੱਟਣ ਤੇ ਰੰਗਲੇ ਪੰਜਾਬ ਦੀ ਸਿਰਜਣਾ ਦੇ ਸਟੈਂਡ ਦਾ ਮੁੜ ਪ੍ਰਗਟਾਵਾ ਕਰਦਿਆਂ ਸਪੱਸ਼ਟ ਕੀਤਾ ਕਿ ਨਸ਼ਿਆਂ ਦਾ ਖਾਤਮਾ ਕਰਕੇ ਹੀ ਮਾਨ ਸਰਕਾਰ ਦਮ ਲਵੇਗੀ ਅਤੇ ਪਹਿਲੀ ਮਾਰਚ ਤੋਂ ਵਿੱਢਿਆ ਯੁੱਧ ਨਸ਼ਿਆਂ ਵਿਰੁੱਧ ਪਹਿਲੀ ਅਗਸਤ ਤੋਂ ਤੀਸਰੇ ਪੜਾਅ 'ਚ ਦਾਖ਼ਲ ਹੋਣ ਜਾ ਰਿਹਾ ਹੈ। ਜਿਸ ਤਹਿਤ ਸੂਬੇ ਭਰ ਦੇ ਸਕੂਲਾਂ ਵਿੱਚ ਨੌਵੀਂ ਤੋਂ 12 ਵੀਂ ਜਮਾਤ ਤੱਕ ਪੜ੍ਹਦੇ 8 ਲੱਖ ਵਿਦਿਆਰਥੀਆਂ ਦੇ ਸਕੂਲੀ ਸਿਲੇਬਸ ਦੇ ਪਾਠਕ੍ਰਮ 'ਚ ਨਿਵੇਕਲਾ ਨਸ਼ਿਆਂ ਵਿਰੁੱਧ ਜਾਗਰੂਕਤਾ ਵਿਸ਼ਾ ਸ਼ਾਮਲ ਕੀਤਾ ਗਿਆ ਹੈ, ਜਿਸ ਨੂੰ 6500 ਸਿਖਲਾਈ ਪ੍ਰਾਪਤ ਅਧਿਆਪਕ ਗਿਆਨ ਤੇ ਹੁਨਰ ਨਾਲ ਪੜ੍ਹਾਉਣਗੇ।ਸੂਬੇ ਪੱਧਰ 'ਤੇ ਵਿਦਿਆਰਥੀਆਂ ਨੂੰ ਪਾਠਕ੍ਰਮ ਪੜ੍ਹਾਉਣ ਦੀ ਰਸਮੀ ਸ਼ੁਰੂਆਤ ਸਵੇਰੇ ਪਹਿਲੀ ਅਗਸਤ ਨੂੰ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਾਂਝੇ ਤੌਰ 'ਤੇ ਜ਼ਿਲ੍ਹਾ ਫਾਜ਼ਿਲਕਾ ਦੇ ਅਰਨੀਵਾਲਾ ਤੋਂ ਕਰਨਗੇ। ਵਿਧਾਇਕ ਸ਼ੈਰੀ ਕਲਸੀ ਨੇ ਹਲਕੇ ਵਿੱਚ ਯੁੱਧ ਨਸ਼ਿਆਂ ਵਿਰੁੱਧ ਕਰਵਾਈ ਨਸ਼ਾ ਮੁਕਤੀ ਯਾਤਰਾ ਵਿੱਚ ਵਾਰਡ ਨੰਬਰ 45 ਦੇ ਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਚੋਂ ਇਹ ਪਹਿਲਾ ਤੇ ਅਨੋਖਾ ਪਾਠਕ੍ਰਮ ਤੇ ਪ੍ਰਯੋਗੀ ਪ੍ਰੋਗਰਾਮ ਵਿਸ਼ਵ ਦੇ ਵੱਕਾਰੀ ਨੋਬਲ ਪੁਰਸਕਾਰ ਵਿਜੇਤਾ ਅਭਿਨੀਤ ਚੈਟਰਜੀ ਤੇ ਉਨ੍ਹਾਂ ਦੀ ਸੰਸਥਾ ਦੇ ਸਹਿਯੋਗ ਨਾਲ ਮਾਨ ਸਰਕਾਰ ਵਲੋਂ ਤਿਆਰ ਕੀਤਾ ਗਿਆ ਹੈ। ਜਾਗਰੂਕਤਾ ਰੈਲੀਆਂ ਵਿੱਚ ਸਮੂਹ ਹਾਜ਼ਰੀਨ ਕੋਲੋ ਉਹਨਾਂ ਨੇ ਨਸ਼ਿਆਂ ਦੇ ਖਾਤਮੇ ਲਈ ਆਪ ਮੁਹਾਰੇ ਸਹਿਯੋਗ ਦੀ ਮੰਗ ਕਰਦਿਆਂ ਹਾਜ਼ਰੀਨ ਨੂੰ ਨਸ਼ਾ ਮੁਕਤੀ ਦੇ ਸਹਿਯੋਗ ਲਈ ਸਮੂਹਿਕ ਹਲਫ਼ ਦਿਵਾਏ।

ਇਸ ਮੌਕੇ ਅੰਮ੍ਰਿਤ ਕਲਸੀ, ਚੇਅਰਮੈਨ ਯਸ਼ਪਾਲ ਚੌਹਾਨ, ਚੇਅਰਮੈਨ ਮਾਨਿਕ ਮਹਿਤਾ, ਸੀਨੀਅਰ ਆਗੂ ਮਾਸਟਰ ਤਿਲਕ ਰਾਜ, ਅਵਤਾਰ ਸਿੰਘ ਕਲਸੀ, ਮਨਜੀਤ ਸਿੰਘ ਬੁਮਰਾਹ ਵਾਇਸ ਕੁਆਰਡੀਨੇਟਰ ਨਸ਼ਾ ਮੁਕਤੀ ਯਾਤਰਾ, ਭੁਪਿੰਦਰ ਸਿੰਘ ਅਤੇ ਵੀਨੂੰ ਕਾਹਲੋਂ ਆਦਿ ਮੌਜੂਦ ਸਨ।



# ਦਿੱਲੀ ਤੋਂ ਚਲਦੀਆਂ ਰਾਜਨੀਤਿਕ ਪਾਰਟੀਆਂ ਕਿਸਾਨ, ਪੰਜਾਬ ਤੇ ਸਿੱਖ ਵਿਰੋਧੀ : ਪੱਧਰੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ )- ਅਕਾਲੀ ਦਲ ( ਵਾਰਿਸ ਪੰਜਾਬ ਦੇ ) ਅੰਮ੍ਰਿਤਸਰ ਤੋਂ ਕਾਰਜਕਾਰੀ ਕਮੇਟੀ ਮੈਂਬਰ ਭਾਈ ਸ਼ਮਸ਼ੇਰ ਸਿੰਘ ਪੱਧਰੀ ਨੇ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਲੈਂਡ ਪੂਲਿੰਗ ਪਾਲਿਸੀ ਦੇ ਤਿੱਖੇ ਵਿਰੋਧ ਵਿੱਚ ਇਕ ਪ੍ਰੈਸ ਨੋਟ ਜਾਰੀ ਕਰਦਿਆਂ ਦਿੱਲੀ ਤੋਂ ਚੱਲ ਰਹੀਆਂ ਰਾਜਨੀਤਿਕ ਪਾਰਟੀਆਂ ਭਾਜਪਾ, ਕਾਂਗਰਸ ਅਤੇ ਆਪ ਨੂੰ ਖੁੱਲ੍ਹਾ ਕਿਸਾਨ ਵਿਰੋਧੀ ਅਤੇ ਪੰਜਾਬ ਵਿਰੋਧੀ ਏਜੰਡੇ ਵਾਲੀਆਂ ਪਾਰਟੀਆਂ ਕਰਾਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ ਇਹ ਪਾਰਟੀਆਂ ਸਿਰਫ਼ ਚੋਣਾਂ ਵੇਲੇ ਪੰਜਾਬ ਅਤੇ ਪੰਜਾਬ ਦੇ ਲੋਕਾਂ ਨਾਲ ਇਸ਼ਤਿਹਾਰੀ ਹਮਦਰਦੀ ਜਤਾਉਂਦੀਆਂ ਹਨ, ਪਰ ਅਸਲ ਵਿੱਚ ਇਹਨਾਂ ਦੀਆਂ ਨੀਤੀਆਂ ਪੰਜਾਬ ਦੇ ਪਾਣੀ, ਖੇਤੀ, ਉਦਯੋਗ ਅਤੇ ਪੰਥਕ ਅਸਤਿੱਤਵ ਨੂੰ ਨਿਗਲਣ ਵਾਲੀਆਂ ਹਨ। ਭਾਈ ਪੱਧਰੀ ਨੇ ਪੰਜਾਬ ਸਰਕਾਰ ਵੱਲੋਂ ਤਾਜ਼ਾ ਤੌਰ 'ਤੇ ਲਾਗੂ ਕੀਤੀ ਗਈ ਲੈਂਡ ਪੂਲਿੰਗ ਪਾਲਸੀ ਨੂੰ ਜ਼ਮੀਨ ਲੁੱਟ ਨੀਤੀ ਦੱਸਦੇ ਹੋਏ ਕਿਹਾ ਕਿ ਇਹ ਪਾਲਸੀ ਕਿਸਾਨੀ ਨੂੰ ਖ਼ਤਮ ਕਰਨ ਵਾਲੀ ਅਤੇ ਪੰਜਾਬ ਵਿੱਚ ਕਿਸਾਨਾਂ ਨੂੰ ਆਪਣੀ ਹੀ ਧਰਤੀ ਤੋਂ ਬੇਦਖਲ ਕਰਨ ਦੀ ਯੋਜਨਾ ਹੈ। ਸਰਕਾਰ ਇਨ੍ਹਾਂ ਜ਼ਮੀਨਾਂ ਨੂੰ ਵਿਕਾਸ ਦੇ ਨਾਅਰੇ ਹੇਠ ਕਾਰਪੋਰੇਟ ਹੱਥਾਂ ਵਿੱਚ ਦੇਣ ਦੀ ਤਿਆਰੀ ਕਰ ਰਹੀ ਹੈ ਜਿਸ ਦਾ ਅਸੀਂ ਸਖ਼ਤ ਸ਼ਬਦਾਂ ਵਿੱਚ ਵਿਰੋਧ ਕਰਦੇ ਹਾਂ ।

ਭਾਈ ਪੱਧਰੀ ਨੇ ਇਸ ਬਿਆਨ ਦੇ ਜ਼ਰੀਏ ਸਮੂਹ ਕਿਸਾਨ ਜਥੇਬੰਦੀਆਂ, ਛੋਟੇ ਵੱਡੇ ਉਦਯੋਗਪਤੀਆਂ, ਰੋਜ਼ਗਾਰ ਮੁਹੱਈਆ ਕਰਵਾ ਰਹੇ ਕਾਰੋਬਾਰੀਆਂ ਅਤੇ ਖੇਤ ਮਜ਼ਦੂਰ ਵਰਗ ਨੂੰ ਅਪੀਲ ਕੀਤੀ ਕਿ ਉਹ ਇਹਨਾਂ ਸਾਰੀਆਂ ਪੰਜਾਬ ਅਤੇ ਪੰਥ ਵਿਰੋਧੀ ਪਾਰਟੀਆਂ ਦਾ ਸਮੇਂ ਨਾਲ ਖਹਿੜਾ ਛੱਡ ਕੇ ਅਕਾਲੀ ਦਲ ( ਵਾਰਿਸ ਪੰਜਾਬ ਦੇ ) ਦੇ ਪੰਜਾਬ ਤੇ ਪੰਥ ਪੱਖੀ ਮੋਰਚੇ ਨੂੰ ਆਪਣੀ ਹਮਾਇਤ ਦਿੰਦੇ ਹੋਏ ਇਕ ਮੰਚ 'ਤੇ ਆਉਣ ਤਾਂ ਹੀ ਪੰਜਾਬ ਤੇ ਪੰਜਾਬੀਆਂ ਦੀ ਭਲਾਈ ਹੋ ਸਕਦੀ ਹੈ।

ਉਨ੍ਹਾਂ ਆਖਿਆ ਕਿ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਚੱਲ ਰਹੀ ਲਹਿਰ ਸਿਰਫ਼ ਧਾਰਮਿਕ ਜਾਂ ਰਾਜਨੀਤਿਕ ਨਹੀਂ, ਬਲਕਿ ਇੱਕ ਸਮਾਜਿਕ ਇਨਕਲਾਬ ਹੈ।

# ਕਰੰਟ ਲੱਗਣ ਕਾਰਨ ਦੋ ਨੌਜਵਾਨਾਂ ਦੀ ਮੌਤ, ਇੱਕ ਗੰਭੀਰ ਜ਼ਖ਼ਮੀ

ਗੁਰਦਾਸਪੁਰ (ਜਨਕ ਮਹਾਜਨ)-ਜ਼ਿਲ੍ਹਾ ਗੁਰਦਾਸਪੁਰ ਅਧੀਨ ਪੈਂਦੇ ਪਿੰਡ ਦਬੂੜੀ ਦੇ ਦੋ ਨੌਜਵਾਨਾਂ ਦੀ ਕਰੰਟ ਲੱਗਣ ਨਾਲ ਮੌਤ ਅਤੇ ਇਕ ਦੇ ਗੰਭੀਰ ਰੂਪ ਵਿੱਚ ਜ਼ਖਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਪਿੰਡ ਵਾਸੀਆਂ ਨੇ ਦੱਸਿਆ ਕਿ ਤਿੰਨ ਨੌਜਵਾਨ ਟੋਕੇ ਨਾਲ ਕੁਝ ਕੰਮ ਕਰ ਰਹੇ ਸੀ ਕਿ ਅਚਾਨਕ ਟੋਕੇ ਵਿੱਚ ਕਰੰਟ ਆਉਣ ਕਾਰਨ ਤਿੰਨ ਨੌਜਵਾਨ ਕਰੰਟ ਦੀ ਲਪੇਟ ਵਿੱਚ ਆ ਗਏ ਅਤੇ ਜ਼ਮੀਨ ਹੇਠ ਡਿੱਗ ਪਏ।

ਪਿੰਡ ਵਾਸੀਆਂ ਨੇ ਤਿੰਨਾਂ ਨੌਜਵਾਨਾਂ ਨੂੰ ਗੁਰਦਾਸਪੁਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਜਿੱਥੇ ਡਾਕਟਰਾਂ ਵੱਲੋਂ ਦੋ ਨੌਜਵਾਨਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ ਜਦਕਿ ਤੀਸਰਾ ਨੌਜਵਾਨ ਗੰਭੀਰ ਰੂਪ ਵਿੱਚ ਜ਼ਖਮੀ ਹੈ।

ਇਸ ਘਟਨਾ ਨੂੰ ਲੈ ਕੇ ਪੂਰੇ ਇਲਾਕੇ ਅੰਦਰ ਸੋਗ ਦੀ ਲਹਿਰ ਪਾਈ ਜਾ ਰਹੀ ਹੈ। ਦੋਵੇਂ ਨੌਜਵਾਨ ਵਿਆਹੇ ਹੋਏ ਸਨ। ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਕਰੰਟ ਲੱਗਣ ਨਾਲ ਨੌਜਵਾਨਾਂ ਦੀ ਹੋਈ ਮੌਤ 'ਤੇ ਪਰਵਾਰ ਨੂੰ ਮੁਆਵਜ਼ਾ ਜਾਰੀ ਕੀਤਾ ਜਾਵੇ।

# ਸੀ ਪੀ ਆਈ (ਐੱਮ) ਨੇ ਮਨਾਇਆ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ

**ਛੇਹਰਟਾ (ਮਨੋਜ ਕੁਮਾਰ)** -ਸੀ.ਪੀ.ਆਈ.(ਐੱਮ) ਵੱਲੋਂ ਜ਼ਿਲ੍ਹਾ ਸਕੱਤਰ ਕਾਮਰੇਡ ਚਰਨਜੀਤ ਸਿੰਘ ਮਜੀਠਾ ਦੀ ਅਗਵਾਈ ਵਿਚ ਪੁਤਲੀਘਰ ਸਥਿਤ ਪਾਰਟੀ ਦਫ਼ਤਰ ਵਿਚ ਸ਼ਹੀਦ ਊਧਮ ਸਿੰਘ ਦਾ 86ਵਾਂ ਸ਼ਹੀਦੀ ਦਿਹਾੜਾ ਮਨਾਇਆ ਗਿਆ। ਇਸ ਦੌਰਾਨ ਕਾਮਰੇਡ ਸੁੱਚਾ ਸਿੰਘ ਅਜਨਾਲਾ, ਕਾਮਰੇਡ ਜਸਬੀਰ ਸਿੰਘ ਝਬਾਲ, ਕਾਮਰੇਡ ਕਿਰਪਾ ਰਾਮ, ਨਰਿੰਦਰ ਧੰਜਲ, ਨਰਿੰਦਰਪਾਲ ਚਮਿਆਰੀ ਤੇ ਐਡਵੋਕੇਟ ਕੰਵਲਜੀਤ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਜਨਰਲ ਐਡਵਾਇਰ ਨੇ 13 ਅਪ੍ਰੈਲ 1919 ਨੂੰ ਜਲ੍ਹਿਆਂਵਾਲਾ ਬਾਗ਼ ਵਿਚ ਅੰਨ੍ਹੇਵਾਹ ਗੋਲੀਆਂ ਚਲਵਾ ਕੇ ਸੈਂਕੜੇ ਨਿਹੱਥੇ ਲੋਕਾਂ ਨੂੰ ਸ਼ਹੀਦ ਕਰਵਾ ਦਿੱਤਾ ਸੀ।



*ਇਕੱਠ ਨੂੰ ਸੰਬੋਧਨ ਕਰਦੇ ਹੋਏ ਕਾਮਰੇਡ ਸੁੱਚਾ ਸਿੰਘ ਅਜਨਾਲਾ।*

ਸ਼ਹੀਦ ਊਧਮ ਸਿੰਘ ਨੇ 13 ਮਾਰਚ 1940 ਨੂੰ ਮਾਈਕਲ ਐਡਵਾਇਰ ਨੂੰ ਗੋਲੀਆਂ ਮਾਰ ਕੇ ਇਸ ਕਤਲੇਆਮ ਦਾ ਬਦਲਾ ਲੈ ਲਿਆ। ਬ੍ਰਿਟਿਸ਼ ਜੱਜ ਵੱਲੋਂ ਪੁੱਛਣ 'ਤੇ ਉਨ੍ਹਾਂ ਆਪਣਾ ਨਾਂਅ ਰਾਮ ਮੁਹੰਮਦ ਸਿੰਘ ਆਜ਼ਾਦ ਦੱਸਿਆ ਸੀ। ਆਗੂਆਂ ਕਿਹਾ ਕਿ ਸੀ.ਪੀ.ਆਈ.(ਐੱਮ) ਅੱਜ ਦੇ ਦਿਨ ਮੰਗ ਕਰਦੀ ਹੈ ਕਿ ਊਧਮ ਸਿੰਘ ਨੂੰ ਸ਼ਹੀਦ ਦਾ ਦਰਜਾ ਦਿੱਤਾ ਜਾਵੇ। ਇਸ ਮੌਕੇ ਪ੍ਰਤਾਪ ਸਿੰਘ ਖਾਪੜਖੇੜੀ, ਗੁਰਨਾਮ ਸਿੰਘ ਤਲਵੰਡੀ, ਸਵਿੰਦਰ ਸਿੰਘ ਮੀਰਾਂਕੋਟ, ਗੁਰਦੀਪ ਸਿੰਘ ਬੁਤਾਲਾ, ਤਰਸੇਮ ਸਿੰਘ, ਮਹਿੰਦਰ ਸਿੰਘ ਖਹਿਰਾ, ਭਗਵੰਤ ਸਿੰਘ, ਤਰਸੇਮ ਸਿੰਘ ਟਪਿਆਲਾ, ਸਪਨਾ ਦੇਵੀ, ਮਾਸਟਰ ਸੰਤੋਖ ਸਿੰਘ ਆਦਿ ਵੀ ਹਾਜ਼ਰ ਸਨ।

# ਹਲਕਾ ਤਰਨ ਤਾਰਨ ਦੇ ਇੰਚਾਰਜ ਹਰਮੀਤ ਸੰਧੂ ਨੂੰ ਮਿਲਿਆ ਵੱਡਾ ਬਲ, ਦਿਉਲ ਵੱਲੋਂ ਸਾਥੀਆਂ ਸਮੇਤ ਸਮਰਥਨ

ਝਬਾਲ (ਹਰਜਿੰਦਰ ਸਿੰਘ ਸੋਨੀ)-ਆਮ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਆਦੇਸ਼ਾਂ ਤੇ ਪ੍ਰਧਾਨ ਮਨੀਸ਼ ਸਿਸੋਦੀਆ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਬੀਤੇ ਦਿਨੀਂ ਵਿਧਾਨ ਸਭਾ ਹਲਕਾ ਤਰਨ ਤਾਰਨ ਦੇ ਤਿੰਨ ਵਾਰ ਦਾ ਐਮ ਐਲ ਏ ਅਤੇ ਸਾਬਕਾ ਸੰਸਦੀ ਸਕੱਤਰ ਹਰਮੀਤ ਸਿੰਘ ਸੰਧੂ ਨੂੰ ਆਮ ਪਾਰਟੀ ਵਿੱਚ ਸ਼ਾਮਲ ਕਰਦਿਆਂ ਉਨ੍ਹਾਂ ਨੂੰ ਹਲਕਾ ਤਰਨ ਤਾਰਨ ਦੇ ਇੰਚਾਰਜ ਨਿਯੁਕਤ ਕੀਤੇ ਜਾਣ ਉਪਰੰਤ ਅੱਜ ਜਿੱਥੇ ਉਨ੍ਹਾਂ ਦੇ ਤਰਨ ਤਾਰਨ ਗ੍ਰਹਿ ਵਿਖੇ ਹਲਕੇ ਦੇ ਵੱਖ- ਵੱਖ ਆਪ ਦੇ ਆਗੂਆਂ ਵੱਲੋਂ ਉਨਾਂ ਨੂੰ ਸਮਰਥਨ ਦੇਣ ਦੇ ਨਾਲ-ਨਾਲ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

ਉੱਥੇ ਹੀ ਹਲਕਾ ਇੰਚਾਰਜ ਹਰਮੀਤ ਸਿੰਘ ਸੰਧੂ ਨੂੰ ਉਸ ਵੇਲੇ ਵੱਡਾ ਬਲ ਮਿਲਿਆ ਜਦੋਂ ਮਾਰਕੀਟ ਕਮੇਟੀ ਝਬਾਲ ਦੇ ਚੇਅਰਮੈਨ ਬਲਵਿੰਦਰ ਸਿੰਘ ਦਿਉਲ ਕੋਟ ਸਿਵਿਆ ਵੱਲੋਂ ਸਰਪੰਚਾਂ, ਪੰਚਾਂ ਤੇ ਸਮਰਥਕਾਂ ਸਮੇਤ ਸਮਰਥਨ ਦਿੰਦਿਆਂ ਸੰਧੂ ਦਾ ਭਰਵਾਂ ਸਵਾਗਤ ਕਰਦਿਆਂ ਸਿਰਪਾਓ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਚੇਅਰਮੈਨ ਬਲਵਿੰਦਰ ਸਿੰਘ ਦਿਉਲ ਨੇ ਹਰਮੀਤ ਸਿੰਘ ਸੰਧੂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਉਨ੍ਹਾਂ ਦਾ ਡਟ ਕੇ ਸਾਥ ਦੇਣਗੇ।ਜਦ ਕਿ ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ ਤਰਨ ਤਾਰਨ ਡਾ. ਕੁਲਦੀਪ ਸਿੰਘ ਰੰਧਾਵਾ, ਮਿਊਂਸਪਲ ਕਮੇਟੀ ਤਰਨ ਤਾਰਨ ਦੇ ਸਾਬਕਾ ਪ੍ਰਧਾਨ ਭੁਪਿੰਦਰ ਸਿੰਘ ਖੇੜਾ, ਇੰਪਰੂਵਮੈਂਟ ਟਰੱਸਟ ਵਾਇਸ ਚੇਅਰਮੈਨ ਰੁਪਿੰਦਰ ਕੌਰ ਸੰਧੂ, ਸੀਨੀਅਰ ਆਗੂ ਸਰਬਜੀਤ ਸਿੰਘ ਲਾਲੀ ਵਸੀਕਾ, ਸਤਨਾਮ ਸਿੰਘ ਤਰਨ ਤਾਰਨ, ਬਲਾਕ ਪ੍ਰਧਾਨ ਅੰਗਰੇਜ਼ ਸਿੰਘ ਢੰਡ, ਪ੍ਰਧਾਨ ਦਰਸ਼ਨ ਸਿੰਘ ਕੋਟ ਸਿਵਿਆ, ਸਾਬਕਾ ਸਰਪੰਚ ਜਗੀਰ ਸਿੰਘ ਮੱਜੂਪੁਰ, ਜੁਆਇੰਟ ਸਕੱਤਰ ਬਲਜੀਤ ਸਿੰਘ ਖੈਹਿਰਾ, ਸਰੂਪ ਸਿੰਘ ਕੋਟ, ਲਖਬੀਰ ਸਿੰਘ ਕੋਟ, ਨਰਿੰਦਰ ਸਿੰਘ ਕੋਟ, ਅਰਸ਼ਪ੍ਰੀਤ ਸਿੰਘ, ਅਕਾਸ਼ਦੀਪ ਸਿੰਘ, ਗੁਰਮੇਜ ਸਿੰਘ ਝਬਾਲ ਸਮੇਤ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



# ਫੌਜੀ ਜਵਾਨ ਦਲਜੀਤ ਸਿੰਘ ਦੇ ਸ਼ਹੀਦ ਹੋਣ ਦੀ ਖ਼ਬਰ ਮਿਲਦਿਆਂ ਹੀ ਇਲਾਕੇ ਅੰਦਰ ਸੋਗ ਦੀ ਲਹਿਰ

ਗੁਰਦਾਸਪੁਰ (ਜਨਕ ਮਹਾਜਨ)- ਜੰਮੂ-ਕਸ਼ਮੀਰ ਵਿੱਚ ਲੈਂਡ ਸਲਾਈਡ ਦੀ ਲਪੇਟ ਵਿੱਚ ਆਉਣ ਕਰਕੇ ਗੁਰਦਾਸਪੁਰ ਦੇ ਪਿੰਡ ਸ਼ਮਸ਼ੇਰਪੁਰ ਦਾ ਫੌਜੀ ਜਵਾਨ ਦਲਜੀਤ ਸਿੰਘ ਸ਼ਹੀਦ ਹੋ ਗਿਆ ਜੋ ਕਿ ਲੱਦਾਖ ਵਿੱਚ ਤਾਇਨਾਤ ਸੀ। ਬੀਤੇ ਕੱਲ੍ਹ ਸਵੇਰੇ ਪਠਾਨਕੋਟ ਦੇ ਲੈਫਟੀਨੈਂਟ ਕਰਨਲ ਭਾਨੂੰ ਪ੍ਰਤਾਪ ਸਿੰਘ ਅਤੇ ਹਵਲਦਾਰ ਦਲਜੀਤ ਸਿੰਘ ਫਾਇਰਿੰਗ ਰੇਂਜ 'ਤੇ ਜਾ ਰਹੇ ਸਨ ਕਿ ਇਸੇ ਦੌਰਾਨ ਇਕ ਪਹਾੜ ਖਿਸਕ ਗਿਆ ਅਤੇ ਉਨ੍ਹਾਂ ਦੀ ਗੱਡੀ ਉੱਪਰ ਇਕ ਵੱਡੀ ਚਟਾਨ ਡਿਗ ਪਈ । ਇਸ ਹਾਦਸੇ ਵਿੱਚ ਉਨ੍ਹਾਂ ਦੀ ਗੱਡੀ ਬੁਰੀ ਤਰ੍ਹਾਂ ਨੁਕਸਾਨੀ ਗਈ ਅਤੇ ਦੋਨੋਂ ਜਵਾਨ ਬੁਰੀ ਤਰ੍ਹਾਂ ਨਾਲ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ। ਜਿੱਥੇ ਉਨ੍ਹਾਂ ਨੇ ਦਮ ਤੋੜ ਦਿੱਤਾ। ਫੌਜੀ ਜਵਾਨ ਦਲਜੀਤ ਸਿੰਘ ਦੇ ਸ਼ਹੀਦ ਹੋਣ ਦੀ ਖਬਰ ਜਦੋਂ ਪਿੰਡ ਸ਼ਮਸ਼ੇਰਪੁਰ ਨਜ਼ਦੀਕ ਕਸਬਾ ਬਹਿਰਾਮਪੁਰ ਪਹੁੰਚੀ ਤਾਂ ਪਰਵਾਰ ਉਪਰ ਦੁੱਖਾਂ ਦਾ ਪਹਾੜ ਟੁੱਟ ਗਿਆ ਅਤੇ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ। ਸ਼ਹੀਦ ਦਲਜੀਤ ਸਿੰਘ ਨੇ ਕੁਝ ਦਿਨ ਪਹਿਲਾਂ ਹੀ ਘਰ ਫੋਨ ਕਰਕੇ ਕਿਹਾ ਸੀ ਕਿ ਨਵਾਂ ਘਰ ਬਣਾਉਣ ਲਈ ਮਿਸਤਰੀ ਲੱਭ ਕੇ ਰੱਖੋ, ਉਹ ਜਲਦ ਛੁੱਟੀ ਲੈ ਕੇ ਘਰ ਆ ਰਿਹਾ ਹੈ ਪਰ ਪਰਵਾਰ ਨੂੰ ਉਸ ਦੀ ਸ਼ਹਾਦਤ ਦੀ ਖਬਰ ਮਿਲ ਗਈ। ਸ਼ਹੀਦ ਦਲਜੀਤ ਸਿੰਘ ਦੇ ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਨੂੰ 3 ਵਜੇ ਦੇ ਕਰੀਬ ਪਠਾਨਕੋਟ ਤੋਂ ਆਏ ਫੌਜ ਦੇ ਜਵਾਨਾਂ ਨੇ ਦੱਸਿਆ ਕਿ ਹਵਲਦਾਰ ਦਲਜੀਤ ਸਿੰਘ ਸ਼ਹੀਦ ਹੋ ਗਏ ਹਨ। ਜਿਸ ਨਾਲ ਪੂਰੇ ਪਿੰਡ ਵਿਚ ਸੋਗ ਦੀ ਲਹਿਰ ਹੈ ਅਤੇ ਪਰਵਾਰ ਸਦਮੇ ਵਿਚ ਹੈ।



# ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ

ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਸ਼ਹੀਦ ਊਧਮ ਸਿੰਘ ਸਪੋਰਟਸ ਕਲੱਬ (ਰਜਿ:) ਜੰਡਿਆਲਾ ਗੁਰੂ ਵੱਲੋਂ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਹਾੜਾ ਸ਼ਹੀਦ ਊਧਮ ਸਿੰਘ ਚੌਕ ਵਿਖੇ ਕਲੱਬ ਦੇ ਸਰਪ੍ਰਸਤ ਐਡਵੋਕੇਟ ਅਮਰੀਕ ਸਿੰਘ ਮਲਹੋਤਰਾ ਦੀ ਰਹਿਨੁਮਾਈ ਹੇਠ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਇਆ ਗਿਆ।ਇਸ ਮੌਕੇ ਹਲਕਾ ਜੰਡਿਆਲਾ ਗੁਰੂ ਦੇ ਸਾਬਕਾ ਵਿਧਾਇਕ ਤੇ ਅਕਾਲੀ ਆਗੂ ਅਜੈਪਾਲ ਸਿੰਘ ਮੀਰਾਂਕੋਟ, ਸਰਪ੍ਰਸਤ ਐਡਵੋਕੇਟ ਅਮਰੀਕ ਸਿੰਘ ਮਲਹੋਤਰਾ, ਕਲੱਬ ਦੇ ਪ੍ਰਧਾਨ ਰਣਜੀਤ ਸਿੰਘ ਜੋਸਨ ਨੇ ਸ਼ਹੀਦ ਊਧਮ ਸਿੰਘ ਦੇ ਬੁੱਤ 'ਤੇ ਫੁੱਲਮਾਲਾ ਪਾ ਕੇ ਸ਼ਰਧਾਂਜਲੀ ਭੇਟ ਕਰਦਿਆ ਕਿਹਾ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ, ਲੋੜ ਹੈ ਇਨਾਂ ਦੀ ਸੋਚ 'ਤੇ ਪਹਿਰਾ ਦੇਣ ਦੀ ਹੈ ਤਾਂ ਹੀ ਇਕ ਵਧੀਆ ਤੇ ਨਰੋਏ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਕਟਰ ਨਿਰਮਲ ਸਿੰਘ, ਚਰਨਜੀਤ ਸਿੰਘ ਟੀਟੋ, ਬਿਕਰਮਜੀਤ ਸਿੰਘ ਲੱਕੀ ਨਵਾਂਪਿੰਡ, ਅਵਤਾਰ ਸਿੰਘ ਟੱਕਰ ਸਾਬਕਾ ਪ੍ਰਧਾਨ ਖਾਲਸਾ ਆਟੋ ਰਿਕਸ਼ਾ ਯੂਨੀਅਨ, ਕਾਮਰੇਡ ਸ਼ੇਰਗਿੱਲ, ਡਾ. ਹਰਜਿੰਦਰ ਸਿੰਘ ਧੰਜਲ, ਡਾ. ਲਖਵਿੰਦਰ ਸਿੰਘ ਰੰਧਾਵਾ, ਡਾ. ਗੁਲਜਾਰ ਸਿੰਘ ਜੋਸਨ, ਡਾ. ਦਵਿੰਦਰ ਸਿੰਘ, ਸੰਜੀਵ ਕੁਮਾਰ, ਸਤੀਸ਼ ਕੁਮਾਰ, ਹਰਜਿੰਦਰ ਸਿੰਘ, ਦਿਨੇਸ਼ ਬਜਾਜ, ਸਿਕੰਦਰ ਮਾਨ, ਸਿੰਘ ਭੱਟੀ, ਗੁਰਮੀਤ ਸਿੰਘ ਬਿੰਦ, ਬਾਬਾ ਪ੍ਰਭੂ, ਹਰਵਿੰਦਰ ਸਿੰਘ ਮੰਗਾ, ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ, ਜਿਨ੍ਹਾਂ ਸ਼ਹੀਦ ਊਧਮ ਸਿੰਘ ਦੇ ਬੁੱਤ 'ਤੇ ਫੁੱਲਮਾਲਾ ਪਾ ਕੇ ਸ਼ਰਧਾਂਜਲੀ ਭੇਟ ਕੀਤੀ।



# ਐੱਸ ਡੀ ਓ ਉੱਪਰ ਭ੍ਰਿਸ਼ਟਾਚਾਰ ਤੇ ਲੇਟ ਲਤੀਫ਼ੀ ਦੇ ਦੋਸ਼


ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)- ਇਥੋਂ ਦੀ ਵਾਰਡ ਨੰਬਰ 11 ਦੇ ਰਹਿਣ ਵਾਲੇ ਸੁਖਚੈਨ ਸਿੰਘ ਆਰ.ਟੀ.ਆਈ ਐਕਟੀਵਿਸਟ ਵੱਲੋਂ ਪਾਵਰਕਾਮ ਉੱਪ ਮੰਡਲ (ਸ਼ਹਿਰੀ) ਫ਼ਤਿਹਗੜ੍ਹ ਚੂੜੀਆਂ ਦੇ ਐਸ.ਡੀ.ਓ ਸੁਸ਼ੀਲ ਗੈਂਦ ਉਪਰ ਭ੍ਰਿਸ਼ਟਾਚਾਰ ਅਤੇ ਲੇਟ ਲਟੀਫ਼ੀ ਦੇ ਗੰਭੀਰ ਦੋਸ਼ ਲਗਾਏ ਗਏ ਹਨ। ਬੀਤੇ ਦਿਨ ਸੁਖਚੈਨ ਸਿੰਘ ਵੱਲੋਂ ਆਪਣੇ ਕੁਝ ਸਾਥੀਆਂ ਹਰਪ੍ਰੀਤ ਸੋਨਾ, ਅਮਿਤ ਕੁਮਾਰ, ਹਰਪ੍ਰੀਤ ਸਿੰਘ ਅਤੇ ਅਕਾਸ਼ਦੀਪ ਸਿੰਘ ਸਮੇਤ ਸਵੇਰੇ 9 ਵਜੇ ਬਿਜਲੀ ਬੋਰਡ ਦਫ਼ਤਰ ਦਾ ਆਪਣੇ ਕੰਮਕਾਜ ਨੂੰ ਲੈ ਕੇ ਦੌਰਾ ਕੀਤਾ ਗਿਆ, ਜਿੱਥੇ ਕੁਝ ਸਟਾਫ਼ ਤੋਂ ਇਲਾਵਾ ਐਸ.ਡੀ.ਓ ਸੁਸ਼ੀਲ ਗੈਂਦ ਮੌਜੂਦ ਨਹੀਂ ਸਨ। ਉਨ੍ਹਾਂ ਵੱਲੋਂ ਕਾਫ਼ੀ ਦੇਰ ਤੱਕ ਇੰਤਜ਼ਾਰ ਕਰਨ 'ਤੇ ਐਸ.ਡੀ.ਓ ਉਥੇ ਹਾਜ਼ਰ ਨਹੀਂ ਹੋਏ, ਜਿਸ ਤੋਂ ਬਾਅਦ 10:45 ਵਜੇ ਐਸ.ਡੀ.ਓ ਸੁਸ਼ੀਲ ਗੈਂਦ ਆਪਣੇ ਦਫ਼ਤਰ ਵਿੱਚ ਆਏ, ਜਿਸ ਤੋਂ ਬਾਅਦ ਸੁਖਚੈਨ ਸਿੰਘ ਨੇ ਉਨ੍ਹਾਂ ਨੂੰ ਲੇਟ ਆਉਣ ਦਾ ਕਾਰਨ ਪੁੱਛਿਆ ਤਾਂ ਐਸ.ਡੀ.ਓ ਅਤੇ ਸੁਖਚੈਨ ਸਿੰਘ ਵਿਚਕਾਰ ਇਸੇ ਗੱਲ ਤੋਂ ਕਾਫ਼ੀ ਨੋਕ ਝੋਕ ਹੋ ਗਈ। ਇਸ ਦੀ ਇਕ ਵੀਡੀਓ ਵੀ ਸੋਸ਼ਲ ਮੀਡੀਆ ਤੇ ਵਾਇਰਲ ਹੋ ਰਹੀ ਹੈ, ਜਿਸ ਵਿੱਚ ਐਸ.ਡੀ.ਓ 10:45 ਵਜੇ ਸਟਾਫ਼ ਨੂੰ ਹਾਜ਼ਰੀ ਰਜਿਸਟਰ ਲੈ ਕੇ ਆਉਣ ਦੀ ਗੱਲ ਕਰ ਰਹੇ ਹਨ, ਜਦਕਿ ਬਾਹਰ ਜਾਣ ਤੋਂ ਪਹਿਲਾਂ ਦਫ਼ਤਰ ਵਿੱਚ ਹਾਜ਼ਰੀ ਲਗਾ ਕੇ ਜਾਣ ਦਾ ਨਿਯਮ ਹੈ।ਪੱਤਰਕਾਰਾਂ ਨੂੰ ਸੁਖਚੈਨ ਸਿੰਘ ਨੇ ਦੱਸਿਆ ਕਿ ਉਕਤ ਅਧਿਕਾਰੀ ਪਿਛਲੇ 3 ਸਾਲਾਂ ਤੋਂ ਇਥੇ ਤਾਇਨਾਤ ਹੈ, ਜੋ ਅਕਸਰ ਹੀ ਆਮ ਲੋਕਾਂ ਨਾਲ ਮਾੜਾ ਵਤੀਰਾ ਅਪਣਾਉਂਦਾ ਨਜ਼ਰ ਆਉਂਦਾ ਹੈ। ਉਨ੍ਹਾਂ ਐਸ.ਡੀ.ਓ 'ਤੇ ਕਥਿਤ ਦੋਸ਼ ਲਗਾਉਂਦੇ ਹੋਏ ਦੱਸਿਆ ਕਿ ਇਸ ਅਧਿਕਾਰੀ ਵੱਲੋਂ ਪੈਸੇ ਲਏ ਤੋਂ ਬਿਨਾਂ ਲੋਕਾਂ ਦੇ ਕੰਮ ਨਹੀਂ ਕੀਤੇ ਜਾਂਦੇ ਅਤੇ ਆਪਣੇ ਜੇ.ਈਜ਼ ਸਮੇਤ ਸਟਾਫ਼ ਨਾਲ ਇਸ ਵੱਲੋਂ ਮਾੜਾ ਸਲੂਕ ਕੀਤਾ ਜਾਂਦਾ ਹੈ। ਸੁਖਚੈਨ ਸਿੰਘ ਨੇ ਦੱਸਿਆ ਕਿ ਇਹ ਅਧਿਕਾਰੀ ਟਰਾਂਸਫਾਰਮਰ ਅਤੇ ਮੀਟਰ ਲਗਾਉਣ ਬਦਲੇ ਮੋਟੀ ਰਿਸ਼ਵਤ ਲੈਂਦਾ ਹੈ ਅਤੇ ਜਿਹੜਾ ਵਿਅਕਤੀ ਇਸ ਨੂੰ ਪੈਸੇ ਦਿੰਦਾ ਹੈ, ਉਸ ਦਾ ਕੰਮ ਇਹ ਖੁਦ ਕਰ ਦਿੰਦਾ ਹੈ ਅਤੇ ਬਾਕੀ ਕੰਮਾਂ ਨੂੰ ਕਿਸੇ ਆਨੇ ਬਹਾਨੇ ਰੋਕ ਕੇ ਜੇ.ਈਜ਼ ਦੇ ਸਿਰ ਮੜ੍ਹ ਦਿੰਦਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਮੁਹੱਲੇ ਵੀ ਇਕ 100 ਕੇ.ਵੀ ਦਾ ਟਰਾਂਸਫਾਰਮਰ ਹੋਰ ਲੱਗਣਾ ਹੈ, ਕਿਉਂਕਿ ਪਹਿਲਾਂ ਲੱਗਾ 200 ਕੇ.ਵੀ ਦਾ ਟਰਾਂਸਫਾਰਮਰ ਓਵਰ ਲੋਡ ਹੈ, ਜਿਸ ਦੇ ਬਦਲੇ ਇਸ ਅਧਿਕਾਰੀ ਵੱਲੋਂ ਪੈਸਿਆਂ ਦੀ ਮੰਗ ਕੀਤੀ ਜਾ ਰਹੀ ਹੈ ਅਤੇ ਕਈ ਮਹੀਨਿਆਂ ਤੋਂ ਟਰਾਂਸਫਾਰਮਰ ਦਾ ਤਖ਼ਮੀਨਾ ਵੀ ਤਿਆਰ ਹੋ ਕੇ ਪਾਸ ਹੋ ਚੁੱਕਾ ਹੈ, ਪਰ ਇ ਵੱਲੋਂ ਨਿੱਜੀ ਰੰਜਿਸ਼ ਰੱਖਦਿਆਂ ਕੰਮ ਨਹੀਂ ਕੀਤਾ ਜਾ ਰਿਹਾ, ਜਿਸ ਦੀ ਸ਼ਿਕਾਇਤ ਮੁੱਖ ਮੰਤਰੀ ਪੰਜਾਬ ਸਮੇਤ ਪਾਵਰਕਾਮ ਦੇ ਉਚ ਅਧਿਕਾਰੀਆਂ ਨੂੰ ਕਰ ਦਿੱਤੀ ਗਈ ਹੈ।ਸੁਖਚੈਨ ਸਿੰਘ ਨੇ ਕਿਹਾ ਕਿ ਆਉਂਦੇ ਦਿਨਾਂ ਦੌਰਾਨ ਐਸ.ਡੀ.ਓ ਸੁਸ਼ੀਲ ਗੈਂਦ ਵਿਰੁੱਧ ਲੋਕਾਂ ਨੂੰ ਨਾਲ ਲੈ ਕੇ ਮੋਰਚਾ ਖੋਲ੍ਹਿਆ ਜਾਵੇਗਾ ਅਤੇ ਇਸ ਵੱਲੋਂ ਕੀਤੇ ਜਾ ਰਹੇ ਭ੍ਰਿਸ਼ਟਾਚਾਰ ਦਾ ਚਿੱਠਾ ਲੋਕਾਂ ਸਾਹਮਣੇ ਖੋਲ੍ਹਿਆ ਜਾਵੇਗਾ।ਇਸ ਸਬੰਧੀ ਸੁਸ਼ੀਲ ਗੈਂਦ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਹ ਸਮੇਂ-ਸਮੇਂ ਬਾਹਰ ਫੀਲਡ ਵਿੱਚ ਚੈਕਿੰਗ ਜਾਂ ਮੌਕਾ ਵੇਖਣ ਲਈ ਜਾਂਦੇ ਹਨ। ਜਦੋਂ ਉਹ ਦਫ਼ਤਰ ਆਏ ਤਾਂ ਪਹਿਲਾਂ ਤੋਂ ਦਫ਼ਤਰ ਵਿੱਚ ਮੌਜੂਦ ਸੁਖਚੈਨ ਸਿੰਘ ਵੱਲੋਂ ਉਨ੍ਹਾਂ ਨਾਲ ਦੁਰਵਿਹਾਰ ਕਰਕੇ ਮਾੜੀ ਸ਼ਬਦਾਵਲੀ ਵਰਤੀ ਗਈ, ਜਿਸ ਦੀ ਉਨ੍ਹਾਂ ਵੱਲੋਂ ਥਾਣਾ ਫ਼ਤਿਹਗੜ੍ਹ ਚੂੜੀਆਂ ਵਿੱਚ ਸ਼ਿਕਾਇਤ ਦਰਜ ਕਰਵਾ ਦਿੱਤੀ ਗਈ ਹੈ। ਉਨ੍ਹਾਂ ਆਪਣੇ ਉਪਰ ਲੱਗੇ ਰਿਸ਼ਵਤ ਦੇ ਦੋਸ਼ਾਂ ਨੂੰ ਨਕਾਰਿਆ ਹੈ।



# ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਨ 'ਤੇ ਮਨਰੇਗਾ ਵਰਕਰਾਂ ਸੰਘਰਸ਼ ਕਰਨ ਦਾ ਲਿਆ ਅਹਿਦ


ਤਰਨ ਤਾਰਨ (ਪ੍ਰਿਤਪਾਲ ਸਿੰਘ )- ਸ਼ਹੀਦ ਊਧਮ ਸਿੰਘ ਸੁਨਾਮ ਦੇ ਸ਼ਹੀਦੀ ਦਿਨ 'ਤੇ ਮਨਰੇਗਾ ਵਰਕਰਾਂ ਨੇ ਪਿੰਡ ਦੇਊ ਅਤੇ ਮੱਜੂਪੁਰ 'ਚ ਮਨਰੇਗਾ ਵਰਕਰਜ਼ ਯੂਨੀਅਨ ਦੀਆਂ ਭਰਵੀਆਂ ਮੀਟਿੰਗਾਂ ਕਰਕੇ ਸੰਘਰਸ਼ ਕਰਨ ਦਾ ਆਇਦ ਲਿਆ। ਇਨ੍ਹਾਂ ਮੀਟਿੰਗਾਂ ਦੀ ਪ੍ਰਧਾਨਗੀ ਬਲਵਿੰਦਰ ਸਿੰਘ ਮੱਜੂਪੁਰ, ਕਿਰਪਾਲ ਸਿੰਘ ਦੇਊ ਨੇ ਕੀਤੀ। ਇਸ ਮੌਕੇ ਮਨਰੇਗਾ ਵਰਕਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਬਲਦੇਵ ਸਿੰਘ ਪੰਡੋਰੀ, ਜ਼ਿਲ੍ਹਾ ਪ੍ਰਧਾਨ ਨਰਿੰਦਰ ਸਿੰਘ ਰਟੌਲ, ਜ਼ਿਲ੍ਹਾ ਖਜ਼ਾਨਚੀ ਕਰਮ ਸਿੰਘ ਪੰਡੋਰੀ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਮਨਰੇਗਾ ਦਾ ਬਜਟ ਲਗਾਤਾਰ ਘਟਾ ਰਹੀ ਹੈ ਅਤੇ ਮਨਰੇਗਾ ਵਰਕਰਾਂ ਨੂੰ ਮਿਹਨਤਾਨਾ ਨਿਗੂਣਾ ਮਿਲ ਰਿਹਾ ਹੈ। ਸ਼ਹੀਦ ਭਗਤ ਸਿੰਘ ਦੇ ਵਿਚਾਰਾਂ 'ਤੇ ਚੱਲਣ ਦਾ ਵਾਧਾ ਕਰਨ ਵਾਲੀ ਸਰਕਾਰ ਮਨਰੇਗਾ ਦਾ ਕੰਮ ਬੰਦ ਕਰ ਰਹੀ ਹੈ ਅਤੇ ਪੰਜਾਬ ਅੰਦਰ ਨਵੀਆਂ ਨਵੀਆਂ ਨੀਤੀਆ ਲਾਗੂ ਕਰ ਰਹੀ ਹੈ। ਜਿਵੇਂ ਕਿ ਲੈਂਡ ਪੂਲਿੰਗ ਪਾਲਸੀ ਕਿਸਾਨਾਂ ਤੋਂ ਜ਼ਮੀਨਾਂ ਇਕੁਵਾਇਰ ਕਰਨ ਅਤੇ ਮਜ਼ਦੂਰਾਂ ਨੂੰ ਕੰਮ ਤੋਂ ਵਿਹਲਿਆਂ ਕਰਨਾ।

ਇਹਨਾਂ ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਛੇੜਿਆ ਅਭਿਆਨ ਠੁੱਸ ਹੋ ਕੇ ਰਹਿ ਗਿਆ ਹੈ। ਹਰ ਰੋਜ਼ ਨਸ਼ਿਆਂ ਦੇ ਨਾਲ ਲੋਕਾਂ ਦੇ ਘਰਾਂ ਅੱਗੇ ਸੱਥਰ ਵਿਛ ਰਹੇ ਹਨ ਅਤੇ ਨਸ਼ੇ ਦੇ ਵਪਾਰੀ ਕਹਿ ਕੇ ਗਰੀਬ ਲੋਕਾਂ ਦੇ ਘਰਾਂ ਨੂੰ ਢਾਹਿਆ ਜਾ ਰਹਿ ਹੈ। ਅਮੀਰਾਂ ਲੋਕਾਂ ਦੇ ਘਰਾਂ ਵੱਲ ਸਰਕਾਰ ਮੂੰਹ ਨਹੀਂ ਕਰ ਰਹੀ। ਇਹਨਾਂ ਆਗੂਆਂ ਨੇ ਇਹ ਵੀ ਕਿਹਾ ਕਿ ਸਿੱਖਿਆ ਕ੍ਰਾਂਤੀ ਦੇ ਨਾਂ 'ਤੇ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ ਅਤੇ ਸਿੱਖਿਆ ਆਮ ਲੋਕਾਂ ਤੋਂ ਦੂਰ ਹੁੰਦੀ ਜਾ ਰਹੀ ਹੈ।ਇਸ ਲਈ ਅੱਜ ਦੇ ਦਿਨ 'ਤੇ ਸਾਨੂੰ ਸ਼ਹੀਦ ਊਧਮ ਸਿੰਘ ਸੁਨਾਮ ਦੇ ਪੂਰਨਿਆਂ 'ਤੇ ਚੱਲਣ ਦਾ ਪਰਣ ਕਰਨਾ ਚਾਹੀਦਾ ਅਤੇ ਆਪਣੇ ਰੁਜ਼ਗਾਰ ਦੀ ਪ੍ਰਾਪਤੀ ਲਈ ਸੰਘਰਸ਼ ਨੂੰ ਤੇਜ਼ ਕਰਨ ਲਈ ਜਥੇਬੰਦ ਹੋਣ ਦੀ ਅਹਿਮ ਲੋੜ ਹੈ। ਇਹਨਾਂ ਆਗੂਆਂ ਨੇ ਕਿਹਾ ਕਿ ਮਨਰੇਗਾ ਵਰਕਰਾਂ ਦੇ ਬੰਦ ਪਏ ਕੰਮ ਨੂੰ ਚਾਲੂ ਕਰਾਉਣ ਅਤੇ ਪਿਛਲਾ ਮਿਹਨਤਾਨਾ ਪ੍ਰਾਪਤ ਕਰਨ ਲਈ 12 ਅਗਸਤ ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅੱਗੇ ਰੋਸ ਵਿਖਾਵਾ ਕੀਤਾ ਜਾ ਰਿਹਾ ਹੈ। ।ਇਸ ਮੌਕੇ ਕਿਰਪਾਲ ਸਿੰਘ ਦੇਓ, ਬਲਦੇਵ ਸਿੰਘ, ਕੁਲਦੀਪ ਸਿੰਘ, ਮੰਗਲ ਸਿੰਘ, ਰਵੇਲ ਸਿੰਘ, ਵਸਣ ਸਿੰਘ, ਬਲਜਿੰਦਰ ਸਿੰਘ, ਲਾਭ ਸਿੰਘ, ਸਵਰਨ ਸਿੰਘ, ਸਰਬਜੀਤ ਕੌਰ, ਹਰਜਿੰਦਰ ਕੌਰ, ਕੁਲਵਿੰਦਰ ਕੌਰ, ਮਨਜੀਤ ਕੌਰ, ਰਾਜਵਿੰਦਰ ਕੌਰ, ਕੁਲਵਿੰਦਰ ਕੌਰ, ਹਰਜੀਤ ਕੌਰ, ਸਰਬਜੀਤ ਕੌਰ, ਪ੍ਰਵੀਨ ਕੌਰ ਆਦਿ ਹਾਜ਼ਰ ਸਨ।



# ਪ੍ਰਧਾਨ ਦੀ ਨਿਯੁਕਤੀ ਲੋਕਾਂ ਨੂੰ ਨਾ ਮਨਜ਼ੂਰ : ਬੋਪਾਰਾਏ, ਹੀਰਾ ਵਾਲੀਆ, ਕਰਨੈਲ ਸਿੰਘ

ਬਟਾਲਾ (ਤਰਲੋਕ ਬੱਗਾ)-ਬੀਤੇ ਕੁਝ ਦਿਨ ਪਹਿਲਾਂ ਬਟਾਲਾ ਸ਼ਹਿਰ ਦੀ ਪੋਸ਼ ਕਲੋਨੀ ਅਰਬਨ ਅਸਟੇਟ ਵਿਚ ਜਿਥੇ ਅਰਬਨ ਅਸਟੇਟ ਵੈਲਫੇਅਰ ਐਸੋਸੀਏਸ਼ਨ ਦਾ ਨਵਾਂ ਪ੍ਰਧਾਨ ਥਾਪਿਆ ਗਿਆ ਸੀ ਜਿਸ 'ਤੇ ਅਰਬਨ ਅਸਟੇਟ ਨਿਵਾਸੀਆਂ ਵਲੋਂ ਉੱਘੇ ਕਾਰੋਬਾਰੀ ਅਤੇ ਕੌਂਸਲਰ ਹੀਰਾ ਵਾਲੀਆ, ਕਸ਼ਮੀਰ ਸਿੰਘ ਬੋਪਾਰਾਏ ਅਤੇ ਕਰਨੈਲ ਸਿੰਘ ਦੀ ਅਗਵਾਈ ਹੇਠ ਕਲੋਨੀ ਵਾਸੀਆਂ ਵਲੋਂ ਇਕ ਮੀਟਿੰਗ ਕੀਤੀ ਗਈ ਜਿਸ ਵਿੱਚ ਕੁਝ ਦਿਨ ਪਹਿਲਾਂ ਅਰਬਨ ਅਸਟੇਟ ਵੈਲਫੇਅਰ ਐਸੋਸੀਏਸ਼ਨ ਦੇ ਨਵੇਂ ਬਣਾਏ ਪ੍ਰਧਾਨ ਦੀ ਨਿਯੁਕਤੀ ਨੂੰ ਗੈਰ ਸੰਵਿਧਾਨਕ ਅਤੇ ਚੋਣ ਪ੍ਰਕ੍ਰਿਆ ਦੇ ਖਿਲਾਫ ਦੱਸਿਆ ਗਿਆ। ਉਕਤ ਆਗੂਆਂ ਨੇ ਸਾਂਝੇ ਤੌਰ 'ਤੇ ਕਿਹਾ ਕਿ ਅਰਬਨ ਅਸਟੇਟ ਵਿਚ ਜੋ ਕੁਝ ਦਿਨ ਪਹਿਲਾਂ ਮੀਟਿੰਗ ਕਰਕੇ ਅਰਬਨ ਅਸਟੇਟ ਵੈਲਫੇਅਰ ਐਸੋਸੀਏਸ਼ਨ ਦਾ ਜੋ ਪ੍ਰਧਾਨ ਬਣਾਇਆ ਗਿਆ ਉਸ ਵਿਚ ਕੁਝ ਹੀ ਘਰਾਂ ਨੂੰ ਸੱਦਾ ਦਿੱਤਾ ਗਿਆ ਜਦ ਕਿ ਬਾਕੀ ਸਾਰੇ ਅਰਬਨ ਅਸਟੇਟ ਨਿਵਾਸੀਆਂ ਨੂੰ ਇਸ ਨਿਯੁਕਤੀ ਬਾਰੇ ਕੋਈ ਇਲਮ ਨਹੀਂ ਸੀ। ਉਨ੍ਹਾਂ ਕਿਹਾ ਕਿ ਅਰਬਨ ਅਸਟੇਟ ਦੇ ਨਿਵਾਸੀ ਬਹੁਤ ਸੂਝਵਾਨ ਹਨ ਪਰ ਕੁਝ ਲੋਕਾਂ ਵਲੋਂ ਇਸ ਨੂੰ ਦੋਫਾੜ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਸ ਨੂੰ ਕਲੋਨੀ ਨਿਵਾਸੀ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਪਿਛਲੀ ਮੀਟਿੰਗ ਜਿਸ ਵਿਚ ਅਰਬਨ ਅਸਟੇਟ ਵੈਲਫੇਅਰ ਐਸੋਸੀਏਸ਼ਨ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ ਉਸ ਵਿੱਚ ਸੰਬੋਧਨ ਦੌਰਾਨ ਭਾਈਚਾਰਕ ਸਾਂਝ ਨੂੰ ਖਰਾਬ ਕਰਨ ਵਾਲੀ ਸ਼ਬਦਾਵਲੀ ਵਰਤੀ ਗਈ ਜਿਸ ਕਰਕੇ ਕਲੋਨੀ ਵਾਸੀਆਂ ਵਿਚ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਮੀਟਿੰਗ ਵਿਚ ਸਿਰਫ ਕੁਝ ਹੀ ਘਰ ਅਰਬਨ ਅਸਟੇਟ ਦੇ ਸਨ ਜਦ ਕਿ ਜ਼ਿਆਦਾਤਰ ਬਾਹਰੀ ਲੋਕ ਸ਼ਾਮਲ ਸਨ। ਮੀਟਿੰਗ ਤੋਂ ਬਾਅਦ ਸਾਂਝੇ ਤੋਰ ਤੇ ਫ਼ੈਸਲਾ ਲਿਆ ਗਿਆ ਕਿ ਇਸ ਮੁੱਦੇ ਤੇ ਜਲਦ ਅਗਲੀ ਮੀਟਿੰਗ ਉਲੀਕੀ ਜਾਵੇਗੀ ਅਤੇ ਜੋ ਅਰਬਨ ਅਸਟੇਟ ਨਿਵਾਸੀ ਫੈਸਲਾ ਲੈਣਗੇ ਉਸ ਮੁਤਾਬਿਕ ਹੀ ਅਗਲਾ ਫੈਸਲਾ ਕੀਤਾ ਜਾਵੇਗਾ। ਇਸ ਮੌਕੇ ਲਾਲੀ ਵਾਲੀਆ, ਨਵਜੋਤ ਸਿੰਘ, ਸੁਖਦੇਵ ਸਿੰਘ ਪੱਡਾ, ਮਨਜੀਤ ਸਿੰਘ, ਸਤਨਾਮ ਸਿੰਘ, ਨਰਿੰਦਰ ਸਿੰਘ ਸਿੱਧੂ, ਭੁਪਿੰਦਰ ਸਿੰਘ , ਹਰਵਿੰਦਰ ਸਿੰਘ, ਪ੍ਰਵੀਨ ਕੁਮਾਰ ਤ੍ਰੇਹਨ, ਅਮਨਦੀਪ ਸਿੰਘ, ਲੋਕੇਸ਼ ਸ਼ਰਮਾ, ਸਤਿੰਦਰ ਸਿੰਘ ,ਹਰਜੀਤ ਪਾਲ ਸਿੰਘ, ਸੁਖਬੀਰ ਸਿੰਘ, ਅਮਿਤ ਸਹਿਗਲ ਆਦਿ ਹਾਜ਼ਰ ਸਨ।



1 Aug Page 12.qxd 7/31/2025 10:33 PM Page 1



# ਬੱਚਿਆਂ ਦੇ ਸੁਪਨੇ ਸਾਕਾਰ ਕਰਨ ਲਈ ਅਧਿਆਪਕਾਂ ਦੀ ਮਹੱਤਵਪੂਰਨ ਭੂਮਿਕਾ : ਗੁਲਜ਼ਾਰ ਸਿੰਘ ਬਿੰਦ

**ਸ਼ਾਹਕੋਟ (ਸਟਾਫ ਰਿਪੋਰਟਰ)** ਵਿਦਿਆਰਥੀਆਂ ਅੰਦਰਲੀ ਪ੍ਰਤਿਭਾ ਨੂੰ ਸਾਹਮਣੇ ਲਿਆਉਣ, ਉਸ ਨੂੰ ਹੋਰ ਨਿਖਾਰਨ ਤੇ ਉਹਨਾਂ ਦੇ ਸਵੈਮਾਣ ਨੂੰ ਹੋਰ ਦ੍ਰਿੜ ਕਰਨ ਹਿਤ ਸ੍ਰੀ ਚੈਤੰਨਯਾ ਸਕੂਲ ਮਲਸੀਆਂ ਵਿਖੇ ਸਨਮਾਨ( ਅਲੰਕਰਨ ) ਸਮਾਗਮ ਕਰਵਾਇਆ ਗਿਆ। ਇਸ ਸਾਦੇ, ਮਹੱਤਵਪੂਰਨ ਤੇ ਪ੍ਰਭਾਵਸ਼ਾਲੀ ਸਮਾਗਮ ਦੇ ਮੁੱਖ ਮਹਿਮਾਨ ਵਜੋਂ ਨਗਰ ਪੰਚਾਇਤ ਸ਼ਾਹਕੋਟ ਦੇ ਪ੍ਰਧਾਨ ਗੁਲਜਾਰ ਸਿੰਘ ਬਿੰਦ ਸ਼ਾਮਿਲ ਹੋਏ।ਪ੍ਰਿੰਸੀਪਲ ਸੰਦੀਪ ਕੌਰ ਸਪਰਾ, ਜੋਨਲ ਇੰਚਾਰਜ ਤੇਜਪਾਲ ਸਿੰਘ, ਅਕੈਡਮਿਕ ਡੀਨ ਮਨੀਸ਼ ਮਿੱਤਲ, ਕੋ ਫਾਈਵ ਇੰਚਾਰਜ ਤਰਲੋਚਨ ਯੁਗ ਅਤੇ ਮੈਡਮ ਸਪਨਾ ਦੀ ਅਗਵਾਈ ਵਿੱਚ ਹੋਈ ਰਸਮੀ ਕਾਰਵਾਈ ਇਸ ਸਮਾਗਮ ਦੀ ਵਿਸ਼ੇਸ਼ਤਾ ਇਹ ਵੀ ਰਹੀ ਕਿ ਇਹ ਪੂਰੀ ਤਰਾਂ ਅਨੁਸ਼ਾਸਿਤ ਤੇ ਬੇਲੋੜੇ ਸ਼ੋਰ ਸ਼ਰਾਬੇ ਤੋਂ ਰਹਿਤ ਸੰਪੂਰਨ ਹੋਇਆ।ਸਮਾਗਮ ਦੇ ਮੁੱਖ ਮਹਿਮਾਨ ਗੁਲਜਾਰ ਸਿੰਘ ਦੇ ਅੰਦਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਵਿਦਿਆਰਥੀ ਭਵਿੱਖ ਦੀ ਉਮੀਦ ਹੁੰਦੇ ਹਨ। ਚੰਗੇ ਭਵਿੱਖ ਦੇ ਸੁਪਨੇ ਨੂੰ ਸਕਾਰ ਕਰਨ ਲਈ ਅਧਿਆਪਕਾਂ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਸ੍ਰੀ ਚੈਤੰਨਯਾ ਸਕੂਲ ਪ੍ਰਬੰਧਕ ਅਤੇ ਅਧਿਆਪਕ ਭੂਮਿਕਾ ਸਾਰਥਿਕ ਢੰਗ ਨਾਲ ਨਿਭਾਅ ਰਹੇ ਹਨ। ਉਹਨਾਂ ਕਿਹਾ ਕਿ ਇਸ ਸਕੂਲ ਨੇ ਇਲਾਕੇ ਵਿੱਚ ਥੋੜੇ ਸਮੇਂ ਵਿੱਚ ਹੀ ਭਰੋਸੇਯੋਗਤਾ ਹਾਸਿਲ ਕਰ ਲਈ ਹੈ। ਭਰੋਸੇ ਯੋਗਤਾ ਹੀ ਕਿਸੇ ਵਿਦਿਅਕ ਅਦਾਰੇ ਦੀ ਪ੍ਰਾਪਤੀ ਹੁੰਦੀ ਹੈ।ਸਕੂਲ ਦੇ




ਪ੍ਰਿੰਸੀਪਲ ਸੰਦੀਪ ਕੌਰ ਸਪਰਾ ਨੇ ਕੌਂਸਲ ਮੈਂਬਰ ਨੂੰ ਆਪਣੇ ਆਪਣੀ ਜਿੰਮੇਵਾਰੀ ਨਿਭਾਉਣ ਦੀ ਸਹੁੰ ਚੁਕਾਈ ਅਤੇ ਕਿਹਾ ਕਿ ਕਿਸੇ ਵੀ ਸੰਸਥਾ ਦੀ ਸਫਲਤਾ ਲਈ ਸਾਂਝੇ ਯਤਨ ਸਾਰਥਿਕ ਭੂਮਿਕਾ ਨਿਭਾਉਂਦੇ ਹਨ। ਗਿਆਨ ਸਿੰਘ ਸੈਦਪੁਰੀ ਨੇ ਆਪਣੇ ਸੰਖੇਪ ਸੰਬੋਧਨ ਵਿੱਚ ਅਧਿਆਪਕ ਵਰਗ ਦੇ ਬੱਚਿਆਂ ਪ੍ਰਤੀ ਕਾਰਜ ਦੀ ਮਹੱਤਤਾ ਦੀ ਗੱਲ ਕਰਦਿਆਂ ਕਿਹਾ ਕਿ ਬੱਚਿਆਂ ਦੇ ਅੰਦਰਲੇ ਸੰਸਾਰ ਨੂੰ ਰੌਸ਼ਨੀ ਨਾਲ ਭਰਨ ਲਈ ਅਧਿਆਪਕ ਚੰਨ ਤਾਰਿਆਂ ਦੀ ਭੂਮਿਕਾ ਨਿਭਾਉਂਦੇ ਹਨ। ਉਹਨਾਂ ਕਿਹਾ ਕਿ ਇਸ ਸਫਲ ਸਮਾਗਮ ਦੀ ਤਿਆਰੀ ਲਈ ਸੀਸੀਏ ਇੰਚਾਰਜ ਬਲਜੀਤ ਕੌਰ, ਸਪੋਰਟਸ ਅਧਿਆਪਕ ਰਵਿੰਦਰ ਸਿੰਘ, ਅਧਿਆਪਕ ਈਸ਼ਿਕਾ ਤੇ ਭਾਵਨਾ ਵੀ ਵਧਾਈ ਦੇ ਪਾਤਰ ਹਨ। ਇਸੇ ਦੌਰਾਨ ਸਕੂਲ ਦੇ ਹੈੱਡ ਬੁਆਏ, ਹੈੱਡ ਗਰਲ, ਡਿਪਟੀ ਹੈੱਡ ਬੁਆਏ ਤੇ ਡਿਪਟੀ ਹੈੱਡ ਗਰਲ ਦੀ ਚੋਣ ਕੀਤੀ ਗਈ ਤੇ ਉਹਨਾਂ ਨੂੰ ਮੁੱਖ ਮਹਿਮਾਨ, ਪ੍ਰਿੰਸੀਪਲ ਤੇ ਹੋਰ ਮਹਿਮਾਨਾਂ ਬੈਜ ਵਗੈਰਾ ਦਿੱਤੇ ਗਏ। ਇਸੇ ਤਰ੍ਹਾਂ ਪੰਜਵੀਂ ਜਮਾਤ ਦੇ ਹੈੱਡ ਬੁਆਏ, ਹੈੱਡ ਗਰਲ ਅਤੇ ਡਿਸਿਪਲਨ ਇੰਚਾਰਜ ਚੁਣੇ ਗਏ। ਸਕੂਲ ਦੇ ਚਾਰ ਹਾਊਸ ਨਾਈਟਨ, ਵਾਈ ਕਿੰਗਜ਼, ਸਪਾਟਨ ਅਤੇ ਸਮਰਾਈ ਹਾਊਸ ਦੇ ਕੈਪਟਨ ਅਤੇ ਡਿਪਟੀ ਕੈਪਟਨ ਦੀ ਚੋਣ ਵੀ ਕੀਤੀ ਗਈ। ਸਮਾਗਮ ਦੇ ਮੰਚ ਸੰਚਾਲਨ ਦੀ ਭੂਮਿਕਾ ਮੈਡਮ ਇਸ਼ਿਕਾ ਗਰਗ ਨੇ ਨਿਭਾਈ। ਸਕੂਲ ਪ੍ਰਬੰਧਕਾਂ ਵੱਲੋਂ ਮੁੱਖ ਮਹਿਮਾਨ ਗੁਲਜਾਰ ਸਿੰਘ ਬਿੰਦ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਜਸਵਿੰਦਰ ਸਿੰਘ ਮੀਤ ਪ੍ਰਧਾਨ ਜ਼ਿਲ੍ਹਾ ਕਾਂਗਰਸ, ਹਰਵਿੰਦਰ ਜੀਤ ਸਿੰਘ ਜਨਰਲ ਸਕੱਤਰ ਜ਼ਿਲ੍ਹਾ ਕਾਂਗਰਸ ਜਲੰਧਰ ਅਤੇ ਦਲੀਪ ਸਿੰਘ ਸਾਬਕਾ ਸਰਪੰਚ ਚੱਕ ਬਾਹਮਣੀਆਂ ਮੌਜੂਦ ਸਨ।

# ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਦਸਵੀਂ ਦਾ ਦਿਹਾੜਾ 4 ਨੂੰ

**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦਸਵੀਂ ਦਾ ਸ਼ੁਭ ਦਿਹਾੜਾ 4 ਅਗਸਤ ਨੂੰ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ । ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿੱਚ ਸ੍ਰੀ ਦਰਬਾਰ ਸਾਹਿਬ ਜੀ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ, ਇੰਟਰਨੈਸ਼ਨਲ ਪ੍ਰਚਾਰਕ ਢਾਡੀ ਜੱਥੇ ਅਤੇ ਉੱਚ ਕੋਟੀ ਦੇ ਪੰਥ ਪ੍ਰਸਿੱਧ ਪ੍ਰਚਾਰਕ ਸੰਗਤਾਂ ਨੂੰ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕਰਨਗੇ। ਇਸ ਦਿਨ ਵਿਸ਼ਾਲ ਅੰਮ੍ਰਿਤ ਸੰਚਾਰ ਦਾ ਆਯੋਜਨ ਸਵੇਰੇ 10 ਵਜੇ ਕੀਤਾ ਜਾਵੇਗਾ। ਗੁਰੂ ਕਾ ਲੰਗਰ ਸਾਰਾ ਦਿਨ ਅਟੁੱਟ ਵਰਤਾਇਆ ਜਾਵੇਗਾ।

# ਡਿਪਟੀ ਕਮਿਸ਼ਨਰ ਵੱਲੋਂ ਨਿਵੇਸ਼ਕਾਂ ਦੀ ਸਹੂਲਤ ਲਈ ਹੈਲਪਲਾਈਨ ਨੰਬਰ ਦੀ ਸ਼ੁਰੂਆਤ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)** ਕਾਰੋਬਾਰ ਕਰਨ ਵਿੱਚ ਆਸਾਨ ਅਤੇ ਸੁਖਾਵੇਂ ਅਨੁਭਵ ਨੂੰ ਯਕੀਨੀ ਬਣਾਉਣ ਲਈ ਇੱਕ ਮਹੱਤਵਪੂਰਨ ਕਦਮ ਚੁੱਕਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਨਿਵੇਸ਼ਕਾਂ ਦੀ ਸਹੂਲਤ ਲਈ ਹੈਲਪਲਾਈਨ ਨੰਬਰ 0181-2602139 ਅਤੇ ਔਨਲਾਈਨ ਲਾਈਨ ਵਟਸਐਪ ਨੰਬਰ 9646222555 ਦੀ ਸ਼ੁਰੂਆਤ ਕੀਤੀ ਗਈ ਹੈ।ਡਾ. ਅਗਰਵਾਲ ਨੇ ਦੱਸਿਆ ਕਿ ਨਿਵੇਸ਼ਕ ਕਿਸੇ ਵੀ ਜਾਣਕਾਰੀ/ਹੱਲ ਲਈ ਲੈਂਡਲਾਈਨ ਨੰਬਰ 'ਤੇ ਕਾਲ ਕਰ ਸਕਦੇ ਹਨ ਜਾਂ ਔਨਲਾਈਨ ਲਾਈਨ ਵਟਸਐਪ ਨੰਬਰ 'ਤੇ ਵੀ ਮੈਸੇਜ ਭੇਜ ਸਕਦੇ ਹਨ।ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਇੰਡਸਟਰੀ ਸਮੇਤ ਵੱਖ-ਵੱਖ ਵਿਭਾਗਾਂ ਅਤੇ ਨਿਵੇਸ਼ਕਾਂ ਨਾਲ ਮੀਟਿੰਗ ਦੌਰਾਨ ਡਾ. ਅਗਰਵਾਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਹ ਪਹਿਲਕਦਮੀ ਨਿਵੇਸ਼ਕਾਂ ਦੀ ਸਹੂਲਤ ਲਈ ਕੀਤੀ ਗਈ ਹੈ, ਜੋ ਹੁਣ ਨਿਵੇਸ਼ ਨਾਲ ਸਬੰਧਤ ਪ੍ਰਵਾਨਗੀਆਂ ਅਤੇ ਹੋਰ ਪ੍ਰਕਿਰਿਆਵਾਂ ਬਾਰੇ ਕਿਸੇ ਵੀ ਸਵਾਲ, ਜਾਣਕਾਰੀ ਅਤੇ ਹੱਲ ਲਈ ਸਿੱਧਾ ਜ਼ਿਲ੍ਹਾ



ਪ੍ਰਸ਼ਾਸਨ ਨਾਲ ਸੰਪਰਕ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਉਪਰਾਲੇ ਨਾਲ ਨਿਵੇਸ਼ਕਾਂ ਅਤੇ ਸਬੰਧਤ ਵਿਭਾਗਾਂ ਦਰਮਿਆਨ ਸੰਚਾਰ ਵਧੇਰੇ ਸੁਵਿਧਾਜਨਕ ਬਣੇਗਾ। ਪੰਜਾਬ ਸਰਕਾਰ ਵੱਲੋਂ ਉਦਯੋਗਪਤੀਆਂ, ਨਿਵੇਸ਼ਕਾਂ ਨੂੰ ਆਪਣੇ ਕਾਰੋਬਾਰ ਕਰਨ ਲਈ ਸਾਜ਼ਗਾਰ ਮਾਹੌਲ ਪ੍ਰਦਾਨ ਕਰਨ ਦੀ ਵਚਨਬੱਧਤਾ ਦਹੁਰਾਉਂਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਉਦਮੀਆਂ ਨੂੰ ਜ਼ਿਲ੍ਹੇ ਵਿੱਚ ਨਿਵੇਸ਼ ਕਰਨ 'ਚ ਕੋਈ ਵੀ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ, ਜਿਨ੍ਹਾਂ ਕੋਲ ਨਿਵੇਸ਼ ਕਰਨ ਵਾਲੇ ਉਦਮੀਆਂ ਵੱਲੋਂ ਇਨਵੈਸਟ ਪੰਜਾਬ ਬਿਜ਼ਨਸ ਫਸਟ ਪੋਰਟਲ 'ਤੇ ਦਾਖਲ ਕੀਤੀਆਂ ਜਾਣ ਵਾਲੀਆਂ ਅਰਜ਼ੀਆਂ ਪੁੱਜਦੀਆਂ ਹਨ, ਦਾ ਮਿੱਥੇ ਸਮੇਂ ਅੰਦਰ ਨਿਪਟਾਰਾ ਯਕੀਨੀ ਬਣਾਉਣ ਦੀਆਂ ਹਦਾਇਤਾਂ ਵੀ ਕੀਤੀਆਂ। ਉਨ੍ਹਾਂ ਦੱਸਿਆ ਕਿ ਉਦਯੋਗਾਂ ਦੀ ਸਹੂਲਤ ਲਈ ਜ਼ਿਲ੍ਹੇ ਵਿੱਚ ਇਕ ਸਮਰਪਿਤ ਸੈੱਲ ਪਹਿਲਾਂ ਹੀ ਕੰਮ ਕਰ ਰਿਹਾ ਹੈ।ਮੀਟਿੰਗ ਵਿੱਚ ਐੱਸ.ਡੀ.ਐੱਮ. ਆਦਮਪੁਰ ਵਿਵੇਕ ਕੁਮਾਰ ਮੋਦੀ (ਵਾਧੂ ਚਾਰਜ ਵਧੀਕ ਡਿਪਟੀ ਕਮਿਸ਼ਨਰ, ਦਿਹਾਤੀ ਵਿਕਾਸ), ਜੀ.ਐੱਮ.ਡੀ. ਆਈ.ਸੀ. ਦੀਪ ਸਿੰਘ ਗਿੱਲ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਨਿਵੇਸ਼ਕ ਵੀ ਮੌਜੂਦ ਸਨ।

# ਪਰਿਆਸ ਸਿਟੀਜ਼ਨ ਵੈੱਲਫੇਅਰ ਕੌਂਸਲ ਨੇ ਸਪੋਰਟਸ ਸਟੇਡੀਅਮ ਪਲਾਹੀ ਵਿਖੇ ਲਗਾਏ 65 ਬੂਟੇ

**ਫਗਵਾੜਾ (ਰਮਨ)** ਸਮਾਜ ਸੇਵਾ ਦੇ ਖੇਤਰ 'ਚ ਸਰਗਰਮੀ ਨਾਲ ਯੋਗਦਾਨ ਪਾ ਰਹੀ ਪਰਿਆਸ ਸਿਟੀਜਨ ਵੈਲਫੇਅਰ ਕੌਂਸਲ ਵਲੋਂ ਪਿੰਡ ਪਲਾਹੀ ਦੇ ਖੇਡ ਸਟੇਡੀਅਮ 'ਚ ਫਲਦਾਰ ਤੇ ਛਾਂਦਾਰ 65 ਬੂਟੇ ਲਗਾ ਕੇ ਵਾਤਾਵਰਣ ਸੁਰੱਖਿਆ ਦਾ ਸੁਨੇਹਾ ਦਿੱਤਾ ਗਿਆ। ਸੰਜੀਵ ਕੁਮਾਰ




ਰਿਟਾ. ਚੀਫ ਇੰਜੀਨੀਅਰ ਪੀ.ਐਸ.ਪੀ.ਸੀ.ਐਲ. ਅਤੇ ਡਾ. ਗੁਰਵਿੰਦਰ ਪਾਲ ਸਿੰਘ ਸਤਲੁਜ ਹਸਪਤਾਲ ਪਲਾਹੀ ਰੋਡ ਨੇ ਪਰਿਆਸ ਸੰਸਥਾ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਕਿਹਾ ਕਿ ਵਾਤਾਵਰਣ ਦੀ ਸਾਂਭ ਸੰਭਾਲ ਲਈ ਆਮ ਜਨਤਾ ਅਤੇ ਸਮਾਜ ਸੇਵੀ ਸੰਸਥਾਵਾ ਵਲੋਂ ਸੁਰੱਖਿਅਤ ਥਾਂਵਾ 'ਤੇ ਵੱਧ ਤੋ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਅਤੇ ਉਹਨਾਂ ਦੀ ਪਰਵਰਿਸ਼ ਵੀ ਕਰਨੀ ਚਾਹੀਦੀ ਹੈ। ਪਰਿਆਸ ਦੇ ਕਨਵੀਨਰ ਸ਼ਕਤੀ ਮਹਿੰਦਰੂ ਨੇ ਦੱਸਿਆ ਕਿ ਜੋ ਬੂਟੇ ਲਗਾਏ ਗਏ ਹਨ, ਉਹਨਾਂ 'ਚ ਬਹੁਤ ਸਾਰੇ ਜੜੀਆਂ-ਬੂਟੀਆਂ ਵਾਲੇ ਬੂਟੇ ਵੀ ਸ਼ਾਮਲ ਹਨ ਜੋ ਅਨੇਕਾਂ ਬਿਮਾਰੀਆਂ ਦੇ ਇਲਾਜ ਵਿੱਚ ਸਹਾਈ ਹੁੰਦੇ ਹਨ। ਉਹਨਾਂ ਨੇ ਭਰੋਸਾ ਦਿੱਤਾ ਕਿ ਪਰਿਆਸ ਵੱਲੋਂ ਲਗਾਏ ਗਏ ਬੂਟਿਆਂ ਦੀ ਰੁੱਖਾਂ ਦਾ ਰੂਪ ਧਾਰਨ ਕਰਨ ਤੱਕ ਪੂਰੀ ਸਾਂਭ ਸੰਭਾਲ ਯਕੀਨੀ ਬਣਾਈ ਜਾਵੇਗੀ। ਉਹਨਾਂ ਨੇ ਇਸ ਪ੍ਰੋਜੈਕਟ ਦੇ ਡਾਇਰੈਕਟਰ ਰਜਿੰਦਰ ਕੁਮਾਰ ਮਲਹੋਤਰਾ ਅਤੇ ਸ਼ਾਮ ਸੁੰਦਰ ਗੁਪਤਾ ਤੋਂ ਇਲਾਵਾ ਸਮੂਹ ਪਤਵੰਤਿਆਂ ਦਾ ਸਹਿਯੋਗ ਲਈ ਤਹਿ ਦਿਲੋਂ ਧੰਨਵਾਦ ਵੀ ਕੀਤਾ। ਇਸ ਮੌਕੇ ਜਤਿੰਦਰ ਪਾਲ ਸਿੰਘ ਪਲਾਹੀ, ਸੁਖਵਿੰਦਰ ਸਿੰਘ, ਗੁਰਮੁਖ ਸਿੰਘ, ਬਲਵਿੰਦਰ ਸਿੰਘ, ਪੁਰਸ਼ੋਤਮ ਲਾਲ ਭੱਟੀ, ਮਨਿੰਦਰ ਸ਼ਰਮਾ, ਕਰਨੈਲ ਸਿੰਘ, ਡਾ. ਰਜਿੰਦਰ ਕੁਮਾਰ, ਰੂਪ ਲਾਲ ਸੁਮਨ ਅਤੇ ਨਰਿੰਦਰ ਕੁਮਾਰ ਆਦਿ ਹਾਜਰ ਸਨ।

# ਜਨਤਕ ਖੇਤਰ ਦੀਆਂ ਬੈਂਕਾਂ ਦਾ ਸੂਬੇ ਦੀ ਆਰਥਿਕਤਾ ਨੂੰ ਹੁਲਾਰਾ ਦੇਣ 'ਚ ਵੱਡਾ ਯੋਗਦਾਨ : ਚੀਮਾ



**ਮੋਹਾਲੀ (ਗੁਰਜੀਤ ਬਿੱਲਾ)**- ਪੰਜਾਬ ਦੇ ਵਿੱਤ ਅਤੇ ਯੋਜਨਾ ਮੰਤਰੀ ਹਰਪਾਲ ਸਿੰਘ ਚੀਮਾ ਨੇ ਮੁੱਲਾਂਪੁਰ ਗਰੀਬਦਾਸ ਵਿਖੇ ਬੈਂਕ ਆਫ਼ ਮਹਾਂਰਾਸ਼ਟਰ ਦੀ ਨਵੀਂ ਸ਼ਾਖਾ ਦਾ ਉਦਘਾਟਨ ਕੀਤਾ।ਉਨ੍ਹਾਂ ਆਖਿਆ ਕਿ ਸੂਬੇ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਵਿੱਚ ਜਨਤਕ ਖੇਤਰ ਦੀਆਂ ਬੈਂਕਾਂ ਦਾ ਵੀ ਅਹਿਮ ਯੋਗਦਾਨ ਹੈ।ਬੈਂਕਾਂ ਨੂੰ ਆਮ ਆਦਮੀ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਸਰਕਾਰੀ ਸਪਾਂਸਰ ਸਕੀਮਾਂ ਤਹਿਤ ਲੋਕਾਂ ਨੂੰ ਵੱਧ ਤੋਂ ਵੱਧ ਕਰਜ਼ਾ ਯੋਜਨਾਵਾਂ ਦਾ ਲਾਭ ਦੇਣਾ ਚਾਹੀਦਾ ਹੈ, ਜਿਸ ਨਾਲ ਸਵੈ ਰੋਜ਼ਗਾਰ 'ਚ ਵਾਧਾ ਹੋਣ ਦੇ ਨਾਲ ਨਾਲ, ਜੁੜੇ ਹੋਏ ਕਈ ਲੋਕਾਂ ਨੂੰ ਵੀ ਲਾਭ ਤੇ ਰੋਜ਼ਗਾਰ ਮਿਲੇਗਾ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪੰਜਾਬ ਦੇ ਵਾਧੂ ਮਾਲੀਏ ਨੂੰ ਲੋਕ ਭਲਾਈ ਸਕੀਮਾਂ 'ਚ ਵਰਤਿਆ ਜਾ ਰਿਹਾ ਹੈ ਤਾਂ ਜੋ ਸੂਬੇ ਦੇ ਲੋਕਾਂ ਨੂੰ ਵੱਧ ਤੋਂ ਵੱਧ ਲਾਭ ਮਿਲ ਸਕੇ।ਬੈਂਕ ਦੇ ਜ਼ੋਨਲ ਹੈਡ ਲੁਧਿਆਣਾ ਐਸ. ਕੇ. ਤ੍ਰਿਵੇਦੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਅਸੀਂ ਆਪਣੇ ਗ੍ਰਾਹਕਾਂ ਨੂੰ ਮੁੱਲਾਂਪੁਰ ਵਿੱਚ ਬਿਹਤਰ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਨ ਲਈ ਜ਼ਿਲ੍ਹੇ ਵਿੱਚ ਆਪਣੀ ਨੌਵੀਂ ਬ੍ਰਾਂਚ ਸ਼ੁਰੂ ਕਰ ਰਹੇ ਹਾਂ। ਇਸ ਮੌਕੇ 'ਤੇ ਸ਼ਾਖਾ ਪ੍ਰਬੰਧਕ ਅਨੂ ਸੈਣੀ ਅਤੇ ਬੈਂਕ ਦੇ ਹੋਰ ਨੁਮਾਇੰਦੇ ਹਾਜ਼ਰ ਰਹੇ।

# ਪੰਜਾਬ ਸਰਕਾਰ ਲੈਂਡ ਪੂਲਿੰਗ ਪਾਲਿਸੀ ਰੱਦ ਕਰੇ : ਬਲਬੀਰ ਸਿੱਧੂ

● ਕਿਸਾਨ ਇਸ ਪਾਲਿਸੀ ਨੂੰ ਰੱਦ ਕਰਾਉਣ ਲਈ ਕਿਸੇ ਵੀ ਹੱਦ ਤੱਕ ਜਾਣਗੇ

**ਐੱਸ.ਏ.ਐੱਸ.ਨਗਰ (ਗੁਰਜੀਤ ਬਿੱਲਾ)**- ਕਾਂਗਰਸ ਦੇ ਸੀਨੀਅਰ ਆਗੂ ਤੇ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਇਥੇ ਕਿਹਾ ਕਿ ਸੂਬੇ ਦੇ ਕਿਸਾਨਾਂ ਵਲੋਂ ਵੱਡੀ ਗਿਣਤੀ ਵਿਚ ਸੜਕਾਂ ਉੱਤੇ ਉਤਰ ਆਉਣ ਤੋਂ ਬਾਅਦ ਪੰਜਾਬ ਸਰਕਾਰ ਨੂੰ ਕਿਸਾਨ ਵਿਰੋਧੀ ਲੈਂਡ ਪੂਲਿੰਗ ਪਾਲਿਸੀ ਵਾਪਸ ਲੈ ਲੈਣੀ ਚਾਹੀਦੀ ਹੈ। ਸ੍ਰ. ਸਿੱਧੂ ਨੇ ਕਿਹਾ ਕਿ ਪੰਜਾਬ ਭਰ ਵਿਚ ਹਜ਼ਾਰਾਂ ਕਿਸਾਨਾਂ ਦੇ ਲਾਮਿਸਾਲ ਟ੍ਰੈਕਟਰ ਮਾਰਚ ਨੇ ਪੰਜਾਬ ਸਰਕਾਰ ਨੂੰ ਸਪਸ਼ਟ ਸੁਨੇਹਾ ਦੇ ਦਿੱਤਾ ਹੈ ਕਿ ਉਹ ਇਸ ਲੈਂਡ ਪੂਲਿੰਗ ਪਾਲਿਸੀ ਕਰਵਾਉਣ ਤੱਕ ਚੈਨ ਨਾਲ ਨਹੀਂ ਬੈਠਣਗੇ। ਉਹਨਾਂ ਕਿਹਾ ਕਿ ਟ੍ਰੈਕਟਰ ਮਾਰਚ ਵਿਚ ਸ਼ਾਮਲ ਕਿਸਾਨਾਂ ਦਾ ਰੋਸ ਇਹ ਦਰਸਾ ਰਿਹਾ ਸੀ ਕਿ ਉਹਨਾਂ ਨੂੰ ਇਸ ਪਾਲਿਸੀ ਨੂੰ ਰੱਦ ਕਰਵਾਉਣ ਤੋਂ ਘੱਟ ਕੁਝ ਵੀ ਮਨਜ਼ੂਰ ਨਹੀਂ ਹੋਣਾ ਅਤੇ ਉਹ ਇਸ ਟੀਚੇ ਨੂੰ ਹਾਸਲ ਕਰਨ ਲਈ ਹਰ ਕਿਸਮ ਦੀ ਲੜਾਈ ਲੜਣ ਲਈ ਤਿਆਰ-ਬਰ-ਤਿਆਰ ਹਨ। ਕਾਂਗਰਸੀ ਆਗੂ ਨੇ ਕਿਹਾ ਕਿ ਕੇਂਦਰ ਸਰਕਾਰ ਵਲੋਂ ਥੋਪੇ ਗਏ ਕਿਸਾਨ ਵਿਰੋਧੀ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਲੜੇ ਗਏ ਲੰਬੇ ਸੰਘਰਸ਼ ਵਰਗਾ ਮਾਹੌਲ ਪੰਜਾਬ ਵਿਚ ਮੁੜ ਬਣਦਾ ਜਾ ਰਿਹਾ ਹੈ ਅਤੇ ਜੇ ਪੰਜਾਬ ਸਰਕਾਰ ਨੇ ਇਹ ਕਿਸਾਨ ਮਾਰੂ ਪਾਲਿਸੀ ਵਾਪਸ ਨਾ ਲਈ ਤਾਂ ਕਿਸੇ ਸਮੇਂ ਵੀ ਅਣਮਿਥੇ ਸਮੇਂ ਦਾ ਧਰਨਾ ਜਾਂ ਰਸਤਾ ਰੋਕੂ ਮੋਰਚਾ ਲੱਗ ਸਕਦਾ ਹੈ। ਉਹਨਾਂ ਕਿਹਾ ਕਿ ਜੇ ਅਜਿਹਾ ਵਾਪਰਦਾ ਹੈ ਤਾਂ ਇਸ ਨਾਲ ਸੂਬੇ ਨੂੰ ਹੋਣ ਵਾਲੇ ਨੁਕਸਾਨ ਅਤੇ ਲੋਕਾਂ ਨੂੰ ਹੋਣ ਵਾਲੀ ਔਖ ਲਈ ਸਰਕਾਰ ਜ਼ਿੰਮੇਵਾਰ ਹੋਵੇਗੀ।

# ਇਕ ਹੋਰ ਅਣ-ਅਧਿਕਾਰਤ ਉਸਾਰੀ ਢਾਹੀ

**ਜਲੰਧਰ (ਸ਼ੈਲੀ ਐਲਬਰਟ)** ਪੰਜਾਬ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਇੱਕ ਫੈਸਲਾਕੁੰਨ ਕਦਮ ਚੁੱਕਦਿਆਂ ਜਲੰਧਰ ਨਗਰ ਨਿਗਮ ਵੱਲੋਂ ਜਲੰਧਰ ਕਮਿਸ਼ਨਰੇਟ



ਪੁਲਸ ਦੇ ਸਹਿਯੋਗ ਨਾਲ ਵੀਰਵਾਰ ਨੂੰ ਪੱਕਾ ਬਾਗ ਇਲਾਕੇ ਵਿੱਚ ਇੱਕ ਬਦਨਾਮ ਨਸ਼ਾ ਤਸਕਰ ਦੀ ਗੈਰ-ਕਾਨੂੰਨੀ ਉਸਾਰੀ ਢਾਹ ਦਿੱਤੀ ਗਈ।ਕਾਰਵਾਈ ਦੀ ਅਗਵਾਈ ਕਰਦਿਆਂ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਪੱਕਾ ਬਾਗ ਇਲਾਕੇ ਵਿੱਚ ਹਰਵਿੰਦਰ ਸਿੰਘ ਦੀ ਗੈਰ-ਕਾਨੂੰਨੀ ਉਸਾਰੀ ਨੂੰ ਢਾਹਿਆ ਗਿਆ ਹੈ । ਹਰਵਿੰਦਰ ਸਿੰਘ ਇੱਕ ਬਦਨਾਮ ਨਸ਼ਾ ਤਸਕਰ ਹੈ, ਜਿਸ ਖਿਲਾਫ਼ ਐਨ.ਡੀ.ਪੀ.ਐਸ. ਐਕਟ, ਸ਼ਰਾਬ ਤਸਕਰੀ ਅਤੇ ਹੋਰ ਤਹਿਤ 18 ਐਫ.ਆਈ.ਆਰ. ਦਰਜ ਹਨ।ਪੁਲਸ ਕਮਿਸ਼ਨਰ ਨੇ ਕਿਹਾ ਕਿ ਇਹ ਕਾਰਵਾਈ ਡਰੱਗ ਮਾਫੀਆ ਲਈ ਸਖ਼ਤ ਸੰਦੇਸ਼ ਹੈ।

# ਸਰਕਾਰੀ ਅਯੁਰਵੈਦਿਕ ਡਿਸਪੈਂਸਰੀ 'ਚ ਆਯੂਸ਼ ਮੈਡੀਕਲ ਕੈਂਪ ਲਗਾਇਆ



**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਸਿਹਤ ਵਿਭਾਗ ਵੱਲੋਂ ਸਰਕਾਰੀ ਅਯੁਰਵੈਦਿਕ ਡਿਸਪੈਂਸਰੀ ਸੁਲਤਾਨਪੁਰ ਲੋਧੀ ਵਿੱਚ ਮੁਫਤ ਆਯੂਸ਼ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਵਿੱਚ ਆਯੁਰਵੈਦਿਕ ਅਤੇ ਹੋਮਿਓਪੈਥੀ ਸਬੰਧੀ ਮਰੀਜ਼ਾਂ ਨਾਲ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਫਰੀ ਦਵਾਈਆਂ ਦਿੱਤੀਆਂ ਗਈਆਂ। ਸਿਹਤ ਵਿਭਾਗ ਦੀ ਸਮੁੱਚੀ ਟੀਮ ਡਾਕਟਰ ਸ਼ਕੂਰ, ਡਾਕਟਰ ਮਨੀਸ਼ਾ, ਡਾਕਟਰ ਤਰਲੋਕ ਸਿੰਘ, ਪਵਨਦੀਪ ਸਿੰਘ, ਮਾਲਤੀ ਦੇਵੀ, ਪ੍ਰੀਤਮ ਰਾਣੀ, ਰੀਆ ਕੁਮਾਰੀ, ਪਰਵੀਨ ਕੁਮਾਰੀ, ਹੋਮਿਓਪੈਥੀ ਡਾਕਟਰ ਮਨਪ੍ਰੀਤ ਕੌਰ, ਡਾਕਟਰ ਰੇਸ਼ਮ ਸਿੰਘ, ਸਵਿਤਾ ਰਾਣੀ, ਰਾਜ ਕੁਮਾਰ, ਸ਼ੇਰ ਸਿੰਘ ਆਦਿ ਮੈਡੀਕਲ ਟੀਮ ਵੱਲੋਂ ਮਰੀਜ਼ਾਂ ਦਾ ਚੈੱਕ ਅਪ ਕੀਤਾ ਗਿਆ ਅਤੇ ਉਨ੍ਹਾਂ ਨੂੰ ਰੋਗਾਂ ਅਤੇ ਆਯੁਰਵੈਦਿਕ ਦਵਾਈਆਂ ਤੇ ਹੋਮਿਓਪੈਥੀ ਦਵਾਈਆਂ ਸਬੰਧੀ ਜਾਣੂ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਇਹਨਾਂ ਦਾ ਕੋਈ ਸਾਈਡ ਇਫੈਕਟ ਨਹੀਂ ਹੈ ।ਇਸ ਕੈਂਪ ਦੌਰਾਨ 700 ਮਰੀਜ਼ਾਂ ਨੇ ਚੈੱਕ ਅਪ ਕਰਵਾਇਆ ਅਤੇ ਫਰੀ ਦਵਾਈਆਂ ਪ੍ਰਾਪਤ ਕੀਤੀਆਂ। ਇਸ ਮੌਕੇ ਲਵਪ੍ਰੀਤ ਸਿੰਘ ਪੀਏ, ਸੋਨੂ ਜੈਨਪੁਰੀ, ਆਕਾਸ਼ਦੀਪ ਸਿੰਘ, ਸਤਨਾਮਪਾਲ ਸਿੰਘ, ਰਵੀ ਚੌਹਾਨ, ਸਾਹਿਬ ਚੌਹਾਨ, ਬਲਵੀਰ ਸ਼ੇਰਪੁਰੀ ਆਦਿ ਵੀ ਹਾਜ਼ਰ ਸਨ।

# 'ਇਕ ਰੁੱਖ ਮਾਂ ਦੇ ਨਾਂਅ' ਪ੍ਰੋਗਰਾਮ ਅਧੀਨ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ

**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**- ਇੱਥੇ ਸਤਿ ਸ੍ਰੀ ਅਕਾਲ ਦੁਆਬਾ ਵਲੋਂ ਮਾਈ ਭਾਰਤ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ ਤੇ



ਮੈਰੀ ਗੋਲਡ ਪਬਲਿਕ ਸਕੂਲ ਵਿਖੇ "ਇਕ ਰੁੱਖ ਮਾਂ ਦੇ ਨਾਮ" ਪ੍ਰੋਗਰਾਮ ਅਧੀਨ ਰੁੱਖਾਂ ਦੀ ਮਹੱਤਤਾ ਨੂੰ ਦੱਸਣ ਲਈ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਗੌਰਮਿੰਟ ਕਾਲਜ ਹੁਸ਼ਿਆਰਪੁਰ ਦੇ ਰਿਟਾਇਰਡ ਐਚ.ਓ.ਡੀ. ਪ੍ਰੋਫੈਸਰ ਅਜੀਤ ਸਿੰਘ ਜੱਬਲ,ਪ੍ਰਿੰਸੀਪਲ ਰੁਪਿੰਦਰ ਕੌਰ ਅਤੇ ਰੰਗਕਰਮੀ ਅਸ਼ੋਕ ਪੁਰੀ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਪ੍ਰੋਗਰਾਮ ਦਾ ਆਯੋਜਨ ਸਤਿ ਸ੍ਰੀ ਅਕਾਲ ਦੁਆਬਾ ਦੇ ਪ੍ਰਧਾਨ ਰਿਟਾਇਰਡ ਇੰਸਪੈਕਟਰ ਰਮੇਸ਼ ਕੁਮਾਰ ਦੀ ਦੇਖਰੇਖ ਹੇਠ ਕੀਤਾ ਗਿਆ। ਮੁਕਾਬਲੇ ਵਿੱਚ 8ਵੀਂ, 9ਵੀਂ ਅਤੇ 10ਵੀਂ ਦੇ 48 ਵਿਦਿਆਰਥੀਆਂ ਨੇ ਭਾਗ ਲਿਆ। ਦੋ ਘੰਟੇ ਦੇ ਇਸ ਪੇਟਿੰਗ ਪ੍ਰਤੀਯੋਗਿਤਾ ਵਿੱਚ ਤਿਆਰ ਹੋਈਆਂ ਪੇਟਿੰਗਾਂ ਨੂੰ ਪ੍ਰੋਫੈਸਰ ਅਜੀਤ ਸਿੰਘ ਜੱਬਲ ਨੇ ਜੱਜਮੈਂਟ ਕਰਦੇ ਹੋਏ 10ਵੀਂ ਕਲਾਸ ਦੀ ਵਿਦਿਆਰਥਣ 'ਚਾਹਤ' ਦੀ ਪੇਟਿੰਗ ਨੂੰ ਪਹਿਲਾ ਸਥਾਨ, 'ਨੰਦਿਨੀ' ਨੂੰ ਦੂਸਰਾ ਅਤੇ 9ਵੀਂ ਦੀ ਵਿਦਿਆਰਥਣ 'ਪ੍ਰੇਰਨਾ' ਨੂੰ ਤੀਸਰਾ ਸਥਾਨ ਦਿੱਤਾ।ਏ ਪ੍ਰੋਫੈਸਰ ਅਜੀਤ ਸਿੰਘ ਜੱਬਲ ਨੇ ਸਾਰੀਆਂ ਹੀ ਪੇਟਿੰਗਾਂ ਨੂੰ ਅਹਿਮ ਦਰਜੇ ਦੇ ਦੱਸਦੇ ਹੋਏ 10ਵੀਂ ਦੇ ਰੋਹਿਨੀ ਸਿੰਘ ਅਤੇ 9ਵੀਂ ਦੇ ਅਮ੍ਰਿਤ ਰਾਜੂ, ਭਾਰਤੀ ਸਿੰਘ, ਜੈਸਮੀਨ, ਪੁਨੀਤ ਕੌਰ, ਸੰਜਨਾ ਸਭਰਵਾਲ ਅਤੇ 8ਵੀਂ ਦੀ ਸੁਖਮਣੀ ਦੀ ਪ੍ਰਸ਼ੰਸਾ ਕਰਦੇ ਹੋਏ ਸਰਟੀਫਿਕੇਟ ਆਫ ਐਪਰੀਸਿਏਸ਼ਨ ਨਾਲ ਸਨਮਾਨਤ ਕੀਤਾ। ਉਨ੍ਹਾਂ ਸਕੂਲ ਦੀ ਆਰਟ ਟੀਚਰ ਮਿਸ ਮੀਨਾ ਦੀ ਵੀ ਵਧੀਆ ਤਿਆਰੀ ਕਰਵਾਉਣ ਲਈ ਸ਼ਲਾਘਾ ਕੀਤੀ।

# ਜ਼ਿਲ੍ਹੇ 'ਚ ਯੂਰੀਆ ਦੀ ਵੱਧ ਵਿਕਰੀ ਨੂੰ ਲੈ ਕੇ ਖੇਤੀਬਾੜੀ ਵਿਭਾਗ ਵੱਲੋਂ ਸਖ਼ਤ ਕਾਰਵਾਈ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਵੱਲੋਂ ਰਾਜ ਭਰ ਵਿੱਚ ਖਾਦ ਵਿਕਰੇਤਾਵਾਂ ਅਤੇ ਡੀਲਰਾਂ ਵੱਲੋਂ ਯੂਰੀਆ ਦੀ ਗਲਤ ਤਰੀਕੇ ਨਾਲ ਹੋ ਰਹੀ ਵਿਕਰੀ ਨੂੰ ਰੋਕਣ ਲਈ ਵਿਸ਼ੇਸ਼ ਇਨਫੋਰਸਮੈਂਟ ਡਰਾਈਵ ਚਲਾਈ ਗਈ ਹੈ। ਇਹ ਮੁਹਿੰਮ ਵਿਭਾਗ ਦੇ ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ ਦੇ ਹੁਕਮਾਂ ਅਧੀਨ ਅਤੇ ਡਾਇਰੈਕਟਰ



ਖੇਤੀਬਾੜੀ ਪੰਜਾਬ ਜਸਵੰਤ ਸਿੰਘ ਦੀ ਨਿਗਰਾਨੀ ਹੇਠ ਸ਼ੁਰੂ ਕੀਤੀ ਗਈ। ਇਸ ਮੁਹਿੰਮ ਤਹਿਤ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਵਿਸ਼ੇਸ਼ ਜਾਂਚ ਲਈ ਇਕ ਟੀਮ ਬਣਾਈ ਗਈ, ਜਿਸ ਵਿੱਚ ਮੁੱਖ ਖੇਤੀ ਅਧਿਕਾਰੀ, ਸ੍ਰੀ ਮੁਕਤਸਰ ਸਾਹਿਬ ਡਾ. ਕਰਨਜੀਤ ਸਿੰਘ ਅਤੇ ਖੇਤੀ ਵਿਕਾਸ ਅਧਿਕਾਰੀ (ਇਨਫੋਰਸਮੈਂਟ), ਹੁਸ਼ਿਆਰਪੁਰ ਡਾ. ਜਤਿਨ ਵਸ਼ਿਸ਼ਠ ਸ਼ਾਮਿਲ ਸਨ। ਇਹ ਜਾਂਚ ਮੁਹਿੰਮ ਜ਼ਿਲ੍ਹੇ ਦੇ ਸਾਰੇ ਬਲਾਕ ਖੇਤੀ ਅਧਿਕਾਰੀਆਂ ਦੇ ਸਹਿਯੋਗ ਨਾਲ ਚਲਾਈ ਗਈ।ਹਰੇਕ ਬਲਾਕ ਪੱਧਰ 'ਤੇ ਵਿਸ਼ੇਸ਼ ਟੀਮਾਂ ਨੂੰ ਤਾਇਨਾਤ ਕੀਤਾ ਗਿਆ, ਜੋ ਵੱਧ ਯੂਰੀਆ ਵਿਕਰੀ ਵਾਲੇ ਰਿਪੋਰਟ ਹੋਏ ਰਿਟੇਲਰਾਂ ਅਤੇ ਡੀਲਰਾਂ ਦੇ ਸਥਾਨਾਂ 'ਤੇ ਮੌਕੇ 'ਤੇ ਪਹੁੰਚ ਕੇ ਗਹਿਨ ਜਾਂਚ ਕਰ ਰਹੀਆਂ ਹਨ। ਜਾਂਚ ਦੌਰਾਨ ਸਟਾਕ ਦੀ ਪੂਰੀ ਜਾਂਚ, ਇਨਵਾਇਸ ਆਡਿਟ, ਅਤੇ ਸਪਲਾਈ-ਵਿਕਰੀ ਰਿਕਾਰਡ ਦਾ ਮਿਲਾਨ ਕੀਤਾ ਗਿਆ। ਇਸ ਇਨਫੋਰਸਮੈਂਟ ਮੁਹਿੰਮ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਬਿਜਾਈ ਦੇ ਚਰਮ ਸਮੇਂ ਦੌਰਾਨ ਸਹੀ ਕਿਸਾਨਾਂ ਨੂੰ ਯੂਰੀਆ ਉਚਿਤ ਅਤੇ ਪਾਰਦਰਸ਼ੀ ਢੰਗ ਨਾਲ ਉਪਲਬਧ ਕਰਵਾਇਆ ਜਾਵੇ। ਵਿਭਾਗ ਵੱਲੋਂ ਇਸ ਗੱਲ ਨੂੰ ਦੋਹਰਾਇਆ ਗਿਆ ਕਿ ਖਾਦ ਸਪਲਾਈ ਚੇਨ ਵਿੱਚ ਕਿਸੇ ਵੀ ਕਿਸਮ ਦੀ ਕਾਲਾ ਬਾਜ਼ਾਰੀ, ਸਟਾਕ ਇਕੱਠਾ ਕਰਨਾ ਜਾਂ ਹੋਰ ਕੋਈ ਗੜਬੜੀ ਨਹੀਂ ਸਹਿਣ ਕੀਤੀ ਜਾਵੇਗੀ। ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਅਤੇ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਖਾਦ ਡੀਲਰ ਵੱਲੋਂ ਵੱਧ ਰੇਟ ਲਾਗੂ ਕਰਨ, ਨਕਲੀ ਕਮੀ ਪੈਦਾ ਕਰਨਾ ਜਾਂ ਕੋਈ ਵੀ ਸ਼ੱਕੀ ਗਤੀਵਿਧੀ ਸਾਹਮਣੇ ਆਵੇ, ਤਾਂ ਉਸ ਦੀ ਤੁਰੰਤ ਸ਼ਿਕਾਇਤ ਕੀਤੀ ਜਾਵੇ, ਤਾਂ ਜੋ ਲਾਜ਼ਮੀ ਕਾਰਵਾਈ ਕੀਤੀ ਜਾ ਸਕੇ।

# ਛਾਂਦਾਰ ਰੁੱਖਾਂ ਦੇ ਵਿਵਾਦ 'ਚ ਬਦਲਿਆ ਥਾਣਾ ਮੁਖੀ ਮੁੜ ਤਾਇਨਾਤ

**ਮਾਹਿਲਪੁਰ/(ਸਫਰੀ)**- ਅਜੇ ਥੋੜ੍ਹਾ ਹੀ ਸਮਾਂ ਪਹਿਲਾਂ ਥਾਣਾ ਮਾਹਿਲਪੁਰ ਵਿਚੋਂ ਕੱਟੇ ਗਏ ਛਾਂਦਾਰ ਰੁੱਖਾਂ ਦੇ ਵਿਵਾਦ ਵਿਚ ਬਦਲਿਆ ਥਾਣਾ ਮੁਖੀ ਗਗਨਦੀਪ ਸਿੰਘ ਸੇਖੋਂ ਜਲਦ ਹੀ



ਫਿਰ ਥਾਣਾ ਮਾਹਿਲਪੁਰ ਵਿੱਚ ਤਾਇਨਾਤ ਹੋ ਗਿਆ। ਪਰ ਹੁਸ਼ਿਆਰਪੁਰ ਹਲਕੇ ਤੋਂ ਮੈਂਬਰ ਪਾਰਲੀਮੈਂਟ ਡਾ. ਰਾਜ ਕੁਮਾਰ ਨੇ ਪਿੰਡ ਅਲਾਵਲਪੁਰ ਵਿੱਚ ਇਕ ਭਾਸ਼ਨ ਦੌਰਾਨ ਸਿੱਧੇ ਤੌਰ ਥਾਣਾ ਮੁਖੀ ਮਾਹਿਲਪੁਰ ਨੂੰ ਨਿਸ਼ਾਨ 'ਤੇ ਲਿਆਉਂਦਿਆਂ ਕਿਹਾ ਕਿ ਥਾਣਾ ਮੁਖੀ ਮਾਹਿਲਪੁਰ ਨੂੰ ਅਲਾਵਲਪੁਰ ਵਿੱਚ ਯੁੱਧ ਨਸ਼ਿਆਂ ਵਿਰੁੱਧ ਜਾਗਰੂਕਤਾ ਕੈਂਪ ਲਗਾਉਣ ਬਾਰੇ ਪਤਾ ਸੀ ਪਰ ਉਹ ਨਹੀਂ ਆਇਆ। ਉਨਾਂ ਨੇ ਆਪਣੇ ਭਾਸ਼ਣ ਵਿਚ ਇਹ ਵੀ ਕਿਹਾ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਪੰਜਾਬ ਦੇ ਨੌਜਵਾਨ ਇਨ੍ਹਾਂ ਕੈਂਪਾਂ ਦੇ ਲੱਗਣ ਨਾਲ ਬਹੁਤਾ ਗਿਣਤੀ ਵਿਚ ਜਾਗੂਰਕ ਹੋਏ ਹਨ ਅਤੇ ਜਿਹੜੇ 25 ਕੁ ਪ੍ਰਤੀਸ਼ਤ ਰਹਿ ਗਏ ਹਨ ਉਹ ਵੀ ਤੁਹਾਡੇ ਅਤੇ ਪੁਲਸ ਵਿਭਾਗ ਦੇ ਸਹਿਯੋਗ ਨਾਲ ਠੀਕ ਹੋ ਸਕਦੇ ਹਨ। ਪਰ ਸਾਡੇ ਦੇਖਣ ਵਿੱਚ ਆਇਆ ਹੈ ਕਿ ਪੁਲਸ ਸਾਡਾ ਕਹਿਣਾ ਨਹੀਂ ਮੰਨ ਰਹੀ ਜੇਕਰ ਇਹ ਥਾਣਾ ਮੁਖੀ ਮਾਹਿਲਪੁਰ ਇਕ ਮੈਂਬਰ ਪਾਰਲੀਮੈਂਟ ਦਾ ਕਹਿਣਾ ਨਹੀਂ ਮੰਨ ਰਿਹਾ ਤਾਂ ਆਮ ਲੋਕਾਂ ਦੀ ਗੱਲ ਕੀ ਸੁਣਦਾ ਹੋਵੇਗਾ।ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਇਸ ਥਾਣੇ 'ਚ ਆਉਂਦੇ ਪਿੰਡ ਲੋਕ ਸਭਾ ਹਲਕੇ ਸ੍ਰੀ ਆਨੰਦਪੁਰ ਸਾਹਿਬ ਅਤੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਵਿੱਚ ਪੈਂਦੇ ਹਨ।

# ਜਵਾਹਰ ਨਵੋਦਿਆ ਵਿਦਿਆਲਿਆ ਵਾਸਤੇ ਆਨਲਾਈਨ ਰਜਿਸਟ੍ਰੇਸ਼ਨ 'ਚ 13 ਤੱਕ ਦਾ ਵਾਧਾ

**ਮੋਹਾਲੀ (ਗੁਰਜੀਤ ਬਿੱਲਾ)**- ਜਵਾਹਰ ਨਵੋਦਿਆ ਵਿਦਿਆਲਿਆ ਚੋਣ ਪ੍ਰੀਖਿਆ ਛੇਵੀਂ ਜਮਾਤ, ਸਾਲ 2026-2027 ਵਾਸਤੇ ਆਨਲਾਈਨ ਰਜਿਸਟ੍ਰੇਸ਼ਨ ਪ੍ਰਕਿਰਿਆ ਮਿਤੀ 29 ਜੁਲਾਈ 2025 ਤੱਕ ਸੀ, ਨੂੰ, ਨਵੋਦਿਆ ਵਿਦਿਆਲਿਆ ਸਮਿਤੀ ਦੇ ਦਿਸ਼ਾ ਨਿਰਦੇਸ਼ ਅਨੁਸਾਰ ਮਿਤੀ 13 ਅਗਸਤ 2025 ਤੱਕ ਵਧਾ ਦਿੱਤਾ ਗਿਆ ਹੈ। ਪ੍ਰਿੰਸੀਪਲ ਦੀਪਤੀ ਭਟਨਾਗਰ ਨੇ ਦੱਸਿਆ ਕਿ ਆਧੁਨਿਕ ਤੇ ਮਿਆਰੀ ਸਿੱਖਿਆ ਦੇਣ ਲਈ ਮੋਹਾਲੀ ਜ਼ਿਲ੍ਹੇ ਦੇ ਪਿੰਡ ਰਕੌਲੀ ਵਿਚ ਭਾਰਤ ਸਰਕਾਰ ਵੱਲੋਂ ਚਲਾਏ ਜਾ ਰਹੇ ਸਹਿ-ਸਿੱਖਿਆ ਵਾਲੇ ਰਿਹਾਇਸ਼ੀ ਪੀ.ਐਮ.ਸ੍ਰੀ. ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਰਕੌਲੀ, ਵਿਚ ਅਗਲੇ ਵਿੱਦਿਅਕ ਸਾਲ 2026-2027 ਦੀ ਛੇਵੀਂ ਜਮਾਤ ਲਈ ਇਸ ਵਿੱਦਿਅਕ ਸਾਲ 2025-2026 ਵਿੱਚ ਪੰਜਵੀਂ ਜਮਾਤ ਵਿਚ ਪੜ੍ਹਦੇ ਵਿਦਿਆਰਥੀਆਂ ਲਈ ਆਨਲਾਈਨ ਰਜਿਸਟ੍ਰੇਸ਼ਨ ਪ੍ਰਕਿਰਿਆ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਦੇ ਮਾਪੇ ਮੁਹਾਲੀ ਜ਼ਿਲ੍ਹੇ ਦੇ ਪੱਕੇ ਵਸਨੀਕ ਹੋਣ, ਵਿਦਿਆਰਥੀ ਪੰਜਵੀਂ ਜਮਾਤ ਵਿੱਚ ਪੜ੍ਹਦਾ ਹੋਣਾ ਚਾਹੀਦਾ ਹੈ। ਉਸ ਦਾ ਜਨਮ 01 ਮਈ 2014 ਤੋਂ 31 ਜੁਲਾਈ 2016 (ਦੋਹਾਂ ਤਰੀਕਾਂ ਸਮੇਤ) ਤੱਕ ਹੋਇਆ ਹੋਵੇ, ਓ.ਬੀ.ਸੀ. ਵਰਗ ਦੇ ਵਿਦਿਆਰਥੀਆਂ ਦੇ ਮਾਪੇ ਸੇਵਾ ਕੇਂਦਰ ਤੋਂ ਪਤਾ ਕਰ ਲੈਣ ਕਿ ਉਹ ਕੇਂਦਰੀ ਸੂਚੀ ਵਿਚ ਪੰਜਾਬ ਦੇ ਓ.ਬੀ.ਸੀ.ਵਿਚ ਆਉਂਦੇ ਹਨ ਜਾਂ ਨਹੀਂ। ਜੇਕਰ ਨਹੀਂ ਆਉਂਦੇ ਤਾਂ ਜਨਰਲ ਵਰਗ ਵਿਚ ਰਜਿਸਟ੍ਰੇਸ਼ਨ ਕਰਾਉਣ। ਉਨ੍ਹਾਂ ਕਿਹਾ ਕਿ ਆਨਲਾਈਨ https://cbseitms.rcil.gov.in/nvs ਤੇ ਰਜਿਸਟ੍ਰੇਸ਼ਨ ਕਰਾਉਣ ਦੀ ਆਖਰੀ ਮਿਤੀ 13 ਅਗਸਤ, 2025 ਹੈ। ਉਨ੍ਹਾਂ ਦੱਸਿਆ ਕਿ ਚੋਣ ਪ੍ਰੀਖਿਆ 13.12.2025 ਨੂੰ ਮੋਹਾਲੀ ਜ਼ਿਲ੍ਹੇ ਦੇ ਚੋਣ ਸੈਂਟਰਾਂ ਵਿਚ ਹੋਵੇਗੀ। ਉਨ੍ਹਾਂ ਕਿਹਾ ਕਿ ਰਜਿਸਟ੍ਰੇਸ਼ਨ ਕਰਨ ਤੋਂ ਪਹਿਲਾਂ ਪ੍ਰੋਸਪੈਕਟਸ ਵਿਚ ਸਾਰੀਆਂ ਸ਼ਰਤਾਂ ਪੜ੍ਹ ਲਈਆਂ ਜਾਣ।

# ਨਵਜੋਤ ਸਿੰਘ ਸੰਧੂ ਇੰਡੀਅਨ ਯੂਥ ਕਾਂਗਰਸ ਦੇ ਕੌਮੀ ਸਕੱਤਰ ਨਿਯੁਕਤ

**ਗੁਰਾਇਆ (ਬਿੰਦਰ ਸੁੰਮਨ)**: ਇੰਡੀਅਨ ਯੂਥ ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਉਦੇਭਾ ਚਿੱਬ ਵਲੋਂ ਨਵਜੋਤ ਸਿੰਘ ਸੰਧੂ ਵਲੋਂ ਯੂਥ ਕਾਂਗਰਸ ਵਿੱਚ ਦਿੱਤੀਆ ਜਾ ਰਹੀਆਂ ਵਧੀਆ ਸੇਵਾਵਾ ਦੇ ਚੱਲਦਿਆਂ ਇੰਡੀਅਨ ਯੂਥ ਕਾਂਗਰਸ ਦੇ ਕੌਮੀ ਸਕੱਤਰ



ਨਿਯੁਕਤ ਕੀਤਾ ਗਿਆ। ਪੰਜਾਬ ਯੂਥ ਕਾਂਗਰਸ ਦੇ ਜਨਰਲ ਸੈਕਟਰੀ ਮਨਪ੍ਰੀਤ ਸਿੰਘ ਚੱਡਾ ਨੇ ਨਵਜੋਤ ਸਿੰਘ ਸੰਧੂ ਨੂੰ ਇੰਡੀਅਨ ਯੂਥ ਕਾਂਗਰਸ ਦੇ ਕੌਮੀ ਸਕੱਤਰ ਨਿਯੁਕਤ ਹੋਣ ਤੇ ਵਧਾਈ ਦਿੰਦੇ ਹੋਏ ਦੱਸਿਆ ਕਿ ਨਵਜੋਤ ਸਿੰਘ ਸੰਧੂ ਨੇ ਸਮੇਂ ਸਮੇਂ ਤੇ ਪਾਰਟੀ ਦੀ ਸੇਵਾ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਨਿਭਾਈ ਹੈ, ਜਿਸ ਦੇ ਚੱਲਦਿਆ ਪਾਰਟੀ ਵਲੋਂ ਉਨਾਂ ਨੂੰ ਪਹਿਲਾਂ ਕਾਂਗਰਸ ਸਟੂਡੈਂਟ ਜਥੇਬੰਦੀ (ਐਨ.ਐਸ.ਯੂ.ਆਈ) ਦਾ ਕੌਮੀ ਸਕੱਤਰ, ਯੂਥ ਕਾਂਗਰਸ ਪੰਜਾਬ ਦੇ ਜਨਰਲ ਸਕੱਤਰ ਅਤੇ ਦੇਸ਼ ਦੇ ਵੱਖ-ਵੱਖ ਰਾਜਾਂ ਦੀਆਂ ਜੁੰਮੇਵਾਰੀਆ ਵੀ ਸੌਂਪੀਆ ਸੀ, ਜਿਸ ਨੂੰ ਨਵਜੋਤ ਸਿੰਘ ਸੰਧੂ ਵਲੋਂ ਬਾਖੂਬੀ ਨਿਭਾਇਆ ਗਿਆ ਅਤੇ ਪਾਰਟੀ ਵਲੋਂ ਹੁਣ ਉਨ੍ਹਾਂ ਨੂੰ ਵੱਡੀ ਜੁੰਮੇਵਾਰੀ ਦਿੱਤੀ ਗਈ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਨਵਜੋਤ ਸਿੰਘ ਸੰਧੂ ਪਾਰਟੀ ਵਲੋਂ ਦਿੱਤੀ ਗਈ ਇਸ ਜੁੰਮੇਵਾਰੀ ਨੂੰ ਪਹਿਲਾਂ ਦੀ ਤਰ੍ਹਾਂ ਇਮਾਨਦਾਰੀ ਅਤੇ ਲਗਨ ਨਾਲ ਨਿਭਾਉਣਗੇ।

# ਹੁਣ ਤੱਕ ਦਾ ਸਭ ਤੋਂ ਵੱਡਾ ਧੋਖਾ ਹੈ ਲੈਂਡ ਪੂਲਿੰਗ ਨੀਤੀ : ਮੰਗੂਪੁਰ

**ਬਲਾਚੌਰ (ਜਸਵਿੰਦਰ ਬੈਂਸ)**— ਅਜੇ ਮੰਗੂਪੁਰ ਨੇ "ਲੈਂਡ ਪੂਲਿੰਗ ਨੀਤੀ" ਬਾਰੇ ਕਿਹਾ ਕਿ ਇਹ ਨੀਤੀ ਸਿਰਫ ਪੰਜਾਬ ਦਿਆਂ ਕਿਸਾਨਾਂ ਨਾਲ ਆਪ ਸਰਕਾਰ ਵੱਲੋਂ ਕੀਤਾ ਜਾਣ ਵਾਲਾ ਹੁਣ ਤੱਕ ਦਾ ਸਭ ਤੋਂ ਵੱਡਾ ਧੋਖਾ ਹੈ। ਉਨ੍ਹਾਂ ਕਿਹਾ ਕਿ ਇਹ ਸਕੀਮ ਸਿਰਫ



ਰੀਅਲ ਅਸਟੇਟ ਮਾਫੀਆ ਦੇ ਫਾਇਦੇ ਲਈ ਬਣਾਈ ਗਈ ਹੈ। ਭਗਵੰਤ ਮਾਨ ਵੱਲੋਂ ਕਮਰਸ਼ੀਅਲ ਅਤੇ ਰੈਜੀਡੈਂਸ਼ੀਅਲ ਪਲਾਟ ਦੇਣ ਦਾ ਦਾਅਵਾ ਕੀਤਾ ਗਿਆ ਹੈ ਜੋ ਕਿ ਬਾਕੀ ਦਾਅਵਿਆਂ ਵਾਂਗ ਹੀ ਖੋਖਲਾ ਤੇ ਝੂਠਾ ਹੈ। ਮਾਨ ਸਿਰਫ ਨਾਂਅ ਦਾ ਹੀ ਮੁੱਖ ਮੰਤਰੀ ਹੈ ਪਰ ਅਸਲ ਸੱਤਾ ਤਾਂ ਕੇਜਰੀਵਾਲ ਅਤੇ ਦਿੱਲੀ ਤੋਂ ਹਾਰੇ ਹੋਏ ਲੀਡਰਾਂ ਕੋਲ ਹੈ। ਪੰਜਾਬ ਦੇ ਲੋਕ ਜਿਸ ਦਰਦ ਵਿੱਚੋਂ ਲੰਘ ਰਹੇ ਹਨ ਉਹ 2022 ਦੀਆਂ ਚੋਣਾਂ ਦਾ ਨਤੀਜਾ ਹੈ। ਲੈਂਡ ਪੂਲਿੰਗ ਨੀਤੀ ਪਿੰਡਾਂ ਨੂੰ ਖਤਮ ਕਰ ਦੇਵੇਗੀ, ਇਹ ਕੋਈ ਕਾਨੂੰਨ ਨਹੀਂ ਹੈ, ਸਿਰਫ ਕਾਗਜਾਂ ਦੀ ਖੇਡ ਹੈ। ਇਸ ਨੀਤੀ ਨਾਲ ਕਿਸਾਨਾਂ ਨੂੰ ਕੋਈ ਪੱਕਾ ਮੁਆਵਜਾ ਨਹੀਂ ਮਿਲਣਾ। ਲੈਂਡ ਪੂਲਿੰਗ ਸਕੀਮ ਤਹਿਤ ਸਰਕਾਰ ਕਿਸਾਨਾਂ ਤੋਂ ਉਨ੍ਹਾਂ ਦੀਆਂ ਵੱਡੀਆਂ ਜਮੀਨਾਂ ਲੈ ਕੇ ਬਦਲੇ 'ਚ ਉਨ੍ਹਾਂ ਨੂੰ ਛੋਟੇ ਛੋਟੇ ਪਲਾਟ ਕੱਟ ਕੇ ਦੇਵੇਗੀ ਜਿਸ ਦਾ ਪੂਰੇ ਪੰਜਾਬ ਦਿਆਂ ਕਿਸਾਨਾਂ ਵੱਲੋਂ ਡਟ ਕੇ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਕਾਂਗਰਸ ਪਾਰਟੀ ਇਸ ਵਿਰੋਧ ਵਿੱਚ ਕਿਸਾਨਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਨਾਲ ਖੜੀ ਹੈ। ਇਸ ਮੌਕੇ ਤਰਸੇਮ ਚੌਧਰੀ ਚੰਦਿਆਣੀ ਸਾਬਕਾ ਚੇਅਰਮੈਨ, ਮਨੋਹਰ ਲਾਲ ਭਾਟੀਆ ਆਦੋਆਨਾਂ ਮੈਂਬਰ ਬੀ.ਸੀ.ਸੀ., ਨਰਿੰਦਰ ਸਿੰਘ ਜੱਸੀ ਜਨਰਲ ਸਕੱਤਰ ਬੀ.ਸੀ.ਸੀ., ਪਰਮਿੰਦਰ ਸਿੰਘ ਢਾਹ, ਰਛਵਿੰਦਰ ਸਿੰਘ ਬੱਲ ਪ੍ਰਧਾਨ ਪੰਚਾਇਤੀ ਰਾਜ ਸੰਗਠਨ ਸੜੋਆ, ਬਹਾਦੁਰ ਸਿੰਘ ਬੱਲ ਸੀਨੀਅਰ ਆਗੂ ਕਾਂਗਰਸ, ਸੁਰਜੀਤ ਸਿੰਘ ਗਰਚਾ, ਲਖਵੀਰ ਗੋਰਚਾ, ਸਤਪਾਲ ਕਲੇਰ ਸੀਨੀਅਰ ਆਗੂ ਕਾਂਗਰਸ ਹਾਜਰ ਸਨ।

# ਸਕੂਲ ਵਿੱਚ ਤੀਜ ਦਾ ਤਿਉਹਾਰ ਮਨਾਇਆ

**ਕਰਤਾਰਪੁਰ (ਹਰਮੇਸ਼ ਦੱਤ)** ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਵਿੱਚ ਤੀਜ ਦਾ ਤਿਉਹਾਰ ਬਹੁਤ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਬੱਚਿਆਂ ਨੇ ਰੰਗ-ਬਿਰੰਗੇ ਕੱਪੜੇ ਪਾਏ ਅਤੇ ਪੰਜਾਬੀ ਸੱਭਿਆਚਾਰ ਦਾ ਪ੍ਰਦਰਸ਼ਨ ਕੀਤਾ। ਬੱਚਿਆਂ ਨੇ ਪੰਜਾਬੀ ਗੀਤਾਂ 'ਤੇ ਨੱਚ ਕੇ ਆਪਣੀ ਖੁਸ਼ੀ ਮਨਾਈ। ਛੋਟੇ ਬੱਚਿਆਂ ਨੇ ਪੰਜਾਬੀ ਸੂਟ ਪਾ ਕੇ ਗਿੱਧਾ ਪੇਸ਼ ਕੀਤਾ। ਇਸ ਮੌਕੇ ਪ੍ਰਿੰਸੀਪਲ ਮੈਡਮ ਸ਼੍ਰੀਮਤੀ




ਕੰਵਲਜੀਤ ਕੌਰ ਨੇ ਬੱਚਿਆਂ ਨੂੰ ਤੀਜ ਦੀ ਵਧਾਈ ਦਿੱਤੀ। ਸਕੂਲ ਦੀ ਚੇਅਰਪਰਸਨ ਮੈਡਮ ਸ਼੍ਰੀਮਤੀ ਸੁਰਿੰਦਰ ਕੌਰ, ਡਾ. ਚਰਨ ਸਿੰਘ, ਪਿਆਰ ਸਿੰਘ, ਮਨਦੀਪ ਕੌਰ, ਸਤਨਾਮ ਸਿੰਘ, ਪਲਵਿੰਦਰ ਕੌਰ ਅਤੇ ਸਮੂਹ ਸਟਾਫ ਮੈਂਬਰ ਵੀ ਮੌਜੂਦ ਸਨ।

# ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਸੇਂਟ ਸੋਲਜਰ ਡਿਵਾਇਨ ਪਬਲਿਕ ਸਕੂਲ, ਭੋਗਪੁਰ ਨੇ ਜਲ੍ਹਿਆਂਵਾਲਾ ਬਾਗ ਹੱਤਿਆਕਾਂਡ ਦਾ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰ ਦੀ ਸ਼ਹਾਦਤ ਦੀ ਵਰ੍ਹੇਗੰਢ ਦੇ ਮੌਕੇ ਤੇ ਉਨ੍ਹਾਂ ਨੂੰ ਦਿਲ ਤੋਂ ਸ਼ਰਧਾਂਜਲੀ ਦਿੱਤੀ। ਪ੍ਰੋਗਰਾਮ ਦੀ ਸ਼ੁਰੂਆਤ ਵਿਦਿਆਰਥੀਆਂ ਦੇ ਭਾਵਨਾਤਮਕ ਭਾਸ਼ਣਾਂ ਨਾਲ ਹੋਈ, ਜਿਸ ਵਿੱਚ ਸ਼ਹੀਦ ਊਧਮ ਸਿੰਘ ਦੀ ਜੀਵਨ ਬਾਰੇ ਚਾਨਣਾ ਪਾਇਆ ਗਿਆ। ਵਿਦਿਆਰਥੀਆਂ ਦੁਆਰਾ ਬਣਾਏ ਗਏ ਪੋਸਟਰਾਂ ਵਿੱਚ ਉਨ੍ਹਾਂ ਦੇ ਜੀਵਨ ਦੇ ਮਹੱਤਵਪੂਰਨ ਪਲ ਦਰਸਾਏ ਗਏ ਜਿਵੇ ਕਿ ਜਲ੍ਹਿਆਂਵਾਲਾ ਬਾਗ ਤੋਂ



ਬਚਣਾ, ਦਹਾਕਿਆਂ ਤੱਕ ਨਿਆਂ ਦੀ ਖੋਜ, ਅਤੇ ਮਾਈਕਲ ਓ'ਡਵਾਇਰ ਵਿਰੁੱਧ ਆਖਰੀ ਬਦਲੇ ਦੀ ਕਾਰਵਾਈ। ਸਕੂਲ ਦੇ ਪ੍ਰਿੰਸੀਪਲ ਅਮਰੀਕ ਸਿੰਘ ਨੇ ਸਭਾ ਨੂੰ ਸੰਬੋਧਨ ਕਰਦਿਆਂ ਊਧਮ ਸਿੰਘ ਦੇ ਜੀਵਨ ਅਤੇ ਉਹਨਾਂ ਦੇ ਦੇਸ਼ ਭਗਤੀ ਦੇ ਜਜਬੇ ਬਾਰੇ ਦੱਸਿਆ।



# ਲਾਇਲਪੁਰ ਖ਼ਾਲਸਾ ਕਾਲਜ ਦੇ ਬੀ ਵੋਕ ਪੰਜਵਾਂ ਸਮੈਸਟਰ ਦਾ ਨਤੀਜਾ ਰਿਹਾ ਸ਼ਾਨਦਾਰ

**ਜਲੰਧਰ (ਸ਼ੈਲੀ ਐਲਬਰਟ)** ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਐਲਾਨੇ ਬੀ.ਵੋਕ (ਸਾਫ਼ਟਵੇਅਰ ਡਿਵੈਲਪਮੈਂਟ) ਪੰਜਵਾਂ ਸਮੈਸਟਰ ਦੇ ਨਤੀਜੇ ਵਿਚੋਂ ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਦੀ ਵਿਦਿਆਰਥਣ ਨਵਜੋਤ ਕੌਰ ਨੇ 400 ਵਿਚੋਂ 365 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਮੈਰਿਟ ਵਿਚੋਂ ਦੂਜਾ ਸਥਾਨ ਹਾਸਲ ਕੀਤਾ। ਸਰਦਾਰਨੀ ਬਲਬੀਰ ਕੌਰ ਪ੍ਰਧਾਨ ਗਵਰਨਿੰਗ ਕੌਂਸਲ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥਣ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਵਿਦਿਆਰਥਣ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਵਿਦਿਆਰਥਣ ਨੇ ਆਪਣੀ ਇਸ ਉਪਲਬਧੀ ਦਾ ਸਿਹਰਾ ਅਧਿਆਪਕਾਂ ਨੂੰ ਅਤੇ ਕਾਲਜ ਦੇ ਵਧੀਆ ਪੜ੍ਹਾਈ ਦੇ ਵਾਤਾਵਰਣ ਨੂੰ ਦਿੱਤਾ। ਇਸ ਮੌਕੇ ਡਾ. ਗਗਨਦੀਪ ਕੌਰ ਮੁਖੀ ਜੁਆਲੋਜੀ ਵਿਭਾਗ ਅਤੇ ਪ੍ਰੋ. ਸੰਜੀਵ ਕੁਮਾਰ ਆਨੰਦ ਮੁਖੀ ਕੰਪਿਊਟਰ ਸਾਇੰਸ ਹਾਜ਼ਰ ਸਨ।

# ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਦੇਣ ਲਈ ਮੀਟਿੰਗ




**ਫਿਲੌਰ (ਹਰਜਿੰਦਰ ਕੌਰ ਚਾਹਲ)**- ਅੱਜ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਦਿਨ ਨੂੰ ਸਮਰਪਿਤ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਵਲੋਂ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਉਪਰੰਤ ਤਹਿਸੀਲ ਕਮੇਟੀ ਮੀਟਿੰਗ ਦਿੱਲੀ ਮੋਰਚੇ ਦੇ ਸ਼ਹੀਦਾਂ ਦੀ ਯਾਦਗਾਰ ਫਿਲੌਰ ਵਿਖੇ ਤਹਿਸੀਲ ਪ੍ਰਧਾਨ ਮੱਖਣ ਸੰਗਰਾਮੀ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਮੌਕੇ ਵਿਸ਼ੇਸ਼ ਤੌਰ ਤੇ ਹਾਜ਼ਰ ਸੂਬਾ ਪ੍ਰਧਾਨ ਮਨਜਿੰਦਰ ਸਿੰਘ ਢੇਸੀ ਅਤੇ ਜ਼ਿਲ੍ਹਾ ਸਕੱਤਰ ਸਾਥੀ ਅਜੈ ਫਿਲੌਰ ਨੇ ਕਿਹਾ ਕਿ ਸ਼ਹੀਦ ਊਧਮ ਸਿੰਘ ਸੁਨਾਮ ਦੀ ਵਿਚਾਰਧਾਰਾ ਤੇ ਚਲਦਿਆਂ ਨੌਜਵਾਨਾਂ ਨੂੰ ਸਾਮਰਾਜੀ ਤਾਕਤਾਂ ਦੇ ਖਿਲਾਫ਼ ਜਥੇਬੰਦ ਹੋ ਕੇ ਆਪਣੇ ਨਿਸ਼ਾਨੇ ਤੇ ਸੇਧਿਤ ਹੋਣਾ ਚਾਹੀਦਾ ਹੈ। ਇਸ ਮੌਕੇ ਤਹਿਸੀਲ ਸਕੱਤਰ ਸੁਨੀਲ ਭੈਣੀ ਨੇ ਨਵੀਂ ਚੁਣੀ ਕਮੇਟੀ ਨਾਲ ਜਾਣ-ਪਛਾਣ ਕਰਵਾਉਣ ਉਪਰੰਤ ਪਿਛਲੇ ਕੰਮਾਂ ਦਾ ਰਿਵਿਊ ਕਰਕੇ ਆਉਣ ਵਾਲੇ ਸਮੇਂ ਲਈ 7 ਅਗਸਤ ਨੂੰ ਲੈਂਡ ਪੂਲਿੰਗ ਪਾਲਿਸੀ ਦੇ ਵਿਰੁੱਧ ਫਿਲੌਰ ਵਿਖੇ ਪੁਤਲਾ ਫੂਕਿਆ ਜਾਵੇਗਾ। ਉਪਰੰਤ ਸ਼ਹਿਰ ਅੰਦਰ ਸ਼ਹੀਦ ਭਗਤ ਸਿੰਘ ਦੇ ਬੁੱਤ ਲਗਾਉਣ ਸਬੰਧੀ ਈ ਓ ਫ਼ਿਲੌਰ ਨੂੰ ਮਿਲ ਕੇ ਅਗਲੇਰੀ ਕਾਰਵਾਈ ਆਰੰਭੀ ਜਾਵੇਗੀ। 19 ਅਗਸਤ ਨੂੰ ਚੋਣਾਂ ਦੌਰਾਨ ਕੀਤੇ ਵਾਅਦੇ ਯਾਦ ਕਰਵਾਉਣ ਲਈ ਐੱਸ.ਡੀ.ਐੱਮ ਫਿਲੌਰ ਰਾਹੀ ਪੰਜਾਬ ਸਰਕਾਰ ਨੂੰ ਯਾਦ ਪੱਤਰ ਭੇਜਿਆ ਜਾਵੇਗਾ। ਇਸ ਮੌਕੇ ਗੁਰਦੀਪ ਗੱਗਾ, ਅਮਰੀਕ ਰੁੜਕਾਂ, ਬਲਦੇਵ ਸਾਹਨੀ, ਰਿੱਕੀ ਮਿਓਵਾਲ, ਲਖਵੀਰ ਖੋਖੇਵਾਲ, ਜਸਵੀਰ ਢੇਸੀ, ਰਸ਼ਪਾਲ ਬੇਗਮਪੁਰ, ਗੁਰਿੰਦਰ ਗੈਰੀ ਮੁਠੱਡਾ, ਜੋਗਾ ਸੰਗੋਵਾਲ, ਪਾਰਸ ਫਿਲੌਰ, ਜੱਸਾ ਫਿਲੌਰ ਆਦਿ ਤਹਿਸੀਲ ਕਮੇਟੀ ਮੈਂਬਰ ਹਾਜ਼ਰ ਸਨ।

# ਲੈਂਡ ਪੂਲਿੰਗ ਪਾਲਿਸੀ ਵਿਰੁੱਧ ਕਿਸਾਨਾਂ ਨੇ ਕੀਤਾ ਟਰੈਕਟਰ ਮਾਰਚ

**ਬੰਗਾ (ਅਵਤਾਰ ਕਲੇਰ)**- ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਨੂੰ ਰੱਦ ਕਰਵਾਉਣ ਹਿੱਤ ਕਿਸਾਨਾਂ ਵਲੋਂ ਨਵਾਂਸ਼ਹਿਰ ਵਿਖੇ ਵਿਸ਼ਾਲ ਟਰੈਕਟਰ ਮਾਰਚ ਕੀਤਾ ਗਿਆ ਅਤੇ ਡਿਪਟੀ ਕਮਿਸ਼ਨਰ ਸ਼ਹੀਦ ਭਗਤ ਸਿੰਘ ਨਗਰ ਨੂੰ ਮੰਗ ਪੱਤਰ ਦਿੱਤਾ ਗਿਆ। ਨਵਾਂਸ਼ਹਿਰ ਦੇ ਨਜ਼ਦੀਕੀ ਪਿੰਡ ਮਹਾਲੋਂ ਦੀ 384



ਏਕੜ ਜ਼ਮੀਨ ਲੈਂਡ ਪੂਲਿੰਗ ਪਾਲਿਸੀ ਤਹਿਤ ਲਈ ਜਾਣੀ ਹੈ। ਪਿੰਡ ਵਾਸੀਆਂ ਅਤੇ ਸੰਯੁਕਤ ਕਿਸਾਨ ਮੋਰਚਾ ਨੇ ਇਸ ਦਾ ਗੰਭੀਰ ਨੋਟਿਸ ਲੈਂਦਿਆਂ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਅਗਰ ਸਰਕਾਰ ਨੇ ਫੈਸਲਾ ਵਾਪਿਸ ਨਾ ਲਿਆ ਅਤੇ ਪਾਲਿਸੀ ਰੱਦ ਨਾ ਕੀਤੀ ਤਾਂ ਪੰਜਾਬੀ ਲੜਾਈ ਸੜਕਾਂ ਤੇ ਲੜਨਗੇ। ਟਰੈਕਟਰ ਮਾਰਚ ਦੀ ਅਗਵਾਈ ਸੰਯੁਕਤ ਮੋਰਚੇ ਦੇ ਆਗੂਆਂ ਸੁਰਿੰਦਰ ਸਿੰਘ ਬੈਂਸ, ਕੁਲਜਿੰਦਰ ਸਿੰਘ ਮਹਾਲੋਂ, ਰਣਜੀਤ ਸਿੰਘ ਰਟੈਂਡਾ, ਭੁਪਿੰਦਰ ਸਿੰਘ ਵੜੈਚ, ਕੁਲਦੀਪ ਸਿੰਘ ਵਜ਼ੀਦਪੁਰ, ਨਿਰਮਲ ਸਿੰਘ ਔਜਲਾ, ਚਰਨਜੀਤ ਸਿੰਘ ਦੌਲਤਪੁਰ, ਸੰਤੋਖ ਸਿੰਘ ਰੈਲਮਾਜਰਾ, ਸੰਤੋਖ ਸਿੰਘ, ਬੂਟਾ ਸਿੰਘ ਬੱਲੋਵਾਲ ਨੇ ਕੀਤੀ। ਬੁਲਾਰਿਆਂ ਨੇ ਕਿਹਾ ਕਿ ਸਰਕਾਰ ਵਾਹੀਯੋਗ ਉਪਜਾਊ ਜਮੀਨ ਕੌਡੀਆਂ ਦੇ ਭਾਅ ਕਾਰਪੋਰੇਟਾਂ ਦੇ ਹਵਾਲੇ ਕਰਨਾ ਚਾਉਂਦੀ ਹੈ। ਇਕੱਠ ਵਿੱਚ ਤਰਸੇਮ ਸਿੰਘ ਬੈਂਸ, ਕੁਲਦੀਪ ਸਿੰਘ ਦਿਆਲ, ਅਵਤਾਰ ਸਿੰਘ ਸਾਧੜਾ, ਮੋਹਣ ਸਿੰਘ ਟੱਪਰੀਆਂ, ਸੁਰਿੰਦਰ ਸਿੰਘ ਮਹਿਰਮਪੁਰ, ਕੁਲਵੀਰ ਸਿੰਘ ਸ਼ਾਹਪੁਰ ਆਦਿ ਆਗੂ ਸ਼ਾਮਲ ਸਨ।

# ਬਲਾਚੌਰ 'ਚ 35 ਗਰਾਊਂਡਾਂ ਲਈ ਖਰਚੇ ਜਾਣਗੇ 11.50 ਕਰੋੜ ਰੁਪਏ : ਜਲਾਲਪੁਰ

**ਬਲਾਚੌਰ (ਜਸਵਿੰਦਰ ਬੈਂਸ)**- ਸ਼ਹੀਦ ਭਗਤ ਸਿੰਘ ਨਗਰ ਤੋਂ 'ਆਪ' ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ ਨੇ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਪੂਰੇ ਪੰਜਾਬ ਵਿੱਚ ਖੇਡ ਗਰਾਂਉਡ ਲਈ ਦਿਲ ਖੋਲ ਕੇ ਫੰਡ ਜਾਰੀ ਕੀਤੇ ਜਾ ਰਹੇ ਹਨ, ਇਸ ਵਿਚ ਪਹਿਲੇ ਫੇਸ ਵਿੱਚ 3062 ਪਿੰਡ ਪੂਰੇ ਪੰਜਾਬ ਵਿਚੋਂ ਲਏ ਗਏ ਹਨ। ਇਸੇ ਲੜੀ ਵਿੱਚ ਬਲਾਚੌਰ ਵਿਚ 35 ਖੇਡ ਗਰਾਂਉਡਾਂ ਲਈ ਲਗਭਗ ਸਾਢੇ ਗਿਆਰਾਂ ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। 5 ਕਰੋੜ 75 ਲੱਖ ਤੋਂ ਵੱਧ ਰਕਮ ਬਲਾਚੌਰ ਬਲਾਕ ਦੇ 19 ਖੇਡ ਗਰਾਂਉਡਾਂ ਲਈ ਅਤੇ ਸੜੋਆ ਬਲਾਕ ਦੇ 16 ਖੇਡ ਗਰਾਉਂਡਾਂ ਲਈ 5 ਕਰੋੜ 74 ਲੱਖ ਤੋਂ ਵੱਧ ਰਕਮ ਐਸਟੀਮੇਟ ਪਾਸ ਕੀਤੇ ਗਏ



ਹਨ ਜਿਨਾਂ ਦੇ ਟੈਂਡਰ ਇਕ ਅਗਸਤ ਨੂੰ ਖੁੱਲ੍ਹਣ ਦੀ ਉਮੀਦ ਹੈ।ਬਲਾਚੌਰ ਵਿਚ ਜਿਨ੍ਹਾਂ ਖੇਡ ਗਰਾਂਉਡ ਲਈ ਸਭ ਤੋਂ ਜ਼ਿਆਦਾ ਫੰਡ ਦਿੱਤੇ ਜਾ ਰਹੇ ਹਨ ਉਨਾਂ ਵਿੱਚ ਆਸਰੋਂ ਲਈ 55 ਲੱਖ 41 ਹਜ਼ਾਰ ਰੁਪਏ ਅਤੇ ਪਿੰਡ ਟਕਾਰਲਾ ਲਈ 52 ਲੱਖ 21 ਹਜ਼ਾਰ ਰੁਪਏ ਅਤੇ ਬਲਾਕ ਸੜੋਆ ਵਿਚ ਸਾਹਿਬਾ ਫੁਟਬਾਲ ਗਰਾਊਂਡ ਲਈ 52 ਲੱਖ ਤੋਂ ਜਿਆਦਾ ਅਤੇ ਚੰਦਿਆਣੀ ਖੁਰਦ ਫੁਟਬਾਲ ਗਰਾਊਂਡ ਲਈ 49.76 ਲੱਖ ਰੁਪਏ ਖਰਚ ਕੀਤੇ ਜਾ ਰਹੇ ਹਨ।